

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

*Ray Dhaliwal*
*Real Estate Broker*

CENTURY 21 SCHEETZ
RAYD@C21Scheetz.com



Twenty-Fifth Year of Publication  *ਨਿਊਯਾਰਕ ਐਡੀਸ਼ਨ*  Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 25, Issue 20; May 18, 2024 20451 N. Plum Grove Rd., Palatine, IL 60074 Ph:847-359-0746, Fax:847-705-9388


# ਗੇੜ-ਦਰ-ਗੇੜ ਭਾਰਤੀ ਜਨਤਾ ਪਾਰਟੀ ਦਾ ਸਿੰਘਾਸਣ ਡੋਲਿਆ?

**ਚੰਡੀਗੜ੍ਹ:** ਲੋਕ ਸਭਾ ਚੋਣਾਂ ਲਈ ਸਿਆਸੀ ਮੈਦਾਨ ਭਖਿਆ ਹੋਇਆ ਹੈ। 'ਇਸ ਵਾਰ 400 ਪਾਰ' ਦੇ ਦਾਅਵੇ ਨਾਲ ਮੈਦਾਨ ਵਿਚ ਉੱਤਰੀ ਭਾਰਤੀ ਜਨਤਾ ਪਾਰਟੀ ਦੇ ਪਿਛਲੇ ਕੁਝ ਦਿਨਾਂ ਤੋਂ ਬਦਲੇ ਤੇਵਰ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਲੋਕ ਮਸਲੇ ਅਤੇ ਮੋਦੀ ਸਰਕਾਰ ਵੱਲੋਂ ਪਿਛਲੇ 10 ਸਾਲਾਂ ਵਿਚ ਕੀਤੇ ਕੰਮਾਂ ਉਤੇ ਵੋਟਾਂ ਮੰਗਣ ਦੀ ਥਾਂ ਭਗਵਾ ਧਿਰ ਵੱਲੋਂ ਪਾਕਿਸਤਾਨ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ) ਨੂੰ ਭਾਰਤ ਵਿਚ ਰਲਾਉਣ, ਪਾਕਿਸਤਾਨ ਨੂੰ ਚੂੜੀਆਂ ਪਵਾਉਣ ਅਤੇ ਮੁਸਲਿਮ ਆਬਾਦੀ ਦੇ ਮੁੱਦਿਆਂ ਨੂੰ ਜ਼ੋਰ-ਸ਼ੋਰ ਨਾਲ ਉਭਾਰਿਆ ਜਾ ਰਿਹਾ ਹੈ। ਚੋਣ ਰੈਲੀਆਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਭਾਸ਼ਣ ਇਨ੍ਹਾਂ ਮੁੱਦਿਆਂ ਦੁਆਲੇ ਹੀ ਘੁੰਮ ਰਿਹਾ ਹੈ।



ਦੱਸ ਦਈਏ ਕਿ ਇਕ ਰਿਪੋਰਟ ਵਿਚ ਦੇਸ਼ 'ਚ ਸਾਲ 1950 ਤੋਂ 2015 ਵਿਚਕਾਰ ਮੁਸਲਮਾਨਾਂ ਦੀ ਆਬਾਦੀ 43.15 ਫ਼ੀਸਦ ਵਧਣ ਦਾ ਦਾਅਵਾ ਕੀਤਾ ਗਿਆ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਇਸ ਸਮੇਂ ਦੌਰਾਨ ਹਿੰਦੂਆਂ ਦੀ ਆਬਾਦੀ ਦਾ ਹਿੱਸਾ 7.82 ਫ਼ੀਸਦ ਘਟਿਆ ਹੈ। ਇਹ ਖ਼ੁਲਾਸਾ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਵੱਲੋਂ ਹੁਣੇ ਜਿਹੇ ਜਾਰੀ ਅੰਕੜਿਆਂ ਵਿਚ ਕੀਤਾ ਗਿਆ ਹੈ। ਲੋਕ ਸਭਾ ਚੋਣਾਂ ਦੇ ਚੌਥੇ ਗੇੜ ਦੀਆਂ ਚੋਣਾਂ ਤੋਂ ਪਹਿਲਾਂ ਆਏ ਇਨ੍ਹਾਂ ਅੰਕੜਿਆਂ ਨਾਲ ਸਿਆਸਤ ਭਖ਼ੀ ਹੋਈ ਹੈ। ਪੱਤਰ ਮੁਤਾਬਕ ਹਿੰਦੂਆਂ ਦੀ ਆਬਾਦੀ 84.68 ਫ਼ੀਸਦ ਤੋਂ ਘਟ ਕੇ 78.06 ਫ਼ੀਸਦ ਰਹਿ ਗਈ ਹੈ। ਮੁਸਲਮਾਨਾਂ ਦੀ ਆਬਾਦੀ ਦਾ ਹਿੱਸਾ 1950 'ਚ 9.84 ਫ਼ੀਸਦ ਸੀ ਜੋ 2015 'ਚ ਵਧ ਕੇ 14.09 ਫ਼ੀਸਦ ਹੋ ਗਈ ਅਤੇ ਇਹ ਵਾਧਾ 43.15 ਫ਼ੀਸਦ ਹੈ। ਭਾਰਤੀ ਜਨਤਾ ਪਾਰਟੀ ਵੱਲੋਂ ਮੁਸਲਿਮ ਆਬਾਦੀ ਦੇ ਵਾਧੇ ਨੂੰ 'ਹਿੰਦੂਆਂ ਨੂੰ ਖਤਰੇ' ਨਾਲ ਜੋੜ ਕੇ ਪ੍ਰਚਾਰਿਆ ਜਾ ਰਿਹਾ ਹੈ। ਭਾਰਤੀ ਜਨਤਾ ਪਾਰਟੀ ਦੀਆਂ ਪ੍ਰਚਾਰ ਰੈਲੀਆਂ ਵਿਚ ਇਕਦਮ ਇਨ੍ਹਾਂ 'ਮੁੱਦਿਆਂ' ਉਤੇ ਜ਼ੋਰ ਤੋਂ ਸਿਆਸੀ ਮਾਹਿਰ ਵੀ ਹੈਰਾਨ ਹਨ।


ਸਿਆਸੀ ਮਾਹਰਾਂ ਦੇ ਇਕ ਗਰੁੱਪ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਭਾਜਪਾ ਨੂੰ ਆਪਣੀ ਹੋਣੀ ਨਜ਼ਰ ਆਉਣ ਲੱਗੀ ਹੈ। ਇਸ ਵਾਰ ਸਿਰਫ ਰਾਮ ਮੰਦਰ ਬਣਵਾਉਣ ਨੂੰ ਹੀ ਆਪਣੀ ਪ੍ਰਾਪਤੀ ਦੱਸਣ ਦੀ ਰਣਨੀਤੀ ਭਗਵਾ ਧਿਰ ਦੇ ਕੰਮ ਨਹੀਂ ਆ ਰਹੀ ਹੈ। ਉਤਰੀ ਭਾਰਤ ਵਿਚ ਭਾਰਤੀ ਜਨਤਾ ਪਾਰਟੀ ਨੂੰ ਇਸ ਵਾਰ ਵੱਡੀ ਸੱਟ ਵੱਜਣ ਦੀਆਂ ਆ ਰਹੀਆਂ ਰਿਪੋਰਟਾਂ ਪਿੱਛੋਂ ਭਗਵਾ ਧਿਰ ਨੂੰ ਹੱਥਾਂ-ਪੈਰਾਂ ਦੀ ਪਈ ਹੋਈ ਹੈ। ਕੁਝ ਰਿਪੋਰਟਾਂ ਵਿਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਪੰਜਾਬ, ਹਰਿਆਣਾ, ਦਿੱਲੀ ਅਤੇ ਹਿਮਾਚਲ ਵਿਚ ਭਾਰਤੀ ਜਨਤਾ ਪਾਰਟੀ ਦਾ ਸਫਾਇਆ ਹੋ ਸਕਦਾ ਹੈ। ਪਿਛਲੀ ਵਾਰ ਹਰਿਆਣਾ (10) ਅਤੇ ਦਿੱਲੀ (7) ਦੀਆਂ ਸਾਰੀਆਂ ਸੀਟਾਂ ਭਾਰਤੀ ਜਨਤਾ ਪਾਰਟੀ ਕੋਲ ਸਨ; ਇਥੋਂ ਤੱਕ ਕਿ ਉਤਰ ਪ੍ਰਦੇਸ਼ ਵਿਚ ਵੀ ਭਗਵਾ ਧਿਰ ਨੂੰ ਵੱਡੀ ਟੱਕਰ ਮਿਲ ਰਹੀ ਹੈ। ਸਿਆਸੀ ਮਾਹਿਰਾਂ ਦਾ ਦਾਅਵਾ ਹੈ ਕਿ ਦੱਖਣ ਵਿਚ ਪੈਰ ਧਰਾਵੇ ਦੀਆਂ ਕੋਸ਼ਿਸ਼ਾਂ ਕਰ ਰਹੀ ਭਾਰਤੀ ਜਨਤਾ ਪਾਰਟੀ ਹੱਥੋਂ ਉਤਰੀ ਭਾਰਤ ਦਾ ਵੱਡਾ ਹਿੱਸਾ ਖਿਸਕ ਰਿਹਾ ਹੈ।

ਯਾਦ ਰਹੇ ਕਿ ਲੋਕ ਸਭਾ ਚੋਣਾਂ ਵਿਚ ਦੱਖਣ ਵਿਚ ਆਪਣੇ ਪੈਰ ਜਮਾਉਣ ਦੇ ਮਨਸ਼ੇ ਨਾਲ ਭਾਰਤੀ ਜਨਤਾ ਪਾਰਟੀ ਨੇ ਤਾਮਿਲ ਨਾਡੂ ਵਿਚ ਪੱਤਾਲੀ ਮੱਕਲ ਕਾਚੀ (ਪੀ.ਐਮ.ਕੇ) ਨਾਲ ਸੀਟਾਂ ਦੀ ਵੰਡ ਕੀਤੀ ਹੈ। ਪਿਛਲੇ ਸਾਲ ਅੰਨਾ .ਡੀ.ਐਮ.ਕੇ. ਨੇ ਭਾਰਤੀ ਜਨਤਾ ਪਾਰਟੀ ਨਾਲੋਂ ਨਾਤਾ ਤੋੜ ਲਿਆ ਸੀ ਅਤੇ ਇਹ ਚੋਣ ਸਮਝੌਤਾ ਕਰ ਕੇ ਉਸ ਦੀ ਭਰਪਾਈ ਕਰਨ ਦੀ ਕੋਸ਼ਿਸ਼ ਕੀਤੀ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਾਮਿਲ ਨਾਡੂ ਅਤੇ ਕੇਰਲ ਦੇ ਕਈ ਦੌਰੇ ਕੀਤੇ ਹਨ; ਹਾਲਾਂਕਿ ਭਾਰਤੀ ਜਨਤਾ ਪਾਰਟੀ ਇਸ ਕੌੜੇ ਤੱਥ ਤੋਂ ਭਲੀਭਾਂਤ ਵਾਕਿਫ਼ ਹੈ ਕਿ ਅੱਜ ਦੀ ਤਰੀਕ ਵਿਚ ਇਹ ਦੱਖਣ ਦੇ ਕਿਸੇ ਵੀ ਸੂਬੇ ਦੀ ਸੱਤਾ ਵਿਚ ਨਹੀਂ ਹੈ। ਭਾਸ਼ਾ ਵੱਲ ਪਹੁੰਚ ਅਤੇ ਕਈ ਹੋਰ ਮਸਲਿਆਂ ਕਰ ਕੇ ਭਾਰਤੀ ਜਨਤਾ ਪਾਰਟੀ ਦੀ ਕਾਰਗੁਜ਼ਾਰੀ ਇਨ੍ਹਾਂ ਸੂਬਿਆਂ ਅੰਦਰ ਸੀਮਤ ਹੀ ਰਹੀ ਹੈ।

ਕੁਝ ਸਮਾਂ ਪਹਿਲਾਂ ਇਸ ਨੇ ਕਰਨਾਟਕ ਵਿਚ ਆਪਣੀ ਪੈਂਠ ਬਣਾਈ ਸੀ ਪਰ ਉਥੋਂ ਦੇ ਲੀਡਰਾਂ ਦੇ ਭ੍ਰਿਸ਼ਟਾਚਾਰ ਵਿਚ ਗਰਕ ਜਾਣ ਕਰ ਕੇ ਪਾਰਟੀ ਦਾ ਬਹੁਤ ਨੁਕਸਾਨ ਹੋਇਆ। ਹੁਣ ਇਸ ਸੂਬੇ ਵਿਚ ਕਾਂਗਰਸ ਦੀ ਸਰਕਾਰ ਹੈ। ਖੇਤਰੀ ਪਾਰਟੀਆਂ ਨਾਲ ਗੱਠਜੋੜ ਕਰਨ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਇਸ ਖਿੱਤੇ ਵਿਚ ਆਪਣੇ ਪੈਰ ਜਮਾਉਣ ਵਿਚ ਅਸਫਲ ਰਹੀ ਹੈ। ਪਾਰਟੀ ਦੀ ਧਰੁਵੀਕਰਨ ਦੀ ਸਿਆਸਤ ਵੀ ਇਹਦੇ ਲਈ ਲਾਹੇਵੰਦ ਸਾਬਤ ਨਹੀਂ ਹੋ ਸਕੀ ਹੈ। ਹੁਣ ਉਤਰ ਵੱਲੋਂ ਆ ਰਹੀਆਂ ਰਿਪੋਰਟਾਂ ਭਗਵਾ ਧਿਰ ਲਈ ਵੱਡੀ ਚੁਣੌਤੀ ਮੰਨੀਆਂ ਜਾ ਰਹੀਆਂ ਹਨ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਵਾਰ ਭਾਰਤੀ ਜਨਤਾ ਪਾਰਟੀ ਚੋਣ ਮੈਦਾਨ ਅੰਦਰ ਆਪਣਾ ਪਹਿਲਾਂ ਵਾਲਾ ਜਲਵਾ ਨਹੀਂ ਦਿਖਾ ਸਕੇਗੀ ਅਤੇ ਇਸ ਦੀਆਂ ਸੀਟਾਂ ਕਾਫੀ ਗਿਣਤੀ ਵਿਚ ਘਟ ਜਾਣਗੀਆਂ।

## ਉਘੇ ਸ਼ਾਇਰ ਸੁਰਜੀਤ ਪਾਤਰ ਨੂੰ ਸ਼ਰਧਾਂਜਲੀ



*ਉਘੇ ਪੰਜਾਬੀ ਸ਼ਾਇਰ ਸੁਰਜੀਤ ਪਾਤਰ ਨੂੰ ਸ਼ਰਧਾਂਜਲੀ ਭੇਟ ਕਰਦਿਆਂ 'ਪੰਜਾਬ ਟਾਈਮਜ਼' ਵਿਚ ਉਨ੍ਹਾਂ ਦੇ ਜੀਵਨ ਅਤੇ ਸਾਹਿਤ ਬਾਰੇ ਲੇਖ ਪਾਠਕਾਂ ਨਾਲ ਸਾਂਝੇ ਕੀਤੇ ਜਾ ਰਹੇ ਹਨ। ਸੁਰਜੀਤ ਪਾਤਰ ਆਧੁਨਿਕ ਪੰਜਾਬੀ ਸਾਹਿਤ ਦੀ ਅਹਿਮ ਹਸਤੀ ਸਨ। ਪੰਜਾਬੀ ਕਾਵਿ ਜਗਤ ਵਿਚ ਸ਼ਿਵ ਕੁਮਾਰ ਬਟਾਲਵੀ ਅਤੇ ਪਾਸ਼ ਤੋਂ ਬਾਅਦ ਉਹ ਅਜਿਹੇ ਕਵੀ ਹੋ ਨਿੱਬੜੇ ਜਿਨ੍ਹਾਂ ਨੇ ਪੰਜਾਬ ਦੀ ਰੂਹ ਨੂੰ ਆਪਣੀ ਰਚਨਾਵਾਂ ਵਿਚ ਉਤਾਰਿਆ। ਗਜ਼ਲਕਾਰੀ ਦੇ ਖੇਤਰ ਵਿਚ ਉਨ੍ਹਾਂ ਦਾ ਥਾਂ ਵਿਲੱਖਣ ਅਤੇ ਨਿਆਰਾ ਹੈ।*


## ਸਟਾਰਟ ਸੀ ਡੀ ਐਲ ਤੋਂ ਲਵੋ ਟਰੱਕਾਂ ਦੀ ਸਿਖਲਾਈ





Call us at:
+18442272162

Address: 2605 US-130 Cinnaminson, NJ 08077

* ਪੇਸ਼ੇਵਰ ਟਰੱਕ ਡਰਾਈਵਰ ਬਣੋ
* ਫੀਸ ਕੇਵਲ 2500 ਡਾਲਰ
* ਤੁਸੀਂ ਪੰਜਾਬੀ ਅਤੇ ਉਰਦੂ ਵਿਚ ਵੀ ਗੱਲ ਕਰ ਸਕਦੇ ਹੋ
* ਗੈਰ ਵਸਨੀਕਾਂ ਦੇ ਰਹਿਣ ਦਾ ਪ੍ਰਬੰਧ ਵੀ ਹੋਵੇਗਾ
* ਆਨਲਾਈਨ ਟਰੇਨਿੰਗ ਉਪਲੱਬਧ
* ਟਰੇਨਿੰਗ ਦਾ ਸਮਾਂ ਤਕਰੀਬਨ ਦੋ ਹਫਤੇ

Corporate NMLS# 68434
AZ License# BK-0945946



Balbir (Bill) Grewal
MORTGAGE LOAN OFFICER
NMLS# 353442

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਸੰਯੁਕਤ ਕਿਸਾਨ ਮੋਰਚੇ ਵੱਲੋਂ ਭਾਜਪਾ ਖਿਲਾਫ ਵਿਰੋਧ ਤੇਜ਼ ਕਰਨ ਦਾ ਸੱਦਾ

**ਜਗਰਾਉਂ:** ਸੰਯੁਕਤ ਕਿਸਾਨ ਮੋਰਚੇ ਨੇ ਲੋਕ ਸਭਾ ਚੋਣਾਂ ਦੀ ਚੱਲ ਰਹੀ ਪ੍ਰਕਿਰਿਆ ਦੌਰਾਨ ਭਾਜਪਾ ਖ਼ਿਲਾਫ਼ ਵਿਰੋਧ ਤੇਜ਼ ਕਰਨ ਦਾ ਸੱਦਾ ਦਿੱਤਾ ਹੈ। ਇਸ ਲਈ ਬਕਾਇਦਾ ਰਣਨੀਤੀ ਘੜੀ ਜਾ ਰਹੀ ਹੈ ਅਤੇ ਜਗਰਾਉਂ 'ਚ ਹੋਣ ਵਾਲੀ 21 ਮਈ ਦੀ ਕਿਸਾਨ ਮਹਾਪੰਚਾਇਤ 'ਚ ਵੱਡੇ ਤੇ ਅਹਿਮ ਐਲਾਨ ਕੀਤਾ ਜਾਣਗੇ।



ਸੰਯੁਕਤ ਕਿਸਾਨ ਮੋਰਚੇ ਨਾਲ ਸਬੰਧਤ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਸੂਬਾਈ ਆਗੂਆਂ ਦੀ ਅਹਿਮ ਮੀਟਿੰਗ ਸਥਾਨਕ ਨਵੀਂ ਅਨਾਜ ਮੰਡੀ ਵਿਚ ਹੋਈ। ਇਸ 'ਚ 21 ਮਈ ਦੀ ਮਹਾਪੰਚਾਇਤ ਦੀ ਤਿਆਰੀ ਦਾ ਜਾਇਜ਼ਾ ਲੈਣ ਤੋਂ ਬਾਅਦ ਵੱਖ-ਵੱਖ ਡਿਊਟੀਆਂ ਲਾਈਆਂ ਗਈਆਂ। ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਦਾਅਵਾ ਕੀਤਾ ਕਿ ਇਹ ਕਿਸਾਨ ਮਹਾਪੰਚਾਇਤ ਲਾਮਿਸਾਲ ਹੋਵੇਗੀ। ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਆਗੂ ਹਰਿੰਦਰ ਸਿੰਘ ਲੱਖੋਵਾਲ, ਬੀ.ਕੇ.ਯੂ. (ਡਕੌਂਦਾ) ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ, ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ, ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਪ੍ਰਧਾਨ ਹਰਦੇਵ ਸਿੰਘ ਸੰਧੂ, ਬੀ.ਕੇ.ਯੂ. (ਕਾਦੀਆਂ) ਦੇ ਆਗੂ ਹਰਮੀਤ ਸਿੰਘ ਕਾਦੀਆਂ, ਚਮਕੌਰ ਸਿੰਘ ਬਰਮੀ, ਰਘਬੀਰ ਸਿੰਘ ਬੈਨੀਪਾਲ, ਸੁੱਖ ਗਿੱਲ ਮੋਗਾ ਨੇ ਕਿਹਾ ਕਿ ਪੰਜਾਬ 'ਚ ਪਹਿਲੀ ਜੂਨ ਨੂੰ ਵੋਟਾਂ ਪੈਣੀਆਂ ਹਨ ਅਤੇ ਉਸ ਤੋਂ ਐਨ ਪਹਿਲਾਂ ਹੋਣ ਵਾਲੀ ਇਹ ਕਿਸਾਨ ਮਹਾਪੰਚਾਇਤ ਭਾਜਪਾ ਦੇ ਪੈਰ ਉਖਾੜ ਕੇ ਰੱਖ ਦੇਵੇਗੀ।"

ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਹਰਮੀਤ ਸਿੰਘ ਕਾਦੀਆਂ ਅਤੇ ਹਰਿੰਦਰ ਸਿੰਘ ਲੱਖੋਵਾਲ ਨੇ ਮੁੱਖ ਚੋਣ ਅਧਿਕਾਰੀ ਨੂੰ ਪੱਤਰ ਦੇ ਕੇ ਕਿਹਾ ਕਿ ਕਿਸਾਨ ਅੰਦੋਲਨ ਤੋਂ ਸੇਧ ਲੈਂਦਿਆਂ ਕਿਸਾਨਾਂ ਨੇ ਉਮੀਦਵਾਰਾਂ ਤੋਂ ਸੁਆਲ ਪੁੱਛਣ ਦੀ ਰਵਾਇਤ ਪਾਈ ਹੈ ਪਰ ਉਮੀਦਵਾਰਾਂ ਨੂੰ ਇਹ ਵਰਤਾਰਾ ਅਜੀਬ ਲੱਗਦਾ ਹੈ ਕਿਉਂਕਿ ਉਹ ਆਪਣੇ ਆਪ ਨੂੰ ਆਮ ਲੋਕਾਂ ਤੋਂ ਉਪਰ ਸਮਝਦੇ ਹਨ। ਉਮੀਦਵਾਰ ਆਪਣੇ ਨਾਲ ਖਰੂਦੀ ਲੋਕਾਂ ਨੂੰ ਨਾਲ ਲੈ ਕੇ ਆਉਂਦੇ ਹਨ ਜੋ ਕਿਸਾਨਾਂ ਨੂੰ ਉਕਸਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਖਰੂਦੀ ਲੋਕ ਹੀ ਹਿੰਸਕ ਹੁੰਦੇ ਹਨ।

## ਭਾਜਪਾ ਵਿਰੋਧ ਪਿੱਛੇ 'ਆਪ' ਤੇ ਕਾਂਗਰਸ ਦਾ ਹੱਥ: ਜਾਖੜ

**ਚੰਡੀਗੜ੍ਹ:** ਭਾਜਪਾ ਨੇ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕਿਸਾਨਾਂ ਵੱਲੋਂ ਭਾਜਪਾ ਉਮੀਦਵਾਰਾਂ ਦੇ ਕੀਤੇ ਜਾ ਰਹੇ ਵਿਰੋਧ ਦੇ ਪਿੱਛੇ ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਦੀ ਮਿਲੀਭੁਗਤ ਦੇ ਦੋਸ਼ ਲਗਾਏ ਹਨ। ਇਸੇ ਕਰਕੇ ਸੂਬੇ ਭਰ ਵਿਚ ਕਿਸਾਨ ਜਥੇਬੰਦੀਆਂ ਭਾਜਪਾ ਉਮੀਦਵਾਰਾਂ ਦੀਆਂ ਚੋਣ ਸਭਾਵਾਂ 'ਚ ਰੁਕਾਵਟ ਪਾ ਰਹੀਆਂ ਹਨ ਅਤੇ ਜ਼ਿਲ੍ਹਾ ਤੇ ਪੁਲਿਸ ਪ੍ਰਸ਼ਾਸਨ ਮੂਕ ਦਰਸ਼ਕ ਬਣੇ ਬੈਠੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਚੱਲ ਰਹੇ ਕਿਸਾਨ ਅੰਦੋਲਨ ਨੂੰ 'ਆਪ' ਸਰਕਾਰ ਚਲਾ ਰਹੀ ਹੈ ਅਤੇ ਕਾਂਗਰਸ ਤੇ ਅਕਾਲੀ ਦਲ ਇਸ ਦਾ ਸਮਰਥਨ ਕਰ ਰਹੇ ਹਨ।

# ਆਮ ਆਦਮੀ ਪਾਰਟੀ ਨੂੰ ਵੀ ਲੱਗਣ ਲੱਗਾ ਕਿਸਾਨਾਂ ਦੇ ਰੋਹ ਦਾ ਸੇਕ

**ਮੋਗਾ:** ਪਿੰਡ ਮਾਛੀਕੇ ਵਿਚ 'ਆਪ' ਉਮੀਦਵਾਰ ਤੇ ਅਦਾਕਾਰ ਕਰਮਜੀਤ ਅਨਮੋਲ ਵੱਲੋਂ ਰੱਖੇ ਚੋਣ ਪ੍ਰਚਾਰ ਪ੍ਰੋਗਰਾਮ ਦੌਰਾਨ ਕਿਸਾਨਾਂ ਤੇ 'ਆਪ' ਸਮਰਥਕਾਂ ਦਰਮਿਆਨ ਤਕਰਾਰ ਹੋ ਗਈ। ਇਸ ਸਮਾਗਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਕਿਸਾਨਾਂ ਨੇ ਕਾਲੀਆਂ ਝੰਡੀਆਂ ਦਿਖਾਉਂਦਿਆਂ ਸੂਬਾ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਕਿਸਾਨਾਂ ਨੇ ਕਿਹਾ ਕਿ ਉਹ ਹਾਕਮ ਧਿਰ ਦੇ ਵਿਧਾਇਕ ਤੇ 'ਆਪ' ਉਮੀਦਵਾਰ ਕੋਲੋਂ ਸੰਯੁਕਤ ਕਿਸਾਨ ਮੋਰਚੇ ਦੀਆਂ ਹਦਾਇਤਾਂ ਮੁਤਾਬਕ ਅਤੇ ਚੋਣਾਂ ਵਿਚ ਕੀਤੇ ਵਾਅਦਿਆਂ, ਸੂਬੇ 'ਚ ਵੱਧ ਰਹੇ ਨਸ਼ਿਆਂ ਨੂੰ ਠੱਲ੍ਹਣ ਅਤੇ ਐਮ.ਐਸ.ਪੀ. ਦੇਣ ਤੋਂ ਇਲਾਵਾ ਦਿੱਲੀ ਬਾਰਡਰਾਂ ਉੱਤੇ ਕਿਸਾਨਾਂ ਨੂੰ ਰੋਕਣ ਬਾਰੇ ਸੂਬਾ ਸਰਕਾਰ ਦੀ ਚੁੱਪ ਆਦਿ ਸਵਾਲਾਂ ਦੇ ਜਵਾਬ ਲੈਣਾ ਚਾਹੁੰਦੇ ਸਨ ਪਰ ਉਨ੍ਹਾਂ ਨੂੰ ਗੱਲਬਾਤ ਕਰਨ ਤੋਂ ਰੋਕਿਆ ਗਿਆ ਅਤੇ ਵਿਧਾਇਕ ਤੇ ਉਸ ਦੇ ਸਮਰਥਕਾਂ ਨੇ ਕਿਸਾਨਾਂ ਨਾਲ ਦੁਰਵਿਹਾਰ ਕੀਤਾ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੇ ਓਵਰਬ੍ਰਿਜ ਦਾ ਮਾਮਲਾ ਜਲਦੀ ਹੱਲ ਕਰਵਾਉਣ ਦਾ ਭਰੋਸਾ ਦਿੱਤਾ ਸੀ ਜੋ ਹੱਲ ਨਾ ਹੋਇਆ। ਹਾਕਮ ਧਿਰ ਦੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਮਾੜੀ ਭਾਸ਼ਾ ਵਰਤਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਕਿਸਾਨਾਂ ਨੂੰ ਆਖਿਆ ਸੀ ਕਿ ਇਕ ਸਵਾਲ ਉਹ ਕਰਨ ਤੇ ਇਸ ਦੇ ਜਵਾਬ ਮਗਰੋਂ ਕਿਸਾਨ ਉਸ ਦੇ ਸਵਾਲ ਦਾ ਵੀ ਜਵਾਬ ਦੇਣ। ਇਸ ਗੱਲ ਤੋਂ ਕਿਸਾਨ ਭੱਜ ਗਏ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੀ ਕਿਸਾਨਾਂ ਨਾਲ ਹੋਈ ਬਹਿਸ ਤੋਂ ਦੂਜੇ ਸਿਆਸੀ ਆਗੂਆਂ ਨੂੰ ਸੇਧ ਮਿਲੇਗੀ।



ਵੱਡੀ ਗਿਣਤੀ ਕਿਸਾਨ ਤੇ ਹੋਰ ਪਿੰਡ ਵਾਸੀ ਇਕੱਠੇ ਹੋ ਗਏ। ਇਸ ਦੌਰਾਨ ਕਰਮਜੀਤ ਅਨਮੋਲ ਦੀ ਗੱਡੀ ਤਾਂ ਲੰਘ ਗਈ ਪਰ ਇਸ ਹਲਕੇ ਤੋਂ ਹਾਕਮ ਧਿਰ ਦੇ ਵਿਧਾਇਕ ਮਨਜੀਤ ਬਿਲਾਸਪੁਰ ਦਾ ਕਿਸਾਨਾਂ ਨਾਲ ਟਕਰਾਅ ਹੋ ਗਿਆ ਤੇ ਸਥਿਤੀ ਤਣਾਅਪੂਰਨ ਬਣ ਗਈ।

ਪੁਲਿਸ ਅਧਿਕਾਰੀਆਂ ਦੀ ਸੂਝ-ਬੂਝ ਨਾਲ ਟਕਰਾਅ ਟਲ ਗਿਆ। ਇਸ ਮੌਕੇ ਡੀ.ਐਸ.ਪੀ. ਪਰਮਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਪੁਲਿਸ ਨੇ ਵਿਧਾਇਕ ਨੂੰ ਭੀੜ 'ਚੋਂ ਕੱਢਿਆ। ਕਿਸਾਨ ਆਗੂਆਂ ਜਗਤਾਰ ਸਿੰਘ ਮੱਦੋਕੇ, ਸਰਬਜੀਤ ਸਿੰਘ ਮਾਛੀਕੇ, ਇੰਦਰਮੋਹਨ ਸਿੰਘ ਪੱਤੋ ਨੇ ਦੋਸ਼ ਲਗਾਇਆ ਕਿ ਉਹ ਸ਼ਾਂਤੀਪੂਰਵਕ ਸਵਾਲ ਜਵਾਬ ਕਰਨ ਲਈ ਖੜ੍ਹੇ ਸਨ। ਇਸ ਦੌਰਾਨ ਵਿਧਾਇਕ ਸਮਰਥਕਾਂ ਵੱਲੋਂ ਉਨ੍ਹਾਂ ਨਾਲ ਧੱਕਾ-ਮੁੱਕੀ ਕੀਤੀ ਗਈ। ਉਨ੍ਹਾਂ ਦੋਸ਼ ਲਾਇਆ ਕਿ ਇਸ ਦੌਰਾਨ ਵਿਧਾਇਕ ਵੱਲੋਂ ਕਿਸਾਨਾਂ ਲਈ ਮਾੜੀ ਸ਼ਬਦਾਵਲੀ ਵਰਤੀ ਗਈ।

# ਚੋਣ ਕਮਿਸ਼ਨ ਵੱਲੋਂ ਭਾਜਪਾ ਨੂੰ ਪ੍ਰਚਾਰ ਤੋਂ ਰੋਕੇ ਜਾਣ ਦਾ ਸਖਤ ਨੋਟਿਸ

**ਚੰਡੀਗੜ੍ਹ:** ਚੋਣ ਕਮਿਸ਼ਨ ਨੇ ਸੰਘਰਸ਼ੀ ਕਿਸਾਨਾਂ ਵੱਲੋਂ ਭਾਜਪਾ ਉਮੀਦਵਾਰਾਂ ਨੂੰ ਚੋਣ ਪ੍ਰਚਾਰ ਕਰਨ ਤੋਂ ਰੋਕੇ ਜਾਣ ਦਾ ਸਖ਼ਤ ਨੋਟਿਸ ਲਿਆ ਹੈ ਅਤੇ ਇਸ ਨੂੰ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਾਰ ਦਿੱਤਾ ਹੈ। ਅੱਜ ਇਸੇ ਦੌਰਾਨ ਮੁੱਖ ਚੋਣ ਅਧਿਕਾਰੀ ਨਾਲ ਕਿਸਾਨ ਆਗੂਆਂ ਨੇ ਮੀਟਿੰਗ ਵੀ ਕੀਤੀ। ਮੁੱਖ ਚੋਣ ਅਧਿਕਾਰੀ ਨੇ ਸਿਬਿਨ. ਸੀ ਨੇ ਮੀਟਿੰਗ ਦੌਰਾਨ ਕਿਸਾਨ ਜਥੇਬੰਦੀਆਂ ਨੂੰ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਅਤੇ ਸੂਬੇ ਭਰ ਵਿਚ ਚੋਣ ਲੜ ਰਹੇ ਉਮੀਦਵਾਰਾਂ ਦੀਆਂ ਚੋਣ ਮੁਹਿੰਮਾਂ ਵਿਚ ਵਿਘਨ ਨਾ ਪਾਉਣ ਦੀ ਅਪੀਲ ਕੀਤੀ ਹੈ।




ਚੇਤੇ ਰਹੇ ਕਿ ਪੰਜਾਬ ਵਿਚ ਕਿਸਾਨ ਜਥੇਬੰਦੀਆਂ ਵੱਲੋਂ ਭਾਜਪਾ ਉਮੀਦਵਾਰਾਂ ਨੂੰ ਚੋਣ ਪ੍ਰਚਾਰ ਦੌਰਾਨ ਘੇਰ ਕੇ ਸੁਆਲ ਕੀਤੇ ਜਾ ਰਹੇ ਹਨ। ਭਾਜਪਾ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਨੇ ਮੁੱਖ ਚੋਣ ਅਧਿਕਾਰੀ ਨੂੰ ਮੰਗ ਪੱਤਰ ਦੇ ਕੇ ਕਿਹਾ ਸੀ ਕਿ ਭਾਜਪਾ ਉਮੀਦਵਾਰਾਂ ਨੂੰ ਚੋਣ ਪ੍ਰਚਾਰ ਕਰਨ ਤੋਂ ਰੋਕਿਆ ਜਾ ਰਿਹਾ ਹੈ। ਇਸ ਮਗਰੋਂ ਮੁੱਖ ਚੋਣ ਅਧਿਕਾਰੀ ਨੇ ਪੱਤਰ ਜਾਰੀ ਕਰਕੇ ਸਾਰੇ ਡਿਪਟੀ ਕਮਿਸ਼ਨਰਾਂ, ਪੁਲਿਸ ਕਮਿਸ਼ਨਰਾਂ ਅਤੇ ਸੀਨੀਅਰ ਪੁਲੀਸ ਕਪਤਾਨਾਂ (ਐਸ.ਐਸ.ਪੀਜ਼.) ਨੂੰ ਉਮੀਦਵਾਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ ਹੈ। ਮੁੱਖ ਚੋਣ ਅਧਿਕਾਰੀ ਨੇ ਬਿਨਾਂ ਕਿਸੇ ਪਾਰਟੀ ਦਾ ਜ਼ਿਕਰ ਕਰਦਿਆਂ ਇਹ ਵੀ ਕਿਹਾ ਹੈ ਕਿ ਜ਼ਿਲ੍ਹਾ ਚੋਣ ਅਧਿਕਾਰੀ ਚੋਣ ਪ੍ਰਚਾਰ ਵਾਸਤੇ ਸਾਰਿਆਂ ਲਈ ਬਰਾਬਰ ਦਾ ਮਾਹੌਲ ਯਕੀਨੀ ਬਣਾਉਣ।

ਮੁੱਖ ਚੋਣ ਅਧਿਕਾਰੀ ਨੇ ਪੱਤਰ ਵਿਚ ਲਿਖਿਆ ਹੈ ਕਿ ਸੂਬੇ ਦੇ ਵੱਖ-ਵੱਖ ਹਿੱਸਿਆਂ ਤੋਂ ਚੋਣ ਪ੍ਰਚਾਰ ਵਿੱਚ ਵਿਘਨ ਪਾਉਣ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ ਅਤੇ ਅੰਦੋਲਨਕਾਰੀ ਕਿਸਾਨਾਂ ਵੱਲੋਂ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਚੋਣ ਪ੍ਰਚਾਰ ਕਰਨ ਤੋਂ ਰੋਕਿਆ ਜਾ ਰਿਹਾ ਹੈ ਜਿਸ ਕਰ ਕੇ ਉਹ ਸੂਬੇ ਦੇ ਨਾਗਰਿਕਾਂ ਨੂੰ ਆਪਣੇ ਚੋਣ ਮਨੋਰਥ ਪੱਤਰ ਤੋਂ ਜਾਣੂ ਨਹੀਂ ਕਰਵਾ ਪਾ ਰਹੇ।

**Change of Name**

This is to certify that I Manjit Singh, son of Hakam Singh resident of Village Kotla Nihang, Tehsil: Ropar, Distt: Ropar, Punjab, India, now living at 113 Siebe Drive, Fairfield, CA 94534, have changed my name to Manjit Singh Taunque. All concerned please note.

**One stop shop for all your taxi needs**

**The Friendly Group Ltd.**
**Chelsea Taxi Brokers**
Address: 287 10 AVE 2nd Floor, New York NY 10001
Ph: 212-947-9833, 212-695-0601
*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*All types of insurance*
** Medallion transfers*
** Accident claims*
** Taxi Stand Facility available*



We are here at your service to sell and buy or insure medallions and we are in business to help our Punjabi Community since last 40 years.

*ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।*

*Ask us about Purchase or new buyer and financing.

# Matrimony

**Green card holder Jat Sikh boy 38, 6'2" handsome, tall, clean-shaven, financially secure looking for a Nurse/ Pharmacist (Jat Sikh), match between the age of 28 and 32. The boy holds a B.A. B.Ed degree, and currently pursuing a degree in Law. He works as a machine operator and truck operator, earning a monthly income of $4000. He is residing in Bakersfield. Girl should be tall and good looking, residing in California. No divorcee. For more info. americanjatsikhwedding@aol.com or call 661-903-5627.**



**If you are qualified candidate who meets these criteria, Please feel free to get in touch with me.**
**Phone:**
**661-903-5627**

## ਤਜਰਬੇਕਾਰ ਕਰੀ ਕੁੱਕ, ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਕਰੀ ਕੁੱਕ, ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

*ਚੰਗੀ ਤਨਖਾਹ ਅਤੇ ਰਿਹਾਇਸ਼ ਫਰੀ*



**ਕਾਲ ਕਰੋ: ਮਿ. ਸਿੰਘ**
**ਫੋਨ: 515-291-1961**

## SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-436-9010**

*EARLY BIRD SALE!!!!*

**Domestic fares available**



## UMA TRAVELS

**2541 W. Devon Ave., Chicago, IL 60659**

**For Delhi Amritsar-Bombay Ahmedabad, Hydrabad-Madras**

**Call For Special Sale Fares**

**Call: 773-338-5603**

# Matrimonials

## ਲੜਕੀ ਦੀ ਲੋੜ ਹੈ

Parjapat Punjabi family looking for a H1B or Student visa holder Match for their Engineer son, working in MNC at Texas, USA. Age- 28, 5.10". Caste no Bar. Please Contact us at: singh.dapinder@gmail.com or call at 732-407-6683.

20-23

Looking for a suitable Ramgarhia Sikh Dhiman match in the USA/Canada for our well-settled boy (US citizen), 31, 5'11" tall, residing in Chicago. Please contact: man.rupal93@gmail.com

20-23

**ਯੂ ਐਸ ਵਿਚ ਜਨਮੇ ਰਾਮਗੜੀਆ ਸਿੱਖ ਇਲੈਕਟੀਕਲ ਇੰਜੀਨੀਅਰ ਲੜਕੇ, ਉਮਰ 31 ਸਾਲ, ਕੱਦ 5'9" ਲਈ ਪੜ੍ਹੀ ਲਿਖੀ ਲੜਕੀ ਦੀ ਜ਼ਰੂਰਤ ਹੈ। ਚਾਹਵਾਨ ਸੰਪਰਕ ਕਰਨ: ਈ-ਮੇਲ: sukhjitusa@att.net ਜਾਂ ਫੋਨ: 586-549-0107**

20-23

Jatt Sikh family seeks a suitable match for their US Citizen, very handsome, teetotaller, trimmed hair, son, 31, 5'8", Master in Education and diploma in Administration. Working as Program specialist in Maths with California govt. He is very knowledgeable, sincere and progressive. Caste no bar, no demand. Send profile with photo at whatsapp no. 661-578-2261

19-22

Jat Sikh family from California Bay Area looking for a suitable match for their son born & raised in the US , 38 Yrs., 6.2", Engineer working in an executive Position in the Bay Area. Girl should be tall and from the US. For more info. E-mail: SVSCC2013@gmail.com or call (408) 309-9026.

19-22

Looking for Educated Girl for 30 year old, Engineer Ramgharia Sikh Boy, Height 5-7 Canada Citizen. Works with planes. Girl can be from Canada or USA. Please Contact: (559) 801-5475 (USA) or WhatsApp at +919592062095 (India).

17-18

Looking for Suitable Ramgarhia Sikh Dhiman match in USA/CANADA for our well settled boy (US Citizen), July 1994 born in Ludhiana 5'3" , residing in Michigan (Canton). Bachelors degree holder and currently working as a Embedded Software Engineer. please call us at : +17348001448

17-20

Affluent Sikh family seeks a beautiful, well-educated, Gursikh, Jat, family-oriented girl for a Keshdhari and Turban wearing boy. Height 6'-2" and Sr. Network Engineer, June 1994 Born and Raised in Michigan, USA. Preferred USA/Canadian born/raised girl. Call/Whatsapp: +1-586-873-3444

17-20

## ਲੜਕੇ ਦੀ ਲੋੜ ਹੈ

Gursikh Rajput Kanda family seeks a suitable match in USA for their convent educated MBBS Doctor daughter, October 1989 born 5'4". Younger sister is also a Doctor. Please call us at: 98150-66773 or text message our Whatsapp no. 224-392-6613.

Ramgarhia Sikh family seeks a suitable match in USA for their USA Citizen well settled daughter, August 1990 born in Ludhiana 5'2" , residing in Michigan (Canton). Working as a Nursing Assitant in University of Michigan Hospital. Please call us at : +17348001448 or Email :binnumunday@gmail.com

17-20

Hindu/Sikh nai family looking for a suitable match for their beautiful daughter US Citizen, 26years, 5'6" Dentist DMD degree and now working as a Dentist. Family and sibling are US citizen. Please Contact us at 516-510-9744

17-20

Rajput family looking for a suitable match for their USA Citizen daughter 29, 5'-3" beautiful, family oriented, bachelors of Science in Biology and Psychology. MBA in Healthcare Management. Working as Senior Project Manager in Oncology Research. The boy must be from the USA (Citizen, Green card or H1b visa holder), professionally qualified, good-natured & well settled. Serious enquiries only. Please do Text Message at 630-746-9793

17-20

Ramgarhia Sikh family is looking for a suitable match for their Canadian Citizen daughter 30, 5'-8" beautiful, family oriented, graduated in M.B.A (Canada). The boy must be from USA or Canada, professionally qualified, well settled, and with good family values. Serious enquiries only. Please respond to hunjan.inders@gmail.com with biodata.

16-19

# ਪਦਮ ਸ੍ਰੀ ਪੰਜਾਬੀ ਸ਼ਾਇਰ ਸੁਰਜੀਤ ਪਾਤਰ ਦਾ ਦੇਹਾਂਤ

**ਚੰਡੀਗੜ੍ਹ:** ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਸਿਰਨਾਵੇਂ ਪਦਮਸ੍ਰੀ ਡਾ. ਸੁਰਜੀਤ ਪਾਤਰ ਦੇ ਅਕਾਲ ਚਲਾਣੇ ਨਾਲ ਇਕ ਸੁਨਹਿਰੀ ਯੁੱਗ ਦੇ ਅੰਤ ਹੋ ਗਿਆ ਹੋ ਗਿਆ ਜਿਸ ਕਾਰਨ ਸਾਹਿਤ ਜਗਤ ਤੇ ਪੰਜਾਬੀਆਂ 'ਚ ਸੋਗ ਦੀ ਲਹਿਰ ਹੈ। ਮੁੱਖ ਮੰਤਰੀ ਭਗਵੰਤ ਮਾਨ, ਸਾਹਿਤਕ ਸੰਸਥਾਵਾਂ ਅਤੇ ਉੱਘੀਆਂ ਸ਼ਖ਼ਸੀਅਤਾਂ ਨੇ ਡਾ. ਪਾਤਰ ਦੇ ਤੁਰ ਜਾਣ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਡਾ. ਪਾਤਰ ਭਾਵੇਂ 80 ਸਾਲ ਦੀ ਉਮਰ 'ਚ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ ਪਰ ਉਹ ਆਪਣੀ ਕਲਮ ਰਾਹੀਂ ਲਿਖੇ ਅੱਖਰਾਂ ਸਦਕਾ ਸਾਹਿਤ ਜਗਤ 'ਚ ਰਹਿੰਦੀ ਦੁਨੀਆ ਤੱਕ ਜਿਉਂਦੇ ਰਹਿਣਗੇ। ਇਸ ਦੁੱਖ ਦੀ ਘੜੀ ਵਿਚ ਕਈ ਉੱਘੀਆਂ ਸ਼ਖ਼ਸੀਅਤਾਂ ਨੇ ਡਾ. ਪਾਤਰ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਡਾ. ਪਾਤਰ ਦੇ ਚਲੇ ਜਾਣ ਨਾਲ ਪੰਜਾਬੀ ਸਾਹਿਤ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਉਹ ਨਾ ਸਿਰਫ ਵੱਡੇ ਸਾਹਿਤਕਾਰ ਸਨ ਸਗੋਂ ਆਪਣੇ ਮਿਲਾਪੜੇ ਸੁਭਾਅ ਕਰਕੇ ਵੀ ਸਮਾਜ ਵਿਚ ਵੱਡਾ ਰੁਤਬਾ ਰੱਖਦੇ ਸਨ।

ਡਾ. ਸੁਰਜੀਤ ਪਾਤਰ ਨੂੰ ਸਾਹਿਤ ਅਤੇ ਸਿੱਖਿਆ ਦੇ ਖੇਤਰ 'ਚ ਵਧੀਆ ਕਾਰਗੁਜ਼ਾਰੀ ਲਈ ਪਦਮ ਸ੍ਰੀ, ਸਰਸਵਤੀ ਐਵਾਰਡ, ਗੰਗਾਧਰ ਰਾਸ਼ਟਰੀ ਸਨਮਾਨ, ਪੰਜਾਬੀ ਸਾਹਿਤ ਅਕਾਦਮੀ ਪੁਰਸਕਾਰ ਸਮੇਤ ਕਈ ਐਵਾਰਡ ਮਿਲ ਚੁੱਕੇ ਸਨ। ਉਨ੍ਹਾਂ ਦਾ ਜਨਮ 1945 ਵਿਚ ਜਲੰਧਰ ਜ਼ਿਲ੍ਹੇ ਦੇ ਪਿੰਡ ਪੱਤੜ ਕਲਾਂ ਵਿਚ ਹੋਇਆ ਸੀ। ਉਨ੍ਹਾਂ ਨੇ ਕਪੂਰਥਲਾ ਦੇ ਰਣਧੀਰ ਕਾਲਜ ਤੋਂ ਗ੍ਰੈਜੂਏਸ਼ਨ



ਕੀਤੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮਾਸਟਰ ਡਿਗਰੀ ਪ੍ਰਾਪਤ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪੀਐਚ.ਡੀ ਕੀਤੀ ਸੀ। ਉਨ੍ਹਾਂ ਨੇ ਪੀ.ਏ.ਯੂ. ਵਿਚ ਪ੍ਰੋਫੈਸਰ ਦੀਆਂ ਸੇਵਾਵਾਂ ਤੋਂ ਇਲਾਵਾ ਹੋਰ ਕਈ ਸੰਸਥਾਵਾਂ 'ਚ ਵੱਖ-ਵੱਖ ਅਹੁਦਿਆਂ 'ਤੇ ਕੰਮ ਕੀਤਾ ਸੀ।

ਪੀ.ਏ.ਯੂ. ਦੇ ਉਪ ਕੁਲਪਤੀ ਡਾ. ਸਤਿਬੀਰ ਸਿੰਘ ਗੋਸਲ ਨੇ ਕਿਹਾ ਕਿ ਡਾ. ਪਾਤਰ ਨੇ ਆਪਣੀ ਬਹੁਤੀ ਕਾਵਿ ਸਿਰਜਣਾ ਪੀ.ਏ.ਯੂ. ਵਿਚ ਰਹਿੰਦਿਆਂ ਕੀਤੀ। ਪੀ.ਏ.ਯੂ. ਦੀ ਸਾਹਿਤ ਜਗਤ ਵਿਚ ਪਛਾਣ ਗੂੜ੍ਹੀ ਕਰਨ ਵਿਚ ਉਨ੍ਹਾਂ ਦਾ ਯੋਗਦਾਨ ਅਮਿੱਟ ਹੈ। ਸ਼ਾਹੀ ਇਮਾਮ ਪੰਜਾਬ ਮੌਲਾਨਾ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਕਿਹਾ ਕਿ ਡਾ. ਸੁਰਜੀਤ ਪਾਤਰ ਆਪਣੀ ਸਾਹਿਤਕ ਦੇਣ ਸਦਕਾ ਹਮੇਸ਼ਾ ਯਾਦ ਰੱਖੇ ਜਾਣਗੇ। ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਡਾ. ਸੁਰਜੀਤ ਪਾਤਰ 2002 ਤੋਂ 2008 ਤੱਕ ਅਕਾਦਮੀ ਦੇ ਪ੍ਰਧਾਨ ਰਹੇ। ਪੰਜਾਬੀ ਸਾਹਿਤ ਲਈ ਇਕ ਕਵੀ ਵਜੋਂ ਉਨ੍ਹਾਂ ਦੀ ਥਾਂ ਸਰਵੋਤਮ ਰਹੇਗੀ। ਉਨ੍ਹਾਂ ਦੀਆਂ 'ਕੋਲਾਜ', 'ਹਵਾ ਵਿਚ ਲਿਖੇ ਹਰਫ਼', 'ਬਿਰਖ ਅਰਜ਼ ਕਰੇ', 'ਹਨੇਰੇ ਵਿਚ ਸੁਲਗਦੀ ਵਰਣਮਾਲਾ', 'ਲਫ਼ਜ਼ਾਂ ਦੀ ਦਰਗਾਹ', 'ਪੱਤਝੜ ਦੀ ਪਾਜ਼ੇਬ', 'ਸੁਰ ਜ਼ਮੀਨ', 'ਚੰਨ ਸੂਰਜ ਦੀ ਵਹਿੰਗੀ' ਤੋਂ ਇਲਾਵਾ ਦਰਜਨ ਦੇ ਕਰੀਬ ਪੁਸਤਕਾਂ ਦੇ ਅਨੁਵਾਦ ਛਪੇ। ਸਾਲ 1993 ਵਿਚ ਉਨ੍ਹਾਂ ਨੂੰ 'ਹਨੇਰੇ ਵਿਚ ਸੁਲਗਦੀ ਵਰਣਮਾਲਾ' ਉਤੇ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਅਤੇ ਇਸ ਪੁਸਤਕ 'ਤੇ 1997 ਵਿਚ ਸ਼੍ਰੋਮਣੀ ਕਵੀ ਪੁਰਸਕਾਰ ਮਿਲਿਆ। ਇਸ ਤੋਂ ਇਲਾਵਾ ਗਿਆਨਪੀਠ ਸਾਹਿਤ ਸਮੇਤ ਹੋਰ ਵੀ ਵੱਡੇ ਸਨਮਾਨ ਪਾਤਰ ਸਾਹਿਬ ਨੂੰ ਮਿਲੇ। 2012 ਵਿਚ ਭਾਰਤ ਸਰਕਾਰ ਵਲੋਂ ਉਨ੍ਹਾਂ ਨੂੰ ਪਦਮਸ੍ਰੀ ਦੀ ਉਪਾਧੀ ਨਾਲ ਸਨਮਾਨਿਆ ਗਿਆ।

## ਪੰਜਾਬੀ ਅਦਬੀ ਜਗਤ ਲਈ ਵੱਡਾ ਘਾਟਾ: ਡਾ. ਮਨਮੋਹਨ ਸਿੰਘ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਡਾ. ਸੁਰਜੀਤ ਪਾਤਰ ਦੇ ਅਕਾਲ ਚਲਾਣੇ ਨੂੰ ਪੰਜਾਬੀ ਅਦਬੀ ਜਗਤ ਲਈ ਨਾ ਪੂਰਿਆ ਜਾਣ ਵਾਲਾ ਘਾਟਾ ਕਰਾਰ ਦਿੱਤਾ ਹੈ। ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਡਾ. ਸੁਰਜੀਤ ਪਾਤਰ ਦੇ ਸਦਨ ਦੇ ਸਰਪ੍ਰਸਤ ਵਜੋਂ ਭਾਈ ਵੀਰ ਸਿੰਘ ਦੀਆਂ ਲਿਖਤਾਂ ਨੂੰ ਉਘਾੜਨ ਪ੍ਰਤੀ ਯੋਗਦਾਨ ਨੂੰ ਚੇਤੇ ਕਰਦਿਆਂ ਉਨ੍ਹਾਂ ਨੂੰ ਇਕ ਅਦੁਤੀ ਸਾਹਿਤਕਾਰ ਕਿਹਾ।

## ਪੰਜਾਬ ਸਰਕਾਰ ਵੱਲੋਂ 'ਪਾਤਰ ਐਵਾਰਡ' ਸ਼ੁਰੂ ਕਰਨ ਦਾ ਫ਼ੈਸਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਮਰਹੂਮ ਪੰਜਾਬੀ ਸ਼ਾਇਰ ਡਾ. ਸੁਰਜੀਤ ਪਾਤਰ ਦੀ ਯਾਦ 'ਚ ਹਰ ਵਰ੍ਹੇ 'ਪਾਤਰ ਐਵਾਰਡ' ਦੇਣ ਦਾ ਫ਼ੈਸਲਾ ਕੀਤਾ ਹੈ। 'ਪਾਤਰ ਐਵਾਰਡ' ਹਰ ਵਰ੍ਹੇ ਉੱਭਰਦੇ ਕਵੀਆਂ ਨੂੰ ਦਿੱਤਾ ਜਾਵੇਗਾ। ਪੰਜਾਬ ਸਰਕਾਰ ਵੱਲੋਂ ਹਰ ਸਾਲ ਜੇਤੂ ਕਵੀਆਂ ਨੂੰ 'ਪਾਤਰ ਐਵਾਰਡ' 'ਚ ਇਕ ਲੱਖ ਰੁਪਏ ਤੇ ਯਾਦਗਾਰੀ ਚਿੰਨ੍ਹ ਭੇਟ ਕੀਤਾ ਜਾਵੇਗਾ। ਭਾਸ਼ਾ ਵਿਭਾਗ ਇਸ ਐਵਾਰਡ ਲਈ ਅਗਵਾਈ ਕਰੇਗਾ।

# ਸਰਹਿੰਦ ਫਤਹਿ ਦਿਵਸ: ਚੱਪੜਚਿੜੀ ਤੋਂ ਸਰਹਿੰਦ ਤੱਕ ਸਜਾਇਆ ਫਤਹਿ ਮਾਰਚ

**ਫਤਹਿਗੜ੍ਹ ਸਾਹਿਬ:** ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ ਸਰਹਿੰਦ ਫ਼ਤਹਿ ਦਿਵਸ ਨੂੰ ਸਮਰਪਿਤ 'ਸਰਹਿੰਦ ਫ਼ਤਹਿ ਮਾਰਚ' ਇੱਥੋਂ ਦੇ ਇਤਿਹਾਸਕ ਗੁਰਦੁਆਰਾ ਫ਼ਤਹਿ-ਏ-ਜੰਗ ਸਾਹਿਬ ਚੱਪੜਚਿੜੀ ਤੋਂ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਤੱਕ ਸਜਾਇਆ ਗਿਆ, ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਰਵਾਨਾ ਕੀਤਾ।

ਸਵੇਰੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਰਾਗੀ ਸਿੰਘਾਂ ਤੇ ਢਾਡੀ ਜਥਿਆਂ ਨੇ ਸੰਗਤ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ। ਆਰੰਭਤਾ ਦੀ ਅਰਦਾਸ ਉਪਰੰਤ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕੀਤਾ। ਫ਼ਤਹਿ ਮਾਰਚ ਵਿਚ ਨਿਹੰਗ ਸਿੰਘ ਜਥੇਬੰਦੀਆਂ, ਧਾਰਮਿਕ ਸਭਾ ਸੁਸਾਇਟੀਆਂ, ਬੈਂਡ ਤੇ ਗਤਕਾ ਪਾਰਟੀਆਂ ਨੇ ਖ਼ਾਲਸਈ ਜਾਹੋ-ਜਲਾਲ ਨਾਲ ਸ਼ਮੂਲੀਅਤ ਕੀਤੀ। ਇਸ ਮੌਕੇ ਬੁੱਢਾ ਦਲ (96 ਕਰੋੜੀ) ਦੇ ਪ੍ਰਧਾਨ ਬਾਬਾ ਬਲਬੀਰ ਸਿੰਘ, ਐਸ.ਜੀ.ਪੀ.ਸੀ. ਮੈਂਬਰ ਪਰਮਜੀਤ ਕੌਰ ਲਾਂਡਰਾਂ, ਚਰਨਜੀਤ ਸਿੰਘ ਕਾਲੇਵਾਲ, ਹਲਕਾ ਇੰਚਾਰਜ ਪਰਵਿੰਦਰ ਸਿੰਘ ਬੈਦਵਾਨ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਪੰਜ ਪਿਆਰਿਆਂ ਸਮੇਤ ਨਿਸ਼ਾਨਚੀ ਸਿੰਘਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਆ ਗਿਆ। ਰਸਤੇ ਵਿਚ ਥਾਂ-ਥਾਂ 'ਤੇ ਸੰਗਤ ਵੱਲੋਂ ਫ਼ਤਹਿ ਮਾਰਚ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਲੰਗਰ ਲਗਾਏ ਗਏ।

# ਗੁਰਦੁਆਰਾ ਪ੍ਰਬੰਧ ਹਥਿਆਉਣਾ ਚਾਹੁੰਦੀਆਂ ਸਰਕਾਰਾਂ: ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦਸਮੇਸ਼ ਪਿਤਾ ਤੋਂ ਥਾਪੜਾ ਲੈ ਕੇ ਜ਼ੁਲਮ ਦਾ ਖ਼ਾਤਮਾ ਕਰਨ ਤੁਰੇ ਬਾਬਾ ਬੰਦਾ ਸਿੰਘ ਬਹਾਦਰ ਨੇ ਸ਼ਹੀਦਾਂ ਦੇ ਖ਼ੂਨ ਨਾਲ ਰੰਗੀ ਚੱਪੜਚਿੜੀ ਦੀ ਧਰਤੀ 'ਤੇ ਜ਼ਾਲਮ ਹਕੂਮਤ ਉਤੇ ਫ਼ਤਹਿ ਹਾਸਲ ਕਰ ਕੇ ਜਿੱਥੇ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਦਲਾ ਲਿਆ, ਉਥੇ ਹੀ ਉਨ੍ਹਾਂ ਪਹਿਲੇ ਸਿੱਖ ਰਾਜ ਦੀ ਸਥਾਪਨਾ ਕੀਤੀ।

ਇਸ ਸ਼ਾਨਮੱਤੇ ਇਤਿਹਾਸ ਤੋਂ ਨਵੀਂ ਪੀੜ੍ਹੀ ਨੂੰ ਜਾਣੂ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਅੱਜ



ਸਿੱਖ ਕੌਮ ਦੀਆਂ ਸੰਸਥਾਵਾਂ ਨੂੰ ਤੋੜਨ ਦੇ ਯਤਨ ਹੋ ਰਹੇ ਹਨ। ਸਮੇਂ-ਸਮੇਂ ਦੀਆਂ ਸਰਕਾਰਾਂ ਗੁਰਦੁਆਰਿਆਂ ਦੇ ਪ੍ਰਬੰਧਾਂ ਨੂੰ ਸਿੱਧੇ ਤੇ ਅਸਿੱਧੇ ਢੰਗ ਨਾਲ ਆਪਣੇ ਹੱਥ ਵਿਚ ਲੈਣਾ ਚਾਹੁੰਦੀਆਂ ਹਨ, ਜਿਸ ਨੂੰ ਸਿੱਖ ਕੌਮ ਕਦੇ ਬਰਦਾਸ਼ਤ ਨਹੀਂ ਕਰ ਸਕਦੀ। ਉਨ੍ਹਾਂ ਸਮੁੱਚੀਆਂ ਪੰਥਕ ਜਥੇਬੰਦੀਆਂ ਨੂੰ ਸਰਕਾਰਾਂ ਦੀਆਂ ਅਜਿਹੀਆਂ ਚਾਲਾਂ ਖ਼ਿਲਾਫ਼ ਇਕਜੁੱਟ ਹੋਣ ਦੀ ਅਪੀਲ ਕੀਤੀ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਕਿਹਾ, "ਸਿੱਖ ਕੌਮ ਲਈ ਇਹ ਮਾਣ ਵਾਲੀ ਗੱਲ ਹੈ ਕਿ ਸਿੱਖ ਯੋਧਿਆਂ ਨੇ ਇਸ ਪਵਿੱਤਰ ਧਰਤੀ 'ਤੇ ਇਤਿਹਾਸ ਸਿਰਜਿਆ, ਜਿਸ ਤੋਂ ਸਾਨੂੰ ਪ੍ਰੇਰਣਾ ਲੈਣ ਦੀ ਲੋੜ ਹੈ।"

# ਜਰਮਨੀ ਜਾ ਰਹੇ ਨੌਜਵਾਨ ਦੀ ਰਸਤੇ ਵਿਚ ਹੀ ਮੌਤ

**ਫਿਲੌਰ:** ਟਰੈਵਲ ਏਜੰਟ ਨੇ ਗੰਨਾ ਪਿੰਡ ਦੇ ਇਕ ਵਿਅਕਤੀ ਨੂੰ ਪੈਸੇ ਲੈ ਕੇ ਵਿਦੇਸ਼ ਭੇਜਣ ਦਾ ਵਾਅਦਾ ਕੀਤਾ ਪਰ ਉਸ ਦੀ ਰਸਤੇ 'ਚ ਹੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਮਹਿੰਦਰ ਪਾਲ ਵਜੋਂ ਹੋਈ ਹੈ। ਏਜੰਟਾਂ ਨੇ ਮਹਿੰਦਰ ਪਾਲ ਨੂੰ ਕਈ ਦੇਸ਼ਾਂ ਰਾਹੀਂ ਜਰਮਨੀ ਭੇਜਣਾ ਸੀ ਪਰ ਰਸਤੇ 'ਚ ਹੀ ਉਸ ਦੀ ਮੌਤ ਦੀ ਖ਼ਬਰ ਆ ਗਈ।

ਮ੍ਰਿਤਕ ਦੇ ਭਰਾ ਧਰਮਿੰਦਰ ਨੇ ਦੱਸਿਆ ਕਿ ਮਹਿੰਦਰ ਪਾਲ ਨੂੰ ਵਿਦੇਸ਼ ਭੇਜਣ ਲਈ ਏਜੰਟ ਨੂੰ 12.32 ਲੱਖ ਰੁਪਏ ਦਿੱਤੇ।



ਇਸ 'ਚੋਂ ਪੰਜ ਲੱਖ ਰੁਪਏ ਬੈਂਕ ਖਾਤੇ 'ਚ ਪਾਏ ਗਏ ਅਤੇ ਸੱਤ ਲੱਖ ਰੁਪਏ ਦੀ ਰਕਮ ਫਗਵਾੜਾ ਦੇ ਅਰਬਨ ਅਸਟੇਟ 'ਚ ਪੁੱਜਦੀ ਕੀਤੀ ਗਈ। ਏਜੰਟ ਨੇ ਮਹਿੰਦਰ ਨੂੰ ਅਰਮੀਨੀਆ ਤੋਂ ਰੂਸ ਅਤੇ ਅੱਗੋਂ ਬੇਲਾਰੂਸ ਤੋਂ ਜਰਮਨੀ ਭੇਜਣਾ ਸੀ। ਮੌਤ ਤੋਂ ਬਾਅਦ ਏਜੰਟ ਨੇ ਪਰਿਵਾਰ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ। ਕੁਝ ਦਿਨਾਂ ਬਾਅਦ ਪਰਿਵਾਰ ਨੂੰ ਪਤਾ ਲੱਗਿਆ ਕਿ ਮਹਿੰਦਰ ਦੀ ਮੌਤ ਹੋ ਗਈ ਹੈ। ਪੁਲਿਸ ਨੇ ਇਸ ਮਾਮਲੇ ਵਿਚ ਟਰੈਵਲ ਏਜੰਟ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪਰਿਵਾਰਕ ਮੈਂਬਰਾਂ ਮੁਤਾਬਿਕ ਮਹਿੰਦਰ ਪਾਲ ਦੀ ਮੌਤ ਦਾ ਕਾਰਨ ਪਤਾ ਨਹੀਂ ਲੱਗ ਸਕਿਆ।

ਥਾਣਾ ਫਿਲੌਰ ਦੀ ਪੁਲਿਸ ਨੇ ਗੰਨਾ ਪਿੰਡ ਵਾਸੀ ਧਰਮਿੰਦਰ ਕੁਮਾਰ ਦੇ ਬਿਆਨਾਂ 'ਤੇ ਜੰਮੂ ਦੇ ਟਰੈਵਲ ਏਜੰਟ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪਰਿਵਾਰ ਨੇ ਇਹ ਵੀ ਦੋਸ਼ ਲਗਾਇਆ ਕਿ ਟਰੈਵਲ ਏਜੰਟ ਨੇ ਮਹਿੰਦਰ ਪਾਲ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਲਈ 4 ਲੱਖ ਰੁਪਏ ਦੀ ਮੰਗ ਕੀਤੀ ਸੀ। ਪੀੜਤ ਪਰਿਵਾਰ ਨੇ ਸਰਕਾਰ ਨੂੰ ਮਹਿੰਦਰ ਪਾਲ ਦੀ ਦੇਹ ਭਾਰਤ ਲਿਆਉਣ ਦੀ ਅਪੀਲ ਕੀਤੀ ਹੈ ਕਿਉਂਕਿ ਪਰਿਵਾਰ ਵੱਡੀ ਰਕਮ ਖਰਚਣ ਤੋਂ ਅਸਮਰੱਥ ਹੈ।

# ਗੋਚਰ ਤੋਂ ਗੁਰਦੁਆਰਾ ਗੋਬਿੰਦ ਘਾਟ ਤੱਕ ਸ਼ੁਰੂ ਹੋਵੇਗੀ ਹੈਲੀਕਾਪਟਰ ਸੇਵਾ

**ਅੰਮ੍ਰਿਤਸਰ:** 25 ਮਈ ਤੋਂ ਆਰੰਭ ਹੋ ਰਹੀ ਗੁਰਦੁਆਰਾ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਇਸ ਸਾਲ ਸ਼ਰਧਾਲੂਆਂ ਲਈ ਹੋਰ ਵੀ ਸੁਖਾਲੀ ਹੋ ਜਾਵੇਗੀ। ਇਸ ਸਾਲ ਉੱਤਰਾਖੰਡ ਦੇ ਗੋਚਰ ਤੋਂ ਗੁਰਦੁਆਰਾ ਗੋਬਿੰਦ ਘਾਟ ਤੱਕ ਨਵੀਂ ਹੈਲੀਕਾਪਟਰ ਸੇਵਾ ਸ਼ੁਰੂ ਹੋ ਰਹੀ ਹੈ।

ਇਸ ਤੋਂ ਇਲਾਵਾ ਅੰਮ੍ਰਿਤਸਰ ਤੋਂ ਦੇਹਰਾਦੂਨ ਵਿਚਾਲੇ ਹਵਾਈ ਸੇਵਾ ਚੱਲ ਰਹੀ ਹੈ। ਇਸ ਤੋਂ ਪਹਿਲਾਂ ਹਰ ਸਾਲ ਗੁਰਦੁਆਰਾ ਗੋਬਿੰਦ ਘਾਟ ਤੋਂ ਘਾਗਰੀਆਂ ਤੱਕ ਹੈਲੀਕਾਪਟਰ ਸੇਵਾ ਚੱਲ ਰਹੀ ਸੀ।

ਗੁਰਦੁਆਰਾ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਦੀ ਸ਼ੁਰੂਆਤ ਲਈ ਚੱਲ ਰਹੇ ਪ੍ਰਬੰਧਾਂ ਬਾਰੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਲਗਭਗ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਾਪਤ ਗੁਰਦੁਆਰਾ ਹੇਮਕੁੰਟ ਸਾਹਿਬ ਦੀ ਸਲਾਨਾ ਯਾਤਰਾ ਤਹਿਤ ਗੁਰਦੁਆਰੇ ਦੇ ਕਿਵਾੜ 25 ਮਈ ਨੂੰ ਸੰਗਤ ਵਾਸਤੇ ਅਰਦਾਸ ਮਗਰੋਂ ਖੋਲ੍ਹੇ



ਜਾਣਗੇ, ਜਿਸ ਤਹਿਤ ਸ਼ਰਧਾਲੂਆਂ ਦਾ ਪਹਿਲਾ ਜੱਥਾ 22 ਮਈ ਨੂੰ ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰਦੁਆਰਾ ਰਿਸ਼ੀਕੇਸ਼ ਤੋਂ ਰਵਾਨਾ ਕੀਤਾ ਜਾਵੇਗਾ। ਪਹਿਲੇ ਜੱਥੇ ਦੀ ਰਵਾਨਗੀ ਮੌਕੇ ਉੱਤਰਾਖੰਡ ਦੇ ਰਾਜਪਾਲ ਅਤੇ ਸੰਤ ਸਮਾਜ ਦੇ ਪ੍ਰਮੁੱਖ ਆਗੂ ਹਾਜ਼ਰ ਹੋਣਗੇ।

ਉੱਤਰਾਖੰਡ ਸਥਿਤ ਚਾਰ ਧਾਮ ਦੀ ਯਾਤਰਾ ਸ਼ੁਰੂ ਹੋ ਚੁੱਕੀ ਹੈ। ਸ੍ਰੀ ਬਿੰਦਰਾ ਨੇ ਦੱਸਿਆ ਕਿ ਗੋਬਿੰਦ ਘਾਟ ਤੋਂ ਘਾਗਰੀਆ ਤੱਕ ਦੀ ਹੈਲੀਕਾਪਟਰ ਸੇਵਾ 25 ਮਈ ਤੋਂ ਸ਼ੁਰੂ ਹੋ ਜਾਵੇਗੀ ਅਤੇ ਇਸੇ ਤਰ੍ਹਾਂ ਗੋਚਰ ਤੋਂ ਗੁਰਦੁਆਰਾ ਗੋਬਿੰਦ ਘਾਟ ਤੱਕ ਨਵੀਂ ਹੈਲੀਕਾਪਟਰ ਸੇਵਾ ਵੀ 25 ਮਈ ਤੋਂ ਸ਼ੁਰੂ ਹੋ ਰਹੀ ਹੈ। ਗੋਚਰ ਰਿਸ਼ੀਕੇਸ਼ ਅਤੇ ਬਦਰੀਨਾਥ ਸੜਕ ਮਾਰਗ 'ਤੇ ਲਗਭਗ ਅੱਧ ਵਿਚਾਲੇ ਹੈ। ਹੈਲੀਕਾਪਟਰ ਸੇਵਾਵਾਂ ਨਾਲ ਸ਼ਰਧਾਲੂ ਰਿਸ਼ੀਕੇਸ਼ ਤੋਂ ਇਕ ਦਿਨ ਵਿਚ ਹੀ ਗੁਰਦੁਆਰਾ ਗੋਬਿੰਦ ਧਾਮ ਪਹੁੰਚ ਸਕਦੇ ਹਨ। ਇਸ ਨਾਲ ਯਾਤਰੂਆਂ ਦਾ ਆਵਾਜਾਈ ਦਾ ਸਮਾਂ ਬਚੇਗਾ ਅਤੇ ਯਾਤਰਾ ਸੁਖਾਲੀ ਹੋ ਜਾਵੇਗੀ।

ਇਸ ਤੋਂ ਪਹਿਲਾਂ ਅੰਮ੍ਰਿਤਸਰ ਅਤੇ ਦੇਹਰਾਦੂਨ ਵਿਚਾਲੇ ਹਵਾਈ ਸੇਵਾ ਚੱਲ ਰਹੀ ਹੈ, ਜੋ ਇਸ ਵੇਲੇ ਹਫਤੇ ਵਿਚ ਇਕ ਦਿਨ ਹੈ ਅਤੇ ਹੁਣ ਇਸ ਨੂੰ ਯਾਤਰਾ ਦੌਰਾਨ ਹਫਤੇ ਵਿਚ ਤਿੰਨ ਦਿਨ ਕੀਤਾ ਜਾ ਰਿਹਾ ਹੈ। 20 ਮਈ ਤੱਕ ਰਸਤੇ ਤਿਆਰ ਕਰਨ ਦੀ ਸੇਵਾ ਭਾਰਤੀ ਫੌਜ ਵੱਲੋਂ ਮੁਕੰਮਲ ਹੋ ਜਾਵੇਗੀ। ਇਸ ਵੇਲੇ ਗੁਰਦੁਆਰਾ ਹੇਮਕੁੰਟ ਸਾਹਿਬ ਤੋਂ ਹੇਠਾਂ ਵੱਲ ਪੌੜੀਆਂ ਵਾਲਾ ਰਸਤਾ ਬਰਫ ਹਟਾਉਣ ਮਗਰੋਂ ਤਿਆਰ ਹੋ ਚੁੱਕਾ ਹੈ ਅਤੇ ਅਤੇ ਦੂਜਾ ਰਸਤਾ ਖੱਚਰਾਂ ਲਈ ਤਿਆਰ ਹੋ ਚੁੱਕਾ ਹੈ, ਜਿਸ ਨੂੰ ਹੁਣ ਹੋਰ ਚੌੜਾ ਕੀਤਾ ਜਾ ਰਿਹਾ ਹੈ।

ਮੌਸਮ ਨੂੰ ਦੇਖਦਿਆਂ ਅਤੇ ਬਰਫ ਹੋਣ ਕਾਰਨ ਸਿਹਤ ਵਿਭਾਗ ਵੱਲੋਂ ਬਜ਼ੁਰਗਾਂ ਅਤੇ ਬੱਚਿਆਂ ਨੂੰ ਲਗਭਗ ਦੋ ਹਫਤੇ ਯਾਤਰਾ ਨਾ ਕਰਨ ਦਾ ਸੁਝਾਅ ਦਿੱਤਾ ਗਿਆ। ਹੁਣ ਤੱਕ 54 ਹਜ਼ਾਰ ਸ਼ਰਧਾਲੂਆਂ ਵੱਲੋਂ ਇਸ ਯਾਤਰਾ ਵਾਸਤੇ ਆਪਣੇ ਨਾਂ ਦੀ ਰਜਿਸਟਰੇਸ਼ਨ ਕਰਵਾਈ ਜਾ ਚੁੱਕੀ ਹੈ।

## ਪ੍ਰਧਾਨ ਮੰਤਰੀ ਮੋਦੀ ਨੇ ਤਖ਼ਤ ਪਟਨਾ ਸਾਹਿਬ ਦੇ ਕੀਤੇ ਦਰਸ਼ਨ

**ਪਟਨਾ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਖ਼ਤ ਸੁਰੱਖਿਆ ਹੇਠ ਪਟਨਾ ਦੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ। ਪ੍ਰਧਾਨ ਮੰਤਰੀ ਦੀ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਫੇਰੀ ਦੇ ਮੱਦੇਨਜ਼ਰ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਸਨ। ਪ੍ਰਧਾਨ ਮੰਤਰੀ ਮੋਦੀ ਨੇ ਦਸਤਾਰ ਸਜਾ ਕੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਦਰਸ਼ਨ ਕੀਤੇ। ਉਨ੍ਹਾਂ ਨੇ ਲੰਗਰ 'ਚ ਸੇਵਾ ਕਰਨ ਦੇ ਨਾਲ ਨਾਲ ਲੰਗਰ ਵਰਤਾਇਆ ਵੀ।

# ਝੋਨੇ ਦੇ ਸੀਜ਼ਨ ਤੋਂ ਪਹਿਲਾਂ ਹੀ ਬਿਜਲੀ ਖਪਤ ਨੇ ਤੋੜੇ ਰਿਕਾਰਡ

**ਚੰਡੀਗੜ੍ਹ:** ਪੰਜਾਬ ਵਿਚ ਐਤਕੀਂ ਝੋਨੇ ਦੇ ਸੀਜ਼ਨ 'ਚ ਬਿਜਲੀ ਦੀ ਮੰਗ 16 ਹਜ਼ਾਰ ਮੈਗਾਵਾਟ ਨੂੰ ਪਾਰ ਹੋਣ ਦਾ ਅਨੁਮਾਨ ਹੈ। ਮਈ ਦੇ ਪਹਿਲੇ ਹਫ਼ਤੇ 'ਚ ਜਿਸ ਲਿਹਾਜ਼ ਨਾਲ ਬਿਜਲੀ ਦੀ ਖਪਤ ਅਤੇ ਮੰਗ ਵਧੀ ਹੈ ਉਸ ਤੋਂ ਜਾਪਦਾ ਹੈ ਕਿ ਗਰਮੀ ਦੇ ਸਿਖਰ 'ਤੇ ਬਿਜਲੀ ਦੀ ਖਪਤ ਸਿਖ਼ਰਾਂ ਛੂਹੇਗੀ।



ਤਾਪਮਾਨ ਵਧਣ ਦੇ ਨਾਲ ਹੀ ਬਿਜਲੀ ਦੀ ਖਪਤ ਵੀ ਵਧਣ ਲੱਗੀ ਹੈ। ਇਸ ਸਬੰਧੀ ਪਾਵਰਕੌਮ ਨੇ ਅਗਾਊਂ ਇੰਤਜ਼ਾਮ ਕਰਨੇ ਸ਼ੁਰੂ ਕਰ ਦਿੱਤੇ ਹਨ ਅਤੇ ਕੋਈ ਬਿਜਲੀ ਕੱਟ ਨਾ ਲਾਉਣ ਦਾ ਫ਼ੈਸਲਾ ਕੀਤਾ ਹੈ। ਪਹਿਲੀ ਤੋਂ ਅੱਠ ਮਈ ਤੱਕ ਬਿਜਲੀ ਦੀ ਮੰਗ 10,062 ਮੈਗਾਵਾਟ ਨੂੰ ਛੂਹ ਗਈ ਹੈ ਜੋ ਪਿਛਲੇ ਵਰ੍ਹੇ ਦੇ ਮੁਕਾਬਲੇ 35 ਫ਼ੀਸਦੀ ਵੱਧ ਹੈ। ਪਾਵਰਕੌਮ ਲਈ ਝੋਨੇ ਦਾ ਸੀਜ਼ਨ ਪ੍ਰੀਖਿਆ ਤੇ ਚੁਣੌਤੀ ਬਣੇਗਾ। ਐਤਕੀਂ ਪਹਿਲੀ ਦਫ਼ਾ ਪੰਜਾਬ ਸਰਕਾਰ ਵੱਲੋਂ ਖ਼ਰੀਦਿਆ ਗੋਇੰਦਵਾਲ ਥਰਮਲ ਪਲਾਂਟ ਵੀ ਆਪਣੀ ਕਾਰਗੁਜ਼ਾਰੀ ਦਿਖਾਏਗਾ। ਵੇਰਵਿਆਂ ਅਨੁਸਾਰ 6 ਮਈ ਤੋਂ ਬਿਜਲੀ ਦੀ ਮੰਗ ਇਕਦਮ ਵਧੀ ਹੈ। ਪੰਜ ਮਈ ਨੂੰ ਬਿਜਲੀ ਦੀ ਮੰਗ 9038 ਮੈਗਾਵਾਟ ਸੀ ਜੋ ਅੱਠ ਮਈ ਨੂੰ ਵਧ ਕੇ 10,062 ਮੈਗਾਵਾਟ ਹੋ ਗਈ ਹੈ।

ਪਹਿਲੀ ਅਪਰੈਲ ਤੋਂ 8 ਮਈ 2024 ਤੱਕ ਦੇ ਕਰੀਬ ਸਵਾ ਮਹੀਨੇ 'ਤੇ ਨਜ਼ਰ ਮਾਰੀਏ ਤਾਂ ਬਿਜਲੀ ਦੀ ਮੰਗ ਵਿਚ 24 ਫ਼ੀਸਦੀ ਵਾਧਾ ਹੋਇਆ ਹੈ ਅਤੇ ਬਿਜਲੀ ਦੀ ਖਪਤ 13 ਫ਼ੀਸਦੀ ਵਧੀ ਹੈ। ਵਿੱਤੀ ਵਰ੍ਹਾ 2023-24 ਦੌਰਾਨ ਬਿਜਲੀ ਦੀ ਮੰਗ ਵਿਚ 7 ਫ਼ੀਸਦੀ ਵਾਧਾ ਹੋਇਆ ਹੈ। ਮੌਜੂਦਾ ਰੁਝਾਨ ਦੇਖੀਏ ਤਾਂ ਚਾਲੂ ਵਿੱਤੀ ਵਰ੍ਹੇ ਦੌਰਾਨ ਬਿਜਲੀ ਦੀ ਮੰਗ ਦੇ ਰਿਕਾਰਡ ਟੁੱਟ ਸਕਦੇ ਹਨ। ਪਿਛਲੇ ਵਰ੍ਹੇ ਵਿਚ ਬਿਜਲੀ ਦੀ ਮੰਗ 15,300 ਮੈਗਾਵਾਟ ਰਹੀ ਜਦੋਂ ਕਿ ਐਤਕੀਂ 16 ਹਜ਼ਾਰ ਮੈਗਾਵਾਟ ਨੂੰ ਪਾਰ ਕਰ ਸਕਦੀ ਹੈ। ਪਾਵਰਕੌਮ ਨੇ ਐਤਕੀਂ ਬੈਂਕਿੰਗ ਜ਼ਰੀਏ ਤਿੰਨ ਹਜ਼ਾਰ ਮੈਗਾਵਾਟ ਬਿਜਲੀ ਖ਼ਰੀਦਣ ਦੇ ਪ੍ਰਬੰਧ ਕੀਤੇ ਹਨ ਜਦੋਂਕਿ ਦਿਨ ਵਕਤ ਖੇਤੀ ਸੈਕਟਰ ਲਈ ਸੋਲਰ ਊਰਜਾ ਦੀ ਵਰਤੋਂ ਵਧਾਉਣ ਦੀ ਯੋਜਨਾ ਬਣਾਈ ਹੈ। ਇਸ ਵੇਲੇ ਤਾਪ ਬਿਜਲੀ ਘਰਾਂ ਵਾਸਤੇ ਕਰੀਬ 16 ਲੱਖ ਟਨ ਕੋਲਾ ਭੰਡਾਰ ਪਿਆ ਹੈ। ਪਾਵਰਕੌਮ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਸ ਵਾਰ ਝੋਨੇ ਦੇ ਸੀਜ਼ਨ ਵਾਸਤੇ 16,500 ਮੈਗਾਵਾਟ ਬਿਜਲੀ ਦੇ ਪ੍ਰਬੰਧ ਕੀਤੇ ਗਏ ਹਨ। ਟਰਾਂਸਮਿਸ਼ਨ ਸਮਰੱਥਾ ਵੀ 10 ਹਜ਼ਾਰ ਮੈਗਾਵਾਟ ਕਰ ਲਈ ਗਈ ਹੈ।


### ਨਵੇਂ ਥਰਮਲ ਪਲਾਂਟ ਦੀ ਕਾਰਗੁਜ਼ਾਰੀ ਦੀ ਪਰਖ

**ਚੰਡੀਗੜ੍ਹ:** ਐਤਕੀਂ ਪਹਿਲੀ ਦਫ਼ਾ ਪੰਜਾਬ ਸਰਕਾਰ ਵੱਲੋਂ ਖ਼ਰੀਦਿਆ ਗੋਇੰਦਵਾਲ ਥਰਮਲ ਪਲਾਂਟ ਵੀ ਆਪਣੀ ਕਾਰਗੁਜ਼ਾਰੀ ਦਿਖਾਏਗਾ। ਪਾਵਰਕੌਮ ਨੇ ਜੋ ਨਵਾਂ ਗੋਇੰਦਵਾਲ ਤਾਪ ਬਿਜਲੀ ਘਰ ਖ਼ਰੀਦਿਆ ਹੈ, ਉਸ ਤੋਂ ਅਪਰੈਲ ਮਹੀਨੇ ਵਿਚ ਪੈਦਾਵਾਰ ਪਿਛਲੇ ਸਾਲ ਦੇ ਮੁਕਾਬਲੇ 33 ਫ਼ੀਸਦੀ ਜ਼ਿਆਦਾ ਰਹੀ ਹੈ। ਲਹਿਰਾ ਮੁਹੱਬਤ ਅਤੇ ਰੋਪੜ ਤਾਪ ਬਿਜਲੀ ਘਰ ਤੋਂ ਪੈਦਾਵਾਰ ਵਿਚ 28 ਫ਼ੀਸਦੀ ਦਾ ਵਾਧਾ ਹੋਇਆ ਹੈ ਜਦੋਂ ਕਿ ਪ੍ਰਾਈਵੇਟ ਤਾਪ ਬਿਜਲੀ ਘਰਾਂ ਤੋਂ ਪੈਦਾਵਾਰ ਕਰੀਬ 6 ਫ਼ੀਸਦੀ ਤੱਕ ਘਟੀ ਹੈ। ਲਹਿਰਾ ਮੁਹੱਬਤ ਤਾਪ ਬਿਜਲੀ ਘਰ ਵਿਚ ਇਸ ਵੇਲੇ 24 ਦਿਨਾਂ ਦਾ ਕੋਲਾ ਪਿਆ ਹੈ ਜਦੋਂ ਕਿ ਰੋਪੜ ਥਰਮਲ ਅਤੇ ਗੋਇੰਦਵਾਲ ਥਰਮਲ ਵਿਚ 27-27 ਦਿਨ ਦਾ ਕੋਲਾ ਭੰਡਾਰ ਪਿਆ ਹੈ।

# ਪੰਜਾਬ ਵਿਚ ਬਿਜਲੀ ਸਬਸਿਡੀ ਨੇ ਸਰਕਾਰੀ ਖਜ਼ਾਨੇ ਦਾ ਧੂੰਆਂ ਕੱਢਿਆ


**ਪਟਿਆਲਾ:** ਪੰਜਾਬ ਸਰਕਾਰ ਘਰੇਲੂ ਬਿਜਲੀ ਦੀ ਸਬਸਿਡੀ ਦਾ ਰੋਜ਼ਾਨਾ ਔਸਤਨ 20 ਕਰੋੜ ਰੁਪਏ ਦਾ ਬੋਝ ਝੱਲ ਰਹੀ ਹੈ। ਪ੍ਰਤੀ ਘਰੇਲੂ ਕੁਨੈਕਸ਼ਨ ਦੀ ਗੱਲ ਕਰੀਏ ਤਾਂ ਸਰਕਾਰੀ ਖ਼ਜ਼ਾਨੇ ਵਿਚੋਂ ਹਰ ਘਰ ਨੂੰ ਸਾਲਾਨਾ 9500 ਰੁਪਏ ਦੀ ਬਿਜਲੀ ਸਬਸਿਡੀ ਦਿੱਤੀ ਜਾ ਰਹੀ ਹੈ।

ਵਿੱਤੀ ਵਰ੍ਹਾ 2023-24 ਦੌਰਾਨ ਘਰੇਲੂ ਬਿਜਲੀ ਸਬਸਿਡੀ ਦੇ ਬਣੇ ਬਿੱਲ ਤੋਂ ਗੱਲ ਨਿੱਤਰੀ ਹੈ ਕਿ ਸਰਕਾਰੀ ਖ਼ਜ਼ਾਨੇ 'ਤੇ ਪੂਰੇ ਵਿੱਤੀ ਵਰ੍ਹੇ ਦਾ 7376.77 ਕਰੋੜ ਰੁਪਏ ਭਾਰ ਪਵੇਗਾ। ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਾਲ 1997 ਵਿਚ ਖੇਤੀ ਸੈਕਟਰ ਨੂੰ ਮੁਫ਼ਤ ਬਿਜਲੀ ਦੇਣ ਦਾ ਮੁੱਢ ਬੰਨ੍ਹਿਆ ਸੀ ਜਦੋਂਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਘਰਾਂ ਨੂੰ ਮੁਫ਼ਤ ਯੂਨਿਟਾਂ ਦੇਣ ਦੀ ਸ਼ੁਰੂਆਤ ਕੀਤੀ ਹੈ। ਚੰਨੀ ਸਰਕਾਰ ਨੇ ਘਰੇਲੂ ਬਿਜਲੀ 'ਤੇ ਸੱਤ ਕਿੱਲੋਵਾਟ ਤੱਕ ਦੇ ਕੁਨੈਕਸ਼ਨਾਂ ਲਈ ਢਾਈ ਰੁਪਏ ਪ੍ਰਤੀ ਯੂਨਿਟ ਬਿਜਲੀ ਸਬਸਿਡੀ ਦਿੱਤੀ ਸੀ ਜਦੋਂਕਿ ਪਿਛਲੀਆਂ ਹਕੂਮਤਾਂ ਵੱਲੋਂ ਸਿਰਫ਼ ਦਲਿਤ ਵਰਗ ਨੂੰ ਯੂਨਿਟਾਂ ਦੀ ਮੁਆਫ਼ੀ ਦਿੱਤੀ ਜਾਂਦੀ ਸੀ।



ਹੁਣ ਪੰਜਾਬ ਸਰਕਾਰ ਨੂੰ ਦੋ ਤਰ੍ਹਾਂ ਦਾ ਭਾਰ ਉਠਾਉਣਾ ਪੈ ਰਿਹਾ ਹੈ, ਇਕ ਤਾਂ ਜ਼ੀਰੋ ਬਿੱਲਾਂ ਦਾ, ਦੂਜਾ ਪ੍ਰਤੀ ਯੂਨਿਟ ਢਾਈ ਰੁਪਏ ਸਬਸਿਡੀ ਦਾ। ਸਰਕਾਰ ਰੋਜ਼ਾਨਾ ਔਸਤਨ 20.21 ਕਰੋੜ ਰੁਪਏ ਘਰੇਲੂ ਬਿਜਲੀ ਦੀ ਸਬਸਿਡੀ ਦੇ ਬਿੱਲ ਤਾਰ ਰਹੀ ਹੈ। ਸਮੁੱਚੀ ਬਿਜਲੀ ਸਬਸਿਡੀ ਦਾ ਬਿੱਲ ਸਾਲਾਨਾ 22 ਹਜ਼ਾਰ ਕਰੋੜ ਦੇ ਕਰੀਬ ਬਣਦਾ ਹੈ। ਪੰਜਾਬ ਵਿੱਚ ਇਸ ਵੇਲੇ ਘਰੇਲੂ ਬਿਜਲੀ ਦੇ ਕੁੱਲ 78 ਲੱਖ ਕੁਨੈਕਸ਼ਨ ਹਨ ਅਤੇ ਹਰ ਕੁਨੈਕਸ਼ਨ ਨੂੰ ਔਸਤਨ ਸਾਲਾਨਾ 9500 ਰੁਪਏ ਦੀ ਬਿਜਲੀ ਸਬਸਿਡੀ ਮਿਲਦੀ ਹੈ। ਸੂਬੇ ਵਿਚ ਸਿਰਫ਼ 3.05 ਫ਼ੀਸਦੀ ਘਰੇਲੂ ਖਪਤਕਾਰ ਹੀ ਅਜਿਹੇ ਹਨ ਜਿਨ੍ਹਾਂ ਨੂੰ ਕੋਈ ਸਬਸਿਡੀ ਨਹੀਂ ਮਿਲਦੀ ਅਤੇ ਬਿਜਲੀ ਬਿੱਲ ਤਾਰਦੇ ਹਨ। ਬਾਕੀ 96.95 ਫ਼ੀਸਦੀ ਘਰੇਲੂ ਖਪਤਕਾਰ ਕਿਸੇ ਨਾ ਕਿਸੇ ਰੂਪ ਵਿਚ ਬਿਜਲੀ ਸਬਸਿਡੀ ਲੈ ਰਹੇ ਹਨ। ਬਿਜਲੀ ਮੁਆਫ਼ੀ ਨੂੰ ਲੈ ਕੇ ਲਿਤਾੜੇ ਲੋਕਾਂ 'ਚ ਸ਼ਲਾਘਾ ਵੀ ਹੁੰਦੀ ਹੈ ਅਤੇ ਕਿਤੇ ਇਸ ਤਰ੍ਹਾਂ ਦੀ ਮੁਫ਼ਤਖ਼ੋਰੀ ਨੂੰ ਸੂਬੇ ਦੇ ਅਰਥਚਾਰੇ ਲਈ ਘਾਤਕ ਵੀ ਦੱਸਿਆ ਜਾ ਰਿਹਾ ਹੈ। ਅੱਗੇ ਦੇਖੀਏ ਤਾਂ ਅਪਰੈਲ 2023 ਵਿੱਚ ਤਾਂ ਸਿਰਫ਼ 2.21 ਫ਼ੀਸਦੀ ਘਰੇਲੂ ਖਪਤਕਾਰ ਹੀ ਬਿਜਲੀ ਸਬਸਿਡੀ ਤੋਂ ਵਾਂਝੇ ਰਹੇ ਹਨ ਜਦੋਂਕਿ 97.79 ਫ਼ੀਸਦੀ ਨੂੰ ਸਬਸਿਡੀ ਦਾ ਲਾਭ ਮਿਲਿਆ ਹੈ। ਦੂਜੇ ਪਾਸੇ ਜ਼ੀਰੋ ਬਿੱਲ ਦੇ ਤੱਥ ਵੇਖੀਏ ਤਾਂ ਅਪਰੈਲ 2024 ਵਿੱਚ ਸਭ ਤੋਂ ਵੱਧ ਜ਼ੀਰੋ ਬਿੱਲ ਆਏ ਹਨ ਅਤੇ 90.17 ਫ਼ੀਸਦੀ ਘਰੇਲੂ ਖਪਤਕਾਰਾਂ ਨੂੰ ਇਸ ਦਾ ਲਾਭ ਹੋਇਆ ਹੈ। ਵਿੱਤੀ ਸਾਲ 2023-24 ਦੌਰਾਨ ਅਗਸਤ ਵਿਚ ਸਭ ਤੋਂ ਵੱਡਾ ਸਬਸਿਡੀ ਬਿੱਲ ਬਣਿਆ ਜੋ ਕਿ 800.68 ਕਰੋੜ ਰੁਪਏ ਦਾ ਸੀ।

# 'ਪੰਜਾਬ ਟਾਈਮਜ਼' ਦੀ 25ਵੀਂ ਵਰ੍ਹੇਗੰਢ ਦੀਆਂ ਵਧਾਈਆਂ!



ਪ੍ਰੇਮ ਮਾਨ

ਸ. ਅਮੋਲਕ ਸਿੰਘ ਜੰਮੂ ਨੇ ਆਪਣੇ ਸਹਿਯੋਗੀਆਂ ਨਾਲ ਰਲ ਕੇ 'ਪੰਜਾਬ ਟਾਈਮਜ਼' ਦਾ ਬੂਟਾ ਅੱਜ ਤੋਂ ਪੱਚੀ ਸਾਲ ਪਹਿਲਾਂ ਅਮਰੀਕਾ ਦੀ ਧਰਤੀ 'ਤੇ ਲਾਇਆ, ਜਿਸ ਨੇ ਬੜੇ ਥੋੜੇ ਸਮੇਂ ਵਿਚ ਹੀ ਆਪਣੀ ਵੱਖਰੀ ਪਛਾਣ ਬਣਾ ਲਈ। ਵੱਖਰੀ ਪਛਾਣ ਬਣਾਉਣ ਲਈ ਸੰਪਾਦਕ ਦਾ ਹਰ ਪੱਖੋਂ ਗਿਆਨਵਾਨ ਹੋਣ ਦੇ ਨਾਲ ਨਿਰਪੱਖ ਹੋਣਾ ਵੀ ਮਹੱਤਵਪੂਰਨ ਮੰਨਿਆ ਜਾਂਦਾ ਹੈ। ਭਾਵੇਂ ਬਹੁਤ ਸਾਰੇ ਆਲੋਚਕਾਂ ਦਾ ਮੰਨਣਾ ਹੈ ਕਿ ਅਖ਼ਬਾਰਾਂ ਕਦੇ ਵੀ ਨਿਰਪੱਖ ਨਹੀਂ ਹੁੰਦੀਆਂ। ਹਮੇਸ਼ਾ ਹੀ ਕਿਸੇ ਨਾ ਕਿਸੇ ਵਿਚਾਰਧਾਰਾ, ਕਿਸੇ ਖ਼ਾਸ ਗਰੁਪ, ਜਾਂ ਰਾਜਸੀ ਪਾਰਟੀਆਂ ਦਾ ਪੱਖ ਪੂਰਦੀਆਂ ਹਨ। ਪਰ ਇਹ ਗੱਲ 'ਪੰਜਾਬ ਟਾਈਮਜ਼' 'ਤੇ ਲਾਗੂ ਨਹੀਂ ਹੁੰਦੀ। ਇਸ ਦੀ ਆਪਣੀ ਵੱਖਰੀ ਆਜ਼ਾਦ ਸੋਚ ਹੈ। ਦੂਜੀ ਗੱਲ ਇਹ ਕਿ ਇਸ ਵਿਚ ਵੰਨ-ਸਵੰਨਤਾ ਦੀ ਸਮੱਗਰੀ ਕਰਕੇ ਪਾਠਕਾਂ ਵਿਚ ਹਰਮਨ-ਪਿਆਰਾ ਹੈ। ਦੇਸ਼-ਵਿਦੇਸ਼ ਵਿਚ ਬੈਠੇ ਪਾਠਕ ਬੜੀ ਬੇਸਬਰੀ ਨਾਲ ਹਰ ਅੰਕ ਦੀ ਉਡੀਕ ਕਰਦੇ ਹਨ। ਖ਼ਾਸ ਕਰਕੇ ਅਮਰੀਕਾ ਵਿਚਲੇ ਆਪਣੇ ਭਾਈਚਾਰੇ ਦੇ ਬਿਜ਼ਨਸਮੈਨ, ਆਪਣੇ ਬਿਜ਼ਨਸ ਦੀ ਮਸ਼ਹੂਰੀ ਲਈ 'ਪੰਜਾਬ ਟਾਈਮਜ਼' ਹੀ ਉਨ੍ਹਾਂ ਦੀ ਪਹਿਲੀ ਪੰਸਦ ਹੈ। ਕਿਸੇ ਨੇ ਸੱਚ ਹੀ ਕਿਹਾ ਹੈ ਕਿ 'ਕੁਝ ਅਖ਼ਬਾਰਾਂ ਵਿਕ ਕੇ ਛਪਦੀਆਂ ਹਨ ਪਰ ਕੁਝ ਛਪ ਕੇ ਵਿਕਦੀਆਂ ਹਨ'। ਸੋ 'ਪੰਜਾਬ ਟਾਈਮਜ਼' ਛਪ ਕੇ ਵਿਕਦਾ ਹੈ ਤੇ ਪੜ੍ਹਿਆ ਵੀ ਜਾਂਦਾ ਹੈ। ਅੱਜ ਇਸ ਸ਼ੁਭ ਵਰ੍ਹੇਗਢ 'ਤੇ ਅਖ਼ਬਾਰ ਦੇ ਸੰਪਾਦਕ ਜਿਨ੍ਹਾਂ ਦੀ ਸੁਯੋਗ ਅਗਵਾਈ ਅਤੇ ਸਮੂਹ ਸਹਿਯੋਗੀ ਸਟਾਫ ਨੂੰ ਅਸੀਂ ਵਧਾਈ ਦਿੰਦੇ ਹਾਂ। ਕਾਮਨਾ ਹੈ ਕਿ ਇਹ ਅਖ਼ਬਾਰ ਇਸੇ ਤਰ੍ਹਾਂ ਪੰਜਾਬੀ ਅਤੇ ਪੰਜਾਬੀਅਤ ਦੀ ਸੇਵਾ ਕਰਦਾ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰਦਾ ਰਹੇ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਰੁਲਦਾ ਸਿੰਘ ਕਤਲ ਕੇਸ ’ਚ ਜਗਤਾਰ ਸਿੰਘ ਤਾਰਾ ਦੇ ਬਿਆਨਾਂ ਦੀ ਪ੍ਰਕਿਰਿਆ ਸ਼ੁਰੂ

**ਪਟਿਆਲਾ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਮਾਮਲੇ ਵਿਚ ਬੁੜੈਲ ਜੇਲ੍ਹ ਚੰਡੀਗੜ੍ਹ ਵਿਚ ਬੰਦ ਜਗਤਾਰ ਸਿੰਘ ਤਾਰਾ ਨੂੰ ‘ਰਾਸ਼ਟਰੀ ਸਿੱਖ ਸੰਗਤ’ ਪੰਜਾਬ ਦੇ ਪ੍ਰਧਾਨ ਰਹੇ ਰੁਲਦਾ ਸਿੰਘ ਖਰੌੜ ਦੇ ਕਤਲ ਮਾਮਲੇ ਵਿਚ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠਾਂ ਚੰਡੀਗੜ੍ਹ ਪੁਲਿਸ ਪਟਿਆਲਾ ਲੈ ਕੇ ਆਈ। ਇਸ ਦੌਰਾਨ ਜ਼ਿਲ੍ਹਾ ਕਚਹਿਰੀਆਂ ਪੁਲਿਸ ਛਾਉਣੀ ਬਣੀਆਂ ਰਹੀਆਂ। ਸਥਾਨਕ ਅਦਾਲਤ ਵਿਚ ਤਾਰਾ ਦੇ ਬਿਆਨ ਦਰਜ ਕਰਨ ਦੀ ਕਾਰਵਾਈ ਸ਼ੁਰੂ ਹੋ ਗਈ। ਤਾਰਾ ਦੇ ਵਕੀਲ ਬਰਜਿੰਦਰ ਸੋਢੀ ਦਾ ਕਹਿਣਾ ਹੈ ਕਿ ਇਸ ਮਾਮਲੇ ’ਚ ਅਦਾਲਤ ਨੇ ਅਗਲੀ ਸੁਣਵਾਈ 6 ਜੂਨ ’ਤੇ ਪਾਈ ਹੈ। ਇਸ ਮੌਕੇ ਤਾਰਾ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਉਸ ਦੇ ਬਿਆਨਾਂ ਸਬੰਧੀ ਅਗਲੀਆਂ ਪੇਸ਼ੀਆਂ ’ਤੇ ਵੀ ਉਸ ਨੂੰ ਵੀਡੀਓ ਕਾਨਫ਼ਰੰਸਿੰਗ ਦੀ ਥਾਂ ਨਿੱਜੀ ਤੌਰ ’ਤੇ ਪੇਸ਼ ਕਰਨਾ ਯਕੀਨੀ ਬਣਾਇਆ ਜਾਵੇ। ਬਸੀ ਪਠਾਣਾਂ ਦੇ ਵਸਨੀਕ ਰਮਨਦੀਪ ਗੋਲਡੀ ਨੇ ਵੀ ਇਹ ਪੇਸ਼ੀ ਭੁਗਤੀ।

ਜ਼ਿਕਰਯੋਗ ਹੈ ਕਿ ਰੁਲਦਾ ਸਿੰਘ ਦੀ 28-29 ਜੁਲਾਈ 2009 ਦੀ ਰਾਤ ਨੂੰ ਸਥਾਨਕ ਅਨਾਜ ਮੰਡੀ ‘ਚ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਸ ਸਬੰਧੀ ਥਾਣਾ ਤ੍ਰਿਪੜੀ ਵਿਚ ਕੇਸ ਦਰਜ ਕੀਤਾ ਗਿਆ ਸੀ। ਮਗਰੋਂ ਕੀਤੀ ਗਈ ਤਫ਼ਤੀਸ਼ ਦੌਰਾਨ ਇਹ ਕਤਲ ਵਿਦੇਸ਼ੋਂ ਆਏ ਗਰਮਖਿਆਲੀ ਨੌਜਵਾਨਾਂ ਵੱਲੋਂ ਕੀਤਾ ਪਾਇਆ ਗਿਆ। ਇਨ੍ਹਾਂ ਦੇ ਹਮਾਇਤੀਆਂ ਵਜੋਂ ਗ੍ਰਿਫ਼ਤਾਰ ਕੀਤੇ ਗਏ ਪੰਜ ਜਣੇ ਪੁਲਿਸ ਨੇ ਡਿਸਚਾਰਜ ਕਰ ਦਿੱਤੇ ਸਨ। ਫਿਰ ਪੰਜ ਹੋਰ ਨੌਜਵਾਨ ਗ੍ਰਿਫ਼ਤਾਰ ਕੀਤੇ ਗਏ। ਇਸ ਕੇਸ ‘ਚ ਇੰਗਲੈਂਡ ਰਹਿੰਦੇ ਮੁਹਾਲੀ ਵਾਸੀ ਪਰਮਜੀਤ ਪੰਮਾ ਦਾ ਨਾਮ ਵੀ ਬੋਲਦਾ ਹੈ, ਇਸ ਕਰਕੇ ਇੰਗਲੈਂਡ ਤੋਂ ਆਈ ਅੱਠ ਮੈਂਬਰੀ ਪੁਲਿਸ ਪਾਰਟੀ ਨੇ ਸਬੰਧਤ ਮੁਲਜ਼ਮਾਂ ਤੋਂ ਜੇਲ੍ਹ ‘ਚ ਜਾ ਕੇ ਪੁੱਛਗਿਛ ਵੀ ਕੀਤੀ ਸੀ। ਇਸ ਮਗਰੋਂ ਇੰਗਲੈਂਡ ਪੁਲਿਸ ਨੇ ਪੰਮਾ ਨੂੰ ਕਲੀਨ ਚਿੱਟ ਦੇ ਦਿੱਤੀ ਸੀ। ਫਿਰ ਕੇਸ ਟਰਾਇਲ ਦੌਰਾਨ ਐਡਵੋਕੇਟ ਬਰਜਿੰਦਰ ਸੋਢੀ ਤੇ ਹੋਰ ਵਕੀਲਾਂ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਅਦਾਲਤ ਨੇ ਇਨ੍ਹਾਂ ਪੰਜਾਂ ਨੂੰ ਵੀ ਬਰੀ ਕਰ ਦਿੱਤਾ ਸੀ। ਇਨ੍ਹਾਂ ਵਿਚ ਜਸਵਿੰਦਰ ਰਾਜਪੁਰਾ ਵੀ ਸ਼ਾਮਲ ਰਿਹਾ। ਇਸੇ ਕੇਸ ‘ਚ 2004 ਵਿਚ ਬੁੜੈਲ ਜੇਲ੍ਹ ਤੋੜ ਕੇ ਭੱਜਿਆ ਜਗਤਾਰ ਸਿੰਘ ਤਾਰਾ ਭਾਵੇਂ ਕਿ ਪਾਕਿਸਤਾਨ ਚਲਾ ਗਿਆ ਸੀ। ਰਮਨਦੀਪ ਗੋਲਡੀ ਵੀ ਪਾਕਿਸਤਾਨ ਰਹਿੰਦਾ ਰਿਹਾ ਹੈ। ਇਨ੍ਹਾਂ ਦੋਹਾਂ ਨੂੰ ਵੀ ਇਸ ਕੇਸ ‘ਚ ਸ਼ਾਜਿਸ਼ਘਾੜਿਆਂ ਵਜੋਂ ਸ਼ਾਮਲ ਕੀਤਾ ਹੋਇਆ ਹੈ।

## ਖ਼ਾਲਿਸਤਾਨ ਪੱਖੀ ਨਾਅਰੇ ਲਿਖਣ ਦੇ ਦੋਸ਼ ਹੇਠ 3 ਗ੍ਰਿਫ਼ਤਾਰ

**ਚੰਡੀਗੜ੍ਹ:** ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਹੈ ਕਿ ਕਾਊਂਟਰ-ਇੰਟੈਲੀਜੈਂਸ ਬਠਿੰਡਾ ਅਤੇ ਬਠਿੰਡਾ ਪੁਲਿਸ ਨੇ ਸਿੱਖਸ ਫ਼ਾਰ ਜਸਟਿਸ ਦੇ ਨਿਊ ਯਾਰਕ ਸਥਿਤ ਮਾਸਟਰਮਾਈਂਡ ਗੁਰਪਤਵੰਤ ਪੰਨੂ ਦੇ 3 ਸਮਰਥਕਾਂ ਨੂੰ ਪੰਜਾਬ ਦੇ ਬਠਿੰਡਾ ਤੇ ਦਿੱਲੀ ਦੀਆਂ ਵੱਖ-ਵੱਖ ਜਨਤਕ ਥਾਵਾਂ ‘ਤੇ ਖ਼ਾਲਿਸਤਾਨ ਪੱਖੀ ਨਾਅਰੇ ਲਿਖਣ ‘ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 27 ਅਪਰੈਲ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅਤੇ ਕੋਰਟ ਕੰਪਲੈਕਸ ਬਠਿੰਡਾ ਦੀਆਂ ਕੰਧਾਂ ‘ਤੇ ਖ਼ਾਲਿਸਤਾਨ ਪੱਖੀ ਨਾਅਰੇ ਲਿਖੇ ਗਏ ਸਨ ਅਤੇ 9 ਮਈ ਨੂੰ ਝੰਡੇਵਾਲ ਮੈਟਰੋ ਸਟੇਸ਼ਨ ਅਤੇ ਕਰੋਲ ਬਾਗ ਮੈਟਰੋ ਸਟੇਸ਼ਨ ‘ਤੇ ਖਾਲਿਸਤਾਨ ਪੱਖੀ ਨਾਅਰੇ ਲਿਖੇ ਗਏ ਸਨ।

## ਕਤਲੇਆਮ 84: ਸੱਜਣ ਕੁਮਾਰ ਖ਼ਿਲਾਫ਼ ਸੁਣਵਾਈ ਕਰੇਗੀ ਹਾਈ ਕੋਰਟ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਕਤਲੇਆਮ 1984 ਦੌਰਾਨ ਇਕ ਵਿਅਕਤੀ ਦੀ ਹੱਤਿਆ ਨਾਲ ਸਬੰਧਿਤ ਮਾਮਲੇ ਵਿੱਚ ਸਾਬਕਾ ਕਾਂਗਰਸ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਬਰੀ ਕਰਨ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ‘ਤੇ 22 ਜੁਲਾਈ ਨੂੰ ਸੁਣਵਾਈ ਕਰੇਗੀ।

ਜਸਟਿਸ ਸੁਰੇਸ਼ ਕੁਮਾਰ ਕੈਤ ਅਤੇ ਜਸਟਿਸ ਮਨੋਜ ਜੈਨ ਦੇ ਬੈਂਚ ਨੇ ਸੀ.ਬੀ.ਆਈ. ਅਤੇ ਗਵਾਹਾਂ ਵਿਚੋਂ ਇਕ ਸ਼ੀਲਾ ਕੌਰ ਦੀਆਂ ਪਟੀਸ਼ਨਾਂ ‘ਤੇ ਸੁਣਵਾਈ ਕਰਦਿਆਂ ਕਿਹਾ ਕਿ ਪਹਿਲਾਂ ਦੇ ਹੁਕਮ ਦੇ ਬਾਵਜੂਦ ਹੇਠਲੀ ਅਦਾਲਤ ਦੇ ਰਿਕਾਰਡ ਦੀ ਅਜੇ ਤੱਕ ਮੰਗ ਨਹੀਂ ਕੀਤੀ ਗਈ ਹੈ। ਬੈਂਚ ਨੇ ਰਜਿਸਟਰੀ ਨੂੰ ਨਿਰਦੇਸ਼ ਦਾ ਪਾਲਣ ਕਰਨ ਲਈ ਕਿਹਾ। ਵਿਸ਼ੇਸ਼ ਜੱਜ ਗੀਤਾਂਜਲੀ ਗੋਇਲ ਨੇ 20 ਸਤੰਬਰ, 2023 ਨੂੰ ਸੱਜਣ ਕੁਮਾਰ ਨੂੰ ‘ਸ਼ੱਕ ਦਾ ਲਾਭ‘ ਦੇ ਕੇ ਮਾਮਲੇ ‘ਚ ਬਰੀ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਇਸਤਗਾਸਾ ਪੱਖ ਦੋਸ਼ੀ ਵਿਅਕਤੀਆਂ ਖ਼ਿਲਾਫ਼ ‘ਵਾਜਬ ਸ਼ੱਕ ਤੋਂ ਪਰੇ ਦੋਸ਼ਾਂ ਨੂੰ ਸਾਬਤ ਕਰਨ ਵਿਚ ਅਸਫਲ ਰਿਹਾ।‘ ਹੇਠਲੀ ਅਦਾਲਤ ਨੇ ਦੋ ਹੋਰ ਮੁਲਜ਼ਮਾਂ ਵੇਦ ਪ੍ਰਕਾਸ਼ ਪਾਇਲ ਅਤੇ ਬ੍ਰਹਮਾਨੰਦ ਗੁਪਤਾ ਨੂੰ ਵੀ ਇਹ ਕਹਿੰਦਿਆਂ ਬਰੀ ਕਰ ਦਿੱਤਾ ਸੀ ਕਿ ਇਸਤਗਾਸਾ ਪੱਖ ਉਨ੍ਹਾਂ ਖ਼ਿਲਾਫ਼ ਕਤਲ ਅਤੇ ਦੰਗਿਆਂ ਦਾ ਕੇਸ ਸਾਬਤ ਕਰਨ ਵਿੱਚ ਅਸਫਲ ਰਿਹਾ।

## ਬੀਬੀ ਜਗੀਰ ਕੌਰ ਦੇ ਮਾਮਲੇ ’ਤੇ ਘਿਰੇ ਚੰਨੀ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਤੇ ਸਾਬਕਾ ਕੈਬਨਿਟ ਮੰਤਰੀ ਬੀਬੀ ਜਗੀਰ ਕੌਰ ਦੀ ਠੋਡੀ ‘ਤੇ ਜਨਤਕ ਤੌਰ ਉਤੇ ਹੱਥ ਲਗਾਉਣ ਦੀ ਵੀਡੀਓ ਸੋਸ਼ਲ ਮੀਡੀਆ ‘ਤੇ ਵਾਇਰਲ ਹੋਣ ਮਗਰੋਂ ਲੋਕ ਸਭਾ ਹਲਕਾ ਜਲੰਧਰ ਤੋਂ ਕਾਂਗਰਸ ਦੇ ਉਮੀਦਵਾਰ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਇਸ ਮਾਮਲੇ ‘ਚ ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਨੋਟਿਸ ਲੈਂਦਿਆਂ ਡੀ.ਜੀ.ਪੀ. ਪੰਜਾਬ ਤੋਂ ਰਿਪੋਰਟ ਮੰਗ ਲਈ। ਮਹਿਲਾ ਕਮਿਸ਼ਨ ਨੇ ਪੰਜਾਬ ਦੇ ਡੀ.ਜੀ.ਪੀ. ਦੇ ਨਾਮ ਪੱਤਰ ਲਿਖਦੇ ਹੋਏ ਕਿਹਾ ਕਿ ਸੋਸ਼ਲ ਮੀਡੀਆ ‘ਤੇ ਵੀਡੀਓ ਵਾਇਰਲ ਹੋ ਰਹੀ ਹੈ, ਜਿਸ ਵਿਚ ਚਰਨਜੀਤ ਸਿੰਘ ਚੰਨੀ ਦੀ ਕਾਰਵਾਈ ਮੁਆਫ਼ੀਯੋਗ ਨਹੀਂ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਬੀਬੀ ਜਗੀਰ ਕੌਰ ਤੇ ਚਰਨਜੀਤ ਸਿੰਘ ਚੰਨੀ ਜਲੰਧਰ ਵਿਚ ਇਕ ਥਾਂ ‘ਤੇ ਇਕੱਠੇ ਹੋਏ ਸਨ। ਇਸ ਦੌਰਾਨ ਦੋਵਾਂ ਵਿਚ ਮਜ਼ਾਕ ਹੁੰਦਾ ਹੈ ਅਤੇ ਸ੍ਰੀ ਚੰਨੀ ਹੱਸਦੇ-ਹੱਸਦੇ ਬੀਬੀ ਜਗੀਰ ਕੌਰ ਦੀ ਠੋਡੀ ‘ਤੇ ਹੱਥ ਲਗਾਉਂਦੇ ਹਨ। ਹਾਲਾਂਕਿ, ਸ੍ਰੀ ਚੰਨੀ ਨੇ ਸਫਾਈ ਦਿੰਦਿਆਂ ਕਿਹਾ ਕਿ ਉਹ ਬੀਬੀ ਜਗੀਰ ਕੌਰ ਨੂੰ ਵੱਡੀ ਭੈਣ ਮੰਨਦੇ ਹਨ। ਉਨ੍ਹਾਂ ਦਾ ਇਹ ਭਾਵ ਸਨੇਹ ਤੇ ਸਨਮਾਨ ਵਿਚ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਪਹਿਲਾਂ ਬੀਬੀ ਜਗੀਰ ਕੌਰ ਨੂੰ ਸਤਿਕਾਰ ਦਿੱਤਾ ਅਤੇ ਉਸ ਮਗਰੋਂ ਮਜ਼ਾਕ ਕੀਤਾ।

ਉਧਰ, ਬੀਬੀ ਜਗੀਰ ਕੌਰ ਨੇ ਦੱਸਿਆ ਕਿ ਚੰਨੀ ਨੇ ਉਨ੍ਹਾਂ ਨੂੰ ਝੁਕ ਕੇ ਸਤਿਕਾਰ ਵਜੋਂ ਫ਼ਤਹਿ ਬੁਲਾਈ। ਇਸੇ ਖੁਸ਼ਗਵਾਰ ਤੇ ਸਤਿਕਾਰ ਵਾਲੇ ਮਾਹੌਲ ਵਿੱਚ ਹੀ ਚੰਨੀ ਨੇ ਉਨ੍ਹਾਂ ਦੀ ਠੋਡੀ ਨੂੰ ਹੱਥ ਲਾਇਆ ਸੀ। ਇਸ ਸਾਰੇ ਘਟਨਾਕ੍ਰਮ ਨੂੰ ਉਹ ਸਤਿਕਾਰ ਵਾਲੀ ਸਮੁੱਚਤਾ ਵਿੱਚ ਹੀ ਦੇਖਦੇ ਹਨ।

## ਹਵਾਈ ਯਾਤਰਾ ਦੌਰਾਨ ਲੋਕਾਂ ਦੇ ਗਹਿਣੇ ਚੋਰੀ ਕਰਨ ਵਾਲਾ ਗ੍ਰਿਫ਼ਤਾਰ

**ਨਵੀਂ ਦਿੱਲੀ:** ਦੇਸ਼ ਦੇ ਕਈ ਰਾਜਾਂ ਨੂੰ ਜਾਣ ਵਾਲੀਆਂ ਉਡਾਣਾਂ ਵਿਚ ਯਾਤਰੀਆਂ ਦੇ ਹੈਂਡਬੈਗ ਵਿਚੋਂ ਗਹਿਣੇ ਅਤੇ ਹੋਰ ਕੀਮਤੀ ਸਾਮਾਨ ਚੋਰੀ ਕਰਨ ਦੇ ਦੋਸ਼ ਵਿਚ 40 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮ ਦੀ ਪਛਾਣ ਰਾਜੇਸ਼ ਕਪੂਰ ਵਜੋਂ ਹੋਈ ਹੈ। ਉਸ ਨੇ ਅਪਰਾਧ ਨੂੰ ਅੰਜਾਮ ਦੇਣ ਲਈ ਲਗਭਗ 110 ਦਿਨਾਂ ਦੇ ਅੰਦਰ ਘੱਟੋ-ਘੱਟ 200 ਹਵਾਈ ਯਾਤਰਾਵਾਂ ਕੀਤੀਆਂ। ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ‘ਤੇ ਪੁਲਿਸ ਨੇ ਦੱਸਿਆ ਕਿ ਕਪੂਰ ਨੂੰ ਪਹਾੜਗੰਜ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਮੁਲਜ਼ਮ 46 ਸਾਲਾ ਸ਼ਰਦ ਜੈਨ ਨੂੰ ਗਹਿਣੇ ਵੇਚਣਾ ਚਾਹੁੰਦਾ ਸੀ। ਪੁਲਿਸ ਨੇ ਜੈਨ ਨੂੰ ਕਾਬੂ ਕਰ ਲਿਆ।

## ਸੀ.ਬੀ.ਐਸ.ਈ: 10ਵੀਂ ਤੇ 12ਵੀਂ ਵਿਚ ਕੁੜੀਆਂ ਨੇ ਬਾਜ਼ੀ ਮਾਰੀ

**ਨਵੀਂ ਦਿੱਲੀ:** ਸੀ.ਬੀ.ਐਸ.ਈ. ਨੇ 10ਵੀਂ ਤੇ 12ਵੀਂ ਜਮਾਤਾਂ ਦੀਆਂ ਪ੍ਰੀਖਿਆਵਾਂ ਦਾ ਨਤੀਜਾ ਐਲਾਨ ਦਿੱਤਾ ਹੈ ਅਤੇ ਨਤੀਜਿਆਂ ‘ਚ ਕੁੜੀਆਂ ਨੇ ਮੁੜ ਆਪਣੀ ਸਰਦਾਰੀ ਕਾਇਮ ਰੱਖੀ ਹੈ। ਨਤੀਜਿਆਂ ਵਿਚ ਪਾਸ ਪ੍ਰਤੀਸ਼ਤਤਾ ਅਤੇ 90 ਤੇ 95 ਫ਼ੀਸਦੀ ਤੋਂ ਵੱਧ ਅੰਕ ਹਾਸਲ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ‘ਚ ਪਿਛਲੇ ਸਾਲ ਮੁਕਾਬਲੇ ਮਾਮੂਲੀ ਵਾਧਾ ਦਰਜ ਕੀਤਾ ਗਿਆ ਹੈ। ਸੀ.ਬੀ.ਐਸ.ਈ. ਤੋਂ ਮਿਲੀ ਜਾਣਕਾਰੀ ਅਨੁਸਾਰ 10ਵੀਂ ਦੀ ਪਾਸ ਪ੍ਰਤੀਸ਼ਤਤਾ ਪਿਛਲੇ ਸਾਲ ਨਾਲੋਂ 0.48 ਵਧ ਕੇ 93.60 ਫ਼ੀਸਦ ਜਦਕਿ 12ਵੀਂ ਦੀ ਪਾਸ ਪ੍ਰਤੀਸ਼ਤਤਾ ਪਿਛਲੇ ਸਾਲ ਨਾਲੋਂ 0.65 ਵਧ ਕੇ 87.98 ਫ਼ੀਸਦ ਰਹੀ। ਅਧਿਕਾਰੀਆਂ ਨੇ ਦੱਸਿਆ ਕਿ 10ਵੀਂ ਦੇ ਨਤੀਜਿਆਂ ‘ਚ 94.75 ਫ਼ੀਸਦ ਵਿਦਿਆਰਥਣਾਂ ਪਾਸ ਹੋਈਆਂ ਅਤੇ ਲੜਕਿਆਂ ਮੁਕਾਬਲੇ 2.04 ਫ਼ੀਸਦ ਵੱਧ ਲੜਕੀਆਂ ਪਾਸ ਹੋਈਆਂ ਹਨ। ਉਥੇ ਹੀ 12ਵੀਂ ਦੇ ਨਤੀਜਿਆਂ ‘ਚ ਲੜਕੀਆਂ ਦੀ ਪਾਸ ਪ੍ਰਤੀਸ਼ਤਤਾ ਲੜਕਿਆਂ ਮੁਕਾਬਲੇ 6.40 ਵਧ ਹੈ।

## ਸਲਮਾਨ ਖ਼ਾਨ ਦੇ ਘਰ ’ਤੇ ਗੋਲੀਬਾਰੀ ਮਾਮਲੇ ’ਚ ਇਕ ਹੋਰ ਕਾਬੂ

**ਮੁੰਬਈ:** ਮੁੰਬਈ ਪੁਲਿਸ ਨੇ ਪਿਛਲੇ ਮਹੀਨੇ ਅਭਿਨੇਤਾ ਸਲਮਾਨ ਖਾਨ ਦੇ ਘਰ ਦੇ ਬਾਹਰ ਗੋਲੀਬਾਰੀ ਦੇ ਮਾਮਲੇ ਵਿਚ ਲਾਰੈਂਸ ਬਿਸ਼ਨੋਈ ਗੈਂਗ ਦੇ ਇਕ ਹੋਰ ਮੈਂਬਰ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ 34 ਸਾਲਾ ਹਰਪਾਲ ਸਿੰਘ ਵਜੋਂ ਹੋਈ ਹੈ। ਉਹ ਹਰਿਆਣਾ ਦੇ ਫਤਿਹਾਬਾਦ ਦਾ ਰਹਿਣ ਵਾਲਾ ਹੈ। ਮੁੰਬਈ ਕ੍ਰਾਈਮ ਬ੍ਰਾਂਚ ਦੀ ਟੀਮ ਨੇ ਉਸ ਨੂੰ ਜੱਦੀ ਸ਼ਹਿਰ ਤੋਂ ਗ੍ਰਿਫਤਾਰ ਕੀਤਾ। ਉਸ ਨੂੰ ਮੁੰਬਈ ਲਿਆਂਦਾ ਗਿਆ ਅਤੇ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਮੁੰਬਈ ਪੁਲਿਸ ਨੂੰ ਉਸ ਦਾ 22 ਮਈ ਤੱਕ ਰਿਮਾਂਡ ਦੇ ਦਿੱਤਾ।

## ਥੋਕ ਮਹਿੰਗਾਈ ਦਰ ‘ਚ ਹੋਰ ਵਾਧਾ ਹੋਇਆ

**ਨਵੀਂ ਦਿੱਲੀ:** ਈਂਧਣ ਤੇ ਬਿਜਲੀ ਦੇ ਨਾਲ-ਨਾਲ ਖਾਣ-ਪੀਣ ਦੀਆਂ ਵਸਤਾਂ ਖਾਸਕਰ ਸਬਜ਼ੀਆਂ ਦੀਆਂ ਕੀਮਤਾਂ ਵਿਚ ਵਾਧੇ ਕਾਰਨ ਥੋਕ ਮਹਿੰਗਾਈ ਲਗਾਤਾਰ ਦੂਜੇ ਮਹੀਨੇ ਵਧ ਕੇ ਅਪਰੈਲ ਵਿਚ 1.26 ਫੀਸਦੀ ਹੋ ਗਈ। ਜਾਰੀ ਸਰਕਾਰੀ ਅੰਕੜਿਆਂ ਮੁਤਾਬਕ ਥੋਕ ਮੁੱਲ ਸੂਚਕ ਅੰਕ ਆਧਾਰਿਤ ਮਹਿੰਗਾਈ ਅਪਰੈਲ 2023 ਵਿਚ 0.79 ਫੀਸਦੀ ਅਤੇ ਮਾਰਚ 2024 ਵਿਚ 0.53 ਫੀਸਦੀ ਸੀ।

## ਕਿਸਾਨਾਂ ਦੇ ਮਸਲੇ ਸੜਕਾਂ ਤੇ ਚੌਕਾਂ ’ਚ ਖੜ੍ਹ ਕੇ ਹੱਲ ਨਹੀਂ ਹੋਣੇ: ਜਾਖੜ

**ਸੰਗਰੂਰ:** ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਭਾਜਪਾ ਦਾ ਵਿਰੋਧ ਕਰ ਰਹੇ ਕਿਸਾਨਾਂ ਨੂੰ ਕਿਹਾ ਕਿ ਕਿਸਾਨ ਸ਼ਾਂਤੀਪੂਰਵਕ ਢੰਗ ਨਾਲ ਵਿਰੋਧ ਕਰਨ। ਉਨ੍ਹਾਂ ਕਿਹਾ ਕਿ ਮਸਲੇ ਸੜਕਾਂ ਅਤੇ ਚੌਕਾਂ ਵਿੱਚ ਖੜ੍ਹ ਕੇ ਹੱਲ ਨਹੀਂ ਹੋਣੇ, ਸਗੋਂ ਗੱਲਬਾਤ ਰਾਹੀਂ ਹੀ ਹੱਲ ਹੋਣਗੇ। ਉਨ੍ਹਾਂ ਦੋਸ਼ ਲਾਇਆ ਕਿ ਭਗਵੰਤ ਮਾਨ ਸਰਕਾਰ ਵੱਲੋਂ ਕਿਸਾਨਾਂ ਨੂੰ ਵਰਤਿਆ ਜਾ ਰਿਹਾ ਹੈ। ਉਹ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ।

## ਨਫਰਤ ਫੈਲਾਉਣ ਦੇ ਦੋਸ਼ ਹੇਠ ਨਿਊਜ਼ ਚੈਨਲ ਤੇ ਐਂਕਰ ਖ਼ਿਲਾਫ਼ ਕੇਸ ਦਰਜ

**ਬੰਗਲੂਰੂ:** ਹਾਲ ਹੀ ਵਿਚ ਪ੍ਰਸਾਰਿਤ ਹੋਏ ਇਕ ਪ੍ਰੋਗਰਾਮ ਰਾਹੀਂ ਫਿਰਕੂ ਨਫ਼ਰਤ ਫੈਲਾਉਣ ਦੇ ਦੋਸ਼ ਵਿਚ ਇਕ ਨਿਊਜ਼ ਚੈਨਲ ਅਤੇ ਇਸ ਦੇ ਐਂਕਰ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਇਸ ਸਬੰਧੀ ਤਨਵੀਰ ਅਹਿਮਦ ਵੱਲੋਂ 11 ਮਈ ਨੂੰ ਦਰਜ ਕਰਵਾਈ ਗਈ ਸ਼ਿਕਾਇਤ ਵਿੱਚ ਦੋਸ਼ ਲਾਇਆ ਗਿਆ ਸੀ ਕਿ 9 ਮਈ ਦੀ ਰਾਤ 8.30 ਵਜੇ ਪ੍ਰਸਾਰਿਤ ਇੱਕ ਪ੍ਰੋਗਰਾਮ ਵਿੱਚ ਐਂਕਰ ਨੇ ਪ੍ਰਧਾਨ ਮੰਤਰੀ (ਈ.ਏ.ਸੀ-ਪੀ.ਐਮ) ਦੇ ਆਰਥਿਕ ਸਲਾਹਕਾਰ ਕੌਂਸਲ ਦੇ ਕਾਰਜ ਪੱਤਰ ਦਾ ਹਵਾਲਾ ਦਿੰਦਿਆਂ ਦਾਅਵਾ ਕੀਤਾ ਕਿ 1950 ਅਤੇ 2015 ਦੇ ਵਿਚਕਾਰ ਹਿੰਦੂਆਂ ਦੀ ਆਬਾਦੀ ਵਿਚ 7.8 ਫੀਸਦੀ ਗਿਰਾਵਟ ਆਈ। ਜਨਸੰਖਿਆ ਪ੍ਰਤੀਸ਼ਤਤਾ ਨੂੰ ਪ੍ਰਦਰਸ਼ਿਤ ਕਰਦੇ ਹੋਏ ਚੈਨਲ ਨੇ ਹਿੰਦੂ ਆਬਾਦੀ ਪ੍ਰਤੀਸ਼ਤਤਾ ਦੇ ਪਿਛੋਕੜ ਵਿੱਚ ਭਾਰਤੀ ਝੰਡਾ ਅਤੇ ਮੁਸਲਮਾਨ ਆਬਾਦੀ ਪ੍ਰਤੀਸ਼ਤ ਦੇ ਪਿਛੋਕੜ ਵਿੱਚ ਪਾਕਿਸਤਾਨ ਦਾ ਝੰਡਾ ਦਿਖਾਇਆ। ਸ਼ਿਕਾਇਤ ਵਿੱਚ ਦੋਸ਼ ਲਾਇਆ ਗਿਆ ਕਿ ਪਾਕਿਸਤਾਨ ਵਿੱਚ ਮੁਸਲਮਾਨਾਂ ਦੀ ਪ੍ਰਤੀਸ਼ਤਤਾ ਦਾ ਹਵਾਲਾ ਦਿੰਦੇ ਹੋਏ ਵੀ ਪਾਕਿਸਤਾਨੀ ਝੰਡੇ ਦੀ ਵਰਤੋਂ ਕੀਤੀ ਜਾਂਦੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਹੈਪੀ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਨਿੱਝਰ ਕਤਲ ਕਾਂਡ ਦੀਆਂ ਪਰਤਾਂ ਖੋਲ੍ਹਣ ਲੱਗੀ ਕੈਨੇਡਾ ਪੁਲਿਸ

**ਵੈਨਕੂਵਰ:** ਕੈਨੇਡਾ ਨੇ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਮਾਮਲੇ ਵਿਚ ਚੌਥੇ ਭਾਰਤੀ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ ਹੈ। ਕੈਨੇਡਾ ਪੁਲਿਸ ਇਸ ਕੇਸ ਵਿਚ ਤਿੰਨ ਭਾਰਤੀ ਨੌਜਵਾਨਾਂ ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਅਤੇ ਕਰਨਪ੍ਰੀਤ ਸਿੰਘ (28) ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਚੁੱਕੀ ਹੈ। ਗ੍ਰਿਫ਼ਤਾਰ ਕੀਤੇ ਗਏ ਚੌਥੇ ਨੌਜਵਾਨ ਦੀ ਪਛਾਣ ਅਮਨਦੀਪ ਸਿੰਘ (22) ਵਜੋਂ ਦੱਸੀ ਗਈ ਹੈ ਜੋ ਕੈਨੇਡਾ ਦੇ ਬਰੈਂਪਟਨ, ਸਰੀ ਅਤੇ ਐਬਟਸਫੋਰਡ ਇਲਾਕਿਆਂ ਦਾ ਵਸਨੀਕ ਹੈ।

ਉਸ ਉਤੇ ਪਹਿਲਾ ਦਰਜਾ ਕਤਲ ਅਤੇ ਕਤਲ ਦੀ ਸਾਜ਼ਿਸ਼ ਦੇ ਦੋਸ਼ ਆਇਦ ਕੀਤੇ ਗਏ ਹਨ। ਸੂਤਰਾਂ ਮੁਤਾਬਕ ਚਾਰੋਂ ਮੁਲਜ਼ਮਾਂ ਦੇ ਬਿਸ਼ਨੋਈ ਗੈਂਗ ਨਾਲ ਸਬੰਧਾਂ ਦਾ ਸ਼ੱਕ ਹੈ। ਨਿੱਝਰ (45) ਦੀ ਪਿਛਲੇ ਸਾਲ 18 ਜੂਨ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਇਕ ਗੁਰਦੁਆਰੇ ਦੇ ਬਾਹਰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੀ ਜਾਂਚ ਟੀਮ ਨੇ ਕਿਹਾ ਕਿ ਅਮਨਦੀਪ ਸਿੰਘ ਨੂੰ ਨਿੱਝਰ ਕਤਲ ਕੇਸ ਵਿਚ ਉਸ ਦੀ ਸ਼ੱਕੀ ਭੂਮਿਕਾ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ। ਰਿਲੀਜ਼ ਮੁਤਾਬਕ ਅਮਨਦੀਪ ਸਿੰਘ ਹਥਿਆਰਾਂ ਨਾਲ ਜੁੜੇ ਇਕ ਮਾਮਲੇ ਵਿਚ ਪਹਿਲਾਂ ਹੀ ਪੀਲ ਰੀਜਨਲ ਪੁਲਿਸ ਦੀ ਹਿਰਾਸਤ ਵਿਚ ਸੀ। ਇੰਟੈਗ੍ਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਦੇ ਅਧਿਕਾਰੀ ਮਨਦੀਪ ਮੂਕਰ ਨੇ ਕਿਹਾ ਕਿ ਇਸ ਗ੍ਰਿਫ਼ਤਾਰੀ ਨਾਲ ਸਪੱਸ਼ਟ ਹੁੰਦਾ ਹੈ ਕਿ ਹਰਦੀਪ ਸਿੰਘ ਨਿੱਝਰ ਦੀ ਹੱਤਿਆ 'ਚ ਚੱਲ ਰਹੀ ਜਾਂਚ ਨੂੰ ਕਿਸ ਸ਼ਿੱਦਤ ਨਾਲ ਅੰਜਾਮ ਤੱਕ ਪਹੁੰਚਾਇਆ ਜਾ ਰਿਹਾ ਹੈ। ਕੇਸ ਨਾਲ ਸਬੰਧਤ ਇਕ ਸੂਤਰ ਦੇ ਹਵਾਲੇ ਨਾਲ ਗਲੋਬਲ ਨਿਊਜ਼ ਨੇ ਕਿਹਾ ਕਿ ਨਿੱਝਰ 'ਤੇ ਗੋਲੀਆਂ ਚਲਾਉਣ ਵਾਲੇ ਦੋ ਨੌਜਵਾਨਾਂ 'ਚੋਂ ਇਕ ਅਮਨਦੀਪ ਸਿੰਘ ਵੀ ਸੀ।




## ਭਾਰਤੀ ਏਜੰਸੀਆਂ ਨੂੰ ਅਜੇ ਤੱਕ ਕੁਝ ਖਾਸ ਜਾਂ ਜਾਂਚ ਯੋਗ ਨਹੀਂ ਮਿਲਿਆ: ਜੈਸ਼ੰਕਰ

**ਮੁੰਬਈ:** ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮਾਮਲੇ ਵਿਚ ਕੈਨੇਡਾ ਵੱਲੋਂ ਕੀਤੀ ਚੌਥੀ ਗ੍ਰਿਫਤਾਰੀ ਉਤੇ ਕਿਹਾ ਕਿ ਭਾਰਤੀ ਏਜੰਸੀਆਂ ਨੂੰ ਅਜਿਹਾ ਕੁਝ ਖਾਸ ਜਾਂ ਜਾਂਚ ਯੋਗ ਨਹੀਂ ਮਿਲਿਆ, ਜਿਸ 'ਤੇ ਦੇਸ਼ ਦੀਆਂ ਏਜੰਸੀਆਂ ਜਾਂਚ ਕਰ ਸਕਣ। ਸ੍ਰੀ ਜੈਸ਼ੰਕਰ ਨੇ ਕਿਹਾ ਕਿ ਭਾਰਤ ਜਾਂਚ ਲਈ ਪੂਰੀ ਤਰ੍ਹਾਂ ਤਿਆਰ ਹੈ ਪਰ ਕੈਨੇਡਾ ਅਜਿਹੀ ਕੋਈ ਜਾਣਕਾਰੀ ਜਾਂ ਸਬੂਤ ਤਾਂ ਦੇਵੇ, ਜਿਸ 'ਤੇ ਭਾਰਤ ਅੱਗੇ ਕਾਰਵਾਈ ਕਰ ਸਕੇ। ਮੰਤਰੀ ਨੇ ਇੱਥੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ, 'ਸਾਨੂੰ ਕਦੇ ਵੀ ਅਜਿਹਾ ਕੁਝ ਨਹੀਂ ਮਿਲਿਆ ਜਿਸ 'ਤੇ ਸਾਡੀਆਂ ਜਾਂਚ ਏਜੰਸੀਆਂ ਅੱਗੇ ਕੰਮ ਕਰ ਸਕਣ।'

ਸੂਤਰ ਨੇ ਕਿਹਾ ਕਿ ਅਮਨਦੀਪ ਵੀ ਆਰਜ਼ੀ ਵੀਜ਼ੇ 'ਤੇ ਕੈਨੇਡਾ ਆਇਆ ਸੀ ਪਰ ਉਹ ਹਿੰਸਕ ਅਪਰਾਧਾਂ ਨਾਲ ਕਥਿਤ ਤੌਰ 'ਤੇ ਜੁੜ ਗਿਆ ਸੀ। ਅਮਨਦੀਪ ਸਿੰਘ ਨੂੰ ਪਿਛਲੇ ਸਾਲ 3 ਨਵੰਬਰ ਨੂੰ ਪੀਲ ਪੁਲਿਸ ਨੇ ਬਰੈਂਪਟਨ 'ਚ ਇਕ ਨਾਕੇ 'ਤੇ ਚਾਰ ਹੋਰ ਵਿਅਕਤੀਆਂ ਨਾਲ ਰੋਕਿਆ ਸੀ। ਉਨ੍ਹਾਂ ਦੇ ਕਬਜ਼ੇ 'ਚੋਂ ਇਕ ਪਿਸਟਲ, 24 ਕਾਰਤੂਸਾਂ ਵਾਲਾ ਮੈਗਜ਼ੀਨ ਅਤੇ ਕੁਝ ਹੋਰ ਅਸਲਾ ਬਰਾਮਦ ਹੋਇਆ ਸੀ। ਪੁਲਿਸ ਦਾ ਮੰਨਣਾ ਹੈ ਕਿ ਇਸ ਮਾਮਲੇ ਵਿਚ ਹੋਰ ਦੋਸ਼ੀਆਂ ਦੀ ਸ਼ਮੂਲੀਅਤ ਦੇ ਸੰਕੇਤ ਮਿਲ ਰਹੇ ਹਨ, ਜਿਨ੍ਹਾਂ ਵਿਰੁੱਧ ਸਬੂਤ ਇਕੱਤਰ ਕਰਕੇ ਉਨ੍ਹਾਂ ਦੀ ਲੁਕਣਗਾਹ ਤੱਕ ਵੀ ਪਹੁੰਚ ਬਣਾ ਲਈ ਜਾਏਗੀ। ਜਾਂਚ ਟੀਮ ਮੁਖੀ ਮੂਕਰ ਨੇ ਭਰੋਸਾ ਪ੍ਰਗਟਾਇਆ ਕਿ ਨਿੱਝਰ ਹੱਤਿਆ ਕਾਂਡ ਨਾਲ ਸਬੰਧਤ ਕਿਸੇ ਵੀ ਦੋਸ਼ੀ ਨਾਲ ਕੋਈ ਲਿਹਾਜ਼ ਨਹੀਂ ਹੋਏਗਾ, ਚਾਹੇ ਉਹ ਕਿਤੇ ਵੀ ਲੁਕੇ ਹੋਣ, ਉਥੋਂ ਤੱਕ ਪਹੁੰਚ ਬਣਾ ਕੇ ਉਨ੍ਹਾਂ ਨੂੰ ਕਟਹਿਰੇ ਚ ਖੜ੍ਹਾ ਕੀਤਾ ਜਾਵੇਗਾ।

# ਬੈਂਸ ਭਰਾਵਾਂ ਨੇ ਕਾਂਗਰਸ ਦਾ ਹੱਥ ਫੜਿਆ

**ਲੁਧਿਆਣਾ:** ਲੁਧਿਆਣਾ ਤੋਂ ਸਾਬਕਾ ਵਿਧਾਇਕ ਬੈਂਸ ਭਰਾਵਾਂ ਨੇ ਸਿਆਸੀ ਚਰਚਾਵਾਂ ਤੋਂ ਬਾਅਦ ਆਖ਼ਰਕਾਰ ਕਾਂਗਰਸ ਦਾ ਹੱਥ ਫੜ ਲਿਆ। ਸਾਬਕਾ ਵਿਧਾਇਕ ਬਲਵਿੰਦਰ ਸਿੰਘ ਬੈਂਸ ਅਤੇ ਸਿਮਰਜੀਤ ਸਿੰਘ ਬੈਂਸ ਨੂੰ ਨਵੀਂ ਦਿੱਲੀ ਵਿਚ ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਦੇਵੇਂਦਰ ਯਾਦਵ ਨੇ ਰਾਹੁਲ ਗਾਂਧੀ ਨਾਲ ਮੁਲਾਕਾਤ ਕਰਵਾਉਣ ਤੋਂ ਬਾਅਦ ਪਾਰਟੀ ਵਿਚ ਸ਼ਾਮਲ ਕੀਤਾ।

ਉਨ੍ਹਾਂ ਦਾ ਪਾਰਟੀ ਵਿਚ ਸਵਾਗਤ ਕਰਦਿਆਂ ਪੰਜਾਬ ਕਾਂਗਰਸ ਦੇ ਇੰਚਾਰਜ ਨੇ ਕਿਹਾ ਕਿ ਬੈਂਸ ਭਰਾ ਨਾ ਸਿਰਫ਼ ਲੁਧਿਆਣਾ ਲੋਕ ਸਭਾ ਹਲਕੇ ਵਿਚ ਸਗੋਂ ਪੂਰੇ ਸੂਬੇ ਵਿਚ ਕਾਂਗਰਸ ਨੂੰ ਹੋਰ ਮਜ਼ਬੂਤ ਕਰਨਗੇ। ਬੈਂਸ ਭਰਾਵਾਂ ਨੇ 2012 ਤੋਂ 2022 ਤੱਕ ਆਤਮ ਨਗਰ ਅਤੇ ਲੁਧਿਆਣਾ ਦੱਖਣੀ ਵਿਧਾਨ ਸਭਾ ਹਲਕਿਆਂ ਦੀ ਨੁਮਾਇੰਦਗੀ ਕੀਤੀ। 2019 ਦੀਆਂ ਆਮ ਚੋਣਾਂ ਵਿਚ ਸਿਮਰਜੀਤ ਬੈਂਸ ਨੇ ਆਪਣੀ ਲੋਕ ਇਨਸਾਫ਼ ਪਾਰਟੀ ਦੀ ਟਿਕਟ 'ਤੇ ਚੋਣ ਲੜ ਕੇ ਲਗਭਗ 3.07 ਲੱਖ ਵੋਟਾਂ ਹਾਸਲ ਕਰ ਕੇ ਜਿੱਤ ਪ੍ਰਾਪਤ ਕੀਤੀ ਸੀ। ਬੈਂਸ ਭਰਾਵਾਂ ਨੇ ਕਿਹਾ ਕਿ ਉਹ ਬਿਨਾ ਸ਼ਰਤ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਏ ਹਨ। ਉਨ੍ਹਾਂ ਭਰੋਸਾ ਦਿਵਾਇਆ ਹੈ ਕਿ ਉਹ ਸਿਰਫ਼ ਲੁਧਿਆਣਾ ਵਿਚ ਹੀ ਨਹੀਂ ਸਗੋਂ ਸੂਬੇ ਦੇ ਹੋਰ ਹਲਕਿਆਂ ਵਿਚ ਵੀ ਪਾਰਟੀ ਦੀ ਜਿੱਤ ਯਕੀਨੀ ਬਣਾਉਣਗੇ। ਲੋਕ ਇਨਸਾਫ਼ ਪਾਰਟੀ ਦਾ ਰਸਮੀ ਤੌਰ 'ਤੇ ਕਾਂਗਰਸ ਪਾਰਟੀ ਵਿਚ ਰਲੇਵਾਂ ਹੋ ਗਿਆ ਹੈ। ਦੱਸਣਾ ਬਣਦਾ ਹੈ ਕਿ ਬਲਵਿੰਦਰ ਬੈਂਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਮੈਂਬਰ ਵੀ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨਾਲ ਵੀ ਮੁਲਾਕਾਤ ਕੀਤੀ ਸੀ।



# ਲੋਕ ਸਭਾ ਚੋਣਾਂ 'ਚ ਤੈਅ ਹੋਵੇਗਾ ਦੇਸ਼ ਦਾ ਭਵਿੱਖ: ਰਾਜਾ ਵੜਿੰਗ

**ਜਗਰਾਉਂ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਜਗਰਾਉਂ ਦੇ ਵੱਖ-ਵੱਖ ਵਾਰਡਾਂ ਵਿਚ ਚੋਣ ਜਲਸਿਆਂ ਨੂੰ ਸੰਬੋਧਨ ਕੀਤਾ। ਇਸ ਦੌਰਾਨ ਸ੍ਰੀ ਰਾਜਾ ਵੜਿੰਗ ਨੇ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਆਮ ਚੋਣਾਂ ਨਹੀਂ ਸਗੋਂ ਦੇਸ਼ ਦਾ ਭਵਿੱਖ ਤੈਅ ਕਰਨ ਵਾਲੀਆਂ ਹਨ।



ਇਸ ਨੂੰ ਫੈਸਲਾਕੁਨ ਲੜਾਈ ਕਰਾਰ ਦਿੰਦਿਆਂ ਉਨ੍ਹਾਂ ਵੋਟਰਾਂ ਨੂੰ ਸੋਚ-ਵਿਚਾਰ ਕੇ ਵੋਟਾਂ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪਿਛਲੇ ਦਸ ਸਾਲਾਂ 'ਚ ਦੇਸ਼ ਬਹੁਤ ਪਿੱਛੇ ਚਲਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵਾਲੇ ਕਦੇ ਵੀ ਨੋਟਬੰਦੀ ਤੇ ਅਗਨੀਵੀਰ ਯੋਜਨਾ ਦਾ ਜ਼ਿਕਰ ਨਹੀਂ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਵੀ ਪਤਾ ਹੈ ਕਿ ਇਹ ਗਲਤ ਫ਼ੈਸਲੇ ਸਨ ਜਿਨ੍ਹਾਂ ਖ਼ਿਲਾਫ਼ ਲੋਕਾਂ 'ਚ ਭਾਰੀ ਰੋਸ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਪਾਰਟੀ ਦੇ ਚੋਣ ਮੈਨੀਫੈਸਟੋ ਵਿਚ ਕੀਤੇ ਵਾਅਦਿਆਂ ਤੋਂ ਲੋਕਾਂ ਨੂੰ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ 'ਇੰਡੀਆ' ਗੱਠਜੋੜ ਦੀ ਸਰਕਾਰ ਬਣਨ 'ਤੇ ਅਗਨੀਵੀਰ ਯੋਜਨਾ ਰੱਦ ਕੀਤੀ ਜਾਵੇਗੀ ਤੇ ਔਰਤਾਂ ਦੇ ਬੈਂਕ ਖਾਤਿਆਂ 'ਚ ਇਕ-ਇਕ ਲੱਖ ਰੁਪਿਆ ਸਾਲ ਦਾ ਪਾਇਆ ਜਾਵੇਗਾ, ਖਾਲੀ ਪਈਆਂ ਸਰਕਾਰੀ ਨੌਕਰੀਆਂ ਭਰੀਆਂ ਜਾਣਗੀਆਂ ਅਤੇ ਸਸਤਾ ਗੈਸ ਸਿਲੰਡਰ ਦੇਣ ਸਣੇ ਹੋਰ ਸਹੂਲਤਾਂ ਦਿੱਤੀਆਂ ਜਾਣਗੀਆਂ।

# ਕੇਂਦਰ ਵਿਚ 'ਇੰਡੀਆ' ਗਠਜੋੜ ਸਰਕਾਰ ਦਾ ਹਿੱਸਾ ਹੋਵੇਗੀ 'ਆਪ': ਮਾਨ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ 'ਆਪ' 4 ਜੂਨ ਨੂੰ ਕੇਂਦਰ ਵਿਚ ਬਣਨ ਵਾਲੀ ਇੰਡੀਆ ਗੱਠਜੋੜ ਸਰਕਾਰ ਦਾ ਹਿੱਸਾ ਹੋਵੇਗੀ ਅਤੇ ਕਿਹਾ ਕਿ ਭਾਜਪਾ ਲੋਕ ਸਭਾ ਚੋਣਾਂ ਵਿਚ 400 ਸੀਟਾਂ ਨੂੰ ਪਾਰ ਨਹੀਂ ਕਰੇਗੀ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਅੰਤਰਿਮ ਜ਼ਮਾਨਤ ਉਤੇ ਰਿਹਾਅ ਕੀਤੇ ਜਾਣ ਤੋਂ ਬਾਅਦ ਆਮ ਆਦਮੀ ਪਾਰਟੀ (ਆਪ) ਦੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, 'ਮੈਂ ਹਰ ਥਾਂ ਕਿਹਾ ਸੀ, ਕੇਜਰੀਵਾਲ ਇਕ ਵਿਅਕਤੀ ਨਹੀਂ, ਸਗੋਂ ਇਕ ਸੋਚ ਹੈ। ਤੁਸੀਂ ਇਕ ਵਿਅਕਤੀ ਨੂੰ ਗ੍ਰਿਫਤਾਰ ਕਰ ਸਕਦੇ ਹੋ ਪਰ ਇਕ ਵਿਚਾਰ ਨਹੀਂ। ਦਿੱਲੀ ਦੇ ਇਨਕਲਾਬੀ ਲੋਕਾਂ ਦਾ ਧੰਨਵਾਦ ਜੋ ਔਖੇ ਸਮੇਂ ਵਿਚ ਪਾਰਟੀ ਦੇ ਨਾਲ ਖੜੇ ਹਨ।'

# ਲੋਕ ਸਭਾ ਚੋਣਾਂ: 10 ਗਰੰਟੀਆਂ ਨਾਲ ਅਰਵਿੰਦ ਕੇਜਰੀਵਾਲ ਨੇ ਪਿੜ ਮੱਲਿਆ

**ਨਵੀਂ ਦਿੱਲੀ:** ਤਿਹਾੜ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ 'ਆਪ' ਦੀ ਲੋਕ ਸਭਾ ਚੋਣ ਮੁਹਿੰਮ ਨੂੰ ਨਵਾਂ ਜੋਸ਼ ਦਿੰਦਿਆਂ ਵਿਰੋਧੀ ਧਿਰ ਦੇ 'ਇੰਡੀਆ' ਗੱਠਜੋੜ ਦੇ ਸੱਤਾ ਵਿਚ ਆਉਣ 'ਤੇ ਦੇਸ਼ ਭਰ ਦੇ ਲੋਕਾਂ ਲਈ 10 ਗਰੰਟੀਆਂ ਦਾ ਐਲਾਨ ਕੀਤਾ ਜਿਨ੍ਹਾਂ ਵਿਚ 24 ਘੰਟੇ ਬਿਜਲੀ ਸਪਲਾਈ ਤੇ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣਾ ਸ਼ਾਮਲ ਹੈ।

ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਐਲਾਨ ਕੀਤਾ ਕਿ 'ਕੇਜਰੀਵਾਲ ਦੀਆਂ 10 ਗਰੰਟੀਆਂ' ਜੰਗੀ ਪੱਧਰ 'ਤੇ ਦਿੱਤੀਆਂ ਜਾਣਗੀਆਂ, ਜਿਨ੍ਹਾਂ ਵਿਚ 'ਇੰਡੀਆ' ਗੱਠਜੋੜ ਦੀ ਸਰਕਾਰ ਬਣਨ 'ਤੇ ਚੀਨ ਦੇ ਕਬਜ਼ੇ ਹੇਠੋਂ ਭਾਰਤੀ ਜ਼ਮੀਨ ਛੁਡਵਾਉਣਾ ਵੀ ਸ਼ਾਮਲ ਹੈ। ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪਾਰਟੀ ਦੇ ਹੋਰ ਸੀਨੀਅਰ ਆਗੂ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਭਾਜਪਾ ਹਮੇਸ਼ਾ ਆਪਣੇ ਵਾਅਦੇ ਪੂਰੇ ਕਰਨ ਵਿਚ ਨਾਕਾਮ ਰਹੀ ਹੈ ਜਦਕਿ ਉਨ੍ਹਾਂ ਦੀਆਂ ਗਰੰਟੀਆਂ ਦਾ ਇਕ ਸਾਬਤ ਰਿਕਾਰਡ ਹੈ।

'ਆਪ' ਸੁਪਰੀਮੋ ਨੇ ਕਿਹਾ ਕਿ ਹੁਣ ਲੋਕਾਂ ਨੇ 'ਕੇਜਰੀਵਾਲ ਦੀ ਗਾਰੰਟੀ' ਜਾਂ 'ਮੋਦੀ ਦੀ ਗਾਰੰਟੀ' ਵਿਚੋਂ ਚੋਣ ਕਰਨੀ ਹੈ। ਉਨ੍ਹਾਂ ਕਿਹਾ, 'ਮੈਂ ਪ੍ਰਧਾਨ ਮੰਤਰੀ ਨਹੀਂ ਬਣਨਾ ਚਾਹੁੰਦਾ ਪਰ ਇਹ ਮੇਰੀ ਗਾਰੰਟੀ ਹੈ ਕਿ ਜਦੋਂ 'ਇੰਡੀਆ' ਗੱਠਜੋੜ ਦੀ ਸਰਕਾਰ ਬਣੇਗੀ ਤਾਂ ਮੈਂ ਇਹ ਯਕੀਨੀ ਬਣਾਵਾਂਗਾ ਕਿ ਇਹ ਵਾਅਦੇ ਪੂਰੇ ਹੋਣ।' ਸ੍ਰੀ ਕੇਜਰੀਵਾਲ ਨੇ ਕਿਹਾ, ''ਅੱਜ ਅਸੀਂ ਲੋਕ ਸਭਾ ਚੋਣਾਂ ਲਈ ਕੇਜਰੀਵਾਲ ਦੀਆਂ 10 ਗਰੰਟੀਆਂ ਦਾ ਐਲਾਨ ਕਰਨ ਜਾ ਰਹੇ ਹਾਂ। ਮੇਰੀ ਗ੍ਰਿਫ਼ਤਾਰੀ ਕਾਰਨ ਇਸ ਵਿਚ ਦੇਰੀ ਹੋਈ ਪਰ ਅਜੇ ਚੋਣਾਂ ਦੇ ਕਈ ਪੜਾਅ ਬਾਕੀ ਹਨ। ਮੈਂ ਬਾਕੀ 'ਇੰਡੀਆ' ਗੱਠਜੋੜ ਨਾਲ ਇਸ ਬਾਰੇ ਚਰਚਾ ਨਹੀਂ ਕੀਤੀ ਹੈ ਪਰ ਇਹ ਇਕ ਗਾਰੰਟੀ ਵਾਂਗ ਹੈ ਕਿ ਕਿਸੇ ਨੂੰ ਕੋਈ ਸਮੱਸਿਆ ਨਹੀਂ ਹੋਵੇਗੀ। ਮੈਂ ਇਹ ਗਾਰੰਟੀ ਲੈਂਦਾ ਹਾਂ ਕਿ 'ਇੰਡੀਆ' ਗਠਜੋੜ ਦੇ ਸੱਤਾ ਵਿਚ ਆਉਣ ਤੋਂ ਬਾਅਦ, ਮੈਂ ਇਹ ਯਕੀਨੀ ਬਣਾਵਾਂਗਾ ਕਿ ਇਹ ਗਰੰਟੀਆਂ ਲਾਗੂ ਹੋਣ।' ਪਾਰਟੀ ਦੀ ਗਾਰੰਟੀ ਦੀ ਸੂਚੀ ਵਿਚ ਬਿਹਤਰ ਸਕੂਲ, ਬਿਹਤਰ ਸਿਹਤ ਬੁਨਿਆਦੀ ਢਾਂਚਾ, ਕਿਸਾਨਾਂ ਲਈ ਐਮ.ਐਸ.ਪੀ, ਅਗਨੀਵੀਰ ਯੋਜਨਾ ਨੂੰ ਖਤਮ ਕਰਨ ਕੇ ਫੌਜ ਵਿਚ ਪੱਕੀ ਭਰਤੀ ਅਤੇ 2 ਕਰੋੜ ਨੌਕਰੀਆਂ ਦੇਣ ਦੇ ਨਾਲ-ਨਾਲ ਭ੍ਰਿਸ਼ਟਾਚਾਰ ਖਤਮ ਕਰਨਾ ਸ਼ਾਮਲ ਹੈ। ਇਹ ਪੁੱਛੇ ਜਾਣ 'ਤੇ ਕਿ ਕੀ ਉਨ੍ਹਾਂ ਇੰਡੀਆ ਬਲਾਕ ਦੇ ਭਾਈਵਾਲਾਂ ਨਾਲ ਇਨ੍ਹਾਂ ਗਰੰਟੀਆਂ 'ਤੇ ਚਰਚਾ ਕੀਤੀ ਸੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਸਮਾਂ ਨਹੀਂ ਹੈ ਪਰ ਭਰੋਸਾ ਹੈ ਕਿ ਉਹ ਇਤਰਾਜ਼ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਕੇਜਰੀਵਾਲ ਦੀ ਗਾਰੰਟੀ ਇਕ ਬ੍ਰਾਂਡ ਹੈ ਜੋ ਮੋਦੀ ਦੀ ਗਾਰੰਟੀ ਦੇ ਉਲਟ ਦਿੱਲੀ ਤੇ ਪੰਜਾਬ ਵਿਚ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਹ 10 ਗਰੰਟੀਆਂ ਭਾਰਤ ਦੇ ਵਿਜ਼ਨ ਵਾਂਗ ਹਨ। ਕੁਝ ਅਜਿਹੀਆਂ ਗੱਲਾਂ ਹਨ ਜੋ ਪਿਛਲੇ 75 ਸਾਲਾਂ ਵਿਚ ਪੂਰੀਆਂ ਹੋਣੀਆਂ ਚਾਹੀਦੀਆਂ ਸਨ। ਇਹ ਚੀਜ਼ਾਂ ਕਿਸੇ ਵੀ ਦੇਸ਼ ਦਾ ਨੀਂਹ ਪੱਥਰ ਰੱਖਣ ਵਰਗੀਆਂ ਹਨ। ਉਨ੍ਹਾਂ ਤੋਂ ਬਿਨਾਂ ਦੇਸ਼ ਅੱਗੇ ਨਹੀਂ ਵਧ ਸਕਦਾ। ਇਹ ਕੰਮ ਅਗਲੇ ਪੰਜ ਸਾਲਾਂ 'ਚ ਮੁਕੰਮਲ ਕਰ ਲਏ ਜਾਣਗੇ। ਕੇਜਰੀਵਾਲ ਨੇ ਪੁੱਛਿਆ ਕਿ ਕੀ ਪ੍ਰਧਾਨ ਮੰਤਰੀ ਮੋਦੀ ਆਪਣੇ ਸ਼ਾਸਨ ਦੀ ਪਾਲਣਾ ਕਰਨਗੇ ਤੇ 75 ਸਾਲ ਦੀ ਉਮਰ 'ਚ ਸੇਵਾਮੁਕਤ ਹੋਣਗੇ? ਭਾਜਪਾ 75 ਸਾਲ ਦੀ ਸੇਵਾਮੁਕਤੀ ਦੀ ਉਮਰ ਦਾ ਨਿਯਮ ਲਿਆਉਂਦੀ ਹੈ ਅਤੇ ਸਵਾਲ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ 'ਤੇ ਚੁੱਪ ਕਿਉਂ ਹਨ ਪਰ ਉਨ੍ਹਾਂ ਦੀ ਪਾਰਟੀ ਦੇ ਹੋਰ ਮੈਂਬਰ ਬਿਆਨ ਦੇ ਰਹੇ ਹਨ। ''ਕੀ ਉਹ ਨਿਯਮ ਜੋ ਉਨ੍ਹਾਂ 2014 ਵਿਚ ਐਲ.ਕੇ. ਅਡਵਾਨੀ ਨੂੰ ਸੇਵਾਮੁਕਤ ਕਰਨ ਲਈ ਬਣਾਇਆ ਸੀ, ਉਨ੍ਹਾਂ 'ਤੇ ਲਾਗੂ ਹੁੰਦੇ ਹਨ ਜਾਂ ਨਹੀਂ? ਜ਼ਿਕਰਯੋਗ ਹੈ ਕਿ ਇੰਡੀਆ ਗੱਠਜੋੜ ਆਮ ਆਦਮੀ ਪਾਰਟੀ, ਕਾਂਗਰਸ, ਤ੍ਰਿਣਮੂਲ ਕਾਂਗਰਸ, ਦ੍ਰਾਵਿੜ ਮੁਨੇਤਰ ਕੜਗਮ ਵਰਗੀਆਂ ਪਾਰਟੀਆਂ ਵੱਲੋਂ ਬਣਾਇਆ ਗਿਆ ਗੱਠਜੋੜ ਹੈ।




## ਗੱਠਜੋੜ ਸੱਤਾ 'ਚ ਆਇਆ ਤਾਂ ਮੈਂ ਜੇਲ੍ਹ ਤੋਂ ਬਾਹਰ ਹੋਵਾਂਗਾ: ਕੇਜਰੀਵਾਲ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜੇ ਲੋਕ ਸਭਾ ਚੋਣ ਨਤੀਜਿਆਂ ਦੇ ਐਲਾਨ ਤੋਂ ਬਾਅਦ 'ਇੰਡੀਆ' ਗੱਠਜੋੜ ਸੱਤਾ 'ਚ ਆਉਂਦਾ ਹੈ ਤਾਂ ਉਹ 5 ਜੂਨ ਨੂੰ ਤਿਹਾੜ ਜੇਲ੍ਹ ਵਿਚੋਂ ਬਾਹਰ ਆ ਜਾਣਗੇ। ਵਰਨਣਯੋਗ ਹੈ ਕਿ 4 ਜੂਨ ਨੂੰ ਲੋਕ ਸਭਾ ਚੋਣਾਂ ਦੀਆਂ ਵੋਟਾਂ ਦੀ ਗਿਣਤੀ ਹੋਣੀ ਹੈ। ਆਮ ਆਦਮੀ ਪਾਰਟੀ ਦੇ ਕੌਂਸਲਰਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਕੇਜਰੀਵਾਲ ਨੇ ਦੋਸ਼ ਲਾਇਆ ਕਿ ਤਿਹਾੜ ਵਿਚ ਨਜ਼ਰਬੰਦੀ ਦੌਰਾਨ ਉਨ੍ਹਾਂ ਨੂੰ ਜ਼ਲੀਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਦਾਅਵਾ ਕੀਤਾ, 'ਤਿਹਾੜ ਵਿਚ ਮੇਰੇ ਸੈੱਲ ਵਿਚ ਦੋ ਸੀ.ਸੀ.ਟੀ.ਵੀ. ਕੈਮਰੇ ਸਨ ਅਤੇ 13 ਅਧਿਕਾਰੀ ਨਿਗਰਾਨੀ ਕਰ ਰਹੇ ਸਨ। ਦੱਸਿਆ ਗਿਆ ਕਿ ਸੀ.ਸੀ.ਟੀ.ਵੀ. ਫੁਟੇਜ ਪ੍ਰਧਾਨ ਮੰਤਰੀ ਸਕੱਤਰੇਤ ਨੂੰ ਦਿੱਤਾ ਗਿਆ ਸੀ।

# ਛੜੱਪੇ ਮਾਰ ਕੇ ਵਧ ਰਹੀ ਹੈ ਸਿਆਸੀ ਆਗੂਆਂ ਦੀ ਜਾਇਦਾਦ

**ਚੰਡੀਗੜ੍ਹ:** ਸਿਆਸੀ ਆਗੂਆਂ ਦੀ ਸੰਪਤੀ ਛੜੱਪੇ ਮਾਰ ਕੇ ਵਧੀ ਹੈ ਜਦਕਿ ਆਮ ਲੋਕਾਂ ਦੇ ਹਿੱਸੇ ਅਜਿਹੇ ਮੌਕੇ ਨਹੀਂ ਆਉਂਦੇ। ਲੋਕ ਸਭਾ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦਾ ਦੌਰ ਚੱਲ ਰਿਹਾ ਹੈ ਅਤੇ ਉਮੀਦਵਾਰ ਹੁਣ ਆਪਣੀ ਜਾਇਦਾਦ ਦੇ ਵੇਰਵਿਆਂ ਨੂੰ ਨਸ਼ਰ ਕਰ ਰਹੇ ਹਨ। ਬਠਿੰਡਾ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਜੀਤਮਹਿੰਦਰ ਸਿੰਘ ਸਿੱਧੂ ਵਿੱਤੀ ਤੌਰ 'ਤੇ ਮਜ਼ਬੂਤ ਹਨ ਅਤੇ ਉਨ੍ਹਾਂ ਦੀ ਸੰਪਤੀ ਲਗਾਤਾਰ ਵਧੀ ਹੈ।

ਵੇਰਵਿਆਂ ਅਨੁਸਾਰ ਜੀਤਮਹਿੰਦਰ ਸਿੰਘ ਸਿੱਧੂ ਕੋਲ ਸਾਲ 2007 ਵਿਚ 4.79 ਕਰੋੜ ਰੁਪਏ ਦੀ ਜਾਇਦਾਦ ਸੀ ਜਦਕਿ ਅੱਜ ਉਨ੍ਹਾਂ ਦੀ ਦੌਲਤ ਵਧ ਕੇ 30.45 ਕਰੋੜ ਦੀ ਹੋ ਗਈ ਹੈ। ਉਨ੍ਹਾਂ ਦੀ ਸਾਲ 2017 ਵਿਚ ਸੰਪਤੀ 11.87 ਕਰੋੜ ਰੁਪਏ ਦੀ ਸੀ ਅਤੇ 2024 ਤੱਕ ਇਸ ਨੇ ਵੱਡੀ ਛਾਲ ਮਾਰੀ ਹੈ। ਇਨ੍ਹਾਂ ਸਾਢੇ ਸੱਤ ਵਰ੍ਹਿਆਂ ਵਿਚ ਉਨ੍ਹਾਂ ਦੀ ਜਾਇਦਾਦ ਵਿਚ 18.58 ਕਰੋੜ ਰੁਪਏ ਦਾ ਵਾਧਾ ਹੋਇਆ ਹੈ ਜਿਸ ਦਾ ਮਤਲਬ ਹੈ ਕਿ ਹਰ ਮਹੀਨੇ ਸਿੱਧੂ ਦੀ ਸੰਪਤੀ ਵਿਚ ਔਸਤਨ 20.87 ਲੱਖ ਰੁਪਏ ਦਾ ਵਾਧਾ ਹੋਇਆ ਹੈ। ਦੂਜੇ ਪਾਸੇ ਬਠਿੰਡਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਤੇ ਸਾਬਕਾ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਜਾਇਦਾਦ ਵਿਚ ਕਟੌਤੀ ਹੋਈ ਹੈ। ਉਮੀਦਵਾਰ ਖੁੱਡੀਆਂ ਨੇ ਜਦੋਂ 2022 ਵਿਚ ਵਿਧਾਨ ਸਭਾ ਚੋਣ ਲੜੀ ਸੀ ਤਾਂ ਉਦੋਂ ਉਨ੍ਹਾਂ ਦੀ ਸੰਪਤੀ 2.59 ਕਰੋੜ ਰੁਪਏ ਦੀ ਸੀ ਪਰ ਹੁਣ 2024 ਵਿਚ ਇਹ ਸੰਪਤੀ ਘੱਟ ਕੇ 1.17 ਕਰੋੜ ਦੀ ਰਹਿ ਗਈ ਹੈ। ਅਕਾਲੀ ਦਲ ਦੇ ਪਟਿਆਲਾ ਤੋਂ ਉਮੀਦਵਾਰ ਐਨ.ਕੇ. ਸ਼ਰਮਾ ਕੋਲ ਹੁਣ 31.91 ਕਰੋੜ ਦੀ ਸੰਪਤੀ ਹੈ ਜਦੋਂਕਿ 2012 ਵਿਚ ਉਨ੍ਹਾਂ ਦੀ ਜਾਇਦਾਦ 5.80 ਕਰੋੜ ਦੀ ਸੀ। ਪੰਜ ਗੁਣਾ ਤੋਂ ਜ਼ਿਆਦਾ ਦਾ ਇਜ਼ਾਫਾ ਹੋਇਆ ਹੈ। ਐਨ.ਕੇ. ਸ਼ਰਮਾ ਕੋਲ 2022 ਵਿੱਚ 23.71 ਕਰੋੜ ਦੀ ਜਾਇਦਾਦ ਸੀ ਅਤੇ ਹੁਣ ਢਾਈ ਵਰ੍ਹਿਆਂ ਮਗਰੋਂ ਉਨ੍ਹਾਂ ਦੀ ਸੰਪਤੀ ਵਿਚ ਕਰੀਬ ਅੱਠ ਕਰੋੜ ਦਾ ਵਾਧਾ ਹੋਇਆ ਹੈ। ਪਟਿਆਲਾ ਤੋਂ ਕਾਂਗਰਸ ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਕੋਲ ਹੁਣ 8.50 ਕਰੋੜ ਦੀ ਸੰਪਤੀ ਹੈ ਜਦੋਂ ਕਿ ਸਾਲ 2014 ਵਿਚ ਉਨ੍ਹਾਂ ਦੀ ਸੰਪਤੀ 4.51 ਕਰੋੜ ਰੁਪਏ ਦੀ ਸੀ। ਲੁਧਿਆਣਾ ਤੋਂ ਭਾਜਪਾ ਦੇ ਉਮੀਦਵਾਰ ਰਵਨੀਤ ਬਿੱਟੂ ਦੀ ਦੌਲਤ ਹੁਣ 5.87 ਕਰੋੜ ਰੁਪਏ ਦੀ ਹੈ ਜਦੋਂਕਿ ਸਾਲ 2009 ਵਿਚ ਉਨ੍ਹਾਂ ਕੋਲ 2.18 ਕਰੋੜ ਦੀ ਜਾਇਦਾਦ ਸੀ ਅਤੇ ਪੌਣੇ ਤਿੰਨ ਗੁਣਾ ਸੰਪਤੀ ਵਿਚ ਵਾਧਾ ਹੋਇਆ ਹੈ।



ਗੁਰਦਾਸਪੁਰ ਤੋਂ ਕਾਂਗਰਸ ਦੇ ਉਮੀਦਵਾਰ ਸੁਖਜਿੰਦਰ ਸਿੰਘ ਰੰਧਾਵਾ ਕੋਲ ਇਸ ਵੇਲੇ 7.12 ਕਰੋੜ ਦੀ ਸੰਪਤੀ ਹੈ ਜਦੋਂਕਿ ਸਾਲ 2007 ਵਿਚ ਉਨ੍ਹਾਂ ਕੋਲ 2.37 ਕਰੋੜ ਦੀ ਜਾਇਦਾਦ ਸੀ। ਉਨ੍ਹਾਂ ਦੀ ਸੰਪਤੀ ਕਰੀਬ ਤਿੰਨ ਗੁਣਾ ਵਧੀ ਹੈ। ਫ਼ਰੀਦਕੋਟ ਹਲਕੇ ਤੋਂ ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ ਦੀ ਸੰਪਤੀ ਹੁਣ 16.33 ਕਰੋੜ ਰੁਪਏ ਦੀ ਹੈ ਅਤੇ ਸਾਲ 2009 ਵਿਚ ਉਨ੍ਹਾਂ ਦੀ ਸੰਪਤੀ 10.78 ਕਰੋੜ ਦੀ ਸੀ।

# ਪੰਜਾਬ ਵਿਚ ਕਹਿਰ ਦੀ ਗਰਮੀ ਪੈਣ ਲੱਗੀ

**ਬਠਿੰਡਾ:** ਪੰਜਾਬ ਵਿਚ ਗਰਮੀ ਦਾ ਕਹਿਰ ਜਾਰੀ ਹੈ ਅਤੇ ਸੂਬੇ ਦੇ ਸੱਤ ਸ਼ਹਿਰਾਂ ਦਾ ਤਾਪਮਾਨ 40 ਡਿਗਰੀ ਤੋਂ ਟੱਪ ਗਿਆ ਹੈ। ਗਰਮੀ ਵਧਣ ਕਾਰਨ ਲੋਕਾਂ ਦਾ ਜਿਊਣਾ ਮੁਹਾਲ ਹੋ ਗਿਆ ਹੈ। ਮੌਸਮ ਮਾਹਿਰ ਗਰਮੀ ਦਾ ਕਾਰਨ ਕਈ ਦਿਨਾਂ ਤੋਂ ਨਿਰੰਤਰ ਵਗ ਰਹੀ ਪੁਰੇ ਦੀ ਹਵਾ ਨੂੰ ਮੰਨ ਰਹੇ ਹਨ। ਸ੍ਰੀ ਅੰਮ੍ਰਿਤਸਰ ਸਭ ਤੋਂ ਗਰਮ ਰਿਹਾ ਜਿਥੇ ਵੱਧ ਤੋਂ ਵੱਧ ਤਾਪਮਾਨ 42.5 ਡਿਗਰੀ ਸੈਲਸੀਅਸ ਤੇ ਘੱਟ ਤੋਂ ਘੱਟ ਤਾਪਮਾਨ 26 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।



ਫ਼ਿਰੋਜ਼ਪੁਰ ਦਾ ਵੱਧ ਤੋਂ ਵੱਧ ਤਾਪਮਾਨ 42.3 ਡਿਗਰੀ ਸੈਲਸੀਅਸ, ਪਠਾਨਕੋਟ ਦਾ ਵੱਧ ਤੋਂ ਵੱਧ ਤਾਪਮਾਨ 42.2 ਡਿਗਰੀ ਸੈਲਸੀਅਸ, ਫ਼ਰੀਦਕੋਟ ਦਾ ਵੱਧ ਤੋਂ ਵੱਧ ਤਾਪਮਾਨ 42.0 ਡਿਗਰੀ ਸੈਲਸੀਅਸ ਅਤੇ ਘੱਟ ਤੋਂ ਘੱਟ ਤਾਪਮਾਨ 26.5 ਡਿਗਰੀ ਸੈਲਸੀਅਸ, ਸਮਰਾਲਾ ਦਾ ਵੱਧ ਤੋਂ ਵੱਧ ਤਾਪਮਾਨ 41.6 ਡਿਗਰੀ ਸੈਲਸੀਅਸ, ਬਰਨਾਲਾ ਦਾ ਵੱਧ ਤੋਂ ਵੱਧ ਤਾਪਮਾਨ 41.4 ਡਿਗਰੀ ਸੈਲਸੀਅਸ, ਗੁਰਦਾਸਪੁਰ ਦਾ ਵੱਧ ਤੋਂ ਵੱਧ ਤਾਪਮਾਨ 41.0 ਡਿਗਰੀ ਸੈਲਸੀਅਸ, ਜਲੰਧਰ ਦਾ ਵੱਧ ਤੋਂ ਵੱਧ ਤਾਪਮਾਨ 40.8 ਡਿਗਰੀ ਸੈਲਸੀਅਸ, ਲੁਧਿਆਣਾ ਦਾ ਵੱਧ ਤੋਂ ਵੱਧ ਤਾਪਮਾਨ 39.8 ਡਿਗਰੀ ਸੈਲਸੀਅਸ, ਪਟਿਆਲਾ ਦਾ ਵੱਧ ਤੋਂ ਵੱਧ ਤਾਪਮਾਨ 38.2 ਅਤੇ ਘੱਟ ਤੋਂ ਘੱਟ ਤਾਪਮਾਨ 25.9 ਡਿਗਰੀ ਸੈਲਸੀਅਸ, ਰੂਪਨਗਰ ਦਾ ਵੱਧ ਤੋਂ ਵੱਧ ਤਾਪਮਾਨ 37.8 ਡਿਗਰੀ ਸੈਲਸੀਅਸ, ਮੁਹਾਲੀ ਦਾ ਵੱਧ ਤੋਂ ਵੱਧ ਤਾਪਮਾਨ 37.7 ਡਿਗਰੀ ਸੈਲਸੀਅਸ, ਸ੍ਰੀ ਆਨੰਦਪੁਰ ਸਾਹਿਬ ਦਾ ਵੱਧ ਤੋਂ ਵੱਧ ਤਾਪਮਾਨ 37.6 ਡਿਗਰੀ ਸੈਲਸੀਅਸ ਅਤੇ ਚੰਡੀਗੜ੍ਹ ਦਾ ਵੱਧ ਤੋਂ ਵੱਧ ਤਾਪਮਾਨ 37.2 ਡਿਗਰੀ ਸੈਲਸੀਅਸ ਅਤੇ ਘੱਟ ਤੋਂ ਘੱਟ ਤਾਪਮਾਨ 27.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

## ਵਿਭਾਗ ਦੇ ਪੈਸੇ ਕਢਵਾਉਣ ਬਾਰੇ ਵਿਜੀਲੈਂਸ ਜਾਂਚ

**ਤਰਨ ਤਾਰਨ:** ਜ਼ਿਲ੍ਹੇ ਦੇ ਸਿਹਤ ਵਿਭਾਗ ਵਿਚ ਕੌਮੀ ਅੰਨ੍ਹਾਪਣ ਰੋਕੂ ਪ੍ਰੋਗਰਾਮ (ਐਨ.ਪੀ.ਸੀ.ਬੀ.) ਵਿਚ 31, 83 ਲੱਖ ਰਕਮ ਵਿਚੋਂ ਕੁਝ ਦਿਨ ਪਹਿਲਾਂ ਹੀ ਇਸ ਪ੍ਰੋਗਰਾਮ ਦੇ ਨੋਡਲ ਅਧਿਕਾਰੀ ਨੂੰ ਦੱਸੇ ਬਿਨਾਂ 31. 59 ਲੱਖ ਰੁਪਏ ਦੀ ਰਕਮ ਕਢਵਾ ਲੈਣ ਦਾ ਮਾਮਲਾ ਹੁਣ ਵਿਜੀਲੈਂਸ ਕੋਲ ਪਹੁੰਚ ਗਿਆ ਹੈ।

ਸਿਹਤ ਵਿਭਾਗ ਦੇ ਪ੍ਰੋਗਰਾਮ ਨੋਡਲ ਅਧਿਕਾਰੀ ਡਾ. ਨਵਨੀਤ ਸਿੰਘ ਮਿਨਹਾਸ ਨੇ ਸਿਵਲ ਸਰਜਨ ਅਤੇ ਇਸ ਪ੍ਰੋਗਰਾਮ ਦੇ ਸਟੇਟ ਨੋਡਲ ਅਧਿਕਾਰੀ ਨੂੰ ਇਸ ਸਬੰਧੀ ਸ਼ਿਕਾਇਤ ਕੀਤੀ ਹੈ। ਇਸ ਸ਼ਿਕਾਇਤ ਦੇ ਆਧਾਰ 'ਤੇ ਵਿਜੀਲੈਂਸ ਬਿਊਰੋ ਨੇ ਜਾਂਚ ਆਰੰਭ ਦਿੱਤੀ ਹੈ। ਜਾਣਕਾਰੀ ਅਨੁਸਾਰ ਇਸ ਐੱਨ.ਪੀ.ਸੀ.ਬੀ. ਤਹਿਤ ਜ਼ਿਲ੍ਹੇ ਵਿੱਚ ਅੱਖਾਂ ਦੇ ਕੈਂਪ ਲਾਉਣ ਅਤੇ ਇਸ ਤਰ੍ਹਾਂ ਦੇ ਹੋਰ ਸਮਾਜ ਭਲਾਈ ਦੇ ਕੰਮ ਆਦਿ ਕਰਨ ਲਈ ਇਹ ਰਕਮ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੀ ਗਈ ਸੀ। ਚੌਕਸੀ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਰਕਮ ਨਾਲ ਦਵਾਈਆਂ, ਲੈਂਜ਼ ਆਦਿ ਖਰੀਦੇ ਜਾਣੇ ਸਨ। ਸਾਲਾਂ ਤੋਂ ਵਿਭਾਗ ਦੇ ਅਧਿਕਾਰੀਆਂ ਦੇ ਸਾਂਝੇ ਖਾਤੇ ਵਿਚ ਜਮ੍ਹਾਂ ਇਸ ਰਕਮ ਨੂੰ ਉਸ ਵੇਲੇ ਦੇ ਸਿਵਲ ਸਰਜਨ ਨੇ ਕਢਵਾ ਲਿਆ। ਪ੍ਰੋਗਰਾਮ ਦੇ ਨੋਡਲ ਅਧਿਕਾਰੀ ਡਾ. ਨਵਨੀਤ ਸਿੰਘ ਨੇ ਕਿਹਾ ਕਿ ਇਹ ਰਕਮ ਕਢਵਾਉਣ ਲਈ ਉਨ੍ਹਾਂ ਨਾਲ ਕਿਸੇ ਉੱਚ ਅਧਿਕਾਰੀ ਨੇ ਸੰਪਰਕ ਨਹੀਂ ਕੀਤਾ।

# ਗੁਰਬਾਣੀ ਕੀਰਤਨ ਪ੍ਰਸਾਰਨ ਲਈ ਐਪਲ ਆਧਾਰਿਤ ਐਪ ਜਾਰੀ

**ਅੰਮ੍ਰਿਤਸਰ:** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪ੍ਰਸਾਰਨ ਹੁੰਦਾ ਗੁਰਬਾਣੀ ਕੀਰਤਨ ਹੁਣ ਐਪਲ ਦੇ ਫੋਨ, ਲੈਪਟਾਪ, ਆਈ-ਪੈਡ ਅਤੇ ਕੰਪਿਊਟਰ ਵਰਤਣ ਵਾਲੇ ਵੀ ਆਡੀਓ ਰੂਪ ਵਿਚ ਸੁਣਿਆ ਜਾ ਸਕੇਗਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਦੀ ਅਧਿਕਾਰਤ ਐਪਲ ਆਈ.ਓ.ਐਸ. ਆਧਾਰਿਤ ਐਪਲੀਕੇਸ਼ਨ ਜਾਰੀ ਕੀਤੀ ਹੈ।



ਇਸ ਐਪ ਦਾ ਨਾਮ 'ਐਸ.ਜੀ.ਪੀ.ਸੀ. ਗੁਰਬਾਣੀ ਕੀਰਤਨ' ਹੈ ਜੋ ਐਪਲ ਐਪਲੀਕੇਸ਼ਨ ਸਟੋਰ ਤੋਂ ਸ਼ਰਧਾਲੂ ਡਾਊਨਲੋਡ ਕਰ ਸਕਣਗੇ।

ਸ੍ਰੀ ਧਾਮੀ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਪੂਰੇ ਵਿਸ਼ਵ ਦੀਆਂ ਸੰਗਤ ਲਈ ਸ਼ਰਧਾ ਦਾ ਕੇਂਦਰ ਹੈ ਅਤੇ ਹਰ ਸ਼ਰਧਾਲੂ ਦੀ ਇਸ ਪਾਵਨ ਅਸਥਾਨ ਤੋਂ ਗੁਰਬਾਣੀ ਕੀਰਤਨ ਸਰਵਣ ਕਰਨ ਦੀ ਤਾਂਘ ਰਹਿੰਦੀ ਹੈ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਇਸ ਐਪ ਦੀ ਵਰਤੋਂ ਕਰਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਰੋਜ਼ਾਨਾ ਹੋਣ ਵਾਲੇ ਪੂਰੇ ਦਿਨ ਦਾ ਸਿੱਧਾ ਆਡੀਓ ਪ੍ਰਸਾਰਨ ਸਰਵਣ ਕਰ ਸਕਦੇ ਹਨ।

## ਪੰਜਾਬ ਸਰਕਾਰ ਦੀ ਮਾਲੀਆ ਵਸੂਲੀ 'ਚ ਕਮੀ ਆਈ

**ਚੰਡੀਗੜ੍ਹ:** ਪੰਜਾਬ ਸਰਕਾਰ 2023-24 ਦੌਰਾਨ ਮਾਲੀਆ ਪ੍ਰਾਪਤੀਆਂ ਦੇ ਟੀਚੇ ਨੂੰ ਪੂਰਾ ਨਹੀਂ ਕਰ ਸਕੀ ਜਿਸ ਕਾਰਨ ਵਸੂਲੀ ਵਿਚ ਲਗਭਗ 10 ਫ਼ੀਸਦ ਦੀ ਕਮੀ ਆਈ ਹੈ। ਨਤੀਜੇ ਵਜੋਂ ਮਾਲੀਆ ਘਾਟਾ ਨਿਰਧਾਰਤ ਟੀਚੇ ਤੋਂ 1827 ਕਰੋੜ ਰੁਪਏ ਵੱਧ ਹੈ।

ਕੇਂਦਰੀ ਟੈਕਸਾਂ ਵਿਚੋਂ ਰਾਜ ਦਾ ਹਿੱਸਾ 18457.57 ਕਰੋੜ ਰੁਪਏ ਦੇ ਟੀਚੇ ਤੋਂ ਵੱਧ ਕੇ 1681.22 ਕਰੋੜ ਰੁਪਏ ਵਧਿਆ ਹੈ। ਪੰਜਾਬ ਸਰਕਾਰ ਵੱਲੋਂ 2023-24 ਵਿਚ ਕੁੱਲ ਉਧਾਰ 34,784.15 ਕਰੋੜ ਰੁਪਏ ਜੁਟਾਉਣ ਦੇ ਟੀਚੇ ਦੇ ਮੁਕਾਬਲੇ 31,435.21 ਕਰੋੜ ਰੁਪਏ ਸੀ। ਇਸ ਨਾਲ ਸੂਬੇ 'ਤੇ 31 ਮਾਰਚ 2024 ਤੱਕ ਕੁੱਲ ਕਰਜ਼ੇ ਦਾ ਬੋਝ 3,45,655.97 ਕਰੋੜ ਰੁਪਏ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਉਧਾਰ 'ਤੇ ਵਿਆਜ ਵਜੋਂ 20,123.58 ਕਰੋੜ ਰੁਪਏ ਅਦਾ ਵੀ ਕੀਤੇ ਹਨ। ਰਾਜ ਵੱਲੋਂ ਇਕੱਤਰ ਕੀਤੇ ਗੈਰ-ਟੈਕਸ ਮਾਲੀਏ ਵਿਚ ਵੀ 797.86 ਕਰੋੜ ਰੁਪਏ ਦੀ ਕਮੀ ਦਰਸਾਈ ਗਈ ਹੈ। ਫਰਵਰੀ ਅਤੇ ਮਾਰਚ ਮਹੀਨਿਆਂ (7865.27 ਕਰੋੜ ਰੁਪਏ ਅਤੇ 5908.63 ਕਰੋੜ ਰੁਪਏ) ਵਿਚ ਟੈਕਸ ਮਾਲੀਆ ਵਿਚ ਭਾਰੀ ਉਛਾਲ ਦੇਖਣ ਨੂੰ ਮਿਲਿਆ, ਜਦੋਂਕਿ ਗੈਰ-ਟੈਕਸ ਮਾਲੀਆ ਮਾਰਚ ਵਿਚ ਸਿਰਫ਼ 2346.95 ਕਰੋੜ ਰੁਪਏ ਇਕੱਠਾ ਹੋ ਗਿਆ। ਸੂਬਾ ਸਰਕਾਰ ਨੇ ਵੀ ਪਿਛਲੇ ਵਿੱਤੀ ਸਾਲ ਦੌਰਾਨ ਬਜਟ ਵਿਚ ਟੀਚੇ ਦੇ ਮੁਕਾਬਲੇ 6.50 ਫੀਸਦੀ ਘੱਟ ਖਰਚ ਕੀਤਾ ਹੈ।

# ਸਾਬਕਾ ਵਿਧਾਇਕ ਜੱਸੀ ਖੰਗੂੜਾ ਮੁੜ ਕਾਂਗਰਸ 'ਚ ਸ਼ਾਮਲ

**ਲੁਧਿਆਣਾ:** ਸਾਬਕਾ ਵਿਧਾਇਕ ਜਸਵੀਰ ਸਿੰਘ ਜੱਸੀ ਖੰਗੂੜਾ ਆਮ ਆਦਮੀ ਪਾਰਟੀ ਛੱਡ ਕੇ ਮੁੜ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ। ਉਹ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਵੱਲੋਂ ਟਿਕਟ ਨਾ ਮਿਲਣ ਕਰਕੇ 2022 ਵਿਚ 'ਆਪ' 'ਚ ਸ਼ਾਮਲ ਹੋ ਗਏ ਸਨ। ਕਰੀਬ ਦੋ ਹਫ਼ਤੇ ਪਹਿਲਾਂ ਉਨ੍ਹਾਂ ਨੇ 'ਆਪ' ਤੋਂ ਅਸਤੀਫ਼ਾ ਦੇ ਦਿੱਤਾ ਸੀ। ਇਸ ਤੋਂ ਬਾਅਦ ਉਨ੍ਹਾਂ ਬਾਰੇ ਕਈ ਤਰ੍ਹਾਂ ਦੇ ਕਿਆਸ ਲਾਏ ਜਾ ਰਹੇ ਸਨ ਪਰ ਦਿੱਲੀ 'ਚ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਕੇ.ਸੀ ਵੇਣੂਗੋਪਾਲ ਨਾਲ ਮੁਲਾਕਾਤ ਮਗਰੋਂ ਪੰਜਾਬ ਕਾਂਗਰਸ ਇੰਚਾਰਜ ਦੇਵੇਂਦਰ ਯਾਦਵ ਦੀ ਅਗਵਾਈ ਹੇਠ ਉਹ ਮੁੜ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ। ਹੋਟਲ ਕਾਰੋਬਾਰੀ ਤੋਂ ਸਿਆਸਤਦਾਨ ਬਣੇ ਜੱਸੀ ਖੰਗੂੜਾ ਪਹਿਲੀ ਵਾਰ 2007 'ਚ ਕਿਲਾ ਰਾਏਪੁਰ ਵਿਧਾਨ ਸਭਾ ਹਲਕੇ ਤੋਂ ਮੈਦਾਨ 'ਚ ਉਤਰੇ ਸਨ ਅਤੇ ਜਿੱਤ ਵੀ ਦਰਜ ਕੀਤੀ ਸੀ। ਇਸ ਤੋਂ ਬਾਅਦ ਉਹ 2017 'ਚ ਹਾਰ ਗਏ ਤੇ 2022 'ਚ ਉਨ੍ਹਾਂ ਨੂੰ ਟਿਕਟ ਨਹੀਂ ਮਿਲੀ। ਪੰਜਾਬ 'ਚ ਸਰਕਾਰ ਬਣਨ ਤੋਂ ਬਾਅਦ ਉਹ 'ਆਪ' ਵਿਚ ਸ਼ਾਮਲ ਹੋ ਗਏ।

# ਪੰਜਾਬ ਸਰਕਾਰ ਵੱਲੋਂ 11 ਜੂਨ ਤੋਂ ਝੋਨੇ ਦੀ ਲੁਆਈ ਨੂੰ ਹਰੀ ਝੰਡੀ

**ਚੰਡੀਗੜ੍ਹ:** ਪੰਜਾਬ ਵਿਚ ਐਤਕੀਂ ਝੋਨੇ ਦੀ ਲੁਆਈ 11 ਜੂਨ ਤੋਂ ਸ਼ੁਰੂ ਹੋਵੇਗੀ ਜੋ ਕਿ ਪਿਛਲੇ ਵਰ੍ਹੇ ਨਾਲੋਂ ਪੰਜ ਦਿਨ ਅਗੇਤੀ ਹੈ। ਇਸ ਵਾਰ ਸਮੁੱਚੇ ਪੰਜਾਬ ਨੂੰ ਦੋ ਜ਼ੋਨਾਂ ਵਿਚ ਵੰਡ ਕੇ ਝੋਨੇ ਦੀ ਲੁਆਈ ਕੀਤੀ ਜਾਣੀ ਹੈ ਅਤੇ ਲੰਘੇ ਵਰ੍ਹੇ ਤਿੰਨ ਜ਼ੋਨ ਬਣਾਏ ਗਏ ਸਨ।

ਪਿਛਲੇ ਸਾਲ ਝੋਨੇ ਦੀ ਲੁਆਈ ਮਾਲਵੇ ਵਿਚ 16 ਜੂਨ ਤੋਂ ਸ਼ੁਰੂ ਹੋਈ ਸੀ। ਝੋਨੇ ਦੀ ਸਿੱਧੀ ਬਿਜਾਈ 15 ਤੋਂ 31 ਮਈ ਤੱਕ ਹੋਵੇਗੀ ਜਿਸ ਦੌਰਾਨ ਅੱਠ ਘੰਟੇ ਬਿਜਲੀ ਸਪਲਾਈ ਦਿੱਤੀ ਜਾਵੇਗੀ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਨੇ ਇਸ ਬਾਰੇ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਹੈ ਜਿਸ ਤਹਿਤ ਮਾਲਵਾ ਖ਼ਿੱਤੇ ਦੇ ਜ਼ਿਲ੍ਹਾ ਮੁਕਤਸਰ ਸਾਹਿਬ, ਫ਼ਰੀਦਕੋਟ, ਮਾਨਸਾ, ਬਠਿੰਡਾ, ਫ਼ਾਜ਼ਿਲਕਾ ਤੇ ਫ਼ਿਰੋਜ਼ਪੁਰ ਤੋਂ ਇਲਾਵਾ ਕੌਮਾਂਤਰੀ ਸਰਹੱਦਾਂ ਦੀ ਕੰਡਿਆਲੀ ਤਾਰ ਤੋਂ ਪਾਰ ਲਈ ਝੋਨੇ ਦੀ ਲੁਆਈ 11 ਜੂਨ ਤੋਂ ਸ਼ੁਰੂ ਹੋਵੇਗੀ। ਪਿਛਲੇ ਵਰ੍ਹੇ ਮਾਲਵੇ ਦੇ ਸੱਤ ਜ਼ਿਲ੍ਹਿਆਂ ਵਿਚ ਝੋਨੇ ਦੀ ਲੁਆਈ 16 ਜੂਨ ਤੋਂ ਸ਼ੁਰੂ ਹੋਈ ਸੀ।




ਉਪਰੋਕਤ ਜ਼ਿਲ੍ਹਿਆਂ ਤੋਂ ਇਲਾਵਾ ਪੰਜਾਬ ਦੇ ਬਾਕੀ ਜ਼ਿਲ੍ਹਿਆਂ ਵਿਚ ਝੋਨੇ ਦੀ ਲੁਆਈ ਲਈ 15 ਜੂਨ ਤੈਅ ਕੀਤੀ ਗਈ ਹੈ ਜਦਕਿ ਲੰਘੇ ਵਰ੍ਹੇ 9 ਜ਼ਿਲ੍ਹਿਆਂ ਵਿਚ ਝੋਨੇ ਦੀ ਲੁਆਈ ਆਖ਼ਰੀ ਗੇੜ ਵਿੱਚ 21 ਜੂਨ ਨੂੰ ਸ਼ੁਰੂ ਹੋਈ ਸੀ।

ਸਾਲ 2022 ਵਿਚ ਝੋਨੇ ਦੀ ਲੁਆਈ ਮਾਲਵਾ ਖ਼ਿੱਤੇ ਵਿਚ 17 ਜੂਨ ਜਦਕਿ ਸਾਲ 2021 ਵਿਚ 13 ਜੂਨ ਤੋਂ ਸ਼ੁਰੂ ਹੋਈ ਸੀ। ਪੰਜਾਬ ਸਰਕਾਰ ਵੱਲੋਂ ਝੋਨੇ ਲਈ ਨਹਿਰੀ ਪਾਣੀ ਦੀ ਵਰਤੋਂ ਲਈ ਵੀ ਪ੍ਰੇਰਿਆ ਜਾ ਰਿਹਾ ਹੈ। ਜਲ ਸਰੋਤ ਮਹਿਕਮੇ ਨੇ ਵੀ ਇਨ੍ਹਾਂ ਦਿਨਾਂ ਵਿਚ ਨਹਿਰਾਂ ਤੇ ਰਜਵਾਹਿਆਂ ਨੇੜਲੇ ਖੇਤਰਾਂ ਵਿਚ ਪਾਣੀ ਵੱਧ ਮਾਤਰਾ ਵਿਚ ਦੇਣ ਦਾ ਫ਼ੈਸਲਾ ਕੀਤਾ ਹੈ। ਪੰਜਾਬ ਸਰਕਾਰ ਨੇ ਝੋਨੇ ਦੀ ਘੱਟ ਪਾਣੀ ਲੈਣ ਵਾਲੀ ਕਿਸਮ ਪੀ.ਆਰ. 126 ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕੀਤਾ ਹੈ ਅਤੇ ਪਿਛਲੇ ਸਾਲ ਇਸ ਕਿਸਮ ਦੀ ਲੁਆਈ ਵਧਣ ਨਾਲ ਬਿਜਲੀ ਦੇ ਕਰੀਬ 477 ਕਰੋੜ ਰੁਪਏ ਬਚੇ ਸਨ। ਜਾਣਕਾਰੀ ਅਨੁਸਾਰ ਇਸ ਸਾਲ ਜੂਨ ਮਹੀਨੇ ਦੇ ਅਖੀਰਲੇ ਹਫ਼ਤੇ ਮੌਨਸੂਨ ਆਉਣ ਦਾ ਅਨੁਮਾਨ ਹੈ।

ਝੋਨੇ ਦੇ ਸੀਜ਼ਨ ਵਿਚ ਕਿਸਾਨਾਂ ਨੂੰ ਰੋਜ਼ਾਨਾ ਅੱਠ ਘੰਟੇ ਤੋਂ ਜ਼ਿਆਦਾ ਬਿਜਲੀ ਮਿਲ ਸਕਦੀ ਹੈ। ਨੋਟੀਫ਼ਿਕੇਸ਼ਨ ਵਿਚ ਦਰਜ ਹੈ ਕਿ ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਵਿਚ ਘੱਟੋ ਘੱਟ 8 ਘੰਟੇ ਬਿਜਲੀ ਦਿੱਤੀ ਜਾਵੇਗੀ ਜਿਸ ਦਾ ਮਤਲਬ ਸਾਫ਼ ਹੈ ਕਿ ਸਰਕਾਰ ਅੱਠ ਘੰਟਿਆਂ ਤੋਂ ਜ਼ਿਆਦਾ ਬਿਜਲੀ ਦੇ ਸਕਦੀ ਹੈ। ਪਨੀਰੀ ਦੇ ਸਮੇਂ ਦੌਰਾਨ ਵੀ ਕਿਸਾਨਾਂ ਨੂੰ ਰੋਜ਼ਾਨਾ ਤਿੰਨ-ਚਾਰ ਘੰਟੇ ਬਿਜਲੀ ਮਿਲੇਗੀ। ਪਾਵਰਕੌਮ ਨੇ ਝੋਨੇ ਦੇ ਸੀਜ਼ਨ ਲਈ ਬਿਜਲੀ ਸਪਲਾਈ ਦੇ ਪ੍ਰਬੰਧ ਕਰ ਲਏ ਹਨ।

# ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ 'ਤੇ ਅਮੋਲਕ ਸਿੰਘ ਗਾਖਲ ਵਲੋਂ ਵਧਾਈਆਂ

**ਵਾਟਸਨਵਿੱਲ (ਬਿਊਰੋ):** ਗਾਖਲ ਗਰੁੱਪ ਯੂ.ਐੱਸ.ਏ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਅਮਰੀਕਾ 'ਚ ਪੰਜਾਬੀ ਮਾਂ ਬੋਲੀ ਦੇ ਝੰਡਾਬਰਦਾਰ ਅਖ਼ਬਾਰ 'ਪੰਜਾਬ ਟਾਈਮਜ਼' ਦੀ 25ਵੀਂ ਵਰ੍ਹੇਗੰਢ 'ਤੇ ਗਾਖਲ ਗਰੁੱਪ ਅਤੇ ਗਾਖਲ ਪਰਿਵਾਰ ਵਲੋਂ ਬਹੁਤ ਬਹੁਤ ਵਧਾਈਆਂ ਦਿੰਦੇ ਹਾਂ। ਸ. ਗਾਖਲ ਨੇ ਕਿਹਾ ਕਿ ਪੰਜਾਬੀ ਪੱਤਰਕਾਰਤਾ ਦੇ ਅਹਿਮ ਹਸਤਾਖਰ ਸ. ਅਮੋਲਕ ਸਿੰਘ ਜੰਮੂ ਨਾਲ ਮੇਰੀ ਸਾਂਝ 'ਪੰਜਾਬ ਟਾਈਮਜ਼' ਦੀ ਸ਼ੁਰੂਆਤ ਵੇਲੇ ਤੋਂ ਹੈ। ਉਨ੍ਹਾਂ ਜਿਸਮਾਨੀ ਤੰਗੀਆਂ ਤੁਰਸ਼ੀਆਂ ਦੇ ਬਾਵਜੂਦ ਪੰਜਾਬੀ ਮਾਂ ਬੋਲੀ ਦਾ ਸੱਚਾ ਸਪੂਤ ਹੋਣ ਦਾ ਜੋ ਫਰਜ਼ ਨਿਭਾਇਆ ਉਸ ਨੂੰ ਅਗਲੀਆਂ ਪੀੜ੍ਹੀਆਂ ਹਮੇਸ਼ਾ ਯਾਦ ਰੱਖਣਗੀਆਂ। ਉਨ੍ਹਾਂ ਕਿਹਾ ਕਿ ਸ. ਅਮੋਲਕ ਸਿੰਘ ਜੰਮੂ ਨੇ ਆਪਣੀ ਜਨਮ ਭੂਮੀ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਇਸ ਅਤਿ ਆਧੁਨਿਕ ਦੇਸ਼ ਵਿਚ ਪੰਜਾਬੀ ਮਾਂ ਬੋਲੀ ਦਾ ਦੀਵਾ 'ਪੰਜਾਬ ਟਾਈਮਜ਼' ਅਖ਼ਬਾਰ ਦੇ ਰੂਪ ਵਿਚ ਬਲਦਾ ਰੱਖਿਆ ਜੋ ਉਨ੍ਹਾਂ ਦੇ ਤੁਰ ਜਾਣ ਤੋਂ ਬਾਅਦ ਅੱਜ ਵੀ ਬਲ ਰਿਹਾ ਹੈ। ਅਸੀਂ ਅੱਗੇ ਤੋਂ ਵੀ 'ਪੰਜਾਬ ਟਾਈਮਜ਼' ਨਾਲ ਸਾਂਝ ਤੇ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।



# ਸਮਾਜ ਸੇਵੀ ਤੇ ਖੇਡ ਪ੍ਰਮੋਟਰ ਜਗਜੀਤ ਸਿੰਘ ਰੱਕੜ ਦੇ ਦੇਹਾਂਤ ਨਾਲ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ: ਗਾਖਲ

**ਵਾਟਸਨਵਿੱਲ (ਬਿਊਰੋ):** ਸ. ਅਮੋਲਕ ਸਿੰਘ ਗਾਖਲ ਚੇਅਰਮੈਨ ਗਾਖਲ ਗਰੁੱਪ ਨੇ ਉੱਘੇ ਸਮਾਜ ਸੇਵੀ ਤੇ ਖੇਡ ਪ੍ਰਮੋਟਰ ਜਗਜੀਤ ਸਿੰਘ ਰੱਕੜ ਦੇ ਅਕਾਲ ਚਲਾਣੇ 'ਤੇ ਡੂੰਘੇ ਦੁਖ ਦਾ ਪ੍ਰਗਟਾਵਾ ਕੀਤਾ ਹੈ। 'ਪੰਜਾਬ ਟਾਈਮਜ਼' ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਜਗਜੀਤ ਸਿੰਘ ਰੱਕੜ ਦੇ ਦੇਹਾਂਤ ਨਾਲ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ, ਅਸੀਂ ਗਾਖਲ ਗਰੁੱਪ ਅਤੇ ਯੂਨਾਈਟਡ ਸਪੋਰਟਸ ਕਲੱਬ ਵਲੋਂ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ। ਸ. ਗਾਖਲ ਨੇ ਦੱਸਿਆ ਕਿ ਸ. ਜਗਜੀਤ ਸਿੰਘ ਰੱਕੜ ਯੂਨਾਈਟਡ ਸਪੋਰਟਸ ਕਲੱਬ ਦਾ ਹਮੇਸ਼ਾ ਸਹਿਯੋਗ ਕਰਦੇ ਸਨ ਤੇ ਉਨ੍ਹਾਂ ਸਮਾਜ ਸੇਵਾ ਦੇ ਨਾਲ ਨਾਲ ਖੇਡਾਂ ਦੇ ਖੇਤਰ ਵਿਚ ਵੀ ਵਡਮੁੱਲਾ ਯੋਗਦਾਨ ਪਾਇਆ। ਉਨ੍ਹਾਂ ਦੇ ਤੁਰ ਜਾਣ ਨਾਲ ਭਾਈਚਾਰੇ ਵਿਚ ਸੋਗ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਸ. ਜਗਜੀਤ ਸਿੰਘ ਦਾ ਅੰਤਿਮ ਸੰਸਕਾਰ 19 ਮਈ ਨੂੰ Cherokee Memorial Funeral Home, 14165 Beckman Rd, Lodi, CA 95240 ਵਿਖੇ ਦੁਪਹਿਰ 1:00 ਤੋਂ ਸ਼ਾਮ 3:30 ਵਜੇ ਤੱਕ ਕੀਤਾ ਜਾਵੇਗਾ। ਗੁਰਦੁਆਰਾ ਸਟਾਕਟਨ ਵਿਖੇ ਅੰਤਿਮ ਅਰਦਾਸ ਹੋਵੇਗੀ।



# ਵਰਿੰਦਰ ਸਿੰਘ ਬਣਿਆ ਸਿਟੀ ਆਫ ਐਲਕ ਗਰੋਵ ਦਾ ਪਹਿਲਾ ਪੰਜਾਬੀ ਸਿੱਖ ਪਲੈਨਿੰਗ ਕਮਿਸ਼ਨਰ

**ਐਲਕ ਗਰੋਵ:** ਪਿਛਲੇ ਵੀਹ ਸਾਲਾਂ ਤੋਂ ਐਲਕ ਗਰੋਵ ਸ਼ਹਿਰ ਵਿਚ ਰਹਿ ਰਹੇ ਵਰਿੰਦਰ ਸਿੰਘ ਨੂੰ ਸ਼ਹਿਰ ਦਾ ਪਲੈਨਿੰਗ ਕਮਿਸ਼ਨਰ ਚੁਣਿਆ



ਗਿਆ ਹੈ। ਐਲਕ ਗਰੋਵ ਦੀ ਮੇਅਰ ਬੌਬੀ ਸਿੰਘ ਐਲਨ ਨੇ ਆਪਣੇ ਟਵਿੱਟਰ ਖਾਤੇ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਵੇਂ 8 ਉਮੀਦਵਾਰਾਂ ਦੇ ਹੁੰਦਿਆਂ ਇਹ ਚੋਣ ਬਹੁਤ ਫਸਵੀਂ ਸੀ ਪਰ ਵਰਿੰਦਰ ਸਿੰਘ ਨੂੰ ਉਸਦੀ ਯੋਗਤਾ ਅਤੇ ਬੀਤੇ ਵਿਚ ਕੀਤੇ ਸਮਾਜ ਸੇਵੀ ਕੰਮਾਂ ਅਤੇ ਵਾਲੰਟੀਅਰ ਵਰਕ ਦੇ ਲੰਮੇਂ ਇਤਿਹਾਸ ਦੇ ਆਧਾਰ 'ਤੇ ਚੁਣ ਲਿਆ ਗਿਆ। ਵਰਿੰਦਰ ਸਿੰਘ UC Daivs ਤੋਂ ਕਮਿਊਨਿਟੀ ਰਿਜਨਲ ਡਿਵੈਲਪਮੈਂਟ ਵਿਚ ਡਿਗਰੀ ਹੋਲਡਰ ਹੈ ਤੇ ਕੈਲੇਫੋਰਨੀਆ ਸਟੇਟ ਲਈ ਕੰਮ ਕਰਦਾ ਹੈ। ਰਿਟਾਇਰ ਹੋ ਰਹੇ ਪਲੈਨਿੰਗ ਕਮਿਸ਼ਨਰ ਜੌਰਜ ਮਰਫੀ ਸਵੀਅਰਜ਼ ਨੇ ਵਰਿੰਦਰ ਸਿੰਘ ਨੂੰ ਜੀ ਆਇਆਂ ਆਖਦਿਆਂ (ਆਪਣੀ ਸੀਟ ਲਈ) ਸਹੁੰ ਚੁਕਾਈ ਦੀ ਰਸਮ ਨਿਭਾਈ। ਵਰਿੰਦਰ ਸਿੰਘ ਦਾ ਜਨਮ ਭਾਵੇਂ ਅਮਰੀਕਾ ਵਿਚ ਹੋਇਆ ਹੈ ਪਰ ਉਸਦੀ ਪੰਜਾਬੀ ਸੁਣ ਕੇ ਕੋਈ ਅੰਦਾਜ਼ਾ ਨਹੀਂ ਲਾ ਸਕਦਾ ਕਿ ਉਹ ਅਮਰੀਕਾ ਦਾ ਜੰਮਪਲ ਹੈ। ਬਚਪਨ ਤੋਂ ਹੀ ਸੱਭਿਆਚਾਰ ਨਾਲ ਜੁੜਿਆ ਵਰਿੰਦਰ ਉੱਚ ਕੋਟੀ ਦਾ ਭੰਗੜਾ ਕਲਾਕਾਰ ਤੇ ਭੰਗੜਾ ਕੋਚ ਵੀ ਹੈ। ਵਰਿੰਦਰ ਕੈਲੇਫੋਰਨੀਆ ਵਿਚ ਪਿਛਲੇ 34 ਸਾਲਾਂ ਤੋਂ ਵਿਸਾਖੀ ਅਤੇ ਤੀਆਂ ਦਾ ਮੇਲਾ ਕਰਵਾਉਂਦੇ ਆ ਰਹੇ ਸ. ਰਛਪਾਲ ਸਿੰਘ ਫਰਵਾਲ਼ਾ ਅਤੇ ਮਨਦੀਪ ਕੌਰ ਫਰਵਾਲ਼ਾ ਦਾ ਬੇਟਾ ਹੈ।

# ਕੈਲਗਰੀ ਵਿਚ ਸਾਲਾਨਾ ਨਾਟਕ ਮੇਲਾ 23 ਜੂਨ ਨੂੰ

**ਕੈਲਗਰੀ:** 13ਵੇਂ 'ਸੋਹਣ ਮਾਨ ਯਾਦਗਾਰੀ ਸਾਲਾਨਾ ਨਾਟਕ ਮੇਲਾ 2024' ਦੀਆਂ ਤਿਆਰੀਆਂ ਲਈ 'ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ' ਅਤੇ 'ਪ੍ਰੋਗਰੈਸਿਵ ਕਲਾ ਮੰਚ ਕੈਲਗਰੀ' ਦੀ ਸਾਂਝੀ ਮੀਟਿੰਗ ਐਤਵਾਰ 12 ਮਈ ਨੂੰ ਹੋਈ। ਜਿਸਦੇ ਸ਼ੁਰੂ ਵਿਚ ਸਾਰੇ ਹਾਜ਼ਰ ਮੈਂਬਰਾਂ ਵਲੋਂ ਪੰਜਾਬੀ ਦੇ ਲੋਕ-ਪੱਖੀ ਨਾਮਵਰ ਸ਼ਾਇਰ ਸੁਰਜੀਤ ਪਾਤਰ ਜੀ ਦੀ ਅਚਾਨਕ ਮੌਤ 'ਤੇ ਡੂੰਘਾ ਦੁਖ ਪ੍ਰਗਟ ਕੀਤਾ ਗਿਆ। ਉਨ੍ਹਾਂ ਦੀਆਂ ਪੰਜਾਬੀ ਬੋਲੀ ਲਈ ਅਨੇਕਾਂ ਤਰ੍ਹਾਂ ਦੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ।



ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਇਸ ਸਾਲ ਦਾ ਨਾਟਕ ਮੇਲਾ ਪਿਛਲੇ ਸਾਲਾਂ ਦੀ ਤਰ੍ਹਾਂ ਰੈੱਡ ਸਟੋਨ ਨਾਰਥ ਈਸਟ ਥੀਏਟਰ ਵਿਚ ਐਤਵਾਰ 23 ਜੂਨ, ਨੂੰ ਹੋਵੇਗਾ। ਇਸ ਨਾਟਕ ਦੀ ਤਿਆਰੀ ਲਈ ਪਿਛਲੇ ਸਾਲਾਂ ਵਾਂਗ ਲੋਕ ਕਲਾ ਮੰਚ, ਮੰਡੀ ਮੁੱਲਾਂਪੁਰ ਤੋਂ ਲੇਖਕ, ਕਲਾਕਾਰ ਤੇ ਨਿਰਦੇਸ਼ਕ, ਹਰਕੇਸ਼ ਚੌਧਰੀ ਜੂਨ ਦੇ ਪਹਿਲੇ ਹਫਤੇ ਕੈਲਗਰੀ ਪਹੁੰਚ ਰਹੇ ਹਨ।

'ਪ੍ਰੋਗਰੈਸਿਵ ਕਲਾ ਮੰਚ, ਕੈਲਗਰੀ' ਨੂੰ ਨਾਟਕਾਂ ਲਈ ਪੁਰਸ਼ ਕਲਾਕਾਰਾਂ ਦੀ ਲੋੜ ਹੈ, ਜੋ ਕਿ ਇਸ ਨਾਟਕ ਮੇਲੇ ਲਈ ਵਾਲੰਟੀਅਰ ਸੇਵਾਵਾਂ ਕਰ ਸਕਦੇ ਹੋਣ। ਇਸ ਸਬੰਧੀ ਕਮਲਪ੍ਰੀਤ ਪੰਧੇਰ ਨਾਲ਼ 403-479-4220 ਜਾਂ ਕਮਲ ਸਿੱਧੂ ਨਾਲ਼ 403-966-7167 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਜੇ ਕੋਰੀਓਗਰਾਫੀ ਲਈ ਬੱਚੇ ਸ਼ਾਮਿਲ ਕਰਾਉਣੇ ਹਨ ਤਾਂ ਵੀ ਉਪਰਲੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ।

ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਨਾਟਕ ਮੇਲੇ ਦੀ ਟਿਕਟ ਪਹਿਲਾਂ ਵਾਂਗ ਸਿਰਫ ਦਸ ਡਾਲਰ ਹੀ ਹੋਵੇਗੀ। ਇਸ ਨਾਟਕ ਮੇਲੇ ਨੂੰ ਸਪੌਂਸਰ ਕਰ ਕੇ ਸਹਿਯੋਗ ਕਰਨ ਜਾਂ ਕਿਸੇ ਹੋਰ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨਾਲ਼ 403-455-4220 ਜਾਂ ਹਰਚਰਨ ਪ੍ਰਹਾਰ ਨਾਲ਼ 403-681-8689 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਮੀਟਿੰਗ ਵਿਚ ਮਾਸਟਰ ਭਜਨ ਸਿੰਘ, ਕਮਲ ਸਿੱਧੂ, ਹਰਚਰਨ ਪ੍ਰਹਾਰ, ਕਮਲਪ੍ਰੀਤ ਪੰਧੇਰ, ਹਰੀਪਾਲ, ਮਨਜੀਤ ਗਿੱਲ, ਨਵਕਿਰਨ ਢੁੱਡੀਕੇ, ਗੋਪਾਲ ਜੱਸਲ ਆਦਿ ਮੈਂਬਰਾਂ ਨੇ ਭਾਗ ਲਿਆ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਸੁਰਜੀਤ ਪਾਤਰ ਨੂੰ ਸ਼ਰਧਾਂਜਲੀਆਂ

**ਬਰੈਂਪਟਨ:** ਲੰਘੀ 12 ਮਈ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੀ ਕਾਰਜਕਾਰੀ ਕਮੇਟੀ ਦੀ ਹੋਈ ਹੰਗਾਮੀ ਮੀਟਿੰਗ ਵਿਚ ਪੰਜਾਬੀ ਦੇ ਸਿਰਮੌਰ ਕਵੀ ਸੁਰਜੀਤ ਪਾਤਰ ਦੇ ਅਕਾਲ-ਚਲਾਣੇ 'ਤੇ ਮੈਂਬਰਾਂ ਨੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ। ਮੈਂਬਰਾਂ ਦਾ ਕਹਿਣਾ ਸੀ ਕਿ ਸੁਰਜੀਤ ਪਾਤਰ 79 ਸਾਲ ਦੀ ਉਮਰ ਵਿਚ ਵੀ ਪੂਰੇ ਕਾਰਜਸ਼ੀਲ ਸਨ ਅਤੇ ਪੰਜਾਬ ਕਲਾ ਪ੍ਰੀਸ਼ਦ ਦੇ ਪ੍ਰਧਾਨ ਵਜੋਂ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਅ ਰਹੇ ਸਨ। ਉਨ੍ਹਾਂ ਨੇ ਆਪਣੀਆਂ ਕਵਿਤਾਵਾਂ, ਗ਼ਜ਼ਲਾਂ ਅਤੇ ਸਾਹਿਤਕ ਤੇ ਫ਼ਿਲਮੀ ਸੰਵਾਦਾਂ ਰਾਹੀ ਪੰਜਾਬੀ ਮਾਂ-ਬੋਲੀ ਨੂੰ ਹੋਰ ਅਮੀਰ ਕੀਤਾ। ਉਹ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਕਈ ਸਾਲ ਪ੍ਰਧਾਨ ਰਹੇ। ਉਨ੍ਹਾਂ ਦੇ ਸਾਹਿਤਕ ਯੋਗਦਾਨ ਨੂੰ ਮੁੱਖ ਰੱਖਦਿਆਂ ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ ਦੇਸ਼ ਦੇ ਸਰਵੋਤਮ ਇਨਾਮ 'ਪਦਮਸ੍ਰੀ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ।

ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਹਿਸਟਰੀ, ਲੈਂਗੂਏਜ, ਲਿਟਰੇਚਰ ਤੇ ਕਲਚਰ ਡਿਪਾਰਟਮੈਂਟ ਵਿਚ ਲੰਮਾਂ ਸਮਾਂ ਸੇਵਾ ਕਰਨ ਪਿੱਛੋਂ 2005 ਵਿਚ ਸੇਵਾ-ਮੁਕਤ ਹੋਏ। ਇਸ ਦੌਰਾਨ ਆਈਆਂ ਉਨ੍ਹਾਂ ਦੀਆਂ ਪੁਸਤਕਾਂ 'ਹਵਾ 'ਚ ਲਿਖੇ ਹਰਫ਼', 'ਬਿਰਖ਼ ਅਰਜ਼ ਕਰੇ', 'ਹਨੇਰੇ ਵਿਚ ਸੁਲਘਦੀ ਵਰਣਮਾਲਾ', 'ਲਫ਼ਜ਼ਾਂ ਦੀ ਦਰਗਾਹ', ਪੱਤਝੜ ਦੀ ਪਾਜੇਬ' ਅਤੇ 'ਸੁਰਜ਼ਮੀਨ' ਵਿਚਲੀਆਂ ਉਨ੍ਹਾਂ ਦੀਆਂ ਕਵਿਤਾਵਾਂ ਮਨੁੱਖਤਾ ਨੂੰ ਦੂਰਦਰਸ਼ਤਾ, ਚੜ੍ਹਦੀ ਕਲਾ ਅਤੇ ਜੀਵਨ ਵਿਚ



ਅੱਗੇ ਵਧਣ ਦਾ ਸੰਦੇਸ਼ ਦਿੰਦੀਆਂ ਹਨ।

ਉਹ ਨਵੀਆਂ ਰਾਹਾਂ ਤੇ ਪੈੜਾਂ ਦੇ ਪਾਂਧੀ ਸਨ ਅਤੇ ਉਨ੍ਹਾਂ ਪੰਜਾਬੀ ਕਵਿਤਾ ਵਿਚ ਨਵੇਂ ਬਿੰਬਾਂ ਤੇ ਪ੍ਰਤੀਕਾਂ ਰਾਹੀਂ ਆਪਣੀ ਨਵੀਂ ਛਾਪ ਛੱਡੀ। ਸਭਾ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਦੋ ਮਿੰਟ ਦਾ ਮੌਨ ਧਾਰ ਕੇ ਮੈਂਬਰਾਂ ਵੱਲੋਂ ਪ੍ਰਮਾਤਮਾ ਨੂੰ ਉਨ੍ਹਾਂ ਦੀ ਵਿੱਛਵੀ ਰੂਹ ਨੂੰ ਸ਼ਾਂਤੀ ਪ੍ਰਦਾਨ ਕਰਨ ਅਤੇ ਪਰਿਵਾਰ ਦੇ ਮੈਂਬਰਾਂ, ਸਾਕ-ਸਬੰਧੀਆਂ ਅਤੇ ਦੋਸਤਾਂ-ਮਿੱਤਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਅਰਦਾਸ ਕੀਤੀ ਗਈ। ਇਸ ਸ਼ੋਕ-ਸਭਾ ਵਿਚ ਬਲਰਾਜ ਚੀਮਾ, ਕਰਨ ਅਜਾਇਬ ਸਿੰਘ ਸੰਘਾ, ਮਲੂਕ ਸਿੰਘ ਕਾਹਲੋਂ, ਤਲਵਿੰਦਰ ਸਿੰਘ ਮੰਡ, ਡਾ. ਸੁਖਦੇਵ ਸਿੰਘ ਝੰਡ, ਡਾ. ਜਗਮੋਹਨ ਸਿੰਘ ਸੰਘਾ, ਇਕਬਾਲ ਬਰਾੜ, ਮਕਸੂਦ ਚੌਧਰੀ, ਜੱਸੀ ਭੁੱਲਰ, ਰਮਿੰਦਰ ਵਾਲੀਆ, ਡਾ. ਸੁਰਿੰਦਰਜੀਤ ਕੌਰ ਤੇ ਸੁਖਚਰਨਜੀਤ ਕੌਰ ਸ਼ਾਮਲ ਸਨ। *– ਰਿਪੋਰਟ: ਡਾ. ਝੰਡ*

# ਆਦਮਪੁਰ ਦੀ ਸੁਮਿਤਾ ਵਾਹੀ ਸਿੰਘ ਦੇ ਸਿਰ ਸਜਿਆ 'ਸ੍ਰੀਮਤੀ ਭਾਰਤ ਕੈਲੀਫੋਰਨੀਆ' 2024 ਦਾ ਤਾਜ

**ਕੈਲੀਫੋਰਨੀਆ:** ਮਾਈ ਡਰੀਮ ਟੀਵੀ ਯੂਐਸਏ ਦੁਆਰਾ ਬੇ ਏਰੀਆ ਦੇ ਕੇਂਦਰ ਵਿਚ ਕਰਵਾਏ 'ਮਿਸ ਭਾਰਤ ਕੈਲੀਫੋਰਨੀਆ 2024' ਬਿਊਟੀ ਪੇਜੈਂਟ ਵਿਚ ਬਰੈਂਟਵੁੱਡ ਦੀ ਵਸਨੀਕ ਅਤੇ ਮੂਲ ਰੂਪ ਵਿਚ ਜ਼ਿਲ੍ਹਾ ਜਲੰਧਰ ਦੇ ਆਦਮਪੁਰ ਨਾਲ ਸਬੰਧਤ ਸੁਮਿਤਾ ਵਾਹੀ ਸਿੰਘ ਨੇ 'ਮਿਸਿਜ਼ ਭਾਰਤ (ਇੰਡੀਆ) ਕੈਲੀਫੋਰਨੀਆ 2024' ਦਾ ਖਿਤਾਬ ਜਿੱਤਿਆ।



ਉਤਸ਼ਾਹ ਅਤੇ ਗਲੈਮਰ ਨਾਲ ਭਰੇ ਇਸ ਪ੍ਰੋਗਰਾਮ ਵਿਚ ਕੈਲੀਫੋਰਨੀਆ ਦੇ ਪ੍ਰਤੀਯੋਗੀਆਂ ਨੇ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ। ਮੁਕਾਬਲੇ ਦੀ ਸ਼ੁਰੂਆਤ ਐਥਨਿਕ ਵੀਅਰ ਰਾਊਂਡ ਨਾਲ ਹੋਈ, ਜਿੱਥੇ ਪ੍ਰਤੀਯੋਗੀਆਂ ਨੇ ਆਪਣੀ ਸੱਭਿਆਚਾਰਕ ਵਿਰਾਸਤ ਦਾ ਪ੍ਰਦਰਸ਼ਨ ਕਰਦਿਆਂ ਆਪਣੀ ਜਾਣ-ਪਛਾਣ ਕਰਵਾਈ। ਦੂਜੇ ਗੇੜ ਦੌਰਾਨ, ਜੱਜਾਂ ਨੇ ਪ੍ਰਤੀਯੋਗੀਆਂ ਨੂੰ ਸਮਾਜਿਕ ਅਤੇ ਵਿਸ਼ਵ ਮੁੱਦਿਆਂ ਨਾਲ ਸਬੰਧਤ ਸਵਾਲ ਪੁੱਛੇ।

ਸੁਮਿਤਾ ਦੀ ਪ੍ਰਾਪਤੀ ਛੋਟੇ ਕਸਬਿਆਂ ਦੀਆਂ ਕੁੜੀਆਂ ਲਈ ਪ੍ਰੇਰਨਾ ਵਜੋਂ ਕੰਮ ਕਰਦੀ ਹੈ। ਉਸ ਦੀ ਜਿੱਤ ਇਸ ਧਾਰਨਾ ਦੀ ਮਿਸਾਲ ਹੈ ਕਿ ਸਖ਼ਤ ਮਿਹਨਤ ਅਤੇ ਸਵੈ-ਵਿਸ਼ਵਾਸ ਨਾਲ, ਕੁਝ ਵੀ ਸੰਭਵ ਹੈ।

ਜ਼ਿਕਰਯੋਗ ਹੈ ਕਿ ਸੁਮਿਤਾ ਨੇ ਆਪਣੀ ਪੜ੍ਹਾਈ ਐਸ ਡੀ ਪਬਲਿਕ ਸਕੂਲ ਆਦਮਪੁਰ ਅਤੇ ਕੇਂਦਰੀ ਵਿਦਿਆਲਿਆ ਆਦਮਪੁਰ ਤੋਂ ਕੀਤੀ। ਵਿਆਹ ਤੋਂ ਬਾਅਦ ਉਹ ਬਰੈਂਟਵੁੱਡ-ਕੈਲੀਫੋਰਨੀਆ ਆ ਗਈ, ਜਿੱਥੇ ਹੁਣ ਆਪਣੇ ਦੋ ਬੱਚਿਆਂ ਅਤੇ ਪਤੀ ਨਾਲ ਰਹਿੰਦੀ ਹੈ। ਉਹ ਅਮਰੀਕਾ ਵਿਚ ਅਧਿਆਪਕਾ ਵਜੋਨ ਸੇਵਾਵਾਂ ਨਿਭਾ ਰਹੀ ਹੈ। ਉਸ ਦੇ ਪਰਿਵਾਰ ਨੇ ਉਸ ਦੀ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

# ਪੰਜਾਬ 'ਚ 25 ਤੋਂ ਬਾਅਦ ਪ੍ਰਚਾਰ ਸ਼ੁਰੂ ਕਰਨਗੇ ਕੇਜਰੀਵਾਲ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਵਿਚ ਲੋਕ ਸਭਾ ਚੋਣਾਂ ਸਬੰਧੀ ਪਾਰਟੀ ਦੀ ਪ੍ਰਚਾਰ ਮੁਹਿੰਮ ਦੀ ਅਗਵਾਈ ਇਸ ਮਹੀਨੇ ਦੇ ਅਖ਼ੀਰ ਵਿਚ ਸ਼ੁਰੂ ਕੀਤੀ ਜਾਵੇਗੀ। ਸੂਤਰਾਂ ਮੁਤਾਬਕ ਕੇਜਰੀਵਾਲ ਦਿੱਲੀ ਵਿਚ ਚੋਣ ਪ੍ਰਚਾਰ ਕਰਨ ਤੋਂ ਇਲਾਵਾ ਉੱਤਰ ਪ੍ਰਦੇਸ਼, ਹਰਿਆਣਾ ਤੇ ਝਾਰਖੰਡ ਵਿਚ ਵੀ ਪਾਰਟੀ ਉਮੀਦਵਾਰਾਂ ਲਈ ਚੋਣ ਪ੍ਰਚਾਰ ਕਰਨ ਵਾਸਤੇ ਜਾ ਰਹੇ ਹਨ। ਸੂਤਰਾਂ ਮੁਤਾਬਕ ਉਹ ਇਸ ਮਹੀਨੇ ਦੇ ਅਖ਼ੀਰਲੇ ਹਫ਼ਤੇ ਵਿਚ ਪੰਜਾਬ ਵਿਚ ਆਉਣਗੇ ਅਤੇ ਇੱਥੇ ਪਾਰਟੀ ਦੀ ਚੋਣ ਮੁਹਿੰਮ ਦੀ ਅਗਵਾਈ ਕਰਨਗੇ। ਇਸ ਦੌਰਾਨ ਪਾਰਟੀ ਵੱਲੋਂ ਸੂਬੇ ਵਿਚ ਇਕ ਰੋਡ ਸ਼ੋਅ ਕੀਤੇ ਜਾਣ ਦਾ ਪ੍ਰਸਤਾਵ ਵੀ ਹੈ। ਪਾਰਟੀ ਦੇ ਤਰਜਮਾਨ ਨੇ ਕਿਹਾ ਕਿ ਕੇਜਰੀਵਾਲ ਪੰਜਾਬ ਦੇ ਸਾਰੇ ਹਲਕਿਆਂ ਵਿਚ ਜਾਣਗੇ।

# ਅੰਮ੍ਰਿਤਪਾਲ ਸਿੰਘ ਦੇ ਚੋਣ ਮੈਦਾਨ 'ਚ ਆਉਣ ਪਿੱਛੋਂ ਬਦਲੇ ਸਿਆਸੀ ਸਮੀਕਰਨ

**ਅੰਮ੍ਰਿਤਸਰ:** ਲੋਕ ਸਭਾ ਹਲਕਾ ਖਡੂਰ ਸਾਹਿਬ ਨੂੰ ਪਹਿਲਾਂ ਤਰਨ ਤਾਰਨ ਲੋਕ ਸਭਾ ਹਲਕੇ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇੱਥੋਂ ਆਜ਼ਾਦ ਉਮੀਦਵਾਰ ਵਜੋਂ ਅੰਮ੍ਰਿਤਪਾਲ ਸਿੰਘ ਦੀ ਆਮਦ ਨਾਲ ਸਿਆਸੀ ਸਮੀਕਰਨ ਬਦਲਣ ਲੱਗੇ ਹਨ। ਉਸ ਦੀ ਆਮਦ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਦੀ ਜਿੱਤ ਹਾਰ ਨੂੰ ਪ੍ਰਭਾਵਿਤ ਕਰੇਗੀ।

ਇਸ ਲੋਕ ਸਭਾ ਹਲਕੇ ਵਿਚ ਹੁਣ ਤੱਕ ਅੰਮ੍ਰਿਤਪਾਲ ਸਿੰਘ ਤੋਂ ਇਲਾਵਾ ਪੰਜ ਮੁੱਖ ਸਿਆਸੀ ਪਾਰਟੀਆਂ ਦੇ ਉਮੀਦਵਾਰ ਚੋਣ ਮੈਦਾਨ ਵਿਚ ਹਨ ਜਿਨ੍ਹਾਂ 'ਚ ਕਾਂਗਰਸ ਵੱਲੋਂ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ, 'ਆਪ' ਵੱਲੋਂ ਮੌਜੂਦਾ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ, ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ, ਭਾਜਪਾ ਵੱਲੋਂ ਸਾਬਕਾ ਵਿਧਾਇਕ ਮਨਜੀਤ ਸਿੰਘ ਮੰਨਾ ਮੀਆਂਵਿੰਡ ਤੇ ਖੱਬੇ ਪੱਖੀ ਧਿਰਾਂ ਸੀ.ਪੀ.ਆਈ. ਵੱਲੋਂ ਗੁਰਦਿਆਲ ਸਿੰਘ ਸ਼ਾਮਲ ਹਨ। ਇਸ ਕਾਰਨ ਇਸ ਲੋਕ ਸਭਾ ਹਲਕੇ ਵਿਚ ਵੀ ਇਸ ਵਾਰ ਬਹੁਕੋਣਾ ਮੁਕਾਬਲਾ ਹੋਵੇਗਾ। ਪਿਛੋਕੜ 'ਤੇ ਜੇਕਰ ਝਾਤ ਮਾਰੀ ਜਾਵੇ ਤਾਂ 2008 ਤੋਂ ਪਹਿਲਾਂ ਇਹ ਹਲਕਾ ਤਰਨ ਤਾਰਨ ਲੋਕ ਸਭਾ ਹਲਕੇ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਪਰ 2009 ਵਿਚ ਇਸ ਨੂੰ ਖਡੂਰ ਸਾਹਿਬ ਲੋਕ ਸਭਾ ਹਲਕੇ ਦੇ ਰੂਪ ਵਿਚ ਬਦਲ ਦਿੱਤਾ ਗਿਆ ਅਤੇ ਇਸ ਵਿਚ ਕਈ ਨਵੇਂ ਵਿਧਾਨ ਸਭਾ ਹਲਕੇ ਸ਼ਾਮਲ ਕੀਤੇ ਗਏ। ਇਸ ਲੋਕ ਸਭਾ ਹਲਕੇ ਹੇਠ ਆਉਂਦੇ ਨੌਂ ਵਿਧਾਨ ਸਭਾ ਹਲਕੇ ਵੱਖ-ਵੱਖ ਚਾਰ ਜ਼ਿਲ੍ਹਿਆਂ ਤੋਂ ਹਨ ਜਿਨ੍ਹਾਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਦੋ ਵਿਧਾਨ ਸਭਾ ਹਲਕੇ ਜੰਡਿਆਲਾ ਅਤੇ ਬਾਬਾ ਬਕਾਲਾ, ਤਰਨ ਤਾਰਨ ਜ਼ਿਲ੍ਹੇ ਦੇ ਚਾਰ ਤਰਨ ਤਾਰਨ, ਖਡੂਰ ਸਾਹਿਬ, ਪੱਟੀ ਅਤੇ ਖੇਮਕਰਨ, ਕਪੂਰਥਲਾ ਜ਼ਿਲ੍ਹੇ ਦੇ ਕਪੂਰਥਲਾ ਤੇ ਸੁਲਤਾਨਪੁਰ ਲੋਧੀ ਅਤੇ ਫਿਰੋਜ਼ਪੁਰ ਜ਼ਿਲ੍ਹੇ ਦਾ ਜ਼ੀਰਾ ਹਲਕਾ ਸ਼ਾਮਲ ਹੈ।



### ਚੋਣ ਮੈਦਾਨ 'ਚੋਂ ਹਟਣ ਦੀਆਂ ਖ਼ਬਰਾਂ ਬੇਬੁਨਿਆਦ: ਵਲਟੋਹਾ

**ਅੰਮ੍ਰਿਤਸਰ:** ਸੋਸ਼ਲ ਮੀਡੀਆ ਉਤੇ ਫੈਲਾਈਆਂ ਜਾ ਰਹੀਆਂ ਅਫਵਾਹਾਂ ਦਾ ਖੰਡਨ ਕਰਦਿਆਂ ਲੋਕ ਸਭਾ ਚੋਣਾਂ ਵਿਚ ਖਡੂਰ ਸਾਹਿਬ ਹਲਕੇ ਤੋਂ ਚੋਣ ਲੜ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਉਹ ਆਪਣੇ ਵਿਰੋਧੀਆਂ ਨੂੰ ਹਰਾਉਣ ਲਈ ਪੂਰੀ ਤਰ੍ਹਾਂ ਮੈਦਾਨ ਵਿਚ ਹਨ। ਸੋਸ਼ਲ ਮੀਡੀਆ 'ਤੇ ਖ਼ਬਰ ਵਾਇਰਲ ਹੋ ਰਹੀ ਹੈ ਕਿ ਵਲਟੋਹਾ ਨੇ ਆਪਣੀ ਉਮੀਦਵਾਰੀ ਵਾਪਸ ਲੈ ਲਈ ਹੈ। ਸ੍ਰੀ ਵਲਟੋਹਾ ਨੇ ਇਨ੍ਹਾਂ ਖ਼ਬਰਾਂ ਨੂੰ ਝੂਠਾ ਦੱਸਿਆ।

### ਅੰਮ੍ਰਿਤਪਾਲ ਦਾ ਨਾਮਜ਼ਦਗੀ ਪੱਤਰ ਵਕੀਲ ਵੱਲੋਂ ਦਾਖ਼ਲ

**ਤਰਨ ਤਾਰਨ:** ਹਲਕਾ ਖਡੂਰ ਸਾਹਿਬ ਤੋਂ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਆਗੂ ਅੰਮ੍ਰਿਤਪਾਲ ਸਿੰਘ ਦਾ ਨਾਮਜ਼ਦਗੀ ਪੱਤਰ ਉਸ ਦੇ ਵਕੀਲ ਹਰਜੋਤ ਸਿੰਘ ਮਾਨ ਨੇ ਆਜ਼ਾਦ ਉਮੀਦਵਾਰ ਵਜੋਂ ਦਾਖ਼ਲ ਕਰਵਾਇਆ। ਇਸ ਮੌਕੇ ਅੰਮ੍ਰਿਤਪਾਲ ਸਿੰਘ ਦੇ ਚਾਚਾ ਸੁਖਚੈਨ ਸਿੰਘ ਮੌਜੂਦ ਸਨ। ਨਾਮਜ਼ਦਗੀ ਪੱਤਰ ਰਿਟਰਨਿੰਗ ਅਧਿਕਾਰੀ ਡੀ.ਸੀ. ਸੰਦੀਪ ਕੁਮਾਰ ਦੀ ਥਾਂ ਉਨ੍ਹਾਂ ਦੇ ਸਹਾਇਕ ਰਿਟਰਨਿੰਗ ਅਧਿਕਾਰੀ-ਕਮ-ਐਸ.ਡੀ.ਐਮ. ਸਿਮਰਨਦੀਪ ਸਿੰਘ ਨੇ ਪ੍ਰਾਪਤ ਕੀਤਾ। ਭਾਜਪਾ ਉਮੀਦਵਾਰ ਮਨਜੀਤ ਸਿੰਘ ਮੰਨਾ ਅਤੇ ਸੀ.ਪੀ.ਆਈ. ਦੇ ਉਮੀਦਵਾਰ ਗੁਰਦਿਆਲ ਸਿੰਘ ਨੇ ਵੀ ਕਾਗਜ਼ ਦਾਖ਼ਲ ਕੀਤੇ। ਅੰਮ੍ਰਿਤਪਾਲ ਦੇਸ਼ ਦੇ ਸਾਰੇ ਉਮੀਦਵਾਰਾਂ ਵਿਚੋਂ ਸ਼ਾਇਦ ਸਭ ਤੋਂ ਗਰੀਬ ਹੋਵੇਗਾ। ਉਸ ਕੋਲ ਕੇਵਲ 1000 ਰੁਪਏ ਦੀ ਹੀ ਚੱਲ ਸੰਪਤੀ ਹੈ।

### ਸਿਆਸੀ ਧਿਰਾਂ ਅੰਮ੍ਰਿਤਪਾਲ ਸਿੰਘ ਦਾ ਨਾਂ ਲੈਣ ਤੋਂ ਟਾਲਾ ਵੱਟਣ ਲੱਗੀਆਂ

**ਤਰਨ ਤਾਰਨ:** 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਆਗੂ ਅੰਮ੍ਰਿਤਪਾਲ ਸਿੰਘ ਦੇ ਖਡੂਰ ਸਾਹਿਬ ਹਲਕੇ ਤੋਂ ਚੋਣ ਮੈਦਾਨ ਵਿਚ ਆਉਣ 'ਤੇ ਲੋਕਾਂ ਵਿਚ ਹਾਂ ਪੱਖੀ ਚਰਚਾ ਸ਼ੁਰੂ ਹੋ ਗਈ ਹੈ ਜਦਕਿ ਵਿਰੋਧੀ ਧਿਰਾਂ ਉਸ ਖ਼ਿਲਾਫ਼ ਜਾਂ ਮੰਚ ਤੋਂ ਉਸ ਬਾਰੇ ਕੋਈ ਗੱਲ ਕਰਨ ਤੋਂ ਟਾਲਾ ਵੱਟਣ ਲੱਗੀਆਂ ਹਨ। ਅੰਮ੍ਰਿਤਪਾਲ ਸਿੰਘ ਦੀ ਚੋਣ ਮੁਹਿੰਮ ਨੂੰ ਉਸ ਦੀ ਮਾਤਾ ਬਲਵਿੰਦਰ ਕੌਰ, ਪਿਤਾ ਤਰਸੇਮ ਸਿੰਘ ਤੇ ਚਾਚਾ ਸੁਖਚੈਨ ਸਿੰਘ ਆਪਣੇ ਸੀਮਤ ਸਾਧਨਾਂ ਨਾਲ ਚਲਾ ਰਹੇ ਹਨ। ਉਹ ਪਿੰਡਾਂ ਵਿਚ ਤੇ ਲੋਕਾਂ ਦੇ ਵਿਹੜਿਆਂ ਅੰਦਰ ਇਕੱਠ ਕਰਦੇ ਹਨ ਅਤੇ ਸਾਧਾਰਨ ਭਾਸ਼ਾ ਵਿਚ ਅੰਮ੍ਰਿਤਪਾਲ ਸਿੰਘ ਵੱਲੋਂ ਨਸ਼ਿਆਂ ਖ਼ਿਲਾਫ਼ ਲਹਿਰ ਚਲਾਉਣ ਅਤੇ ਅੰਮ੍ਰਿਤ ਛਕਾਉਣ ਨਾਲ ਪੰਜਾਬ ਦੀ ਜਵਾਨੀ ਨੂੰ ਬਚਾਉਣ ਦੀ ਗੱਲ ਕਰਦੇ ਹਨ।

ਇਸ ਲੋਕ ਸਭਾ ਹਲਕੇ ਦੇ ਨੌਂ ਵਿਧਾਨ ਸਭਾ ਹਲਕਿਆਂ 'ਚੋਂ ਸੱਤ 'ਚ 'ਆਪ' ਵਿਧਾਇਕ ਕਾਬਜ਼ ਹਨ ਜਦਕਿ ਇਕ ਵਿਧਾਨ ਸਭਾ ਹਲਕੇ 'ਚ ਕਾਂਗਰਸ ਤੇ ਇਕ ਵਿਧਾਨ ਸਭਾ ਹਲਕੇ ਵਿਚ ਆਜ਼ਾਦ ਵਿਧਾਇਕ ਕਾਬਜ਼ ਹੈ। ਇਸ ਕਾਰਨ ਕਿਹਾ ਜਾ ਸਕਦਾ ਹੈ ਕਿ ਇਸ ਵੇਲੇ ਲੋਕ ਸਭਾ ਹਲਕੇ 'ਤੇ 'ਆਪ' ਦਾ ਦਬਦਬਾ ਹੈ।

ਸਾਲ 1952 ਤੋਂ ਲੈ ਕੇ 2019 ਤੱਕ ਇਸ ਹਲਕੇ ਵਿਚ ਹੋਈਆਂ ਲੋਕ ਸਭਾ ਚੋਣਾਂ ਅਤੇ ਉਪ ਚੋਣਾਂ ਦੌਰਾਨ ਸੱਤ ਵਾਰ ਕਾਂਗਰਸੀ ਉਮੀਦਵਾਰ ਅਤੇ 11 ਵਾਰ ਅਕਾਲੀ ਉਮੀਦਵਾਰ ਜਿੱਤੇ ਹਨ ਜਿਨ੍ਹਾਂ ਵਿਚ 1989 ਵਿਚ ਸਿਮਰਨਜੀਤ ਸਿੰਘ ਮਾਨ ਵੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਵਜੋਂ ਚੋਣ ਜਿੱਤ ਚੁੱਕੇ ਹਨ। ਇਸ ਤੋਂ ਇਲਾਵਾ 10 ਵਾਰ ਅਕਾਲੀ ਦਲ ਦੇ ਉਮੀਦਵਾਰ ਚੋਣ ਜਿੱਤੇ ਹਨ ਜਿਸ ਵਿਚ ਸਭ ਤੋਂ ਵਧੇਰੇ ਤੁੜ ਪਰਿਵਾਰ ਦੇ ਜੀਅ ਸ਼ਾਮਲ ਸਨ। 2019 ਦੀਆਂ ਲੋਕ ਸਭਾ ਚੋਣਾਂ ਵਿਚ ਜਦੋਂ ਇੱਕ ਵਾਰ ਮੁੜ ਕਾਂਗਰਸ ਦੇ ਜਸਬੀਰ ਸਿੰਘ ਡਿੰਪਾ ਨੇ ਇਸ ਹਲਕੇ ਵਿਚ ਸੰਨ੍ਹ ਲਾਈ ਸੀ ਤਾਂ ਉਸ ਵੇਲੇ ਵੀ ਪੰਥਕ ਵੋਟ ਵੰਡੀ ਗਈ ਸੀ। ਅਕਾਲੀ ਦਲ ਦੀ ਉਮੀਦਵਾਰ ਬੀਬੀ ਜਗੀਰ ਕੌਰ ਅਤੇ ਪੰਥਕ ਉਮੀਦਵਾਰ ਵਜੋਂ ਬੀਬੀ ਪਰਮਜੀਤ ਕੌਰ ਖਾਲੜਾ ਨੇ ਚੋਣ ਲੜੀ ਸੀ। ਜੇ ਦੋਵਾਂ ਉਮੀਦਵਾਰਾਂ ਦੀ ਵੋਟ ਫੀਸਦ ਨੂੰ ਜੋੜਿਆ ਜਾਵੇ ਤਾਂ ਉਨ੍ਹਾਂ ਨੇ 50 ਫੀਸਦ ਵੋਟ ਪ੍ਰਾਪਤ ਕੀਤੀ ਸੀ ਜਦਕਿ ਕਾਂਗਰਸ ਦੇ ਉਮੀਦਵਾਰ ਨੇ 43 ਫੀਸਦ ਵੋਟ ਪ੍ਰਾਪਤ ਕੀਤੀ ਸੀ ਪਰ ਸਿੱਖ ਵੋਟ ਵੰਡੇ ਜਾਣ ਕਾਰਨ ਕਾਂਗਰਸੀ ਉਮੀਦਵਾਰ ਨੂੰ ਲਾਹਾ ਮਿਲਿਆ ਸੀ। ਇਸ ਵਾਰ ਪੰਥਕ ਵੋਟਰਾਂ ਦਾ ਝੁਕਾਅ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਖਾਲਸਾ ਵੱਲ ਵਧ ਰਿਹਾ ਹੈ। ਅੰਮ੍ਰਿਤਪਾਲ ਸਿੰਘ ਇਸ ਵੇਲੇ ਐਨ.ਐਸ.ਏ. ਹੇਠ ਅਸਾਮ ਦੇ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹੈ। ਉਸ ਦੇ ਆਜ਼ਾਦ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਨਿਤਰਨ ਕਾਰਨ ਪਿਛਲੀ ਵਾਰ ਚੋਣ ਲੜ ਚੁੱਕੀ ਬੀਬੀ ਪਰਮਜੀਤ ਕੌਰ ਖਾਲੜਾ ਵੀ ਉਸ ਦੇ ਹੱਕ ਵਿਚ ਆ ਗਈ ਹੈ।

## ਆਨੰਦਪੁਰ ਸਾਹਿਬ: ਕਾਂਗਰਸ ਦੀ ਬਾਹਰੀ ਉਮੀਦਵਾਰਾਂ ਉਤੇ ਰਹੀ ਟੇਕ

**ਨਵਾਂ ਸ਼ਹਿਰ:** ਕਾਂਗਰਸ ਨੇ ਲੋਕ ਸਭਾ ਹਲਕਾ ਆਨੰਦਪੁਰ ਸਾਹਿਬ ਤੋਂ ਕਦੇ ਵੀ ਸਥਾਨਕ ਪਾਰਟੀ ਆਗੂ ਨੂੰ ਚੋਣ ਲੜਨ ਦਾ ਮੌਕਾ ਨਹੀਂ ਦਿੱਤਾ। ਪਾਰਟੀ ਨੇ ਹੁਣ ਤੱਕ ਦੀਆਂ ਸਾਰੀਆਂ ਲੋਕ ਸਭਾ ਚੋਣਾਂ ਵਿਚ ਦੂਜੇ ਹਲਕੇ ਦੇ ਹੀ ਆਗੂਆਂ ਨੂੰ ਆਪਣਾ ਉਮੀਦਵਾਰ ਬਣਾਇਆ ਹੈ।

ਇਸ ਹਲਕੇ ਤੋਂ ਕਾਂਗਰਸ ਦੇ ਚੋਣ ਮੈਦਾਨ 'ਚ ਉਤਰੇ ਉਕਤ ਆਗੂਆਂ 'ਚ ਰਵਨੀਤ ਸਿੰਘ ਬਿੱਟੂ, ਅੰਬਿਕਾ ਸੋਨੀ, ਮਨੀਸ਼ ਤਿਵਾੜੀ ਸ਼ਾਮਲ ਹਨ। ਇਹ ਸਾਰੇ ਆਗੂ ਕ੍ਰਮਵਾਰ ਲੁਧਿਆਣਾ, ਦਿੱਲੀ ਤੇ ਲੁਧਿਆਣਾ ਤੋਂ ਲਿਆਂਦੇ ਗਏ ਸਨ ਤੇ ਹੁਣ ਸੰਗਰੂਰ ਤੋਂ ਵਿਜੈਇੰਦਰ ਸਿੰਗਲਾ ਨੂੰ ਲਿਆਂਦਾ ਗਿਆ ਹੈ। ਕਾਂਗਰਸ ਵੱਲੋਂ ਇਸ ਹਲਕੇ ਤੋਂ ਪਹਿਲੀ ਵਾਰ ਲੁਧਿਆਣਾ ਤੋਂ ਹਲਕਾ ਬਦਲ ਕੇ ਖੜ੍ਹੇ ਕੀਤੇ ਰਵਨੀਤ ਸਿੰਘ ਬਿੱਟੂ 2009 'ਚ ਸੰਸਦ ਮੈਂਬਰ ਬਣ ਗਏ ਸਨ।

ਉਨ੍ਹਾਂ ਤੋਂ ਬਾਅਦ ਪਾਰਟੀ ਦੇ ਕੌਮੀ ਆਗੂ ਬੀਬੀ ਅੰਬਿਕਾ ਸੋਨੀ 2014 'ਚ ਦਿੱਲੀ ਤੋਂ ਆ ਕੇ ਚੋਣ ਲੜੇ ਪਰ ਹਾਰ ਗਏ। ਇਵੇਂ 2019 'ਚ ਲੁਧਿਆਣਾ ਤੋਂ ਹੀ ਲਿਆਂਦੇ ਮਨੀਸ਼ ਤਿਵਾੜੀ ਵੀ ਇੱਥੋਂ ਸੰਸਦ ਮੈਂਬਰ ਚੁਣੇ ਗਏ। ਇਸ ਵਾਰ ਵੀ ਕਾਂਗਰਸ ਨੇ ਉਕਤ ਵਰਤਾਰੇ ਵਾਂਗ ਵਿਜੈਇੰਦਰ ਸਿੰਗਲਾ ਨੂੰ ਸੰਗਰੂਰ ਤੋਂ ਲਿਆ ਕੇ ਇਸ ਹਲਕੇ ਦਾ ਉਮੀਦਵਾਰ ਬਣਾਇਆ ਹੈ। ਦੱਸਣਯੋਗ ਹੈ ਕਿ ਇਸ ਹਲਕੇ ਦੇ ਕਿਸੇ ਵੀ ਆਗੂ ਨੇ ਪਾਰਟੀ ਦੇ ਉਕਤ ਫ਼ੈਸਲੇ ਦਾ ਕਦੇ ਵੀ ਵਿਰੋਧ ਨਹੀਂ ਕੀਤਾ। ਇਸ ਵਾਰੀ ਵੀ ਭਾਵੇਂ ਪਾਰਟੀ ਦਾ ਉਮੀਦਵਾਰ ਓਪਰਾ ਹੈ ਪਰ ਲੋਕ ਸਭਾ ਦੇ ਸਾਰੇ ਆਗੂ ਤੇ ਵਰਕਰ ਤਨਦੇਹੀ ਨਾਲ ਡਟੇ ਹੋਏ ਹਨ।



### ਅਕਾਲੀ ਦਲ ਵੱਲੋਂ ਹਰਜਿੰਦਰ ਕੌਰ ਦੀ ਮੈਂਬਰਸ਼ਿਪ ਖ਼ਤਮ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਚੰਡੀਗੜ੍ਹ ਤੋਂ ਐਸ.ਜੀ.ਪੀ.ਸੀ. ਮੈਂਬਰ ਬੀਬੀ ਹਰਜਿੰਦਰ ਕੌਰ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ਾਂ ਤਹਿਤ ਤੁਰਤ ਪ੍ਰਭਾਵ ਨਾਲ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਕੱਢ ਦਿੱਤਾ ਗਿਆ ਹੈ। ਇਹ ਫੈਸਲਾ ਪਾਰਟੀ ਦੇ ਸਕੱਤਰ ਜਨਰਲ ਬਲਵਿੰਦਰ ਸਿੰਘ ਭੂੰਦੜ ਨੇ ਚੰਡੀਗੜ੍ਹ ਇਕਾਈ ਦੀ ਮਹਿਲਾ ਆਗੂ ਵੱਲੋਂ ਭਾਜਪਾ ਉਮੀਦਵਾਰ ਦਾ ਸਮਰਥਨ ਕੀਤੇ ਜਾਣ ਦੀਆਂ ਸ਼ਿਕਾਇਤਾਂ ਮਿਲਣ ਉਪਰੰਤ ਲਿਆ। ਸਕੱਤਰ ਜਨਰਲ ਨੇ ਕਿਹਾ ਕਿ ਉਨ੍ਹਾਂ ਨੂੰ ਉਕਤ ਮਹਿਲਾ ਮੈਂਬਰ ਦੀਆਂ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਵੀਡੀਓ ਸਬੂਤ ਮਿਲੇ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਇਹ ਫੈਸਲਾ ਚੰਡੀਗੜ੍ਹ ਇਕਾਈ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਲਿਆ ਗਿਆ ਹੈ।

### ਹਰਦੀਪ ਸਿੰਘ ਬੁਟਰੇਲਾ ਸਾਥੀਆਂ ਸਣੇ 'ਆਪ' 'ਚ ਸ਼ਾਮਲ

**ਚੰਡੀਗੜ੍ਹ:** ਚੰਡੀਗੜ੍ਹ ਤੋਂ ਕੌਂਸਲਰ ਹਰਦੀਪ ਸਿੰਘ ਬੁਟਰੇਲਾ ਨੇ ਆਪਣੇ ਸਾਥੀਆਂ ਸਣੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਚੰਡੀਗੜ੍ਹ ਵਿਖੇ ਆਪਣੀ ਰਿਹਾਇਸ਼ 'ਤੇ ਹਰਦੀਪ ਸਿੰਘ ਬੁਟਰੇਲਾ ਨੂੰ ਸਿਰੋਪਾਓ ਪਾ ਕੇ ਸਵਾਗਤ ਕੀਤਾ। ਹਰਦੀਪ ਸਿੰਘ ਬੁਟਰੇਲਾ ਚੰਡੀਗੜ੍ਹ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਲੋਕ ਸਭਾ ਉਮੀਦਵਾਰ ਸਨ ਪਰ ਉਨ੍ਹਾਂ ਨੇ ਦਲ ਤੋਂ ਅਸਤੀਫਾ ਦੇ ਦਿੱਤਾ ਸੀ।

## 'ਆਪ' ਵਿਚੋਂ ਤਿੰਨ ਕੌਂਸਲਰ ਮੁੜ ਅਕਾਲੀ ਦਲ 'ਚ ਸ਼ਾਮਲ

**ਮੋਗਾ:** ਹਾਕਮ ਧਿਰ 'ਆਪ' ਨਾਲ ਜੁੜੇ ਤਿੰਨ ਕੌਂਸਲਰ ਮੁੜ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ। ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਗਿੱਲ ਲੰਢੇਕੇ ਅਤੇ ਹਲਕਾ ਇੰਚਾਰਜ ਸੰਜੀਤ ਸਿੰਘ ਸਨੀ ਗਿੱਲ ਨੇ ਦੱਸਿਆ ਕਿ ਤਿੰਨ ਮੌਜੂਦਾ ਕੌਂਸਲਰ ਗੌਰਵ ਗੁਪਤਾ ਗੁੱਡੂ, ਕੌਂਸਲਰ ਰੇਨੂੰ ਬਾਲਾ ਅਤੇ ਕੌਂਸਲਰ ਸਪਨਾ ਤੋਂ ਇਲਾਵਾ ਸਾਬਕਾ ਕੌਂਸਲਰ ਦੀਪਇੰਦਰ ਸਿੰਘ ਸੰਧੂ ਤੇ ਹਲਕਾ ਅਬਜ਼ਰਵਰ ਗੋਵਰਧਨ ਪੋਪਲੀ ਨੇ ਵੀ ਘਰ ਵਾਪਸੀ ਕੀਤੀ ਹੈ।

ਸਾਬਕਾ ਕੌਂਸਲਰ ਗੋਵਰਧਨ ਪੋਪਲੀ ਦੀ ਪਤਨੀ ਸਰੋਜ ਰਾਣੀ ਵੀ ਮੌਜੂਦਾ ਕੌਂਸਲਰ ਹਨ। ਲੋਕ ਸਭਾ ਚੋਣਾਂ ਦੌਰਾਨ ਕੌਂਸਲਰਾਂ ਦੀ ਘਰ ਵਾਪਸੀ ਨੇ ਹਾਕਮ ਧਿਰ ਨੂੰ ਵੱਡਾ ਝਟਕਾ ਦਿੱਤਾ ਹੈ। ਇਸ ਮੌਕੇ ਕੌਂਸਲਰਾਂ ਨੇ ਕਿਹਾ ਕਿ ਉਹ ਗੁਮਰਾਹ ਹੋ ਕੇ 'ਆਪ' ਵਿਚ ਗਏ ਸਨ ਪਰ ਹੁਣ ਉਹ ਅਕਾਲੀ ਦਲ ਵਿਚ ਸ਼ਾਮਲ ਹੋਏ ਹਨ। ਜ਼ਿਕਰਯੋਗ ਹੈ ਕਿ ਨਿਗਮ ਚੋਣਾਂ 2021 ਵੇਲੇ ਅਕਾਲੀ ਦਲ ਵਿਚੋਂ 'ਆਪ' ਵਿਚ ਸ਼ਾਮਲ ਹੋਏ ਕੌਂਸਲਰ ਗੌਰਵ ਗੁਪਤਾ ਗੁੱਡੂ ਸ਼ਹਿਰ ਦੇ ਵੱਡੇ ਕਾਰੋਬਾਰੀ ਹਨ। ਉਸ ਨੂੰ ਹਾਕਮ ਧਿਰ ਵੱਲੋਂ 'ਮੇਅਰ' ਦੀ ਕੁਰਸੀ ਦਾ ਥਾਪੜਾ ਮਿਲਣ ਮਗਰੋਂ ਉਹ ਅਕਾਲੀ ਦਲ ਛੱਡ ਕੇ 'ਆਪ' ਵਿਚ ਸ਼ਾਮਲ ਹੋਇਆ ਸੀ। 2023 ਵਿਚ ਹਾਕਮ ਧਿਰ ਵੱਲੋਂ ਕਾਂਗਰਸੀ ਮੇਅਰ ਨੀਤਿਕਾ ਭੱਲਾ ਨੂੰ ਅਹੁਦੇ ਤੋਂ ਲਾਂਭੇ ਕਰਨ ਵਿਚ ਗੁੱਡੂ ਦੀ ਅਹਿਮ ਭੂਮਿਕਾ ਰਹੀ ਸੀ। ਹਾਕਮ ਧਿਰ ਨੇ ਕੌਂਸਲਰ ਗੁੱਡੂ ਨੂੰ ਮੇਅਰ ਬਣਾਉਣ ਲਈ ਕਾਫ਼ੀ ਯਤਨ ਕੀਤੇ ਪਰ ਐਨ ਆਖ਼ਰੀ ਸਮੇਂ ਸਰਕਾਰ ਨੇ ਕੌਂਸਲਰ ਬਲਜੀਤ ਸਿੰਘ ਚਾਨੀ ਨੂੰ ਮੇਅਰ ਬਣਾ ਦਿੱਤਾ ਸੀ।



### ਭਾਜਪਾ ਸੂਬੇ 'ਚੋਂ ਇਕ ਵੀ ਸੀਟ ਨਹੀਂ ਜਿੱਤ ਸਕਦੀ: ਜਗੀਰ ਕੌਰ

**ਜਲੰਧਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਮਹਿੰਦਰ ਸਿੰਘ ਕੇਪੀ ਦੇ ਹੱਕ ਵਿਚ ਚੋਣ ਮੀਟਿੰਗਾਂ ਕੀਤੀਆਂ। ਉਨ੍ਹਾਂ ਬੜੇ ਦਾਅਵੇ ਨਾਲ ਕਿਹਾ ਕਿ ਪੰਜਾਬੀਆਂ ਵੱਲੋਂ ਇਹ ਗਰੰਟੀ ਦਿੱਤੀ ਜਾ ਰਹੀ ਕਿ ਪੰਜਾਬ ਵਿਚੋਂ ਇਕ ਵੀ ਸੀਟ ਭਾਜਪਾ ਜਿੱਤ ਨਹੀਂ ਸਕਦੀ।

## ਹਰਸਿਮਰਤ ਨੇ ਮੋਦੀ ਤੇ ਸ਼ਾਹ ਅੱਗੇ ਆਵਾਜ਼ ਬੁਲੰਦ ਕੀਤੀ: ਸੁਖਬੀਰ

**ਤਲਵੰਡੀ ਸਾਬੋ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਿੰਡ ਜਗਾ ਰਾਮ ਤੀਰਥ, ਕੋਰੇਆਣਾ, ਗਿਆਨਾ ਵਿਚ ਲੋਕ ਸਭਾ ਹਲਕਾ ਬਠਿੰਡਾ ਤੋਂ ਅਕਾਲੀ ਦਲ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਦੇ ਹੱਕ ਵਿਚ ਜਨ ਸਭਾਵਾਂ ਨੂੰ ਸੰਬੋਧਨ ਕੀਤਾ। ਸ੍ਰੀ ਬਾਦਲ ਨੇ ਕਿਹਾ ਕਿ ਬੀਬੀ ਬਾਦਲ ਨੇ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਸੰਸਦ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਅੱਗੇ ਆਵਾਜ਼ ਬੁਲੰਦ ਕੀਤੀ। ਇਸ ਲਈ ਉਹ ਹੀ ਵੋਟਾਂ ਦੀ ਹੱਕਦਾਰ ਹੈ ਤਾਂ ਜੋ ਉਹ ਲੋਕ ਸਭਾ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਮੁੱਦੇ ਚੁੱਕਦੀ ਰਹੇ।



ਉਨ੍ਹਾਂ ਭਗਵੰਤ ਮਾਨ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਨੇ ਬਠਿੰਡਾ ਰੋਡ ਸ਼ੋਅ ਦੌਰਾਨ ਆਪਣਾ ਜੂਠਾ ਪਾਣੀ ਆਪਣੀ ਦਸਤਾਰ 'ਤੇ ਪਾ ਕੇ ਪੱਗ ਦਾ ਅਪਮਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਨੇ ਲੋਕ ਭਲਾਈ ਦੀਆਂ ਸਾਰੀਆਂ ਸਕੀਮਾਂ ਤਕਰੀਬਨ ਬੰਦ ਕਰ ਰੱਖੀਆਂ ਹਨ। ਜਦੋਂ ਸੂਬੇ ਵਿੱਚ ਅਕਾਲੀ ਦਲ ਦੀ ਸਰਕਾਰ ਆਈ ਉਹ ਸਾਰੀਆਂ ਸਕੀਮਾਂ ਦੁਬਾਰਾ ਚਾਲੂ ਕਰਾਂਗੇ।

# ਰੂਸ ਵੱਲੋਂ ਖਾਰਕੀਵ ਵਿਚ ਨਵੇਂ ਸਿਰੇ ਤੋਂ ਹਮਲਾ

**ਕੀਵ:** ਰੂਸੀ ਫ਼ੌਜ ਨੇ ਯੂਕਰੇਨ ਦੇ ਉੱਤਰ-ਪੂਰਬ 'ਚ ਨਵੇਂ ਸਿਰੇ ਤੋਂ ਹਮਲਾ ਕੀਤਾ ਹੈ ਜਿਸ 'ਚ ਕਈ ਵਿਅਕਤੀ ਮਾਰੇ ਅਤੇ ਕਈ ਜ਼ਖ਼ਮੀ ਹੋ ਗਏ। ਖਾਰਕੀਵ ਖਿੱਤੇ 'ਚ 1700 ਤੋਂ ਵਧ ਲੋਕਾਂ ਨੂੰ ਇਲਾਕਾ ਖਾਲੀ ਕਰਨਾ ਪਿਆ ਹੈ। ਰੂਸ ਦੇ ਰੱਖਿਆ ਮੰਤਰੀ ਅਨੁਸਾਰ ਫੌਜ ਨੇ ਪੰਜ ਪਿੰਡਾਂ 'ਤੇ ਕਬਜ਼ਾ ਕਰ ਲਿਆ ਹੈ, ਉਧਰ ਖਾਰਕੀਵ ਦੇ ਗਵਰਨਰ ਓਲੇਹ ਸਿਨੀਏਹੁਬੋਵ ਦਾ ਕਹਿਣਾ ਕਿ 30 ਤੋਂ ਜ਼ਿਆਦਾ ਵੱਖ ਵੱਖ ਨਗਰਾਂ ਅਤੇ ਪਿੰਡਾਂ 'ਚ ਹਮਲੇ ਕੀਤੇ ਗਏ ਹਨ ਜਿਨ੍ਹਾਂ 'ਚ ਤਿੰਨ ਵਿਅਕਤੀ ਹਲਾਕ ਅਤੇ ਪੰਜ ਹੋਰ ਜ਼ਖ਼ਮੀ ਹੋ ਗਏ।



ਯੂਕਰੇਨ ਨੇ ਰੂਸੀ ਹਮਲੇ ਦੇ ਟਾਕਰੇ ਲਈ ਖਾਰਕੀਵ ਖ਼ਿੱਤੇ 'ਚ ਹੋਰ ਫ਼ੌਜੀ ਟੁਕੜੀਆਂ ਭੇਜੀਆਂ ਹਨ। ਇਸ ਹਮਲੇ ਨਾਲ ਰੂਸ ਵੱਲੋਂ ਬਫ਼ਰ ਜ਼ੋਨ ਬਣਾਉਣ ਦੀ ਕੋਸ਼ਿਸ਼ ਸ਼ੁਰੂ ਹੋ ਸਕਦੀ ਹੈ ਜਿਸ ਦਾ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਅਹਿਦ ਲਿਆ ਹੋਇਆ ਹੈ।

ਯੂਕਰੇਨੀ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਨੇ ਪੁਸ਼ਟੀ ਕੀਤੀ ਹੈ ਕਿ ਰੂਸੀ ਫ਼ੌਜ ਨੇ ਹਮਲੇ ਵਧਾ ਦਿੱਤੇ ਹਨ। ਉਨ੍ਹਾਂ ਮੁਲਕ ਦੇ ਪੱਛਮੀ ਭਾਈਵਾਲਾਂ ਨੂੰ ਹੋਕਾ ਦਿੱਤਾ ਕਿ ਉਹ ਫ਼ੌਜੀ ਸਹਾਇਤਾ ਤੇਜ਼ੀ ਨਾਲ ਪਹੁੰਚਾਉਣਾ ਯਕੀਨੀ ਬਣਾਉਣ। ਰੂਸੀ ਫ਼ੌਜ ਵੱਲੋਂ ਇਲਾਕੇ ਦੇ ਅਹਿਮ ਸਪਲਾਈ ਰੂਟ ਬੰਦ ਕਰਨ ਦੀ ਵੀ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਰੂਸ ਨੇ ਜੰਗ ਦੇ ਸ਼ੁਰੂਆਤੀ ਦਿਨਾਂ 'ਚ ਖਾਰਕੀਵ ਨੂੰ ਕਬਜ਼ੇ 'ਚ ਲੈਣ ਦੀ ਕੋਸ਼ਿਸ਼ ਕੀਤੀ ਸੀ ਪਰ ਕਰੀਬ ਇਕ ਮਹੀਨੇ ਮਗਰੋਂ ਫ਼ੌਜ ਬਾਹਰਲੇ ਇਲਾਕਿਆਂ ਤੋਂ ਪਿਛਾਂਹ ਹਟ ਗਈ ਸੀ ਕਿਉਂਕਿ ਯੂਕਰੇਨੀ ਫ਼ੌਜ ਨੇ ਉਨ੍ਹਾਂ ਨੂੰ ਖਾਰਕੀਵ ਤੋਂ ਬਾਹਰ ਜਾਣ ਲਈ ਮਜਬੂਰ ਕਰ ਦਿੱਤਾ ਸੀ। ਇਸ ਜਵਾਬੀ ਕਾਰਵਾਈ ਕਾਰਨ ਪੱਛਮੀ ਮੁਲਕਾਂ ਨੂੰ ਆਸ ਬੱਝ ਗਈ ਸੀ ਕਿ ਯੂਕਰੇਨ ਵੱਲੋਂ ਰੂਸ ਨੂੰ ਜੰਗ 'ਚ ਹਰਾਇਆ ਜਾ ਸਕਦਾ ਹੈ ਅਤੇ ਉਹ ਯੂਕਰੇਨ ਦੀ ਮਦਦ ਲਈ ਅੱਗੇ ਆਏ ਸਨ।

## ਗਾਜ਼ਾ 'ਚ ਸਾਡੇ ਹਥਿਆਰਾਂ ਦੀ ਵਰਤੋਂ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ: ਅਮਰੀਕਾ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਪ੍ਰਸ਼ਾਸਨ ਨੇ ਕਿਹਾ ਕਿ ਗਾਜ਼ਾ ਵਿਚ ਇਜ਼ਰਾਈਲ ਵੱਲੋਂ ਅਮਰੀਕਾ ਵੱਲੋਂ ਮੁਹੱਈਆ ਕਰਵਾਏ ਹਥਿਆਰਾਂ ਦੀ ਵਰਤੋਂ ਕੌਮਾਂਤਰੀ ਕਾਨੂੰਨ ਦੀ ਸੰਭਾਵਿਤ ਉਲੰਘਣਾ ਹੋ ਸਕਦੀ ਹੈ ਪਰ ਚੱਲ ਰਹੇ ਯੁੱਧ ਕਾਰਨ ਅਮਰੀਕੀ ਅਧਿਕਾਰੀਆਂ ਕੋਲ ਹਾਲੇ ਇਸ ਦੇ ਪੂਰੇ ਸਬੂਤ ਨਹੀਂ ਹਨ। ਅਮਰੀਕਾ ਦੇ ਸਹਿਯੋਗੀ ਮੁਲਕ ਵੱਲੋਂ ਗਾਜ਼ਾ ਵਿਚ ਜੰਗ ਛੇੜ ਕੇ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ ਕਰਨ ਦੇ 'ਵਾਜਬ' ਸਬੂਤਾਂ ਵਾਲੀ ਰਿਪੋਰਟ ਅਮਰੀਕੀ ਸੰਸਦ ਵਿਚ ਪੇਸ਼ ਕੀਤੀ ਜਾਣੀ ਹੈ। ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਇਜ਼ਰਾਈਲ ਖ਼ਿਲਾਫ਼ ਕੀਤੀ ਗਈ ਇਹ ਹੁਣ ਤੱਕ ਦੀ ਸਭ ਤੋਂ ਸਖ਼ਤ ਟਿੱਪਣੀ ਮੰਨੀ ਜਾ ਰਹੀ ਹੈ।

## ਚੀਨ ਖਾਸ ਮੁੱਦਿਆਂ ਦੇ ਹੱਲ ਲਈ ਭਾਰਤ ਨਾਲ ਕੰਮ ਕਰਨ ਵਾਸਤੇ ਤਿਆਰ: ਸਫੀਰ


**ਪੇਈਚਿੰਗ:** ਚੀਨ ਦੇ ਭਾਰਤ 'ਚ ਨਿਯੁਕਤ ਕੀਤੇ ਗਏ ਨਵੇਂ ਸਫ਼ੀਰ ਸ਼ੂ ਫੇਈਹੋਂਗ ਨੇ ਕਿਹਾ ਹੈ ਕਿ ਉਨ੍ਹਾਂ ਦਾ ਮੁਲਕ ਭਾਰਤ ਨਾਲ ਵਾਰਤਾ ਰਾਹੀਂ ਖਾਸ ਮੁੱਦਿਆਂ ਦੇ ਹੱਲ ਲਈ ਕੰਮ ਕਰਨ ਵਾਸਤੇ ਤਿਆਰ ਹੈ। ਫੇਈਹੋਂਗ ਨੇ ਦਿੱਲੀ 'ਚ ਆਪਣੀ ਤਾਇਨਾਤੀ ਲਈ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦਾ ਧੰਨਵਾਦ ਕਰਦਿਆਂ ਕਿਹਾ ਕਿ ਦੁਵੱਲੇ ਸਬੰਧਾਂ 'ਚ ਸੁਧਾਰ ਲਈ ਉਨ੍ਹਾਂ ਨੂੰ ਖਾਸ ਮਿਸ਼ਨ ਲਈ ਚੁਣਿਆ ਗਿਆ ਹੈ।



ਦਿੱਲੀ ਲਈ ਰਵਾਨਾ ਹੋਣ ਤੋਂ ਪਹਿਲਾਂ ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਦੋਵੇਂ ਮੁਲਕਾਂ ਦੇ ਲੋਕਾਂ ਵਿਚਕਾਰ ਦੋਸਤੀ ਹੋਰ ਗੂੜ੍ਹੀ ਕਰਨ ਅਤੇ ਵੱਖ-ਵੱਖ ਖੇਤਰਾਂ 'ਚ ਸਹਿਯੋਗ ਵਧਾਉਣ ਲਈ ਕੰਮ ਕਰਨਗੇ। ਸ਼ੂ ਇਸ ਤੋਂ ਪਹਿਲਾਂ ਅਫ਼ਗਾਨਿਸਤਾਨ ਅਤੇ ਰੋਮਾਨੀਆ 'ਚ ਚੀਨ ਦੇ ਸਫ਼ੀਰ ਰਹੇ ਹਨ। ਉਨ੍ਹਾਂ ਹੁਕਮਰਾਨ ਕਮਿਊਨਿਸਟ ਪਾਰਟੀ ਆਫ਼ ਚੀਨ 'ਚ ਸੀਨੀਅਰ ਅਹੁਦਿਆਂ 'ਤੇ ਵੀ ਕੰਮ ਕੀਤਾ ਹੈ। ਉਹ ਸੁਨ ਵੇਈਡੋਂਗ ਦੀ ਥਾਂ ਲੈਣਗੇ ਜਿਨ੍ਹਾਂ ਦਾ ਅਕਤੂਬਰ 2022 'ਚ ਕਾਰਜਕਾਲ ਸਮਾਪਤ ਹੋ ਗਿਆ ਸੀ ਅਤੇ ਉਹ ਮੌਜੂਦਾ ਸਮੇਂ 'ਚ ਚੀਨ ਦੇ ਉਪ ਵਿਦੇਸ਼ ਮੰਤਰੀ ਹਨ। ਸ਼ੂ ਨੂੰ 18 ਮਹੀਨਿਆਂ ਦੀ ਦੇਰੀ ਨਾਲ ਭਾਰਤ ਦਾ ਸਫ਼ੀਰ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਅਹਿਮ ਹੈ ਕਿਉਂਕਿ ਪਿਛਲੇ ਕੁਝ ਸਾਲਾਂ ਤੋਂ ਦੋਵੇਂ ਮੁਲਕਾਂ ਵਿਚਕਾਰ ਲੱਦਾਖ 'ਚ ਟਕਰਾਅ ਚੱਲ ਰਿਹਾ ਹੈ।

## ਚੋਣ ਬਾਂਡ ਦੇਸ਼ ਦਾ ਸਭ ਤੋਂ ਵੱਡਾ ਘੁਟਾਲਾ: ਪ੍ਰਸ਼ਾਂਤ ਭੂਸ਼ਣ

**ਕੋਲਕਾਤਾ:** ਵਕੀਲ ਪ੍ਰਸ਼ਾਂਤ ਭੂਸ਼ਣ ਨੇ ਚੋਣ ਬਾਂਡ ਨੂੰ ਭਾਰਤੀ ਲੋਕਤੰਤਰ ਦੇ ਇਤਿਹਾਸ ਦਾ ਸਭ ਤੋਂ ਵੱਡਾ ਘੁਟਾਲਾ ਕਰਾਰ ਦਿੱਤਾ ਅਤੇ ਕਿਹਾ ਕਿ ਸੁਪਰੀਮ ਕੋਰਟ ਕਾਰਪੋਰੇਟਾਂ ਅਤੇ ਸਿਆਸੀ ਪਾਰਟੀਆਂ ਵਿਚਾਲੇ ਗੰਢਤੁਪ ਦੀ ਜਾਂਚ ਸਿਟ ਤੋਂ ਕਰਵਾਉਣ ਦੀ ਮੰਗ ਸਬੰਧੀ ਪਟੀਸ਼ਨ 'ਤੇ ਜਲਦੀ ਹੀ ਸੁਣਵਾਈ ਕਰੇਗੀ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਦੀ ਨਿਗਰਾਨੀ ਹੇਠ ਇਕ ਨਿਰਪੱਖ ਸਿਟ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ। ਕੋਲਕਾਤਾ ਪ੍ਰੈੱਸ ਕਲੱਬ ਵਿਚ ਭੂਸ਼ਣ ਨੇ ਕਿਹਾ, "ਸਿਟ ਬਣਾਉਣ ਲਈ ਸੁਪਰੀਮ ਕੋਰਟ ਵਿਚ ਦਾਇਰ ਪਟੀਸ਼ਨ 'ਤੇ ਸੁਣਵਾਈ ਜਲਦੀ ਸ਼ੁਰੂ ਹੋਵੇਗੀ।



ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਦੀ ਨਿਗਰਾਨੀ ਹੇਠ ਨਿਰਪੱਖ ਸਿਟ ਦਾ ਗਠਨ ਕੀਤਾ ਜਾਣਾ ਚਾਹੀਦਾ ਹੈ। ਇਸ ਮਾਮਲੇ ਵਿਚ ਮੁਲਜ਼ਮ ਹੋਣ ਕਰਕੇ ਸੀ.ਬੀ.ਆਈ. ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ) ਨੂੰ ਇਸ ਵਿਚ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ।" ਉਨ੍ਹਾਂ ਕਿਹਾ ਕਿ ਜਾਂਚ ਤੋਂ ਪਤਾ ਲੱਗ ਜਾਵੇਗਾ ਕਿ ਚੋਣ ਬਾਂਡ ਵਿਚ ਕੌਣ ਸ਼ਾਮਲ ਸੀ ਅਤੇ ਕਿਵੇਂ ਸਿਆਸੀ ਪਾਰਟੀਆਂ ਤੋਂ ਪੈਸਾ ਵਾਪਸ ਲਿਆ ਜਾ ਸਕਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੰਪਨੀਆਂ ਵੱਲੋਂ ਚੋਣ ਬਾਂਡ ਇਕਰਾਰਨਾਮੇ ਲਈ ਰਿਸ਼ਵਤ ਦੇਣ, ਕੇਂਦਰੀ ਜਾਂਚ ਏਜੰਸੀਆਂ ਤੋਂ ਲੋਕਾਂ ਨੂੰ ਬਚਾਉਣ, ਨੀਤੀਆਂ ਵਿਚ ਹੇਰਾਫੇਰੀ ਕਰਨ ਅਤੇ ਡਰੱਗ ਰੈਗੂਲੇਟਰਾਂ ਨੂੰ ਪ੍ਰਭਾਵਿਤ ਕਰਨ ਲਈ ਵਰਤਿਆ ਗਿਆ ਸੀ। ਉਨ੍ਹਾਂ ਕਿਹਾ ਕਿ 16,500 ਕਰੋੜ ਰੁਪਏ ਦੇ ਚੋਣ ਬਾਂਡ 'ਚੋਂ ਅੱਧਾ ਹਿੱਸਾ ਭਾਜਪਾ ਕੋਲ ਗਿਆ ਅਤੇ ਬਾਕੀ ਹਿੱਸਾ ਟੀ.ਐਮ.ਸੀ. ਤੇ ਕਾਂਗਰਸ ਜਿਹੀਆਂ ਪਾਰਟੀਆਂ ਕੋਲ ਗਿਆ। ਹਾਲਾਂਕਿ ਜੋ ਲੋਕ ਸ਼ਾਸਨ ਨਹੀਂ ਕਰ ਰਹੇ ਸਨ, ਉਨ੍ਹਾਂ ਨੂੰ ਕੋਈ ਪੈਸਾ ਨਹੀਂ ਮਿਲਿਆ। ਉਨ੍ਹਾਂ ਦੋਸ਼ ਲਾਇਆ ਕਿ ਇਕ ਟੈਲੀਕਾਮ ਕੰਪਨੀ ਨੇ ਭਾਜਪਾ ਨੂੰ 100 ਕਰੋੜ ਰੁਪਏ ਤੋਂ ਵੱਧ ਦੇ ਚੋਣ ਬਾਂਡ ਦਿੱਤੇ ਅਤੇ ਇਸ ਲਈ ਦਰਾਮਦ ਨੀਤੀ 'ਚ ਤਬਦੀਲੀ ਕਰ ਦਿੱਤੀ ਗਈ।

## ਪੰਨੂ ਮਾਮਲੇ 'ਚ ਭਾਰਤ ਵੱਲੋਂ ਕੀਤੀ ਕਾਰਵਾਈ ਤੋਂ ਬਾਇਡਨ ਪ੍ਰਸ਼ਾਸਨ ਸੰਤੁਸ਼ਟ

**ਵਾਸ਼ਿੰਗਟਨ:** ਭਾਰਤ ਵਿਚ ਅਮਰੀਕਾ ਦੇ ਰਾਜਦੂਤ ਐਰਿਕ ਗਾਰਸੇਟੀ ਨੇ ਕਿਹਾ ਕਿ ਬਾਇਡਨ ਪ੍ਰਸ਼ਾਸਨ ਨੇ ਅਮਰੀਕੀ ਸਰਜ਼ਮੀਨ ਉੱਤੇ ਸਿੱਖ ਵੱਖਵਾਦੀ ਆਗੂ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਵਿਚ ਭਾਰਤੀ ਅਧਿਕਾਰੀਆਂ ਦੀ ਸ਼ਮੂਲੀਅਤ ਸਬੰਧੀ ਦੋਸ਼ਾਂ ਨੂੰ ਲੈ ਕੇ ਭਾਰਤ ਤੋਂ ਜਿਸ ਜਵਾਬਦੇਹੀ ਦੀ ਉਮੀਦ ਕੀਤੀ ਸੀ, ਉਹ ਉਸ ਬਾਰੇ ਹੁਣ ਤੱਕ ਚੁੱਕੇ ਕਦਮਾਂ ਤੋਂ ਸੰਤੁਸ਼ਟ ਹੈ। ਅਮਰੀਕਾ ਦੇ ਸੰਘੀ ਵਕੀਲਾਂ ਨੇ ਪਿਛਲੇ ਸਾਲ ਨਵੰਬਰ ਵਿਚ ਭਾਰਤੀ ਨਾਗਰਿਕ ਨਿਖਿਲ ਗੁਪਤਾ 'ਤੇ ਪੰਨੂ ਦੀ ਹੱਤਿਆ ਦੀ ਨਾਕਾਮ ਸਾਜ਼ਿਸ਼ ਵਿਚ ਭਾਰਤ ਸਰਕਾਰ ਦੇ ਇਕ ਮੁਲਾਜ਼ਮ ਨਾਲ ਮਿਲ ਕੇ ਕੰਮ ਕਰਨ ਦਾ ਦੋਸ਼ ਲਾਇਆ ਸੀ।

ਅਤਿਵਾਦ ਦੇ ਦੋਸ਼ਾਂ ਤਹਿਤ ਭਾਰਤ ਵਿਚ ਲੋੜੀਂਦੇ ਪੰਨੂ ਕੋਲ ਅਮਰੀਕਾ ਤੇ ਕੈਨੇਡਾ ਦੀ ਦੋਹਰੀ ਨਾਗਰਿਕਤਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਗੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ (ਯੂ.ਏ.ਪੀ.ਏ) ਤਹਿਤ ਪੰਨੂ ਨੂੰ ਦਹਿਸ਼ਤਗਰਦ ਮਨੋਨੀਤ ਕੀਤਾ ਹੋਇਆ ਹੈ। ਅਮਰੀਕੀ ਰਾਜਦੂਤ ਗਾਰਸੇਟੀ ਨੇ ਸਿਖਰਲੇ ਅਮਰੀਕੀ ਥਿੰਕ ਟੈਂਕ 'ਵਿਦੇਸ਼ ਮਾਮਲਿਆਂ ਕੌਂਸਲ' (ਸੀ.ਐਫ.ਆਰ) ਵੱਲੋਂ ਕਰਵਾਏ ਸਮਾਗਮ ਦੌਰਾਨ ਇਕ ਸਵਾਲ ਦੇ ਜਵਾਬ ਵਿਚ ਕਿਹਾ, "ਕਿਸੇ ਵੀ ਰਿਸ਼ਤੇ ਵਿਚ ਉਤਰਾਅ-ਚੜ੍ਹਾਅ ਆ ਸਕਦੇ ਹਨ ਅਤੇ ਇਸ ਮਾਮਲੇ ਵਿਚ ਇਹ ਰਿਸ਼ਤਿਆਂ ਵਿਚ ਪਹਿਲੀ ਵੱਡੀ ਲੜਾਈ ਹੋ ਸਕਦੀ ਸੀ ਅਤੇ ਸ਼ੁਕਰ ਹੈ ਕਿ ਅਸੀਂ ਜਿਹੋ ਜਿਹੀ ਜਵਾਬਦੇਹੀ ਦੀ ਉਮੀਦ ਕਰ ਰਹੇ ਸੀ, ਬਾਇਡਨ ਪ੍ਰਸ਼ਾਸਨ ਹੁਣ ਤੱਕ ਉਸ ਤੋਂ ਸੰਤੁਸ਼ਟ ਹੈ, ਕਿਉਂਕਿ ਅਮਰੀਕਾ ਤੇ ਸਾਡੇ ਨਾਗਰਿਕਾਂ ਲਈ ਇਹ ਅਸਵੀਕਾਰਯੋਗ ਹੈ।"



## ਇਜ਼ਰਾਇਲੀ ਫੌਜ ਰਾਫਾਹ ਦੇ ਧੁਰ ਅੰਦਰ ਤੱਕ ਪੁੱਜੀ

**ਰਾਫ਼ਾਹ:** ਇਜ਼ਰਾਇਲੀ ਫ਼ੌਜ ਹੁਣ ਜਦੋਂ ਰਾਫ਼ਾਹ ਅੰਦਰ ਦਾਖ਼ਲ ਹੋ ਚੁੱਕੀ ਹੈ ਤਾਂ ਹਮਾਸ ਨੇ ਗਾਜ਼ਾ ਦੇ ਹੋਰ ਟਿਕਾਣਿਆਂ 'ਤੇ ਆਪਣੀ ਪੈਂਠ ਮੁੜ ਬਣਾਉਣੀ ਸ਼ੁਰੂ ਕਰ ਦਿੱਤੀ ਹੈ। ਇਜ਼ਰਾਈਲ ਦਾ ਮੰਨਣਾ ਹੈ ਕਿ ਰਾਫ਼ਾਹ ਹਮਾਸ ਦਾ ਆਖਰੀ ਗੜ੍ਹ ਹੈ ਅਤੇ ਉਹ ਦਹਿਸ਼ਤੀ ਜਥੇਬੰਦੀ ਨੂੰ ਢਾਹ ਲਾਉਣ ਲਈ ਇਸ ਨੂੰ ਫ਼ਤਿਹ ਕਰਨਾ ਚਾਹੁੰਦਾ ਹੈ।



ਰਾਫ਼ਾਹ ਤੋਂ ਤਿੰਨ ਲੱਖ ਦੇ ਕਰੀਬ ਲੋਕ ਸੁਰੱਖਿਅਤ ਥਾਵਾਂ 'ਤੇ ਚਲੇ ਗਏ ਹਨ। ਇਜ਼ਰਾਈਲ ਚਾਹੁੰਦਾ ਹੈ ਕਿ ਜੰਗ ਤੋਂ ਬਾਅਦ ਉਹ ਗਾਜ਼ਾ 'ਤੇ ਆਪਣੀ ਮਰਜ਼ੀ ਨਾਲ ਰਾਜ ਕਰੇ। ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਅਮਰੀਕਾ ਦੀ ਪ੍ਰਸਤਾਵਿਤ ਯੋਜਨਾ ਖਾਰਜ ਕਰ ਦਿੱਤੀ ਹੈ ਜਿਸ 'ਚ ਉਸ ਨੂੰ ਕਿਹਾ ਗਿਆ ਸੀ ਕਿ ਉਹ ਗਾਜ਼ਾ ਫਲਸਤੀਨੀ ਅਥਾਰਿਟੀ ਦੇ ਹਵਾਲੇ ਕਰ ਦੇਵੇ ਤਾਂ ਜੋ ਉਹ ਅਰਬ ਮੁਲਕਾਂ ਦੀ ਸਹਾਇਤਾ ਨਾਲ ਉਸ ਨੂੰ ਚਲਾ ਸਕਣ। ਗਾਜ਼ਾ 'ਚ ਹੁਣ ਕੋਈ ਸਰਕਾਰ ਨਹੀਂ ਹੈ ਜਿਸ ਨਾਲ ਹਮਾਸ ਨੂੰ ਮੁੜ ਤੋਂ ਇਕਜੁੱਟ ਹੋਣ ਦਾ ਮੌਕਾ ਮਿਲ ਗਿਆ ਹੈ।

ਫਲਸਤੀਨੀਆਂ ਮੁਤਾਬਕ ਇਜ਼ਰਾਈਲ ਨੇ ਜਬਾਲੀਆ ਸ਼ਰਨਾਰਥੀ ਕੈਂਪ ਅਤੇ ਗਾਜ਼ਾ ਪੱਟੀ ਦੇ ਹੋਰ ਇਲਾਕਿਆਂ 'ਚ ਰਾਤ ਸਮੇਂ ਜ਼ੋਰਦਾਰ ਬੰਬਾਰੀ ਕੀਤੀ ਜਿਸ ਨਾਲ ਉਥੇ ਤਬਾਹੀ ਦਾ ਮੰਜ਼ਰ ਹੈ। ਇਜ਼ਰਾਇਲੀ ਫ਼ੌਜ ਦੇ ਤਰਜਮਾਨ ਰੀਅਰ ਐਡਮਿਰਲ ਡੈਨੀਅਲ ਹਗਾਰੀ ਨੇ ਕਿਹਾ ਕਿ ਉਨ੍ਹਾਂ ਦੇ ਜਵਾਨ ਗਾਜ਼ਾ ਦੇ ਸਾਰੇ ਹਿੱਸਿਆਂ 'ਚ ਲੜ ਰਹੇ ਹਨ।

ਉਨ੍ਹਾਂ ਕਿਹਾ ਕਿ ਜਬਾਲੀਆ ਅਤੇ ਜ਼ੇਇਤੂਨ ਸਮੇਤ ਬੇਇਤ ਲਾਹੀਆ ਅਤੇ ਬੇਇਤ ਹਾਨਾਊਨ 'ਚ ਵੀ ਜੰਗ ਚੱਲ ਰਹੀ ਹੈ। ਉਧਰ ਮਿਸਰ ਦੇ ਇਕ ਸੀਨੀਅਰ ਅਧਿਕਾਰੀ ਨੇ ਖ਼ਬਰ ਏਜੰਸੀ ਨੂੰ ਦੱਸਿਆ ਕਿ ਕਾਹਿਰਾ ਨੇ ਆਪਣੀ ਸਰਹੱਦ ਨੇੜੇ ਰਾਫ਼ਾਹ 'ਚ ਕਾਰਵਾਈ ਲਈ ਇਜ਼ਰਾਈਲ, ਅਮਰੀਕਾ ਅਤੇ ਯੂਰਪੀਅਨ ਸਰਕਾਰਾਂ ਕੋਲ ਇਤਰਾਜ਼ ਜਤਾਇਆ ਹੈ।

## ਸੰਯੁਕਤ ਰਾਸ਼ਟਰ ਵੱਲੋਂ ਫਲਸਤੀਨ ਨੂੰ ਪੂਰਨ ਮੈਂਬਰ ਵਜੋਂ ਸ਼ਾਮਲ ਕਰਨ ਦਾ ਮਤਾ ਪਾਸ

**ਸੰਯੁਕਤ ਰਾਸ਼ਟਰ:** ਫਲਸਤੀਨ ਨੂੰ ਸੰਯੁਕਤ ਰਾਸ਼ਟਰ ਦੇ ਪੂਰਨ ਮੈਂਬਰ ਵਜੋਂ ਸ਼ਾਮਲ ਕੀਤੇ ਜਾਣ ਸਬੰਧੀ ਮਤਾ ਸੰਯੁਕਤ ਰਾਸ਼ਟਰ ਮਹਾ ਸਭਾ 'ਚ ਵੱਡੇ ਬਹੁਮਤ ਨਾਲ ਪਾਸ ਹੋ ਗਿਆ ਅਤੇ ਭਾਰਤ ਨੇ ਵੀ ਇਸ ਮਤੇ ਦੇ ਹੱਕ 'ਚ ਵੋਟ ਪਾਈ ਹੈ। ਮਤੇ ਦੇ ਹੱਕ 'ਚ 143 ਜਦਕਿ ਵਿਰੋਧ 'ਚ 9 ਵੋਟਾਂ ਪਈਆਂ।

ਪ੍ਰਾਪਤ ਜਾਣਕਾਰੀ ਅਨੁਸਾਰ 193 ਮੈਂਬਰੀ ਮਹਾ ਸਭਾ ਦੇ ਵਿਸ਼ੇਸ਼ ਸੈਸ਼ਨ 'ਚ ਸੰਯੁਕਤ ਰਾਸ਼ਟਰ 'ਚ ਫਲਸਤੀਨ ਰਾਜ ਦੀ ਪੂਰਨ ਮੈਂਬਰਸ਼ਿਪ ਦੀ ਹਮਾਇਤ ਵਿਚ ਅਰਬ ਸਮੂਹ ਦਾ ਮਤਾ 'ਸੰਯੁਕਤ ਰਾਸ਼ਟਰ 'ਚ ਨਵੇਂ ਮੈਂਬਰਾਂ ਦਾ ਦਾਖਲਾ' ਅਮੀਰਾਤ ਵੱਲੋਂ ਪੇਸ਼ ਕੀਤਾ ਗਿਆ। ਮਤੇ ਦੇ ਹੱਕ 'ਚ ਭਾਰਤ ਸਮੇਤ 143 ਵੋਟਾਂ ਪਈਆਂ ਜਦਕਿ ਵਿਰੋਧ ਵਿੱਚ ਨੌਂ ਵੋਟਾਂ ਪਈਆਂ ਅਤੇ 25 ਮੈਂਬਰ ਗ਼ੈਰਹਾਜ਼ਰ ਰਹੇ। ਵੋਟ ਪਾਏ ਜਾਣ ਮਗਰੋਂ ਸਾਰਾ ਸਦਨ ਤਾੜੀਆਂ ਨਾਲ ਗੂੰਜ ਉੱਠਿਆ। ਮਤੇ ਅਨੁਸਾਰ ਸੰਯੁਕਤ ਰਾਸ਼ਟਰ ਚਾਰਟਰ ਦੀ ਧਾਰਾ 4 ਅਨੁਸਾਰ 'ਫਲਸਤੀਨ ਰਾਜ ਸੰਯੁਕਤ ਰਾਸ਼ਟਰ 'ਚ ਮੈਂਬਰਸ਼ਿਪ ਦੇ ਯੋਗ ਹੈ ਅਤੇ ਇਸ ਲਈ ਉਸ ਨੂੰ ਸੰਯੁਕਤ ਰਾਸ਼ਟਰ ਦੇ ਮੈਂਬਰ ਵਜੋਂ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।' ਮਤੇ ਵਿਚ ਸੁਰੱਖਿਆ ਕੌਂਸਲ ਨੂੰ ਇਸ ਮਸਲੇ 'ਤੇ ਪੁਨਰ ਵਿਚਾਰ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਭਾਰਤ ਇਕੋ-ਇਕੋ ਗੈਰ-ਅਰਬ ਮੁਲਕ ਹੈ ਜਿਸ ਨੇ ਫਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਨੂੰ ਮਾਨਤਾ ਦਿੱਤੀ ਸੀ। ਭਾਰਤ 1988 ਤੇ 1996 ਵਿਚ ਫਲਸਤੀਨ ਰਾਜ ਨੂੰ ਮਾਨਤਾ ਦੇਣ ਵਾਲਾ ਪਹਿਲਾ ਮੁਲਕ ਵੀ ਹੈ।

## ਇੰਡੋਨੇਸ਼ੀਆ ਵਿਚ ਮੀਂਹ ਤੇ ਹੜ੍ਹਾਂ ਨਾਲ ਤਬਾਹੀ

**ਪਡਾਂਗ (ਇੰਡੋਨੇਸ਼ੀਆ):** ਇੰਡੋਨੇਸ਼ੀਆ ਦੇ ਸੁਮਾਟਰਾ ਟਾਪੂ 'ਤੇ ਜ਼ੋਰਦਾਰ ਮੀਂਹ ਅਤੇ ਜਵਾਲਾਮੁਖੀ ਦੀਆਂ ਢਲਾਣਾਂ ਤੋਂ ਵਹਿਣ ਵਾਲੇ ਠੰਢੇ ਲਾਵੇ ਤੇ ਚਿੱਕੜ ਕਾਰਨ ਅਚਾਨਕ ਆਏ ਹੜ੍ਹ ਵਿਚ ਘੱਟੋ-ਘੱਟ 37 ਵਿਅਕਤੀਆਂ ਦੀ ਮੌਤ ਹੋ ਗਈ ਜਦੋਂਕਿ ਡੇਢ ਦਰਜਨ ਲਾਪਤਾ ਹਨ। ਅਧਿਕਾਰੀਆਂ ਨੇ ਦੱਸਿਆ ਕਿ ਪੱਛਮੀ ਸੁਮਾਟਰਾ ਦੇ ਅਗਮ ਤੇ ਤਨਹਾ ਦਾਤਾਰ ਜ਼ਿਲ੍ਹਿਆਂ ਵਿਚ ਮੌਨਸੂਨੀ ਮੀਂਹ ਅਤੇ ਮਾਊਂਟੀ ਮਾਰਾਪੀ 'ਤੇ ਵਹਿ ਰਹੇ ਠੰਢੇ ਲਾਵੇ ਕਾਰਨ ਸ਼ਨਿਚਰਵਾਰ ਰਾਤ ਨੂੰ ਦਰਿਆ ਦੇ ਕੰਢੇ ਟੁੱਟ ਗਏ ਅਤੇ ਪਾਣੀ ਦਾ ਵਹਾਅ ਪਹਾੜੀ ਪਿੰਡਾਂ ਨੂੰ ਚੀਰਦਾ ਹੋਇਆ ਅੱਗੇ ਵਧ ਗਿਆ।

ਕੌਮੀ ਆਫਤ ਪ੍ਰਬੰਧਨ ਏਜੰਸੀ ਦੇ ਤਰਜਮਾਨ ਅਬਦੁਲ ਮੁਹਾਰੀ ਨੇ ਦੱਸਿਆ ਕਿ ਇਨ੍ਹਾਂ ਹੜ੍ਹਾਂ ਨੇ ਲੋਕਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਅਤੇ ਸੌ ਤੋਂ ਵੱਧ ਘਰ ਤੇ ਇਮਾਰਤਾਂ ਡੁੱਬ ਗਈਆਂ। ਮੁਹਾਰੀ ਨੇ ਦੱਸਿਆ ਕਿ ਬਚਾਅ ਕਰਮੀਆਂ ਨੇ ਅਗਮ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਕੇਨਡੌਂਗ ਪਿੰਡ ਵਿਚੋਂ 19 ਅਤੇ ਗੁਆਂਢੀ ਜ਼ਿਲ੍ਹੇ ਤਨਾਹ ਦਾਤਾਰ ਵਿਚੋਂ ਨੌਂ ਲਾਸ਼ਾਂ ਬਰਾਮਦ ਕੀਤੀਆਂ ਹਨ। ਏਜੰਸੀ ਨੇ ਦੱਸਿਆ ਕਿ ਅੱਠ ਲਾਸ਼ਾਂ ਪਡਾਂਗ ਪੈਰਿਆਮਨ ਵਿਚ ਚਿੱਕੜ ਵਿਚੋਂ ਕੱਢੀਆਂ ਗਈਆਂ ਹਨ, ਜਦੋਂਕਿ ਇਕ ਲਾਸ਼ ਪਡਾਂਗ ਪੰਜਾਂਗ ਸ਼ਹਿਰ ਤੋਂ ਮਿਲੀ ਹੈ।

ਪੰਜਾਬ ਟਾਈਮਜ਼

ਸ਼ਨਿਚਰਵਾਰ, 18 ਮਈ, 2024

# ਚੋਣਾਂ ਵਾਲੀ ਸਿਆਸਤ

ਪੰਜਾਬ ਵਿਚ ਲੋਕ ਸਭਾ ਚੋਣਾਂ ਲਈ ਨਾਮਜ਼ਦਗੀਆਂ ਦਾ ਕੰਮ ਮੁਕੰਮਲ ਹੋ ਗਿਆ ਹੈ। ਸੂਬੇ ਦੀਆਂ 13 ਲੋਕ ਸਭਾ ਸੀਟਾਂ ਲਈ ਵੋਟਾਂ ਪਹਿਲੀ ਜੂਨ ਨੂੰ ਪੈਣੀਆਂ ਹਨ ਅਤੇ 4 ਜੂਨ ਨੂੰ ਮੁਲਕ ਭਰ ਵਿਚ ਨਤੀਜੇ ਐਲਾਨੇ ਜਾਣੇ ਹਨ। ਪੰਜਾਬ ਵਿਚ ਐਤਕੀਂ ਪਿਛਲੀਆਂ ਸਾਰੀਆਂ ਲੋਕ ਸਭਾ ਚੋਣਾਂ ਨਾਲੋਂ ਵੱਖਰਾ ਰੰਗ ਹੈ। ਪਿਛਲੀ ਵਾਰ 2019 ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਆਪਣੇ ਚਿਰਾਂ ਤੋਂ ਚੱਲ ਰਹੇ ਗੱਠਜੋੜ ਤਹਿਤ ਚੋਣਾਂ ਲੜੀਆਂ ਸਨ। ਐਤਕੀਂ ਦੋਵੇਂ ਪਾਰਟੀਆਂ ਵੱਖਰੇ-ਵੱਖਰੇ ਤੌਰ 'ਤੇ ਚੋਣ ਮੈਦਾਨ ਵਿਚ ਹਨ। 2020 ਵਿਚ ਕਿਸਾਨ ਅੰਦੋਲਨ ਦੌਰਾਨ ਦੋਹਾਂ ਪਾਰਟੀਆਂ ਵਿਚਕਾਰ ਤੋੜ-ਵਿਛੋੜਾ ਹੋ ਗਿਆ ਸੀ। 2022 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵੀ ਦੋਹਾਂ ਪਾਰਟੀਆਂ ਨੇ ਅੱਡੋ-ਅੱਡ ਲੜੀਆਂ ਸਨ। ਪਹਿਲਾਂ ਇਹ ਰਿਪੋਰਟਾਂ ਆ ਰਹੀਆਂ ਸਨ ਕਿ ਦੋਹਾਂ ਪਾਰਟੀਆਂ ਵਿਚਕਾਰ ਹੁਣ ਚੋਣ ਸਮਝੌਤਾ ਹੋ ਸਕਦਾ ਹੈ ਪਰ ਜਦੋਂ ਅਕਾਲੀ ਦਲ ਦੀ ਲੀਡਰਸ਼ਿਪ ਨੇ ਦੇਖਿਆ ਕਿ ਪੰਜਾਬ ਦੇ ਕਿਸਾਨ ਭਾਰਤੀ ਜਨਤਾ ਪਾਰਟੀ ਦਾ ਬਹੁਤ ਤਿੱਖਾ ਵਿਰੋਧ ਕਰ ਰਹੇ ਹਨ ਤਾਂ ਇਸ ਨੇ ਸਮਝੌਤੇ ਤੋਂ ਪੈਰ ਪਿਛਾਂਹ ਖਿੱਚ ਲਏ। ਅਸਲ ਵਿਚ, ਬੇਅਦਬੀ ਵਾਲੇ ਮਸਲੇ 'ਤੇ ਤਿੱਖੀ ਪਛਾੜ ਵੱਜਣ ਕਾਰਨ ਅਕਾਲੀ ਦਲ ਦੇ ਅਜੇ ਤੱਕ ਵੀ ਸੂਬੇ ਦੀ ਸਿਆਸਤ ਅੰਦਰ ਢੰਗ ਨਾਲ ਪੈਰ ਨਹੀਂ ਲੱਗ ਰਹੇ। ਦੂਜੇ ਬੰਨੇ, ਪੰਜਾਬ ਦੀ ਭਾਜਪਾ ਇਕਾਈ ਦਾ ਇਕ ਧੜਾ ਪਿਛਲੇ ਕਾਫੀ ਸਮੇਂ ਤੋਂ ਇਕੱਲਿਆਂ ਮੈਦਾਨ ਵਿਚ ਕੁੱਦਣ ਦੀ ਪੈਰਵਾਈ ਕਰ ਰਿਹਾ ਹੈ। ਉਂਝ, ਉਸ ਵਕਤ ਇਸ ਧੜੇ ਦਾ ਕਹਿਣਾ ਸੀ ਕਿ ਪਾਰਟੀ ਨੂੰ ਅਕਾਲੀ ਦਲ ਦੇ ਗੋਡੇ ਹੇਠੋਂ ਨਿਕਲਣਾ ਚਾਹੀਦਾ ਹੈ ਪਰ ਹੁਣ ਹਾਲਾਤ ਇਹ ਬਣੇ ਹਨ ਕਿ ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਭਰ ਵਿਚ ਪ੍ਰਚਾਰ ਮੁਹਿੰਮ ਚਲਾਉਣੀ ਵੀ ਔਖੀ ਹੋ ਰਹੀ ਹੈ ਕਿਉਂਕਿ ਕਿਸਾਨ ਇਸ ਪਾਰਟੀ ਦੇ ਲੀਡਰਾਂ ਨੂੰ ਥਾਂ-ਥਾਂ ਘੇਰ ਰਹੇ ਹਨ। ਕਿਸਾਨਾਂ ਦੀ ਇਹ ਮੁਹਿੰਮ ਇੰਨੀ ਕਾਰਗਰ ਹੋ ਨਿੱਬੜੀ ਹੈ ਕਿ ਪਾਰਟੀ ਨੂੰ ਪ੍ਰਚਾਰ ਨਾ ਕਰਨ ਦੇ ਬਾਰੇ ਸ਼ਿਕਾਇਤ ਕੇਂਦਰੀ ਚੋਣ ਕਮਿਸ਼ਨ ਕੋਲ ਕਰਨੀ ਪੈ ਗਈ ਹੈ।

ਕਾਂਗਰਸ ਅਤੇ ਆਮ ਆਦਮੀ ਪਾਰਟੀ ਕੌਮੀ ਪੱਧਰ 'ਤੇ 'ਇੰਡੀਆ' ਗੱਠਜੋੜ ਤਹਿਤ ਮੈਦਾਨ ਵਿਚ ਹਨ ਪਰ ਪੰਜਾਬ ਵਿਚ ਦੋਵੇਂ ਪਾਰਟੀਆਂ ਇਕੱਲੀਆਂ-ਇਕੱਲੀਆਂ ਚੋਣ ਲੜ ਰਹੀਆਂ ਹਨ। ਚੋਣ ਵਿਸ਼ਲੇਸ਼ਕਾਂ ਵਿਚੋਂ ਕੁਝ ਦੀ ਰਾਇ ਸੀ ਕਿ ਜੇ ਦੋਵੇਂ ਪਾਰਟੀਆਂ ਪੰਜਾਬ ਵਿਚ ਵੀ ਤਾਲਮੇਲ ਬਿਠਾਉਂਦੀਆਂ ਤਾਂ ਸਾਰੀਆਂ 13 ਸੀਟਾਂ ਉਤੇ ਜਿੱਤ ਸਕਦੀਆਂ ਸਨ। ਦੂਜੇ ਬੰਨੇ, ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਗੱਠਜੋੜ ਦਾ ਸਿੱਧਾ ਫਾਇਦਾ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਹੋਣਾ ਸੀ। ਹੁਣ ਆਮ ਆਦਮੀ ਪਾਰਟੀ ਅਤੇ ਕਾਂਗਰਸ ਵੱਧ ਤੋਂ ਵੱਧ ਸੀਟਾਂ ਉਤੇ ਜਿੱਤ ਹਾਸਿਲ ਕਰਨ ਲਈ ਸਰਗਰਮੀ ਚਲਾ ਰਹੀਆਂ ਹਨ। ਆਮ ਆਦਮੀ ਪਾਰਟੀ ਦੇ ਆਗੂ ਅਤੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਤਾਂ ਦਾਅਵਾ ਹੈ ਕਿ ਆਮ ਆਦਮੀ ਪਾਰਟੀ ਸਾਰੀਆਂ 13 ਸੀਟਾਂ ਉਤੇ ਵੱਡੀ ਜਿੱਤ ਦਰਜ ਕਰਵਾਏਗੀ। ਇਸੇ ਦੌਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਖ਼ਿਲਾਫ ਲੋਕਾਂ ਦੀ ਵਿਰੋਧੀ ਸੁਰ ਕਾਰਨ ਕਾਂਗਰਸ ਨੂੰ ਆਸ ਹੈ ਕਿ ਇਹ 13 ਵਿਚੋਂ ਵਧੇਰੇ ਸੀਟਾਂ ਜਿੱਤ ਸਕਦੀ ਹੈ। ਕਿਸਾਨਾਂ ਵੱਲੋਂ ਭਾਰਤੀ ਜਨਤਾ ਪਾਰਟੀ ਦੇ ਵਿਰੋਧ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਮਾੜੀ ਹਾਲਤ ਦਾ ਕੁਝ ਲਾਭ ਕਾਂਗਰਸ ਦੇ ਉਮੀਦਵਾਰਾਂ ਨੂੰ ਮਿਲਣ ਬਾਰੇ ਕਿਆਸ ਲਾਏ ਜਾ ਰਹੇ ਹਨ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਸਿਮਰਨਜੀਤ ਸਿੰਘ ਮਾਨ ਭਾਵੇਂ ਪਿਛਲੀ ਵਾਰ ਸੰਗਰੂਰ ਜ਼ਿਮਨੀ ਚੋਣ ਵਿਚ ਜਿੱਤ ਗਏ ਸਨ ਪਰ ਐਤਕੀਂ ਉਨ੍ਹਾਂ ਨੂੰ ਜਿੱਤ ਲਈ ਬਹੁਤ ਜ਼ਿਆਦਾ ਤਰੱਦਦ ਕਰਨਾ ਪੈ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਖਡੂਰ ਸਾਹਿਬ ਤੋਂ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਉਮੀਦਵਾਰ ਅੰਮ੍ਰਿਤਪਾਲ ਸਿੰਘ ਦੇ ਹੱਕ ਵਿਚ ਆਪਣਾ ਉਮੀਦਵਾਰ ਵਾਪਸ ਲੈ ਲਿਆ ਹੈ। ਇਸ ਨਾਲ ਇਸ ਹਲਕੇ ਤੋਂ ਚੋਣ ਮੁਹਿੰਮ ਕਾਫੀ ਦਿਲਚਸਪ ਬਣ ਗਈ ਹੈ।

ਉਂਝ, ਇਕ ਗੱਲ ਨੋਟ ਕਰਨ ਵਾਲੀ ਹੈ ਕਿ ਪੰਜਾਬ ਦੀ ਚੋਣ ਸਰਗਰਮੀ ਵਿਚੋਂ ਪੰਜਾਬ ਦੇ ਮੁੱਦੇ ਗਾਇਬ ਹਨ। ਜਿਹੜੀਆਂ ਧਿਰਾਂ ਆਮ ਕਰ ਕੇ ਪਾਣੀ, ਭਾਸ਼ਾ ਅਤੇ ਹੋਰ ਮੁੱਦਿਆਂ ਬਾਰੇ ਅਕਸਰ ਚਰਚਾ ਕਰਦੀਆਂ ਰਹਿੰਦੀਆਂ ਹਨ, ਉਨ੍ਹਾਂ ਦੀ ਚੋਣ ਮੁਹਿੰਮ ਵਿਚ ਵੀ ਇਹ ਮੁੱਦੇ ਉਭਾਰੇ ਨਹੀਂ ਜਾ ਰਹੇ। ਪੰਜਾਬ ਇਸ ਵਕਤ ਬੇਰੁਜ਼ਗਾਰੀ ਦੀ ਵੱਡੀ ਸੱਟ ਸਹਿ ਰਿਹਾ ਹੈ। ਇਸੇ ਕਰ ਕੇ ਪੰਜਾਬ ਦੇ ਨੌਜਵਾਨ ਦਾ ਮੂੰਹ ਵਿਦੇਸ਼ਾਂ ਵੱਲ ਹੋਇਆ ਪਿਆ ਹੈ। ਇਸ ਨਾਲ ਸੂਬੇ ਦਾ ਅਰਥਚਾਰਾ ਵੀ ਪ੍ਰਭਾਵਿਤ ਹੋ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਇਹ ਰੁਝਾਨ ਵੀ ਭਾਰੂ ਹੋ ਰਿਹਾ ਹੈ ਕਿ ਪੜ੍ਹਨ ਗਏ ਵਿਦਿਆਰਥੀਆਂ ਦੇ ਮਾਪੇ ਜਦੋਂ ਉਨ੍ਹਾਂ ਕੋਲ ਜਾਂਦੇ ਹਨ ਤਾਂ ਪੰਜਾਬ ਵਿਚਲੀ ਜ਼ਮੀਨ-ਜਾਇਦਾਦ ਵੇਚ-ਵੱਟ ਕੇ ਜਾਂਦੇ ਹਨ। ਸੂਬੇ ਵਿਚ ਸਿਹਤ ਅਤੇ ਸਿੱਖਿਆ ਵਰਗੀਆਂ ਬੁਨਿਆਦੀ ਸਹੂਲਤਾਂ ਵਿਚ ਆਏ ਵੱਡੇ ਨਿਘਾਰ ਕਰ ਕੇ ਵਿਦੇਸ਼ਾਂ ਵੱਲ ਪਰਵਾਸ ਵਿਚ ਤੇਜ਼ੀ ਆਈ ਹੈ। ਇਸ ਤੋਂ ਇਲਾਵਾ ਖੇਤੀ ਸੰਕਟ ਅਤੇ ਮਾੜਾ ਪ੍ਰਸ਼ਾਸਨ ਵੀ ਲੋਕਾਂ ਨੂੰ ਪਰਵਾਸ ਵੱਲ ਧੱਕ ਰਿਹਾ ਹੈ। ਪੰਜਾਬ ਬਾਰੇ ਚਿਰਾਂ ਤੋਂ ਚਰਚਾ ਚੱਲ ਰਹੀ ਹੈ ਕਿ ਸੂਬੇ ਵਿਚ ਲੋੜੀਂਦਾ ਸਨਅਤੀ ਵਿਕਾਸ ਨਹੀਂ ਹੋ ਰਿਹਾ। ਪਿਛਲੇ ਚਾਲੀ ਸਾਲਾਂ ਦੌਰਾਨ ਕਿਸੇ ਵੀ ਸਰਕਾਰ ਨੇ ਇਸ ਪਾਸੇ ਵਧਣ ਲਈ ਕੋਈ ਨੀਤੀ ਨਹੀਂ ਬਣਾਈ ਹੈ ਸਗੋਂ ਜਿਹੜੀ ਸਨਅਤ ਪਹਿਲਾਂ ਚੰਗੀ-ਭਲੀ ਚੱਲ ਰਹੀ ਸੀ, ਉਸ ਨੂੰ ਵੀ ਖੋਰਾ ਲੱਗਿਆ ਹੈ। ਕੇਂਦਰ ਸਰਕਾਰ ਵੱਲੋਂ ਪਹਾੜੀ ਸੂਬਿਆਂ ਨੂੰ ਦਿੱਤੀਆਂ ਛੋਟਾਂ ਕਾਰਨ ਪੰਜਾਬ ਦੀਆਂ ਛੋਟੀਆਂ ਸਨਅਤਾਂ ਇਨ੍ਹਾਂ ਸੂਬਿਆਂ ਵਿਚ ਤਬਦੀਲ ਹੋ ਗਈਆਂ ਹਨ। ਜ਼ਾਹਿਰ ਹੈ ਕਿ ਇਨ੍ਹਾਂ ਚੋਣਾਂ ਤੋਂ ਬਾਅਦ ਵੀ ਪੰਜਾਬ ਦੀ ਹਾਲਤ ਪਹਿਲਾਂ ਵਰਗੀ ਹੀ ਰਹਿਣੀ ਹੈ। ਜਿੰਨੀ ਦੇਰ ਵੱਖ-ਵੱਖ ਖੇਤਰਾਂ ਲਈ ਕੋਈ ਬੱਝਵੀਂ ਨੀਤੀ ਨਹੀਂ ਬਣਦੀ, ਪੰਜਾਬ ਦਾ ਸੰਕਟ ਵਿਚੋਂ ਉਭਰਨਾ ਮੁਸ਼ਕਿਲ ਹੀ ਜਾਪ ਰਿਹਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪਾਤਰ ਜੀ ਪਰਤ ਗਏ!

ਐਹੋ ਜਿਹਾ ਕੋਈ ਟਾਵਾਂ ਹੀ ਸ਼ਾਇਰ ਹੁੰਦਾ ਜਿਹੜਾ ਸਭ ਦੇ ਦਿਲਾਂ ਵਿਚ ਵੱਸ ਜਾਂਦਾ।
ਸ਼ਾਇਰੀ ਸਮੇਂ ਸਥਾਨ ਤੋਂ ਪਾਰ ਲਿਖ ਕੇ ਕਿਹਨੂੰ ਆਖਦੇ ਕਵੀ ਇਹ ਦੱਸ ਜਾਂਦਾ।
ਛੱਡ ਧਿਰਾਂ ਨੂੰ ਮਾਨਵ ਦੇ ਗੀਤ ਗਾ ਕੇ ਸਾਹਿਤ ਪਿੜ 'ਚੋਂ ਖੱਟ ਕੇ ਜੱਸ ਜਾਂਦਾ।
ਅਚਨਚੇਤ ਜਦ ਅੱਖਾਂ ਉਹ ਮੀਟ ਜਾਵੇ ਜੱਗ ਸੋਗ ਵਿਯੋਗ ਵਿਚ ਗ੍ਰੱਸ ਜਾਂਦਾ।
ਏਨਾਂ ਲੋਇਣੀ ਦੇਖ ਲਏ ਬਹੁਤ ਸਦਮੇ ਭਾਣੇ ਕਈਆਂ ਦੇ ਸਿਰਾਂ 'ਤੇ ਵਰਤ ਗਏ ਨੇ।
ਆਪਣਾ 'ਰੋਲ' ਸਟੇਜ 'ਤੇ ਖਤਮ ਕਰਕੇ ਪਰਦੇ ਪਿੱਛੇ ਨੂੰ ਪਾਤਰ ਜੀ ਪਰਤ ਗਏ ਨੇ!

# ਪੰਜਾਬ 'ਚ ਲੋਕ ਮੁੱਦੇ ਗਾਇਬ ਤੇ ਤੋਹਮਤਾਂ ਭਾਰੂ ਕਿਉਂ?

**ਪੰਜਾਬ ਵਿਚ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ, ਵਿਰੋਧੀ ਧਿਰ ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਜਪਾ ਵੱਲੋਂ ਇਕ ਦੂਜੇ ਤੋਂ ਵਧ-ਚੜ੍ਹ ਦੂਸ਼ਣਬਾਜ਼ੀ ਤਾਂ ਕੀਤੀ ਜਾ ਰਹੀ ਹੈ ਪਰ ਸੂਬੇ ਦੇ ਅਸਲ ਮੁੱਦਿਆਂ ਬਾਰੇ ਕੋਈ ਗੱਲ ਨਹੀਂ ਕਰ ਰਿਹਾ। ਪੰਜਾਬ ਵਿਚ ਘਟ ਰਿਹਾ ਜ਼ਮੀਨੀ ਪਾਣੀ, ਫਸਲਾਂ 'ਤੇ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ, ਕਿਸਾਨ-ਮਜ਼ਦੂਰ ਖੁਦਕੁਸ਼ੀਆਂ, ਨਸ਼ਿਆਂ ਕਾਰਨ ਨੌਜਵਾਨਾਂ ਦੀਆਂ ਮੌਤਾਂ, ਸੂਬੇ ਤੋਂ ਹੋ ਰਿਹਾ ਬੇਲੋੜਾ ਪਰਵਾਸ ਕਿਸੇ ਵੀ ਪਾਰਟੀ ਦੇ ਚੋਣ ਮੁੱਦੇ ਨਹੀਂ।**

ਭਾਰਤ ਵਿਚ ਚਾਰ ਗੇੜ ਦੀਆਂ ਲੋਕ ਸਭਾ ਚੋਣਾਂ ਦਾ ਕੰਮ ਮੁਕੰਮਲ ਹੋ ਚੁੱਕਾ ਹੈ; ਤਿੰਨ ਗੇੜ ਦੀਆਂ ਚੋਣਾਂ ਦਾ ਅਮਲ ਅਜੇ ਚੱਲ ਰਿਹਾ ਹੈ। ਇਸ ਚੋਣ ਅਮਲ ਦੌਰਾਨ ਧੜਾ-ਧੜ ਹੋਈਆਂ ਦਲ ਬਦਲੀਆਂ ਨੇ ਲੋਕਾਂ ਦਾ ਧਿਆਨ ਖਿੱਚਿਆ ਹੈ ਪਰ ਦੇਸ਼ ਦੇ ਕਿਸੇ ਵੀ ਕੋਨੇ ਵਿਚ ਲੋਕਾਂ ਦੇ ਮੁੱਦਿਆਂ ਦੀ ਗੂੰਜ ਸੁਣਾਈ ਨਹੀਂ ਦਿੱਤੀ। ਚੋਣਾਂ ਵਿਚ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਨਾਲ ਜੁੜੇ ਮੁੱਦਿਆਂ ਉੱਪਰ ਚਰਚਾ ਨਾ ਹੋਣ ਦਾ ਹੀ ਨਤੀਜਾ ਹੈ ਕਿ ਚੋਣ ਕਮਿਸ਼ਨ ਅਤੇ ਸਰਕਾਰਾਂ ਵੱਲੋਂ ਅੱਡੀ ਚੋਟੀ ਦਾ ਜ਼ੋਰ ਲਾਉਣ ਦੇ ਬਾਵਜੂਦ ਵੋਟ ਫੀਸਦ ਨਹੀਂ ਵਧ ਰਹੀ।

ਭਾਜਪਾ ਨੇ ਇਹਨਾਂ ਚੋਣਾਂ ਵਿਚ ਜਮਹੂਰੀ ਕਦਰਾਂ-ਕੀਮਤਾਂ ਦੀ ਭੋਰਾ ਪ੍ਰਵਾਹ ਨਹੀਂ ਕੀਤੀ ਅਤੇ ਬਹੁ-ਗਿਣਤੀ ਦੀਆਂ ਵੋਟਾਂ ਹਾਸਲ ਕਰਨ ਦੇ ਮੰਤਵ ਨਾਲ ਘੱਟ ਗਿਣਤੀਆਂ ਖਾਸਕਰ ਮੁਸਲਿਮ ਭਾਈਚਾਰੇ ਨੂੰ ਨਿਸ਼ਾਨੇ 'ਤੇ ਲਿਆ ਜਾ ਰਿਹਾ ਹੈ। ਕਾਂਗਰਸ ਪਾਰਟੀ



**ਨਵਕਿਰਨ ਸਿੰਘ ਪੱਤੀ**
ਈਮੇਲ: n4navkiran@gmail.com

ਵੱਲੋਂ 'ਨਿਆਂ ਪੱਤਰ' ਦੇ ਨਾਮ ਹੇਠ ਚੋਣ ਮੈਨੀਫੈਸਟੋ ਜਾਰੀ ਕਰ ਕੇ ਬੇਰੁਜ਼ਗਾਰੀ, ਗਰੀਬੀ, ਸਮਾਜਿਕ ਨਾ-ਬਰਾਬਰੀ ਜਿਹੇ ਕਈ ਗੰਭੀਰ ਮਾਮਲਿਆਂ ਦਾ ਜ਼ਿਕਰ ਤਾਂ ਕੀਤਾ ਪਰ ਕਾਂਗਰਸੀ ਉਮੀਦਵਾਰ ਲੋਕ ਮੁੱਦੇ ਉਭਾਰਨ ਦੀ ਥਾਂ ਸਿਆਸੀ ਤੋਹਮਤਾਂ ਵਿਚ ਫਸੇ ਨਜ਼ਰ ਆ ਰਹੇ ਹਨ। ਅੰਤ੍ਰਿਮ ਜ਼ਮਾਨਤ ਤਹਿਤ ਜੇਲ੍ਹ ਤੋਂ ਬਾਹਰ ਆਏ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ 'ਕੇਜਰੀਵਾਲ ਕੀ ਗਰੰਟੀ' ਤਹਿਤ 10 ਗਾਰੰਟੀਆਂ ਦਿੱਤੀਆਂ ਹਨ ਜਿਨ੍ਹਾਂ ਵਿਚੋਂ ਇਕ ਚੀਨ ਦੇ ਕਬਜ਼ੇ ਵਾਲੀ ਭਾਰਤੀ ਸਰਜ਼ਮੀਨ ਨੂੰ ਮੁਕਤ ਕਰਵਾਉਣਾ ਹੈ। ਕੇਜਰੀਵਾਲ ਨੇ ਅਗਨੀਵੀਰ ਸਕੀਮ ਖਤਮ ਕਰਨ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਮੁਤਾਬਕ ਕਿਸਾਨਾਂ ਦੀ ਜਿਣਸ ਦੀ ਐੱਮ.ਐੱਸ.ਪੀ. ਤਹਿਤ ਖਰੀਦ ਯਕੀਨੀ ਬਣਾਉਣ ਅਤੇ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦਿਵਾਉਣ ਦਾ ਵਾਅਦਾ ਕਰ ਕੇ ਕਿਹਾ ਹੈ ਕਿ ਲੋਕਾਂ ਨੂੰ 'ਮੋਦੀ ਕੀ ਗਰੰਟੀ' ਅਤੇ 'ਕੇਜਰੀਵਾਲ ਕੀ ਗਰੰਟੀ' ਵਿਚੋਂ ਚੋਣ ਕਰਨੀ ਹੋਵੇਗੀ ਪਰ ਪਿਛਲਾ ਅਭਿਆਸ ਇਹ ਹੈ ਕਿ ਕੇਜਰੀਵਾਲ ਦੀਆਂ ਜ਼ਿਆਦਾਤਰ ਗਾਰੰਟੀਆਂ ਹਵਾ ਵਿਚ ਹੀ ਲਟਕਦੀਆਂ ਹੁੰਦੀਆਂ ਹਨ। ਪੰਜਾਬ ਦੀਆਂ ਔਰਤਾਂ ਨਾਲ ਇਕ ਹਜ਼ਾਰ ਮਹੀਨਾ ਦੇਣ ਦੀ ਗਾਰੰਟੀ ਢਾਈ ਸਾਲ ਬਾਅਦ ਵੀ ਪੂਰੀ ਨਹੀਂ ਹੋਈ ਹੈ। ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਦੀ ਵਕਾਲਤ ਤਾਂ ਕੇਜਰੀਵਾਲ ਉਸ ਸਮੇਂ ਤੋਂ ਕਰ ਰਹੇ ਹਨ ਜਦ ਇਹਨਾਂ 'ਆਪ' ਵੀ ਨਹੀਂ ਸੀ ਬਣਾਈ ਪਰ ਕਈ ਵਾਰ ਸੱਤਾ ਹਾਸਲ ਕਰਨ ਦੇ ਬਾਅਦ ਵੀ ਇਸ ਗੱਲ ਵੱਲ ਗੌਰ ਨਹੀਂ ਕੀਤਾ। ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਦੀ ਗਾਰੰਟੀ ਕਰਨ ਵਾਲੇ ਕੇਜਰੀਵਾਲ ਜੰਮੂ ਕਸ਼ਮੀਰ ਦੇ ਵੱਧ ਅਧਿਕਾਰਾਂ ਨੂੰ ਖੋਹ ਕੇ ਉਸ ਨੂੰ ਕੇਂਦਰ ਸ਼ਾਸ਼ਤ ਪ੍ਰਦੇਸ਼ ਵਿਚ ਤੋੜਨ ਸਮੇਂ ਭਾਜਪਾ ਦੇ ਪੱਖ ਵਿਚ ਭੁਗਤੇ ਸਨ!

ਮਤਲਬ ਸਾਫ ਹੈ: ਸਿਆਸੀ ਪਾਰਟੀਆਂ ਆਪਣੇ ਚੋਣ ਮਨੋਰਥ ਪੱਤਰਾਂ ਜਾਂ ਗਾਰੰਟੀਆਂ ਜਾਂ ਨਿਆਂ ਪੱਤਰਾਂ ਵਿਚ ਲੋਕਾਂ ਦੇ ਮੁੱਦਿਆਂ ਦਾ ਜ਼ਿਕਰ ਜ਼ਰੂਰ ਕਰਦੀਆਂ ਹਨ ਪਰ ਚੋਣ ਰੈਲੀਆਂ ਅਤੇ ਰੋਜ਼ਾਨਾ ਦੇ ਅਭਿਆਸ ਵਿਚੋਂ ਇਹ ਸਭ ਮੁੱਦੇ ਗਾਇਬ ਹੁੰਦੇ ਹਨ। ਹਕੀਕਤ ਇਹ ਹੈ ਕਿ ਇਹਨਾਂ ਸਿਆਸੀ ਪਾਰਟੀਆਂ ਨੇ ਚੋਣ ਮੈਨੀਫੈਸਟੋ ਰਾਹੀਂ ਜਾਂ ਗਰੰਟੀਆਂ ਰਾਹੀਂ ਲੋਕ ਲੁਭਾਊ ਵਾਅਦੇ ਅਤੇ ਲਾਰਿਆਂ ਦੀ ਗੱਲ ਤਾਂ ਕੀਤੀ ਹੈ ਪਰ ਲੋਕਾਂ ਦੇ ਅਸਲ ਮੁੱਦੇ ਜਿਵੇਂ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਨਸ਼ੇ, ਖੇਤੀ ਸੰਕਟ, ਗਰੀਬੀ, ਬੇਲੋੜੇ ਪਰਵਾਸ



ਆਦਿ ਦੇ ਹੱਲ ਲਈ ਠੋਸ ਰਣਨੀਤੀ ਨਹੀਂ ਦੱਸੀ ਹੈ।

ਇਤਿਹਾਸਕ ਕਿਸਾਨ ਅੰਦੋਲਨ ਨੇ ਦੇਸ਼ ਦੇ ਕਾਰਪੋਰੇਟ ਘਰਾਣਿਆਂ ਅਤੇ 'ਸੱਤਾ' ਦਾ ਗੱਠਜੋੜ ਬੇਪਰਦ ਕੀਤਾ ਸੀ ਜਿਸ ਤੋਂ ਬਾਅਦ ਕਾਂਗਰਸ ਵਰਗੀਆਂ ਵਿਰੋਧੀ ਪਾਰਟੀਆਂ ਵੀ ਅੰਬਾਨੀ, ਅਡਾਨੀ ਵਰਗੇ ਕਾਰਪੋਰੇਟਾਂ ਖਿਲਾਫ ਬੋਲਣ ਲਈ ਮਜਬੂਰ ਹੋਈਆਂ ਸਨ ਪਰ ਹੁਣ ਪਹਿਲੀ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ 'ਤੇ 'ਅੰਬਾਨੀ ਅਤੇ ਅਡਾਨੀ' ਨਾਲ ਗੰਢ-ਤੁੱਪ ਦਾ ਦੋਸ਼ ਲਾਉਂਦਿਆਂ ਕਿਹਾ ਹੈ ਕਿ ਕਾਂਗਰਸ ਨੂੰ ਦੋਵੇਂ ਕਾਰੋਬਾਰੀਆਂ ਤੋਂ ਟੈਂਪੂ ਭਰ ਕੇ ਕਾਲਾ ਧਨ ਮਿਲਿਆ ਹੈ ਜਿਸ ਕਾਰਨ ਉਨ੍ਹਾਂ ਦੇ ਆਗੂ ਰਾਹੁਲ ਗਾਂਧੀ ਨੇ ਦੋਹਾਂ ਨੂੰ ਭੰਡਣਾ ਬੰਦ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਦਾ ਇਹ ਬਿਆਨ ਬੇਸ਼ਰਮੀ ਭਰਿਆ ਹੈ; ਇਕ ਪਾਸੇ ਤਾਂ ਦੇਸ਼ ਵਿਚੋਂ ਕਾਲਾ ਧਨ ਖਤਮ ਕਰਨ ਦੇ ਦਾਅਵੇ ਕੀਤੇ ਗਏ ਸਨ, ਦੂਜੇ ਪਾਸੇ ਕਾਲੇ ਧਨ ਦੇ ਟੈਂਪੂ ਵੀ ਭਰ ਗਏ। ਦੂਸਰਾ ਸਵਾਲ ਇਹ ਹੈ ਕਿ ਜਦ ਧਨ ਦੇ ਟੈਂਪੂ ਭਰ ਕੇ ਭੇਜੇ ਜਾ ਰਹੇ ਸਨ ਤਾਂ ਤੁਹਾਡੀਆਂ ਈ.ਡੀ., ਸੀ.ਬੀ.ਆਈ. ਵਰਗੀਆਂ ਏਜੰਸੀਆਂ ਕੀ ਕਰ ਰਹੀਆਂ ਸਨ? ਅਸਲ ਵਿਚ 2014 ਤੇ 2019 ਵਾਲੀਆਂ ਲੋਕ ਸਭਾ ਚੋਣਾਂ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰਾਹੁਲ ਗਾਂਧੀ ਨੂੰ ਕੁਝ ਨਹੀਂ ਸਮਝਦੇ ਸਨ ਪਰ ਇਸ ਵਾਰ ਭਾਜਪਾ ਦੀ ਹਾਲਤ ਪਤਲੀ ਨਜ਼ਰ ਆ ਰਹੀ ਹੈ ਜਿਸ ਕਾਰਨ ਉਹ ਰਾਹੁਲ ਗਾਂਧੀ ਨੂੰ 'ਸ਼ਹਿਜ਼ਾਦਾ' (ਰਾਜ ਕੁਮਾਰ) ਵਰਗੇ ਨਾਵਾਂ ਨਾਲ ਸੰਬੋਧਨ ਕਰ ਕੇ ਨਿਸ਼ਾਨੇ ਉੱਪਰ ਲੈ ਰਹੇ ਹਨ। ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਕਾਂਗਰਸ ਲੋਕਾਂ ਨੂੰ ਦੱਸੇ ਕਿ ਉਸ ਦੇ ਸ਼ਹਿਜ਼ਾਦੇ ਨੇ ਪਿਛਲੇ ਪੰਜ ਸਾਲਾਂ ਤੋਂ ਚੁੱਕੇ ਜਾ ਰਹੇ ਮੁੱਦੇ 'ਤੇ ਚੁੱਪੀ ਕਿਉਂ ਧਾਰ ਲਈ ਹੈ। ਤਿਲੰਗਾਨਾ ਦੇ ਵੇਮੁਲਾਵਾੜਾ 'ਚ ਰੈਲੀ 'ਚ ਪ੍ਰਧਾਨ ਮੰਤਰੀ ਮੋਦੀ ਨੇ ਕਾਂਗਰਸ ਨੂੰ ਸਵਾਲ ਕੀਤਾ ਸੀ ਕਿ ਅੰਬਾਨੀ-ਅਡਾਨੀ ਨਾਲ ਉਹਨਾਂ ਦਾ ਕੀ ਸਮਝੌਤਾ ਹੋਇਆ ਹੈ ਕਿ ਦੋਹਾਂ ਖਿਲਾਫ ਗਾਲ੍ਹਾਂ ਰਾਤੋ-ਰਾਤ ਬੰਦ ਹੋ ਗਈਆਂ ਹਨ। ਹਕੀਕਤ ਇਹ ਹੈ ਕਿ ਇਹਨਾਂ ਦੋਵਾਂ ਪੂੰਜੀਪਤੀਆਂ ਤੋਂ ਭਾਜਪਾ ਨੂੰ ਚੋਣ ਬਾਂਡ ਰਾਹੀ ਖੂਬ ਪੈਸਾ ਮਿਲਿਆ ਹੈ ਜਿਸ ਦੇ ਇਵਜ਼ ਵਿਚ ਭਾਜਪਾ ਨੇ ਇਹਨਾਂ ਦੋਵਾਂ ਨੂੰ ਲਾਭ ਪਹੁੰਚਾਉਣ ਵਿਚ ਵੀ ਕੋਈ ਕਸਰ ਬਾਕੀ ਨਹੀਂ ਛੱਡੀ।

ਪੰਜਾਬ ਵਿਚ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ, ਵਿਰੋਧੀ ਧਿਰ ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਜਪਾ ਵੱਲੋਂ ਇਕ ਦੂਜੇ ਤੋਂ ਵਧ-ਚੜ੍ਹ ਦੂਸ਼ਣਬਾਜ਼ੀ ਤਾਂ ਕੀਤੀ ਜਾ ਰਹੀ ਹੈ ਪਰ ਸੂਬੇ ਦੇ ਅਸਲ ਮੁੱਦਿਆਂ ਬਾਰੇ ਕੋਈ ਗੱਲ ਨਹੀਂ ਕਰ ਰਿਹਾ। ਪੰਜਾਬ ਵਿਚ ਘਟ ਰਿਹਾ ਜ਼ਮੀਨੀ ਪਾਣੀ, ਫਸਲਾਂ 'ਤੇ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ, ਕਿਸਾਨ-ਮਜ਼ਦੂਰ ਖੁਦਕੁਸ਼ੀਆਂ, ਨਸ਼ਿਆਂ ਕਾਰਨ ਨੌਜਵਾਨਾਂ ਦੀਆਂ ਮੌਤਾਂ, ਸੂਬੇ ਤੋਂ ਹੋ ਰਿਹਾ ਬੇਲੋੜਾ ਪਰਵਾਸ ਕਿਸੇ ਵੀ ਪਾਰਟੀ ਦੇ ਚੋਣ ਮੁੱਦੇ ਨਹੀਂ। ਪੰਜਾਬ ਦੇ ਸਰਹੱਦੀ ਖੇਤਰ ਵਿਚ ਬੀ.ਐੱਸ.ਐੱਫ. ਦਾ ਅਧਿਕਾਰ ਖੇਤਰ 50 ਕਿਲੋਮੀਟਰ ਤੱਕ ਵਧਾਉਣ ਦਾ ਮੁੱਦਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਮਾਮਲਾ, ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਲਾਉਣ ਦਾ ਮਾਮਲਾ ਕਿਸੇ ਵੀ ਹਾਕਮ ਜਮਾਤ ਪਾਰਟੀ ਦੇ ਏਜੰਡੇ ਉੱਪਰ ਨਹੀਂ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਦੇਸ਼ ਦੀ ਕੋਈ ਵੀ ਮੁੱਖਧਾਰਾ ਪਾਰਟੀ ਦੇਸ਼ ਵਿਚ ਫੈਲੀ ਬੇਰੁਜ਼ਗਾਰੀ ਉੱਪਰ ਚਰਚਾ ਕਰਨ ਲਈ ਤਿਆਰ ਨਹੀਂ ਹੈ। ਮਿਆਰੀ ਸਿੱਖਿਆ ਅਤੇ ਸਿਹਤ ਸਹੂਲਤਾਂ ਕਿਸੇ ਵੀ ਰਾਜਨੀਤਕ ਪਾਰਟੀ ਦੇ ਏਜੰਡੇ ਉੱਪਰ ਨਹੀਂ ਹਨ। ਖੇਤੀ, ਪਾਣੀ, ਵਾਤਾਵਰਨ ਤਿੰਨ ਅਜਿਹੇ ਮੁੱਦੇ ਹਨ ਜਿਨ੍ਹਾਂ ਦੇ ਸਿਰ 'ਤੇ ਸਾਡੀ ਜ਼ਿੰਦਗੀ ਚੱਲਦੀ ਹੈ ਪਰ ਤਿੰਨੋਂ ਹੀ ਖਤਰੇ ਵਿਚ ਪਏ ਹੋਏ ਹਨ ਤਾਂ ਇਹਨਾਂ ਦੀ ਗੱਲ ਕਰੇ ਬਗੈਰ ਚੋਣ ਪ੍ਰਚਾਰ/ਚੋਣ ਪ੍ਰਕਿਰਿਆ ਬੇਮਾਇਨਾ ਹੈ।

ਪੰਜਾਬ ਵਿਚ ਆਏ ਦਿਨ ਨਸ਼ਿਆਂ ਦੀ ਓਵਰਡੋਜ਼ ਨਾਲ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ, ਸੂਬੇ ਵਿਚ ਸਿਆਸਤਦਾਨਾਂ ਦੇ ਪੈਦਾ ਕੀਤੇ ਅਖੌਤੀ ਗੈਂਗਸਟਰ ਮਾਫੀਆ ਰਾਜ ਚਲਾ ਰਹੇ ਹਨ, ਕਿਸਾਨ ਤੇ ਖੇਤ ਮਜ਼ਦੂਰ ਕਰਜ਼ੇ ਦੇ ਝੰਬੇ ਹੋਏ ਖੁਦਕੁਸ਼ੀਆਂ ਦੇ ਰਾਹ ਪੈ ਰਹੇ ਹਨ ਪਰ ਮੁੱਖਧਾਰਾ ਪਾਰਟੀਆਂ ਕੋਲ ਇਹਨਾਂ ਮਾਮਲਿਆਂ 'ਤੇ ਚਰਚਾ ਕਰਨ ਦੀ ਵਿਹਲ ਨਹੀਂ ਹੈ।

ਪੰਜਾਬ ਸਰਕਾਰ ਸਿਰ ਕਰਜ਼ੇ ਦਾ ਭਾਰ ਦਿਨੋ-ਦਿਨ ਵਧ ਰਿਹਾ ਹੈ ਪਰ ਕਿਸੇ ਵੀ ਪਾਰਟੀ ਨੇ ਅੱਜ ਤੱਕ ਸੂਬੇ ਨੂੰ ਕਰਜ਼ਾ ਮੁਕਤ ਕਰਨ ਲਈ ਕੋਈ ਰੋਡਮੈਪ ਨਹੀਂ ਰੱਖਿਆ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਪੰਜਾਬ ਨੂੰ ਇਸ ਹਾਲਤ ਵਿਚ ਧੱਕਣ ਲਈ ਕੇਂਦਰੀ ਤੇ ਸੂਬਾਈ ਸੱਤਾ ਹਾਸਲ ਕਰਨ ਵਾਲੀਆਂ ਹੁਣ ਤੱਕ ਦੀਆਂ ਸਾਰੀਆਂ ਪਾਰਟੀਆਂ ਜ਼ਿੰਮੇਵਾਰ ਹਨ ਪਰ ਮੰਦਭਾਗੀ ਗੱਲ ਇਹ ਹੈ ਕਿ ਕੋਈ ਵੀ ਪਾਰਟੀ ਮਾਮਲੇ ਦੇ ਹੱਲ ਲਈ ਚਰਚਾ ਤੱਕ ਕਰਨ ਨੂੰ ਤਿਆਰ ਨਹੀਂ ਹੈ।

ਪੰਜਾਬ ਵਿਚ ਸੂਬਾ ਸਰਕਾਰ ਹਰ ਮਹੀਨੇ ਪਾਵਰਕਾਮ ਨੂੰ ਹਜ਼ਾਰਾਂ ਕਰੋੜ ਰੁਪਏ ਸਬਸਿਡੀ ਦੇ ਰਹੀ ਹੈ। ਬੱਸਾਂ ਵਿਚ ਔਰਤਾਂ ਦੇ ਮੁਫਤ ਸਫਤ ਲਈ ਪੰਜਾਬ ਰੋਡਵੇਜ਼ ਨੂੰ ਕਰੋੜਾਂ ਰੁਪਏ ਦਾ ਭੁਗਤਾਨ ਕੀਤਾ ਜਾ ਰਿਹਾ ਹੈ। ਰਾਜਨੀਤਕ ਆਗੂਆਂ, ਬਾਬਿਆਂ ਤੇ ਰਸੂਖਵਾਨਾਂ ਨੂੰ ਦਿੱਤੀ ਬੇਲੋੜੀ ਸੁਰੱਖਿਆ ਦਾ ਬੋਝ ਸਰਕਾਰ 'ਤੇ ਪੈ ਰਿਹਾ ਹੈ। ਇਸ ਚੋਣ ਪ੍ਰਕਿਰਿਆ ਦੌਰਾਨ ਸਬਸਿਡੀਆਂ ਨੂੰ ਤਰਕਸੰਗਤ ਬਣਾਉਣ ਦੀ ਚਰਚਾ ਚੱਲਣੀ ਚਾਹੀਦੀ ਹੈ ਤੇ ਬੇਲੋੜੀ ਸੁਰੱਖਿਆ 'ਤੇ ਚਰਚਾ ਛਿੜਣੀ ਚਾਹੀਦੀ ਹੈ। ਇਹ ਤੱਥ ਹੈ ਕਿ ਇਹਨਾਂ ਚੋਣਾਂ ਦੌਰਾਨ ਚਰਚਾ ਦਾ ਵਿਸ਼ਾ ਲੋਕ ਮੁੱਦੇ ਨਹੀਂ ਹਨ। ਕਿਸੇ ਵੀ ਰਾਜਨੀਤਕ ਪਾਰਟੀ ਨੇ ਬੇਰੁਜ਼ਗਾਰੀ, ਮਹਿੰਗਾਈ, ਮਹਿੰਗੀਆਂ ਹੋ ਰਹੀਆਂ ਸਿਹਤ ਸਹੂਲਤਾਂ, ਗਰੀਬ ਦੀ ਪਹੁੰਚ ਤੋਂ ਬਾਹਰ ਹੋ ਰਹੀ ਉੱਚ ਸਿੱਖਿਆ ਵਰਗੇ ਰੋਜ਼ਾਨਾ ਜ਼ਿੰਦਗੀ ਨਾਲ ਜੁੜੇ ਮੁੱਦਿਆਂ 'ਤੇ ਖੁੱਲ੍ਹ ਕੇ ਚਰਚਾ ਨਹੀਂ ਕੀਤੀ। ਧਰਮ ਅਤੇ ਜਾਤ ਨੂੰ ਆਧਾਰ ਬਣਾ ਕੇ ਲੜੀਆਂ ਜਾ ਰਹੀਆਂ ਇਹਨਾਂ ਚੋਣਾਂ ਦੌਰਾਨ ਮੁਫਤ ਸਹੂਲਤਾਂ ਦੇ ਫੋਕੇ ਐਲਾਨ, ਇੱਕ ਦੂਜੇ ਖਿਲਾਫ ਨੀਵੇਂ ਦਰਜੇ ਦੀ ਬਿਆਨਬਾਜ਼ੀ ਹੀ ਅਹਿਮ ਹੈ।

ਪੰਜਾਬ ਸਮੇਤ ਸਰਹੱਦੀ ਸੂਬਿਆਂ ਦਾ ਗੁਆਂਢੀ ਦੇਸ਼ਾਂ ਨਾਲ ਵਪਾਰ ਖੁੱਲ੍ਹੇ ਤਾਂ ਇਸ ਦਾ ਫਾਇਦਾ ਹਰ ਵਰਗ ਨੂੰ ਹੋਵੇਗਾ ਪਰ ਕਿਸੇ ਵੀ ਮੁੱਖਧਾਰਾ ਪਾਰਟੀ ਵੱਲੋਂ ਇਸ ਮਾਮਲੇ ਨੂੰ ਉਭਾਰਨਾ ਤਾਂ ਦੂਰ ਦੀ ਗੱਲ, ਇਸ ਦਾ ਜ਼ਿਕਰ ਤੱਕ ਨਹੀਂ ਕੀਤਾ ਜਾ ਰਿਹਾ। ਜਦ ਲੋਕਾਂ ਦੇ ਮਾਮਲਿਆਂ ਉੱਪਰ ਚਰਚਾ ਹੀ ਨਹੀਂ ਕਰਨੀ ਤਾਂ ਇਸ ਜਮਹੂਰੀਅਤ ਵਿਚ ਲੋਕਾਂ ਦੀ ਭਾਗੀਦਾਰੀ ਕਿਵੇਂ ਹੋ ਸਕਦੀ ਹੈ?

# ਮੁਸਲਮਾਨਾਂ ਦੀ ਵਧ ਰਹੀ ਆਬਾਦੀ ਦਾ ਹਊਆ

***ਮਰਦਮਸ਼ੁਮਾਰੀ ਦੇ ਅੰਕੜੇ ਗਤੀਸ਼ੀਲ ਸਮਾਜ ਦੇ ਬਦਲਦੇ ਦ੍ਰਿਸ਼ ਨੂੰ ਉਜਾਗਰ ਕਰਦੇ ਹਨ। ਇਸ ਦਾ ਸਿੱਧਾ ਸਬੰਧ ਕਿਸੇ ਧਰਮ ਨਾਲ ਨਹੀਂ ਸਗੋਂ ਸਮਾਜਿਕ-ਆਰਥਿਕ ਹਾਲਾਤ ਨਾਲ ਹੁੰਦਾ ਹੈ। ਚੋਣਾਂ ਕਾਰਨ ਬੁਖਲਾਈ ਭਾਜਪਾ ਸਰਕਾਰ ਨੇ ਆਬਾਦੀ ਬਾਰੇ ਜਿਹੜੇ ਅੰਕੜੇ ਪੇਸ਼ ਕੀਤੇ ਹਨ, ਉਨ੍ਹਾਂ ਦਾ ਸਿੱਧਾ ਸਬੰਧ ਚੋਣਾਂ ਨਾਲ ਹੈ। ਸੁਭਾਸ਼ ਗਾਤਾੜੇ ਨੇ ਸਰਕਾਰ ਵੱਲੋਂ ਪੇਸ਼ ਕੀਤੇ ਜਾ ਰਹੇ ਇਨ੍ਹਾਂ ਅੱਧੇ-ਅਧੂਰੇ ਅੰਕੜਿਆਂ ਦੀ ਪਰਦਾਫਾਸ਼ ਕੀਤਾ ਹੈ। ਇਸ ਲੇਖ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

**ਸੁਭਾਸ਼ ਗਾਤਾੜੇ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਅੱਧਾ-ਅਧੂਰਾ ਗਿਆਨ ਹਮੇਸ਼ਾ ਖ਼ਤਰਨਾਕ ਹੁੰਦਾ ਹੈ। ਮੋਦੀ ਸਰਕਾਰ ਜੋ 2021 ਦੀ ਮਰਦਮਸ਼ੁਮਾਰੀ ਕਰਨ 'ਚ ਨਖਿੱਧ ਸਾਬਤ ਹੋਈ, ਦੀ ਇਕਨਾਮਿਕ ਐਡਵਾਈਜ਼ਰੀ ਕੌਂਸਲ ਦੇ ਚੋਣਾਂ ਦਰਮਿਆਨ ਜਾਰੀ ਅੰਕੜੇ ਸ਼ਾਇਦ ਇਹੀ ਕਹਾਣੀ ਕਹਿੰਦੇ ਹਨ। ਇਸ ਰਿਪੋਰਟ ਜ਼ਰੀਏ 1951-2021 ਦੇ ਅਰਸੇ ਦੌਰਾਨ ਵੱਖ-ਵੱਖ ਭਾਈਚਾਰਿਆਂ ਦੀ ਆਬਾਦੀ 'ਚ ਹੋਈਆਂ ਤਬਦੀਲੀਆਂ ਦੇ ਅੰਕੜੇ ਪੇਸ਼ ਕੀਤੇ ਗਏ ਜਿਨ੍ਹਾਂ ਵਿਚ ਹਿੰਦੂਆਂ, ਜੈਨੀਆਂ ਅਤੇ ਹੋਰ ਧਾਰਮਿਕ ਘੱਟਗਿਣਤੀਆਂ ਦੀ ਆਬਾਦੀ ਵਿਚ ਕੁਲ ਗਿਰਾਵਟ ਦੇਖਣ ਨੂੰ ਮਿਲੀ ਹੈ; ਮੁਸਲਮਾਨਾਂ ਦੀ ਆਬਾਦੀ ਵਧੀ ਹੈ। ਇਸ ਰਿਪੋਰਟ ਨੂੰ ਲੈ ਕੇ ਹੁਕਮਰਾਨ ਪਾਰਟੀ ਦੇ ਬੁਲਾਰਿਆਂ ਅਤੇ ਮੁੱਖਧਾਰਾ ਦੇ ਦਰਬਾਰੀ (ਗੋਦੀ) ਚੈਨਲਾਂ ਨੇ ਆਬਾਦੀ ਦਾ ਹਊਆ ਬਣਾ ਕੇ ਬਹਿਸ ਛੇੜਨ ਦੀ ਕੋਸ਼ਿਸ਼ ਕੀਤੀ ਹੈ।

ਪੀ.ਟੀ.ਆਈ. ਵੱਲੋਂ ਜਾਰੀ ਕੀਤੇ ਇਹ ਅੰਕੜੇ ਇਸ ਤਰ੍ਹਾਂ ਸਨ: 1951 ਤੋਂ 2015 ਦਰਮਿਆਨ ਹਿੰਦੂਆਂ ਦੀ ਆਬਾਦੀ 'ਚ 7.8% ਕਮੀ ਆਈ ਜਦਕਿ ਮੁਸਲਮਾਨਾਂ ਦੀ ਆਬਾਦੀ 43.1% ਵਧੀ। 1950 'ਚ ਆਬਾਦੀ 'ਚ ਹਿੰਦੂਆਂ ਦੀ ਗਿਣਤੀ 84.68% ਸੀ, ਇਹ 2015 'ਚ 78.06% ਤੱਕ ਆ ਗਈ। ਮੁਸਲਮਾਨਾਂ ਦੀ ਆਬਾਦੀ 1950 'ਚ ਕੁਲ ਆਬਾਦੀ ਦਾ 9.84% ਸੀ ਜੋ 2015 'ਚ 14.09% ਤੱਕ ਪਹੁੰਚ ਗਈ। ਭਾਰਤ ਦੇ ਜੈਨ ਫਿਰਕੇ ਦੇ ਬਾਰੇ ਦੱਸਿਆ ਗਿਆ ਕਿ ਆਬਾਦੀ ਦੇਸ਼ ਦੀ ਕੁਲ ਆਬਾਦੀ ਦੇ 0.45% ਤੋਂ ਘਟ ਕੇ 0.36% ਹੋ ਗਈ ਹੈ।

**ਪੁਰਾਣੇ ਅੰਕੜੇ ਨਵਾਂ ਰੰਗਰੋਗਨ?**

ਸਭ ਤੋਂ ਪਹਿਲੀ ਗੱਲ, ਇਕਨਾਮਿਕ ਐਡਵਾਇਜ਼ਰੀ ਕੌਂਸਲ ਦੇ ਅੰਕੜਿਆਂ ਵਿਚ ਨਵਾਂ ਕੁਝ ਵੀ ਨਹੀਂ। 2011 ਤੱਕ ਮਰਦਮਸ਼ੁਮਾਰੀ ਦਾ ਜੋ ਬਾਕਾਇਦਾ ਸਿਲਸਿਲਾ ਸੀ, ਉਸ ਤੋਂ ਬਾਅਦ ਇਹ ਅੰਕੜੇ ਪਹਿਲਾਂ ਹੀ ਚਰਚਾ ਵਿਚ ਰਹੇ ਹਨ। ਮਿਸਾਲ ਵਜੋਂ, ਜੇ ਹਾਲ ਹੀ ਵਿਚ ਛਪੀ ਕਿਤਾਬ 'ਲਵ ਜਹਾਦ ਐਂਡ ਅਦਰ ਫਿਕਸ਼ਨਜ਼: ਸਿੰਪਲ ਫੈਕਟਸ ਟੂ ਕਾਊਂਟਰ ਵਾਇਰਲ ਫਾਲਸਹੁੱਡ' ਪੜ੍ਹੀਏ (ਲੇਖਕ ਪੱਤਰਕਾਰ ਸ਼੍ਰੀਨਿਵਾਸ ਜੈਨ, ਮਰੀਅਮ ਅਲਵੀ, ਸੁਪ੍ਰਿਯਾ ਸ਼ਰਮਾ) ਤਾਂ ਇਸ ਵਿਚ ਇਹ ਅੰਕੜੇ ਮਿਲ ਜਾਣਗੇ।

ਕਹਿਣ ਦਾ ਭਾਵ, ਚੋਣਾਂ ਦਰਮਿਆਨ ਜਦੋਂ ਖ਼ੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੁਸਲਮਾਨਾਂ ਬਾਬਤ ਥਾਂ-ਥਾਂ ਦਿੱਤੇ ਵਿਵਾਦਪੂਰਨ ਬਿਆਨਾਂ ਕਾਰਨ ਸੁਰਖ਼ੀਆਂ 'ਚ ਹੈ ਅਤੇ ਵਿਰੋਧੀ ਧਿਰ ਦੀਆਂ ਪਾਰਟੀਆਂ ਨੇ ਇਸ ਬਾਰੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਤੇ ਅਦਾਲਤਾਂ ਦਾ ਬੂਹਾ ਵੀ ਖੜਕਾਇਆ ਹੈ, ਉਸ ਵਕਤ ਪੁਰਾਣੇ ਅੰਕੜੇ ਜਾਰੀ ਕਰਨਾ ਖ਼ਾਸ ਮਾਹੌਲ ਸਿਰਜਣ ਦੀ ਕੋਸ਼ਿਸ਼ ਤੋਂ ਸਿਵਾ ਹੋਰ ਕੁਝ ਨਹੀਂ। ਵਿਰੋਧੀ ਧਿਰ ਦਾ ਕਹਿਣਾ ਬਿਲਕੁਲ ਵਾਜਿਬ ਹੈ ਕਿ ਜਿਹੜੀ ਸਰਕਾਰ 2021 ਦੀ ਮਰਦਮਸ਼ੁਮਾਰੀ ਨਹੀਂ ਕਰਾ ਸਕੀ, ਉਸ ਦੀ ਸਲਾਹਕਾਰ ਕੌਂਸਲ ਵੱਲੋਂ ਅਜਿਹੇ ਅੰਕੜੇ ਜਾਰੀ ਕਰਨਾ ਗ਼ੈਰ-ਜ਼ਿੰਮੇਵਾਰਾਨਾ ਹਰਕਤ ਹੈ।

ਪਾਪੂਲੇਸ਼ਨ ਫਾਊਂਡੇਸ਼ਨ ਆਫ ਇੰਡੀਆ ਜੋ ਪਿਛਲੀ ਅੱਧੀ ਸਦੀ ਤੋਂ ਆਬਾਦੀ ਦੀ ਸਿਹਤ ਅਤੇ ਵਿਕਾਸ ਯੁੱਧਨੀਤੀਆਂ ਦੀ ਗੱਲ ਕਰਦੀ ਰਹੀ ਹੈ, ਨੇ ਵੀ ਕਿਹਾ ਹੈ ਕਿ ਇਨ੍ਹਾਂ ਅੰਕੜਿਆਂ ਦੇ ਆਧਾਰ 'ਤੇ ਖ਼ਾਸ ਫਿਰਕਿਆਂ ਵਿਰੁੱਧ ਡਰ ਅਤੇ ਭੇਦਭਾਵ ਵਾਲੀ ਹਾਲਤ ਪੈਦਾ ਕਰਨਾ ਨਿਹਾਇਤ ਗ਼ਲਤ ਹੈ। ਉਨ੍ਹਾਂ ਦੋ ਅਹਿਮ ਪਹਿਲੂਆਂ ਵੱਲ ਧਿਆਨ ਦਿਵਾਉਣ ਦੀ ਕੋਸ਼ਿਸ਼ ਕੀਤੀ ਹੈ:

ਇਕ, ਪ੍ਰਜਨਨ ਦਰ (ਫਰਟੀਲਿਟੀ ਰੇਟ); ਦੋ, ਮਰਦਮਸ਼ੁਮਾਰੀ ਦੇ ਅੰਕੜਿਆਂ ਤੋਂ ਸਾਬਤ ਹੁੰਦਾ ਸੱਚ। ਫਾਊਂਡੇਸ਼ਨ ਦਾ ਕਹਿਣਾ ਸੀ ਕਿ ਪ੍ਰਜਨਨ ਦਰ ਹਮੇਸ਼ਾ ਸਿੱਖਿਆ ਅਤੇ ਆਮਦਨ ਦੇ ਪੱਧਰ ਨਾਲ ਬਹੁਤ ਨੇੜਿਓਂ ਜੁੜੀ ਹੁੰਦੀ ਹੈ, ਕਿਸੇ ਧਰਮ ਨਾਲ ਨਹੀਂ। ਕੇਰਲ ਅਤੇ ਤਾਮਿਲਨਾਡੂ ਵਰਗੇ ਰਾਜ ਜਿੱਥੇ ਸਿੱਖਿਆ, ਸਿਹਤ ਸੇਵਾਵਾਂ ਅਤੇ ਸਮਾਜਿਕ-ਆਰਥਿਕ ਵਿਕਾਸ ਪਹੁੰਚ ਵਿਚ ਹੈ, ਉੱਥੇ ਸਾਰੇ ਧਾਰਮਿਕ ਸਮੂਹਾਂ ਵਿਚ ਪ੍ਰਜਨਨ ਦਰ ਘੱਟ ਹੈ। ਮਰਦਮਸ਼ੁਮਾਰੀ ਦੇ ਅੰਕੜਿਆਂ ਦੇ ਹਵਾਲੇ ਨਾਲ ਫਾਊਂਡੇਸ਼ਨ ਨੇ ਕਿਹਾ ਕਿ ਮੁਸਲਮਾਨਾਂ ਦੀ ਆਬਾਦੀ 1981 ਤੋਂ 1991 ਦਰਮਿਆਨ ਜਿੱਥੇ 32.9% ਦਰ ਨਾਲ ਵਧੀ, ਉੱਥੇ 2001 ਤੇ 2011 ਦਰਮਿਆਨ ਇਹ ਦਰ 24.6% ਰਹੀ। ਹਿੰਦੂਆਂ ਵਿਚ ਇਹੀ ਅੰਕੜੇ 22.7% ਤੋਂ 16.8% ਰਹੇ ਹਨ। ਕਹਿਣ ਦਾ ਭਾਵ, ਅਧਿਐਨ ਤੇ ਗਣਨਾ ਦੇ ਅੰਕੜੇ ਸਾਬਤ ਕਰਦੇ ਹਨ ਕਿ ਮਰਦਮਸ਼ੁਮਾਰੀ ਧਰਮ ਤੋਂ ਨਿਰਲੇਪ ਹੁੰਦੀ ਹੈ ਜਦਕਿ ਸੰਕੀਰਨ ਤਾਕਤਾਂ ਉਸ ਨੂੰ ਆਪਣੇ ਪੱਖ 'ਚ ਭੁਗਤਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਜੇ 2021 ਦੀ ਮਰਦਮਸ਼ੁਮਾਰੀ ਦੇ ਅੰਕੜੇ ਸਾਹਮਣੇ ਆਉਂਦੇ ਤਾਂ ਅਜਿਹੇ ਸ਼ਰਾਰਤੀ ਤਰੀਕੇ ਨਾਲ ਹਊਆ ਖੜ੍ਹਾ ਕਰਨ ਦੀ ਕੋਸ਼ਿਸ਼ ਅਸੰਭਵ ਹੋਣੀ ਸੀ।




**ਪ੍ਰਜਨਨ ਸਮਰਥਾ – ਧਰਮ ਦੀ ਕੋਈ ਜਗ੍ਹਾ ਨਹੀਂ!**

ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਅਜਿਹੀ ਸ਼ਰਾਰਤੀ ਕੋਸ਼ਿਸ਼ ਵਾਰ-ਵਾਰ ਸਾਹਮਣੇ ਆਉਂਦੀ ਰਹਿੰਦੀ ਹੈ। ਮੋਦੀ ਨੇ ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਆਬਾਦੀ ਬਾਰੇ ਅਜਿਹਾ ਭਰਮ ਬਥੇਰਾ ਫੈਲਾਇਆ ਸੀ। ਉਸ ਨੇ ਸ਼ਰਨਾਰਥੀ ਕੈਂਪਾਂ ਵਿਚ ਰਹਿਣ ਲਈ ਮਜਬੂਰ ਪੀੜਤ ਮੁਸਲਮਾਨਾਂ ਦਾ ਮਜ਼ਾਕ ਉਡਾਇਆ ਸੀ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਸ਼ਰਨਾਰਥੀ ਕੈਂਪਾਂ ਨੂੰ 'ਬੱਚੇ ਜੰਮਣ ਵਾਲੀਆਂ ਫੈਕਟਰੀਆਂ' ਬਣਾ ਦਿੱਤਾ ਹੈ। ਉਦੋਂ (2002 'ਚ) ਉਸ ਨੇ ਮੁਸਲਮਾਨਾਂ ਵਿਰੁੱਧ ਮਾਹੌਲ ਭੜਕਾਉਣ ਲਈ 'ਹਮ ਦੋ, ਹਮਾਰੇ ਦੋ; ਵੋਹ ਪਾਂਚ, ਉਨਕੇ ਪੱਚੀਸ' ਦਾ ਭੜਕਾਊ ਨਾਅਰਾ ਵੀ ਉਛਾਲਿਆ ਸੀ।

ਮੋਦੀ ਸਰਕਾਰ ਦੇ ਸੱਤਾਧਾਰੀ ਹੋਣ (2014) ਤੋਂ ਪਹਿਲਾਂ ਆਰ.ਐੱਸ.ਐੱਸ. ਦੇ ਆਗੂਆਂ ਨੇ ਇਸ ਮਸਲੇ ਨੂੰ ਵੱਖਰੇ ਤਰੀਕੇ ਨਾਲ ਚੁੱਕਿਆ ਸੀ ਜਿਸ ਵਿਚ ਹਿੰਦੂਆਂ ਦੀ ਘਟਦੀ ਆਬਾਦੀ ਦੀ ਗੱਲ ਕਰਦਿਆਂ ਕਿਹਾ ਸੀ ਕਿ ਹਿੰਦੂ ਵੱਧ ਬੱਚੇ ਜੰਮਣ ਅਤੇ ਪਰਿਵਾਰ ਨਿਯੋਜਨ ਦੀਆਂ ਨੀਤੀਆਂ ਤੋਂ ਤੌਬਾ ਕਰਨ। ਉਨ੍ਹੀਂ ਦਿਨੀਂ ਦੇਸ਼ ਦੇ ਇਕ ਵੱਡੇ ਅਖ਼ਬਾਰ (ਡੀ.ਐੱਨ.ਏ.) ਨੇ ਇਸ ਮਸਲੇ ਉਪਰ ਤਮਾਮ ਮਾਹਰਾਂ ਨਾਲ ਗੱਲ ਕੀਤੀ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਚਾਹੇ ਮੁਸਲਮਾਨਾਂ ਦੀ ਵਾਧਾ ਦਰ ਹਿੰਦੂਆਂ ਦੇ ਮੁਕਾਬਲੇ ਥੋੜ੍ਹੀ ਵੱਧ ਹੈ, ਹਕੀਕਤ ਇਹੀ ਹੈ ਕਿ ਬੀਤੇ ਕੁਝ ਸਾਲਾਂ 'ਚ ਉਸ ਵਿਚ ਗਿਰਾਵਟ ਦੇਖੀ ਜਾ ਸਕਦੀ ਹੈ। ਸੰਘ ਨੇ ਇਸ ਮਾਮਲੇ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਹੈ ਅਤੇ 'ਆਬਾਦੀ ਅਸੰਤੁਲਨ' ਨੂੰ ਲੈ ਕੇ ਨਵਾਜਿਬ ਚਿੰਤਾ ਪ੍ਰਗਟਾਈ ਹੈ।

ਆਬਾਦੀ ਵਿਗਿਆਨ ਦੀ ਕੌਮਾਂਤਰੀ ਸੰਸਥਾ ਦੇ ਪ੍ਰੋਫੈਸਰ ਅਰੋਕੀਆ ਸਵਾਮੀ ਮੁਤਾਬਿਕ ਮੁਸਲਮਾਨਾਂ 'ਚ ਪ੍ਰਜਨਨ ਸਮਰੱਥਾ ਦੀ ਵਧੇਰੇ ਦਰ ਨੂੰ ਅਸੀਂ ਉਨ੍ਹਾਂ ਦੇ ਧਾਰਮਿਕ ਵਿਸ਼ਵਾਸਾਂ ਤੱਕ ਸੀਮਤ ਨਹੀਂ ਕਰ ਸਕਦੇ। ਇਸ ਪ੍ਰਸੰਗ 'ਚ ਸਮਾਜਿਕ-ਆਰਥਿਕ ਹਾਲਾਤ ਦੀ ਵੀ ਭੂਮਿਕਾ ਹੁੰਦੀ ਹੈ। ਜ਼ਿਆਦਾਤਰ ਮੁਸਲਿਮ ਔਰਤਾਂ ਲਈ ਗਰਭ-ਰੋਕੂ ਸਾਧਨ ਉਪਲਭਦ ਨਹੀਂ ਹੁੰਦੇ, ਜਿਵੇਂ ਇਹ ਹੋਰ ਭਾਈਚਾਰਿਆਂ ਦੀਆਂ ਵਾਂਝੇ ਹਿੱਸਿਆਂ ਦੀਆਂ ਔਰਤਾਂ ਲਈ ਉਪਲਭਦ ਨਹੀਂ ਹੁੰਦੇ। ਕੇਰਲ ਅਤੇ ਜੰਮੂ ਕਸ਼ਮੀਰ ਦੇ ਮੁਸਲਮਾਨਾਂ ਦੀ ਵਾਧਾ ਦਰ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਉਹ ਭਾਈਚਾਰੇ ਦੀ ਔਸਤ ਵਾਧਾ ਦਰ ਨਾਲੋਂ ਘੱਟ ਹੈ ਜਿਸ ਨੂੰ ਅਸੀਂ ਉਨ੍ਹਾਂ ਦੀ ਬਿਹਤਰ ਸਿੱਖਿਆ ਤੇ ਬਿਹਤਰ ਸਮਾਜਿਕ-ਆਰਥਿਕ ਹਾਲਤ ਨਾਲ ਜੋੜ ਸਕਦੇ ਹਾਂ; ਉਨ੍ਹਾਂ ਹੀ ਕਾਰਨਾਂ ਕਰ ਕੇ ਯੂ.ਪੀ. ਤੇ ਬਿਹਾਰ ਵਰਗੇ ਘੱਟ ਵਿਕਸਤ ਰਾਜਾਂ ਵਿਚ ਹਿੰਦੂਆਂ ਦੀ ਪ੍ਰਜਨਨ ਸਮਰੱਥਾ ਹੋਰ ਰਾਜਾਂ ਦੇ ਮੁਕਾਬਲੇ ਜ਼ਿਆਦਾ ਹੈ।

ਸੰਯੁਕਤ ਰਾਸ਼ਟਰ ਦੇ ਆਬਾਦੀ ਫੰਡ ਦੇ ਅਧਿਕਾਰੀ ਨੇ ਵੱਖਰਾ ਪਹਿਲੂ ਉਘਾੜਿਆ: "ਧਰਮ ਤੋਂ ਪਾਰ ਜਾ ਕੇ ਪੇਂਡੂ, ਆਦਿਵਾਸੀ ਅਤੇ ਗ਼ਰੀਬ ਪਰਿਵਾਰਾਂ 'ਚ ਹਮੇਸ਼ਾ ਹੀ ਆਬਾਦੀ ਦੀ ਵਾਧਾ ਦਰ ਵਧੇਰੇ ਹੁੰਦੀ ਹੈ ਅਤੇ ਸਾਰੇ ਹੀ ਭਾਈਚਾਰਿਆਂ ਦੇ ਸਰਦੇ-ਪੁੱਜਦੇ ਲੋਕਾਂ ਦੀ ਔਲਾਦ ਦੀ ਗਿਣਤੀ ਘੱਟ ਹੁੰਦੀ ਹੈ।"

**ਇਤਿਹਾਸ ਦੇ ਪੰਨੇ: ਡਰ ਪੈਦਾ ਕਰਨ ਦੀ ਕੋਸ਼ਿਸ਼**

ਇਤਿਹਾਸ ਦੇ ਪੰਨਿਆਂ 'ਤੇ ਨਜ਼ਰ ਮਾਰੀਏ ਤਾਂ ਇਹ ਗੱਲ ਵਾਰ-ਵਾਰ ਦੇਖੀ ਜਾ ਸਕਦੀ ਹੈ। ਬਹੁਤ ਘੱਟ ਲੋਕਾਂ ਨੂੰ ਚੇਤੇ ਹੋਵੇਗਾ ਕਿ 20ਵੀਂ ਸਦੀ ਦੇ ਮੁੱਢ 'ਚ ਯੂ.ਐੱਨ. ਮੁਖਰਜੀ ਦੀ ਕਿਤਾਬ ਛਪੀ ਸੀ 'ਹਿੰਦੂ: ਏ ਡਾਇੰਗ ਰੇਸ' ਅਰਥਾਤ ਮਰਨ ਕਿਨਾਰੇ ਕੌਮ। ਇਹ ਉਹੀ ਮੁਖਰਜੀ ਸੀ ਜਿਸ ਨੇ ਬਾਅਦ ਵਿਚ ਪੰਜਾਬ ਹਿੰਦੂ ਮਹਾਂ ਸਭਾ ਬਣਾਈ। ਇਹ ਕਿਤਾਬ ਇਸ ਮਾਮਲੇ 'ਚ ਕਲਾਸਿਕ ਕਹੀ ਜਾ ਸਕਦੀ ਹੈ ਕਿ ਉਸ ਨੇ ਬਾਅਦ ਦੀਆਂ ਕੁਲ ਕਿਤਾਬਾਂ 'ਤੇ ਪ੍ਰਭਾਵ ਪਾਇਆ ਜੋ ਹਿੰਦੂ ਮਹਾਂ ਸਭਾ ਨੇ ਛਾਪੀਆਂ। ਮੋਹਨ ਰਾਓ 'ਹਿਮਾਲ' ਰਸਾਲੇ ਵਿਚ ਆਪਣੇ ਲੇਖ ਵਿਚ ਦੱਸਦੇ ਹਨ: 'ਇਸ ਕਿਤਾਬ ਦੀ ਉਨ੍ਹੀਂ ਦਿਨੀਂ ਜ਼ਬਰਦਸਤ ਮੰਗ ਸੀ ਜਿਸ ਨੂੰ ਕਈ ਵਾਰ ਮੁੜ ਛਾਪਣਾ ਪਿਆ ਸੀ ਅਤੇ ਜਿਸ ਨੇ ਹਿੰਦੂ ਫਿਰਕਾਪ੍ਰਸਤੀ ਨੂੰ ਉਸਾਰਨ ਤੇ ਮਜ਼ਬੂਤ ਕਰਨ 'ਚ ਵੱਡੀ ਭੂਮਿਕਾ ਨਿਭਾਈ ਸੀ।'

ਇਸ ਕਿਤਾਬ ਦਾ ਉੱਚ ਜਾਤੀ ਦੇ ਹਿੰਦੂ ਫਿਰਕਾਪ੍ਰਸਤਾਂ ਉੱਪਰ ਖ਼ਾਸ ਅਸਰ ਸੀ ਜੋ ਮੁਸਲਮਾਨਾਂ ਅਤੇ ਦਲਿਤਾਂ 'ਚ ਉੱਠ ਰਹੀ ਵੱਖਰੀ ਨੁਮਾਇੰਦਗੀ ਦੀ ਮੰਗ ਦੇ ਮੁਕਾਬਲੇ ਇਕਹਿਰਾ ਹਿੰਦੂ ਭਾਈਚਾਰਾ ਘੜਨਾ ਚਾਹ ਰਹੇ ਸਨ। ਮੁਸਲਮਾਨਾਂ ਨੂੰ ਲੈ ਕੇ ਬੇਹੂਦਾ ਗੱਲਾਂ ਉਛਾਲਣ ਨਾਲ ਵੱਖ-ਵੱਖ ਜਾਤੀਆਂ 'ਚ ਵੰਡੇ ਹਿੰਦੂਆਂ (ਜਿਨ੍ਹਾਂ 'ਚੋਂ ਕਈਆਂ ਦੇ ਆਪਸ 'ਚ ਵੈਰੀਆਂ ਵਾਲੇ ਸਬੰਧ ਸਨ) ਨੂੰ ਇਕ ਮੰਚ 'ਤੇ ਲਿਆਉਣਾ ਸੌਖਾ ਸੀ।' (ਮਰਡਰਡ ਆਈਡੈਂਟਿਟੀਜ਼ ਐਂਡ ਪਾਪੂਲੇਸ਼ਨ ਪੈਰਾਨੋਇਆ, ਹਿਮਾਲ, ਸਤੰਬਰ 2008)।

ਆਪਣੇ ਲੇਖ 'ਚ ਉਨ੍ਹਾਂ ਬਹੁ-ਪਤਨੀ ਪ੍ਰਥਾ ਬਾਰੇ ਵੀ ਤੱਥ ਪੇਸ਼ ਕੀਤੇ ਸਨ: "ਹੋਰ ਗੱਲਾਂ ਤੋਂ ਇਲਾਵਾ ਇਸ ਦੇ ਜ਼ਰੀਏ ਇਹੀ ਕਿਹਾ ਜਾ ਸਕਦਾ ਹੈ ਕਿ ਸਿਵਲ ਕਾਨੂੰਨ ਤਹਿਤ ਹਿੰਦੂ ਇਕ ਤੋਂ ਵੱਧ ਵਿਆਹ ਨਹੀਂ ਕਰ ਸਕਦੇ, ਮੁਸਲਮਾਨ ਚਾਰ ਵਿਆਹ ਕਰ ਸਕਦੇ ਹਨ। ਇਹ ਇਸ ਗੱਲ ਨੂੰ ਉਜਾਗਰ ਨਹੀਂ ਕਰਦਾ ਕਿ ਅੰਕੜੇ ਇਹੋ ਦੱਸਦੇ ਹਨ ਕਿ ਗ਼ੈਰ-ਕਾਨੂੰਨੀ ਦੋ ਵਿਆਹਾਂ ਜਾਂ ਕਈ ਵਿਆਹਾਂ ਦਾ ਰੁਝਾਨ ਮੁਸਲਮਾਨਾਂ ਦੇ ਮੁਕਾਬਲੇ ਹਿੰਦੂਆਂ 'ਚ ਜ਼ਿਆਦਾ ਹੈ। ਅੰਕੜਿਆਂ ਮੁਤਾਬਿਕ ਜਿਸ ਨੂੰ ਬਹੁ-ਪਤਨੀ ਵਿਆਹ ਕਿਹਾ ਜਾ ਸਕਦਾ ਹੈ, ਉਸ ਦੀ ਫ਼ੀਸਦੀ ਹਿੰਦੂਆਂ 'ਚ 5.8% ਹੈ ਅਤੇ ਮੁਸਲਮਾਨਾਂ 'ਚ 5.73%।... ਇਸ 'ਚ ਇਹ ਵੀ ਅਣਡਿੱਠ ਕੀਤਾ ਜਾਂਦਾ ਹੈ ਕਿ ਹਿੰਦੂਆਂ ਵਾਂਗ ਮੁਸਲਮਾਨ ਵੀ ਇਕਹਿਰੇ ਸਰੂਪ ਵਾਲਾ ਭਾਈਚਾਰਾ ਨਹੀਂ, ਉਨ੍ਹਾਂ 'ਚ ਵੀ ਵੰਨ-ਸੁਵੰਨਤਾਵਾਂ ਹਨ। ਕੇਰਲ ਅਤੇ ਤਾਮਿਲਨਾਡੂ ਜਾਂ ਇੰਞ ਕਹਿ ਲਓ, ਦੱਖਣੀ ਭਾਰਤ ਦੇ ਮੁਸਲਮਾਨ ਪਰਿਵਾਰਾਂ ਦੇ ਜੀਆਂ ਦੀ ਗਿਣਤੀ ਉੱਤਰੀ ਭਾਰਤ ਦੇ ਬਿਹਾਰ ਜਾਂ ਯੂ.ਪੀ. ਵਰਗੇ ਰਾਜਾਂ ਦੇ ਹਿੰਦੂ ਪਰਿਵਾਰਾਂ ਦੇ ਜੀਆਂ ਦੀ ਗਿਣਤੀ ਦੇ ਮੁਕਾਬਲੇ ਘੱਟ ਹੈ। ਸਪਸ਼ਟ ਹੈ ਕਿ ਇਸ ਵਿਚ ਧਰਮ ਦੀ ਕੋਈ ਭੂਮਿਕਾ ਨਹੀਂ ਹੈ।'

ਇਹ ਗੱਲ ਧਿਆਨ 'ਚ ਰੱਖਣੀ ਪਵੇਗੀ ਕਿ ਸੀਮਤ ਜਾਣਕਾਰੀ ਜਾਂ ਅੰਤਰ-ਭਾਈਚਾਰਕ ਆਦਾਨ-ਪ੍ਰਦਾਨ ਦੇ ਘਟਦੇ ਮੌਕਿਆਂ ਕਾਰਨ ਜੋ ਧਾਰਨਾਵਾਂ ਬਣਦੀਆਂ ਹਨ, ਉਨ੍ਹਾਂ ਨੂੰ ਤੱਥਾਂ ਜ਼ਰੀਏ ਸਵਾਲਾਂ ਹੇਠ ਲਿਆਂਦਾ ਜਾ ਸਕਦਾ ਹੈ। ਮਿਸਾਲ ਵਜੋਂ, ਅਜਿਹੇ ਲੋਕ ਜੋ ਖ਼ਾਸ ਭਾਈਚਾਰੇ ਦੀ ਵਧੇਰੇ ਪ੍ਰਜਨਨ ਸਮਰੱਥਾ ਦੀ ਗੱਲ ਕਰਦੇ ਹਨ, ਉਨ੍ਹਾਂ ਨੂੰ ਮੁਸਲਮਾਨ ਭਾਰੂ ਆਬਾਦੀ ਵਾਲੇ ਮੁਲਕਾਂ ਦੇ ਕੁਝ ਤੱਥ ਦੱਸੇ ਜਾ ਸਕਦੇ ਹਨ: 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਦੇ ਇਕ ਲੇਖ ਵਿਚ ਆਰ.ਬੀ. ਭਗਤ (ਫੈਕਟ ਐਂਡ ਫਿਕਸ਼ਨ ਆਲ ਹਿੰਦੂਤਵਾ ਕਲੇਮਜ਼, 25 ਸਤੰਬਰ 2004) ਨੇ ਲਿਖਿਆ ਸੀ- "ਪਾਪੂਲਰ ਪੱਧਰ 'ਤੇ ਆਮ ਲੋਕਾਂ ਲਈ ਇਸ ਹਕੀਕਤ ਉੱਪਰ ਗ਼ੌਰ ਕਰਨਾ ਜਾਂ ਉਸ ਨੂੰ ਜਜ਼ਬ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਜਦੋਂ ਉਨ੍ਹਾਂ ਨੂੰ ਇਹ ਦੱਸਿਆ ਜਾਂਦਾ ਹੈ ਕਿ ਮੁਸਲਮਾਨਾਂ ਦੀ ਭਾਰੂ ਆਬਾਦੀ ਵਾਲੇ ਇੰਡੋਨੇਸ਼ੀਆ ਦੀ ਪ੍ਰਜਨਨ ਸਮਰੱਥਾ (ਕੁਲ ਪ੍ਰਜਨਨ ਸਮਰੱਥਾ ਦਰ 2.6) ਦੀ ਦਰ ਬਹੁਗਿਣਤੀ ਹਿੰਦੂ ਆਬਾਦੀ ਵਾਲੇ ਭਾਰਤ ਦੀ ਤੁਲਨਾ 'ਚ (ਕੁਲ ਪ੍ਰਜਨਨ ਸਮਰੱਥਾ ਦਰ 3.2) ਘੱਟ ਹੈ। ਦਰਅਸਲ, ਇੰਡੋਨੇਸ਼ੀਆ 'ਚ ਪ੍ਰਜਨਨ ਸਮਰੱਥਾ 'ਚ ਕਮੀ ਨੂੰ ਪਰਿਵਾਰ ਨਿਯੋਜਨ ਉੱਪਰ ਕਾਰਗਰ ਅਮਲ (ਜੋ ਮੁਲਕ ਦੀਆਂ ਸਿਹਤ ਸੇਵਾਵਾਂ ਨਾਲ ਅਟੁੱਟ ਰੂਪ 'ਚ ਜੁੜੀ ਹੈ) ਨਾਲ ਜੋੜਿਆ ਜਾ ਸਕਦਾ ਹੈ। ਇਨ੍ਹਾਂ ਸਮਿਆਂ 'ਚ ਬੰਗਲਾਦੇਸ਼ 'ਚ ਵੀ ਪਰਿਵਾਰ ਨਿਯੋਜਨ ਦੇ ਵਧਦੇ ਪੱਧਰ ਕਰ ਕੇ ਉੱਥੋਂ ਦੀ ਪ੍ਰਜਨਨ ਸਮਰੱਥਾ 'ਚ ਵੀ ਕਾਫ਼ੀ ਤੇਜ਼ੀ ਨਾਲ ਕਮੀ ਦਿਖਾਈ ਦਿੱਤੀ।"

ਜੇ ਅਸੀਂ ਯਹੂਦੀ, ਇਸਾਈ, ਇਸਲਾਮੀ ਜਾਂ ਸਿੰਹਲਾ ਮੂਲਵਾਦੀ ਆਬਾਦੀ ਬਿਰਤਾਂਤ ਦੇਖੀਏ ਤਾਂ ਉਨ੍ਹਾਂ 'ਚ ਵੀ ਹਿੰਦੂਤਵ ਦੇ ਆਬਾਦੀ ਬਿਰਤਾਂਤ ਦੇ ਤੱਤ ਮਿਲ ਸਕਦੇ ਹਨ। ਮਿਸਰ ਦੀ 'ਮੁਸਲਿਮ ਬ੍ਰਦਰਹੁੱਡ' ਵਰਗੀ ਜਥੇਬੰਦੀ ਗਰਭ ਨਿਰੋਧਕ ਸਾਧਨਾਂ ਦਾ ਵਿਰੋਧ ਕਰਦੀ ਹੈ; ਉਨ੍ਹਾਂ ਦਾ ਮੰਨਣਾ ਹੈ ਕਿ ਇਸ ਨਾਲ 'ਔਰਤਾਂ ਦੀ ਅਨਿਯੰਤਰਿਤ ਕਾਮੁਕਤਾ' ਵਧੇਗੀ ਜੋ ਇਸਲਾਮੀ ਸਮਾਜ ਦੇ ਇਖ਼ਲਾਕੀ ਤਾਣੇਬਾਣੇ ਨੂੰ ਕਮਜ਼ੋਰ ਕਰ ਦੇਵੇਗੀ। ਹੋਰ ਇਸਲਾਮੀ ਮੂਲਵਾਦੀ ਤਾਕਤਾਂ ਵੀ ਪਰਿਵਾਰ ਨਿਯੋਜਨ ਦਾ ਵਿਰੋਧ ਕਰਦੀਆਂ ਹਨ ਜਿਨ੍ਹਾਂ ਦੀ ਦਲੀਲ ਹੁੰਦੀ ਹੈ ਕਿ ਇਹ ਯਹੂਦੀਆਂ-ਇਸਾਈਆਂ ਦੀ ਮੁਸਲਿਮ ਜਗਤ ਨੂੰ ਕਮਜ਼ੋਰ ਕਰਨ ਦੀ ਚਾਲ ਹੈ।

**ਕੀ ਆਬਾਦੀ ਦੇ ਅੰਕੜਿਆਂ ਉਪਰ ਅਲੱਗ ਬਹਿਸ ਖੜ੍ਹੀ ਕਰਨ ਦੀ ਗੁੰਜਾਇਸ਼ ਹੈ?**

2024 ਵਾਲੀਆਂ ਚੋਣਾਂ ਵਿਚ ਮੋਦੀ ਦੀ ਇਕਨਾਮਿਕ ਐਡਵਾਇਜ਼ਰੀ ਕੌਂਸਲ ਵੱਲੋਂ ਜਾਰੀ (ਪਹਿਲਾਂ ਹੀ ਜੱਗ ਜ਼ਾਹਿਰ) ਅੰਕੜਿਆਂ ਜ਼ਰੀਏ ਕੀਤੀ ਜਾ ਰਹੀ ਇਹ ਗ਼ੈਰ-ਜ਼ਿੰਮੇਵਾਰਾਨਾ ਕੋਸ਼ਿਸ਼ ਚੇਤੇ ਕਰਵਾ ਦਿੰਦੀ ਹੈ ਕਿ 2015 'ਚ ਬਿਹਾਰ ਵਿਧਾਨ ਸਭਾ ਚੋਣਾਂ ਦੌਰਾਨ ਵੀ ਆਬਾਦੀ ਦੇ ਧਾਰਮਿਕ ਅੰਕੜਿਆਂ ਨੂੰ ਇਸੇ ਤਰ੍ਹਾਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਤਾਂ ਕਿ ਉਸ ਦੇ ਅੰਸ਼ਕ ਨਤੀਜੇ ਉਛਾਲ ਕੇ ਘੱਟ ਗਿਣਤੀਆਂ ਦੀ 'ਵਧ ਰਹੀ ਆਬਾਦੀ' ਦੇ ਨਾਮ 'ਤੇ ਬਹੁਗਿਣਤੀ ਦੀ ਪਾਲਾਬੰਦੀ ਕੀਤੀ ਜਾ ਸਕੇ। ਵਿਡੰਬਨਾ ਇਹ ਹੈ ਕਿ ਮਰਦਮਸ਼ੁਮਾਰੀ ਦੇ ਜਾਤ ਅੰਕੜਿਆਂ ਉੱਪਰ ਉਦੋਂ ਵੀ ਚੁੱਪ ਵੱਟ ਲਈ ਗਈ ਸੀ ਜਿਸ ਦੀ ਮੰਗ ਲੰਮੇ ਸਮੇਂ ਤੋਂ ਹੋ ਰਹੀ ਹੈ।

ਮੀਡੀਆ ਜਿਸ ਨੂੰ ਲੋਕਤੰਤਰ ਦਾ ਪਹਿਰੇਦਾਰ ਕਿਹਾ ਜਾਂਦਾ ਹੈ, ਨੇ ਵੀ ਚੰਦ ਅੱਪਵਾਦਾਂ ਨੂੰ ਛੱਡ ਕੇ ਇਕ ਤਰ੍ਹਾਂ ਨਾਲ ਇਸੇ ਸੁਰ 'ਚ ਸੁਰ ਮਿਲਾਈ। 'ਰਾਜਸਥਾਨ ਪੱਤ੍ਰਿਕਾ' ਦੇ ਗੁਜਰਾਤ ਐਡੀਸ਼ਨ ਨੇ ਆਬਾਦੀ ਵਿਚ ਮੁੱਖ ਧਰਮਾਂ ਦੀ ਮੌਜੂਦਾ ਫ਼ੀਸਦ ਨੂੰ ਪੇਸ਼ ਕਰਦਿਆਂ ਜ਼ੋਰ ਦਿੱਤਾ ਸੀ ਕਿ 'ਮੁਸਲਮਾਨਾਂ ਦੀ ਵਾਧੇ ਦੀ ਦਰ ਪਿਛਲੇ ਦਹਾਕੇ ਦੇ ਮੁਕਾਬਲੇ ਘਟੀ' ਹੈ। 'ਦਿ ਟੈਲੀਗ੍ਰਾਫ਼' ਦੀ ਰਿਪੋਰਟ ਸੀ: 'ਮਰਦਮਸ਼ੁਮਾਰੀ ਦੇ ਅੰਕੜਿਆਂ ਨੇ ਜਾਅਲੀ ਦਹਿਸ਼ਤ ਪੈਦਾ ਕਰਨ ਵਾਲਿਆਂ ਨੂੰ ਨੱਥ ਪਾਈ'।

ਉਦੋਂ ਸਾਰਥਕ ਦਖ਼ਲ ਦੇ ਰੂਪ 'ਚ 2011 ਦੀ ਮਰਦਮਸ਼ੁਮਾਰੀ ਦੇ ਇਨ੍ਹਾਂ ਅੰਕੜਿਆਂ ਨੂੰ ਦੇਖਣ ਦੀ ਕੋਸ਼ਿਸ਼ ਵੀ ਹੋਈ ਸੀ:

1) 2001 ਦੀ ਤੁਲਨਾ ਵਿਚ 2011 ਦੀ ਮਰਦਮਸ਼ੁਮਾਰੀ 'ਚ ਭਾਰਤ ਦੇ ਛੇ ਸਭ ਤੋਂ ਵੱਡੇ ਧਾਰਮਿਕ ਫਿਰਕਿਆਂ 'ਚ ਲਿੰਗ ਅਨੁਪਾਤ ਦੀ ਹਾਲਤ ਬਿਹਤਰ ਹੋਈ ਹੈ ਜਿਸ ਵਿਚ ਸਭ ਤੋਂ ਬਿਹਤਰ ਸੁਧਾਰ ਮੁਸਲਮਾਨਾਂ 'ਚ (936 ਤੋਂ 951 ਤੱਕ), ਸਭ ਤੋਂ ਘੱਟ ਸੁਧਾਰ ਹਿੰਦੂਆਂ 'ਚ (931 ਤੋਂ 939 ਤੱਕ) ਦਿਖਾਈ ਦਿੰਦਾ ਹੈ।

2) ਵੱਖ-ਵੱਖ ਧਾਰਮਿਕ ਫਿਰਕਿਆਂ ਦੇ ਲਿੰਗ ਅਨੁਪਾਤ 'ਚ ਕਾਫ਼ੀ ਫ਼ਰਕ ਨਜ਼ਰ ਆਉਂਦਾ ਹੈ ਜਿਸ ਵਿਚ ਸਭ ਤੋਂ ਮਾੜੀ ਹਾਲਤ ਸਿੱਖਾਂ ਦੀ ਹੈ ਜਿੱਥੇ ਇਕ ਹਜ਼ਾਰ ਮਰਦਾਂ ਦੇ ਮੁਕਾਬਲੇ ਮਹਿਜ਼ 903 ਔਰਤਾਂ ਹਨ; ਇਸਾਈਆਂ 'ਚ ਇਹ ਅੰਕੜਾ 1023 ਹੈ। ਜਿੱਥੋਂ ਤੱਕ ਹਿੰਦੂਆਂ ਦਾ ਸਵਾਲ ਹੈ, ਉੱਤਰ-ਪੂਰਬ ਦੇ ਕਈ ਰਾਜਾਂ 'ਚ ਇਹ ਅੰਕੜਾ 900 ਤੋਂ ਵੀ ਘੱਟ ਹੈ।

3) ਸਭ ਤੋਂ ਦਿਲਚਸਪ ਅੰਕੜਾ ਉਨ੍ਹਾਂ ਲੋਕਾਂ ਬਾਰੇ ਹੈ ਜਿਨ੍ਹਾਂ ਨੇ ਆਪਣੇ ਆਪ ਨੂੰ ਕਿਸੇ ਧਰਮ ਨਾਲ ਜੋੜਨ ਤੋਂ ਇਨਕਾਰ ਕੀਤਾ ਹੈ। ਇਸ ਵਿਚ ਨਾਸਤਿਕ ਤੇ ਤਰਕਸ਼ੀਲ ਜਾਂ ਕਿਸੇ ਸੰਗਠਿਤ ਧਰਮ ਤੋਂ ਦੂਰ ਰਹਿਣ ਵਾਲੇ ਲੋਕ ਹੋ ਸਕਦੇ ਹਨ। ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ 2001 ਦੀ ਮਰਦਮਸ਼ੁਮਾਰੀ ਦੇ ਮੁਕਾਬਲੇ 2011 ਦੀ ਮਰਦਮਸ਼ੁਮਾਰੀ 'ਚ ਅਜਿਹੇ ਲੋਕਾਂ ਦੀ ਤਾਦਾਦ 'ਚ 294% ਵਾਧਾ ਦੇਖਿਆ ਗਿਆ ਹੈ। ਨਿਸ਼ਚੇ ਹੀ ਇਨ੍ਹਾਂ ਅੰਕੜਿਆਂ ਬਾਰੇ ਸਮੁੱਚੇ ਸਮਾਜ 'ਚ ਤਕੜੀ ਬਹਿਸ ਖੜ੍ਹੀ ਹੋ ਸਕਦੀ ਸੀ।

ਹਿੰਦੂਆਂ ਲਈ ਇਹ ਡੂੰਘੇ ਆਤਮ-ਨਿਰੀਖਣ ਦਾ ਵਿਸ਼ਾ ਹੋ ਸਕਦਾ ਸੀ ਕਿ ਲਿੰਗ ਅਨੁਪਾਤ ਨੂੰ ਲੈ ਕੇ ਸਭ ਤੋਂ ਘੱਟ ਸੁਧਾਰ ਉਨ੍ਹਾਂ ਦੇ ਹੀ ਕਿਉਂ ਨਜ਼ਰ ਆਉਂਦਾ ਹੈ, ਜਾਂ ਇਹ ਵੀ ਪੁੱਛਿਆ ਜਾ ਸਕਦਾ ਹੈ ਕਿ ਲਿੰਗ ਅਨੁਪਾਤ ਦੇ ਮਾਮਲੇ 'ਚ ਇਸਾਈ ਫਿਰਕੇ ਦਾ ਰਿਕਾਰਡ ਬਾਕੀ ਫਿਰਕਿਆਂ ਦੇ ਮੁਕਾਬਲੇ ਬਿਹਤਰ ਕਿਉਂ ਹੈ? ਸਮਾਜ 'ਚ ਉੱਚ ਸਾਖ਼ਰਤਾ ਦਰ ਕਿਵੇਂ ਇਨ੍ਹਾਂ ਘੱਟ ਗਿਣਤੀਆਂ ਫਿਰਕਿਆਂ ਵਿਚ ਆਬਾਦੀ ਦੇ ਵਾਧੇ ਨੂੰ ਪ੍ਰਭਾਵਿਤ ਕਰਦੀ ਹੈ, ਇਹ ਅਸੀਂ ਜੈਨੀ ਲੋਕਾਂ ਉੱਪਰ ਗ਼ੌਰ ਕਰਦੇ ਦੇਖ ਸਕਦੇ ਹਾਂ ਜੋ ਇਸ ਦਹਾਕੇ 'ਚ ਮਹਿਜ਼ 5.4% ਦੀ ਦਰ ਨਾਲ ਵਧੇ ਹਨ। ਦਹਾਕਾ ਪਹਿਲਾਂ ਉਨ੍ਹਾਂ ਦੀ ਸਾਖ਼ਰਤਾ ਦਰ 90% ਤੋਂ ਘੱਟ ਨੋਟ ਕੀਤੀ ਗਈ ਸੀ।

ਜ਼ਾਹਿਰ ਹੈ, ਮਰਦਮਸ਼ੁਮਾਰੀ ਦੇ ਅੰਕੜੇ ਗਤੀਸ਼ੀਲ ਸਮਾਜ ਦੇ ਤੇਜ਼ੀ ਨਾਲ ਬਦਲਦੇ ਦ੍ਰਿਸ਼ ਨੂੰ ਉਜਾਗਰ ਕਰਦੇ ਰਹਿੰਦੇ ਹਨ। ਅੰਕੜਿਆਂ ਦਾ ਇਹ ਸਮੁੱਚ ਨੀਤੀ ਘਾੜਿਆਂ ਲਈ ਹੀ ਨਹੀਂ ਸਗੋਂ ਸਮਾਜ ਵਿਗਿਆਨੀਆਂ, ਰਾਜਨੀਤਕ ਵਿਸ਼ਲੇਸ਼ਕਾਂ ਜਾਂ ਸਮਾਜਿਕ-ਰਾਜਨੀਤਕ ਕਾਰਕੁਨਾਂ ਲਈ ਖ਼ਜ਼ਾਨੇ ਦੇ ਰੂਪ 'ਚ ਮੌਜੂਦ ਹੁੰਦਾ ਹੈ ਜਿਸ ਦਾ ਵਿਸ਼ਲੇਸ਼ਣ ਕਰ ਕੇ ਉਹ ਆਪਣੀ ਸਮਝ ਤੈਅ ਕਰਦੇ ਹਨ ਜਾਂ ਆਪਣੀ ਦਖ਼ਲਅੰਦਾਜ਼ੀ ਦੀ ਰੂਪਰੇਖਾ ਤਿਆਰ ਕਰਦੇ ਹਨ। ਇਹ ਵੀ ਜ਼ਾਹਿਰ ਹੈ ਕਿ ਅੱਧੇ-ਅਧੂਰੇ ਅੰਕੜਿਆਂ ਜ਼ਰੀਏ ਸਮਾਜ 'ਚ ਵਧੇਰੇ ਪਾਟਕ ਅਤੇ ਤਣਾਓ ਵੀ ਪੈਦਾ ਕੀਤਾ ਜਾ ਸਕਦਾ ਹੈ ਜਿਵੇਂ ਮੋਦੀ ਅਤੇ ਭਾਜਪਾ ਵਾਲੇ ਕਰਨ ਦੀ ਕੋਸ਼ਿਸ਼ 'ਚ ਹਨ।

## ਪੰਜਾਬ ਟਾਈਮਜ਼ ਅਤੇ ਸੁਰਜੀਤ ਪਾਤਰ

*ਪੰਜਾਬ ਟਾਈਮਜ਼' ਦੇ ਸ਼ਾਨਾਂਮੱਤੇ ਸਫਰ ਦੇ 25ਵੇਂ ਵਰ੍ਹੇ ਵਾਲੇ ਸਮਾਗਮ ਲਈ ਮੁੱਖ ਬੁਲਾਰੇ ਵਜੋਂ ਬੁਲਾਉਣ ਬਾਰੇ ਵਿਚਾਰ-ਵਟਾਂਦਰਾ ਹੋਇਆ ਤਾਂ ਦੋ ਨਾਂ ਉਭਰ ਕੇ ਸਾਹਮਣੇ ਆਏ: ਸੁਰਜੀਤ ਪਾਤਰ ਤੇ ਵਰਿਆਮ ਸਿੰਘ ਸੰਧੂ। ਵਰਿਆਮ ਸਿੰਘ ਸੰਧੂ ਕਿਉਂਕਿ ਇਕ ਵਾਰ ਪਹਿਲਾਂ ਵੀ ਇਹ ਫਰਜ਼ ਨਿਭਾਅ ਚੁੱਕੇ ਸਨ, ਇਸ ਲਈ ਗੁਣਾ ਸੁਰਜੀਤ ਪਾਤਰ ਦੇ ਨਾਮ ਦਾ ਪੈ ਗਿਆ। ਉਨ੍ਹਾਂ ਨਾਲ ਗੱਲ ਕਰਨ ਦੀ ਜ਼ਿੰਮੇਵਾਰੀ ਵੀ ਵਰਿਆਮ ਸਿੰਘ ਸੰਧੂ ਨੇ ਹੀ ਓਟ ਲਈ ਪਰ ਉਨ੍ਹਾਂ ਦੇ ਰੁਝੇਵਿਆਂ ਕਾਰਨ ਸਮਾਗਮ ਵਾਲੀ ਤਾਰੀਖ ਦਾ ਸੂਤ ਨਹੀਂ ਸੀ ਬੈਠ ਰਿਹਾ। ਦਸ ਕੁ ਦਿਨ ਪਹਿਲਾਂ ਉਨ੍ਹਾਂ ਤਾਰੀਖ ਬਦਲਣ ਬਾਰੇ ਵੀ ਆਖਿਆ ਪਰ ਉਦੋਂ ਤੱਕ ਤਾਰੀਖ ਅੱਗੇ-ਪਿੱਛੇ ਕਰਨੀ ਮੁਸ਼ਕਿਲ ਸੀ। ਵਕਤ ਦਾ ਤਕਾਜ਼ਾ ਦੇਖੋ ਕਿ ਜਿਸ ਸ਼ਖਸ ਨੇ 'ਪੰਜਾਬ ਟਾਈਮਜ਼' ਦੇ ਇਸ ਖਾਸ ਸਮਾਗਮ ਦਾ ਹਿੱਸਾ ਬਣਨਾ ਸੀ, ਉਸ ਬਾਰੇ ਸ਼ਰਧਾਂਜਲੀ ਲੇਖ ਛਾਪਣੇ ਪੈ ਰਹੇ ਹਨ। ਦਿਲ ਉਦਾਸ ਹੈ...! ਬਹੁਤ ਔਖਾ ਲਗ ਰਿਹਾ ਹੈ ਪਾਤਰ ਸਾਹਿਬ ਨੂੰ ਅਲਵਿਦਾ ਕਹਿਣਾ।*



# ਲੋਕ ਮਨਾਂ ਦਾ ਸ਼ਾਇਰ ਸੁਰਜੀਤ ਪਾਤਰ

**ਵਰਿਆਮ ਸਿੰਘ ਸੰਧੂ**
ਫੋਨ: 647-535-1539



ਹਮਾਰੇ ਬਾਅਦ ਅੰਧੇਰਾ ਰਹੇਗਾ ਮਹਿਫਲ ਮੇਂ,
ਬਹੁਤ ਚਿਰਾਗ਼ ਜਲਾਓਗੇ ਰੋਸ਼ਨੀ ਕੇ ਲੀਏ!

ਸੁਰਜੀਤ ਪਾਤਰ ਇਨ੍ਹਾਂ ਸਮਿਆਂ ਵਿਚ ਸਭ ਤੋਂ ਵੱਧ ਪੜ੍ਹੇ-ਸੁਣੇ ਜਾਣ ਵਾਲਾ ਪੰਜਾਬੀ ਦਾ ਸਰਵ-ਸਨਮਾਨਤ ਸ਼ਾਇਰ ਸੀ। ਉਹਨੂੰ ਮਿਲਣਾ, ਸੁਣਨਾ ਹਮੇਸ਼ਾ ਬੜਾ ਅਨੋਖਾ ਤੇ ਮਾਣ-ਮੱਤਾ ਅਨੁਭਵ ਹੁੰਦਾ ਸੀ। ਸੰਤ ਸਿੰਘ ਸੇਖੋਂ ਨੇ ਕਦੀ ਕਿਹਾ ਸੀ ਕਿ ਵੀਹਵੀਂ ਸਦੀ ਦੀ ਪੰਜਾਬੀ ਸ਼ਾਇਰੀ ਦੀਆਂ ਸੱਤ ਚੋਟੀਆਂ ਹਨ: ਭਾਈ ਵੀਰ ਸਿੰਘ, ਪੂਰਨ ਸਿੰਘ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਸ਼ਿਵ ਕੁਮਾਰ, ਪਾਸ਼ ਤੇ ਪਾਤਰ। ਇਕੀਵੀਂ ਸਦੀ ਵਿਚ ਇਕੱਲੇ ਪਾਤਰ ਹੁਰੀਂ ਪੰਜਾਬੀ ਸ਼ਾਇਰੀ ਦੀ ਮਾਊਂਟ-ਐਵਰੈਸਟ ਸਨ। ਅੱਜ ਉਹ ਚੋਟੀ ਵੀ ਢਹਿ ਪਈ।

ਪੰਜਾਬੀ ਅਦਬ ਦਾ ਉੱਚਾ ਸ਼ਮਲ੍ਹਾ ਢਹਿ ਪਿਆ।

ਉਸ ਬਾਰੇ ਮੈਂ ਕਦੀ ਲਿਖਿਆ ਸੀ:

ਕਿਹੜਾ ਪੰਜਾਬੀ ਏ ਜੋ ਸੁਰਜੀਤ ਪਾਤਰ ਦਾ ਨਾਂ ਨਹੀਂ ਜਾਣਦਾ।

ਸੁਰਜੀਤ ਪਾਤਰ ਪੰਜਾਬੀ ਜ਼ਬਾਨ ਦਾ ਅਜ਼ੀਮ ਸ਼ਾਇਰ।

ਵਾਰਸਸ਼ਾਹ ਵਾਂਗ ਜਿਸ ਦੇ ਬੋਲ ਪੰਜਾਬੀਆਂ ਦੇ ਦਿਲਾਂ ਦੀ ਆਵਾਜ਼ ਬਣ ਕੇ ਧੜਕਦੇ ਨੇ।

ਉਹਦੀ ਆਵਾਜ਼ ਵਿਚ ਕੋਇਲ ਦੀ ਕੂਕ ਦੀ ਮਿਠਾਸ ਏ।

ਉਹਦੇ ਸ਼ਬਦਾਂ ਵਿਚ ਅੰਗਿਆਰ ਮਘਦੇ ਤੇ ਅਨਾਰ ਚੱਲਦੇ ਨੇ।

ਉਹਨੂੰ ਸੁਣਨਾ ਤੇ ਪੜ੍ਹਨਾ ਪੰਜਾਬੀ ਲੋਕਾਂ ਤੇ ਪੰਜਾਬੀ ਕਵਿਤਾ ਦਾ ਧੰਨਭਾਗ।

ਅੱਜ ਤੱਕ ਭਾਸ਼ਨ ਕਰਨ ਵਾਲੇ ਨਾਮਵਰ ਬੁਲਾਰੇ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਤੇ ਗੱਲਬਾਤ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਉਰਦੂ ਦੇ ਸ਼ਿਅਰ ਬੋਲਿਆ ਕਰਦੇ ਸਨ ਪਰ ਇਹ ਪਹਿਲੀ ਵਾਰ ਹੋਇਆ ਕਿ ਹੁਣ ਮਸ਼ਹੂਰ ਬੁਲਾਰਿਆਂ ਕੋਲ 'ਕੋਟ' ਕਰਨ ਲਈ ਪਾਤਰ ਦੇ ਸ਼ਿਅਰ ਹੱਸਦੇ ਹੋਏ ਹਾਜ਼ਰ ਹੋ ਜਾਂਦੇ ਨੇ। ਰਵੀਸ਼ ਕੁਮਾਰ ਵਰਗਾ ਭਾਰਤ ਦਾ ਨਾਮੀ ਪੱਤਰਕਾਰ ਵੀ ਇੱਕ ਵਾਰ ਪਾਤਰ ਦਾ ਸ਼ਿਅਰ ਕੋਟ ਕਰਦਾ ਸੁਣਿਆਂ ਮੈਂ। ਹੋਰ ਤਾਂ ਹੋਰ, ਗੁਰਦਿਆਲ ਸਿੰਘ ਵਰਗੇ ਨਾਮਵਰ ਨਾਵਲਕਾਰ ਦੇ ਪਾਤਰ ਵੀ ਕਈ ਥਾਈਂ ਪਾਤਰ ਦੇ ਸ਼ਿਅਰ ਬੋਲਦੇ ਹਨ।

ਅਜਿਹੀ ਲੋਕਪ੍ਰਿਯਤਾ ਵਾਰਿਸ ਸ਼ਾਹ ਤੇ ਸ਼ਿਵ ਤੋਂ ਬਾਅਦ ਪਾਤਰ ਨੂੰ ਹੀ ਹਾਸਲ ਹੋਈ ਹੈ।

ਲੱਗੀ ਜੇ ਤੇਰੇ ਕਾਲਜੇ ਹਾਲੇ ਛੁਰੀ ਨਹੀਂ।

ਇਹ ਨਾ ਸਮਝ ਕਿ ਸ਼ਹਿਰ ਦੀ ਹਾਲਤ ਬੁਰੀ ਨਹੀਂ।

ਲੋਕਾਂ ਦੇ ਕਾਲਜੇ 'ਚ ਹਰ ਪਲ ਵੱਜਦੀਆਂ ਛੁਰੀਆਂ ਦੀ ਪੀੜ ਨੂੰ ਆਪਣੇ ਅੰਦਰ ਸਮੋਅ ਕੇ ਤੇ ਮੋਤੀਆਂ ਵਰਗੇ ਸ਼ਬਦਾਂ ਵਿਚ ਸੰਜੋਅ ਕੇ ਲੋਕਾਂ ਦੇ ਰੂਬਰੂ ਕਰਨ ਵਾਲਾ ਪੰਜਾਬੀ ਦਾ ਅਜ਼ੀਮ ਸ਼ਾਇਰ ਸੀ ਸਾਡਾ ਸੁਰਜੀਤ ਪਾਤਰ।

ਵਾਰਿਸ ਸ਼ਾਹ ਵਾਂਗ ਜਿਸ ਦੇ ਸੰਗੀਤਕ ਬੋਲ ਪੰਜਾਬੀ ਅਵਾਮ ਦੇ ਦਿਲਾਂ ਦੀ ਆਵਾਜ਼ ਬਣ ਗਏ ਹਨ। ਪਾਤਰ ਨੂੰ ਸੁਣਨਾ ਆਪਣੇ ਆਪ ਨੂੰ ਤਲਾਸ਼ਣ ਤੇ ਜਾਨਣ-ਸਮਝਣ ਵਰਗਾ ਖ਼ੂਬਸੂਰਤ ਅਮਲ ਹੈ। ਇਸ ਵੇਲੇ ਪੰਜਾਬੀ ਸ਼ਾਇਰੀ ਵਿਚ ਪਾਤਰ ਦਾ ਕੋਈ ਸਾਨੀ ਨਹੀਂ।

ਸੁਰਜੀਤ ਪਾਤਰ ਦਾ ਜਨਮ ਜਨਵਰੀ 1945 ਵਿਚ ਪੰਜਾਬ ਵਿਚ ਜਲੰਧਰ ਜ਼ਿਲ੍ਹੇ ਦੇ ਪਿੰਡ ਪੱਤੜ ਕਲਾਂ ਵਿਚ ਹੋਇਆ। 'ਪੱਤੜ' ਨਾਮ ਤੋਂ ਹੀ ਉਨ੍ਹਾਂ ਨੇ ਆਪਣਾ ਤਖੱਲਸ ਥੋੜ੍ਹਾ ਜਿਹਾ ਛਿੱਲ-ਤਰਾਸ਼ ਕੇ, ਖੁਰਦਰੇ ਤੋਂ ਕੂਲ਼ਾ ਜਿਹਾ ਬਣਾ ਕੇ 'ਪਾਤਰ' ਰੱਖ ਲਿਆ। ਪਾਤਰ ਨੇ ਐੱਮ.ਏ. ਪੰਜਾਬੀ ਯੂਨੀਵਰਿਸਟੀ ਪਟਿਆਲਾ ਤੋਂ ਕੀਤੀ ਅਤੇ ਉਸ ਤੋਂ ਬਾਅਦ ਪੀਐੱਚ.ਡੀ. ਗੁਰੂ ਨਾਨਕ ਦੇਵ ਯੂਨੀਵਰਿਸਟੀ ਅੰਮ੍ਰਿਤਸਰ ਤੋਂ ਕੀਤੀ।

ਇਸ ਤੋਂ ਬਾਅਦ ਉਹ ਅਧਿਆਪਨ ਦੇ ਕਿੱਤੇ ਵਿਚ ਆ ਗਿਆ। ਸ਼ੁਰੂਆਤੀ ਦੌਰ ਵਿਚ ਬੀੜ ਬਾਬਾ ਬੁੱਢਾ ਸਾਹਿਬ ਕਾਲਜ ਵਿਚ ਪੜ੍ਹਾਇਆ ਤੇ ਬਾਅਦ ਵਿਚ ਸਾਰੀ ਉਮਰ ਪੰਜਾਬ ਖੇਤੀਬਾੜੀ ਯੂਨੀਵਰਿਸਟੀ ਲੁਧਿਆਣਾ ਵਿਚ। ਇਥੋਂ ਹੀ ਪੰਜਾਬੀ ਦੇ ਪ੍ਰੋਫੈਸਰ ਦੇ ਤੌਰ 'ਤੇ ਸੇਵਾਮੁਕਤ ਹੋਏ। ਅੱਜ ਕੱਲ੍ਹ ਉਹ ਪੰਜਾਬ ਆਰਟਸ ਕੌਂਸਲ ਚੰਡੀਗੜ੍ਹ ਦੇ ਚੇਅਰਮੈਨ ਸਨ।

ਪਾਤਰ ਨੇ ਸੱਠਵੇਂ ਦਹਾਕੇ ਵਿਚ ਲਿਖਣਾ ਸ਼ੁਰੂ ਕੀਤਾ। ਸ਼ਾਇਰੀ ਵਿਚ ਉਨ੍ਹਾਂ ਦੀਆਂ ਮੁੱਖ ਕਿਤਾਬਾਂ 'ਹਵਾ ਵਿਚ ਲਿਖੇ ਹਰਫ਼', 'ਬਿਰਖ ਅਰਜ਼ ਕਰੇ', 'ਹਨੇਰੇ ਵਿਚ ਸੁਲਗਦੀ ਵਰਨਮਾਲਾ', 'ਲਫ਼ਜ਼ਾਂ ਦੀ ਦਰਗਾਹ', 'ਪਤਝੜ ਦੀ ਪਾਜ਼ੇਬ', 'ਸੁਰ-ਜ਼ਮੀਨ' ਆਦਿ ਹਨ। 'ਹਵਾ ਵਿਚ ਲਿਖੇ ਹਰਫ਼' ਦੇ ਛਪਦੇ ਸਾਰ ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਉਨ੍ਹਾਂ ਅਜਿਹੇ ਝੰਡੇ ਗੱਡੇ ਕਿ ਚਾਰ ਪਾਸੇ 'ਪਾਤਰ, ਪਾਤਰ ਹੋ ਉਠੀ'। 'ਹਵਾ ਵਿਚ ਲਿਖੇ ਹਰਫ਼' ਦੇ ਛਪਣ ਵੇਲੇ ਮੈਂ ਲਿਖਿਆ ਸੀ ਕਿ ਜਿੱਥੇ ਉਰਦੂ ਵਾਲਿਆਂ ਕੋਲ ਗ਼ਾਲਿਬ, ਮੀਰ ਤੇ ਫ਼ੈਜ਼ ਹਨ ਤੇ ਹਿੰਦੀ ਵਾਲਿਆਂ ਕੋਲ ਦੁਸ਼ਿਅੰਤ ਕੁਮਾਰ ਹੈ, ਹੁਣ ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਸਾਡੇ ਕੋਲ ਵੀ ਸੁਰਜੀਤ ਪਾਤਰ ਹੈ।

ਪਾਤਰ ਨੂੰ 1993 ਵਿਚ 'ਹਨੇਰੇ ਵਿਚ ਸੁਲਗਦੀ ਵਰਨਮਾਲਾ' ਲਈ ਸਾਹਿਤ ਅਕਾਦਮੀ ਸਨਮਾਨ ਮਿਲਿਆ ਅਤੇ 1999 ਵਿਚ 'ਭਾਰਤੀ ਭਾਸ਼ਾ ਪਰਿਸ਼ਦ ਕਲਕੱਤਾ' ਵਲੋਂ 'ਪੰਚਨਾਦ ਪੁਰਸਕਾਰ' ਦਿੱਤਾ ਗਿਆ। ਭਾਰਤ ਸਰਕਾਰ ਵੱਲੋਂ ਉਹਨੂੰ 'ਪਦਮ ਸ਼੍ਰੀ' ਦੀ ਉਪਾਧੀ ਨਾਲ ਸਨਮਨਾਤ ਕੀਤਾ ਜਾ ਚੁੱਕਾ ਹੈ ਪਰ ਉਹਦਾ ਸਭ ਤੋਂ ਵੱਡਾ ਸਨਮਾਨ ਲੋਕਾਂ ਵੱਲੋਂ ਮਿਲਿਆ ਬੇਪਨਾਹ ਪਿਆਰ ਹੈ।



*ਗਹਿਰੀ ਗੁਫਤਗੂ: ਵਰਿਆਮ ਸਿੰਘ ਸਿੰਘ ਸੰਧੂ ਅਤੇ ਸੁਰਜੀਤ ਪਾਤਰ।*

ਪਾਤਰ ਨੇ 'ਸ਼ਹੀਦ ਉੱਧਮ ਸਿੰਘ' ਫਿਲਮ ਦੇ ਯਾਦਗਾਰੀ ਸੰਵਾਦ ਲਿਖੇ ਸਨ ਤੇ ਆਪਣੀ ਸ਼ਾਇਰੀ ਦੀ, ਆਪਣੀ ਅਵਾਜ਼ ਵਿਚ 'ਬਿਰਖ ਜੋ ਸਾਜ਼ ਹੈ' ਨਾਮ ਹੇਠ ਟੇਪ ਵੀ ਕੀਤੀ ਸੀ। ਸ਼ਾਇਰੀ ਦੇ ਸ਼ੌਕੀ ਲੋਕਾਂ ਦੀਆਂ ਕਾਰਾਂ ਵਿਚ ਕਈ ਸਾਲ ਉਹ ਟੇਪ ਚੱਲਦੀ ਰਹੀ। ਲੋਕ ਗੁਣਗੁਣਾਉਂਦੇ ਰਹੇ:

ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ

ਅਸੀਂ ਰਹਿ ਗਏ ਬਿਰਖ਼ ਵਾਲੀ ਆਹ ਬਣ ਕੇ

ਪਾਤਰ ਦੱਸਦਾ ਸੀ ਕਿ ਉਨ੍ਹਾਂ ਦੇ ਪਰਿਵਾਰ ਵਿਚ ਅੱਖਰਾਂ ਦਾ ਪ੍ਰਵੇਸ਼ ਉਨ੍ਹਾਂ ਦੇ ਪਿਤਾ ਜੀ ਗਿਆਨੀ ਹਰਭਜਨ ਸਿੰਘ ਨਾਲ ਹੋਇਆ। ਇਹ ਅੱਖਰ ਸਿੱਖੀ ਦੇ ਰੰਗ ਵਿਚ ਗੂੜ੍ਹੇ ਰੰਗੇ ਹੋਏ ਸਨ। ਗੁਰਬਾਣੀ ਪਾਠ, ਕੀਰਤਨ ਤੇ ਸਿੱਖ ਇਤਿਹਾਸ ਨਾਲ ਇਨ੍ਹਾਂ ਸ਼ਬਦਾਂ ਨੇ ਹੀ ਪਾਤਰ ਨੂੰ ਜੋੜਿਆ। ਪਾਤਰ ਦੇ ਚਾਚਾ ਜੀ ਦਾ ਪੁੱਤਰ ਦੀਦਾਰ ਸਿੰਘ ਪਰਦੇਸੀ ਕਹਿੰਦਾ ਹੁੰਦਾ ਸੀ: ਤਾਇਆ ਜੀ (ਪਾਤਰ ਦੇ ਪਿਤਾ ਜੀ) ਦੀ ਆਵਾਜ਼ ਭਾਰੀ ਸੀ, ਸਹਿਗਲ ਵਰਗੀ।

ਪਾਤਰ ਦੇ ਪਿਤਾ ਜੀ ਉਤੇ ਸਿੰਘ ਸਭਾ ਲਹਿਰ ਦਾ ਗੂੜ੍ਹਾ ਪ੍ਰਭਾਵ ਸੀ। ਉਨ੍ਹਾਂ ਨੇ ਧੀਆਂ ਨੂੰ ਕਦੀ ਨੱਕ ਕੰਨ ਨਾ ਵਿੰਨ੍ਹਾਉਣ ਦਿਤੇ, ਨਾ ਹੀ ਵੰਙਾਂ ਪਾਉਣ ਦਿੱਤੀਆਂ। ਉਨ੍ਹਾਂ ਦੇ ਘਰ ਵਿਚ ਸਿਰਫ਼ ਧਾਰਮਿਕ ਕਿਤਾਬਾਂ ਹੀ ਸਨ। ਪਾਤਰ ਛੋਟਾ ਜਿਹਾ ਸੀ। ਰਾਤ ਦੇ ਰੋਟੀ ਟੁੱਕ ਤੋ ਵਿਹਲੇ ਹੋ ਕੇ ਸਾਰਾ ਟੱਬਰ ਦਲਾਨ ਵਿਚ ਬੈਠਾ ਸੀ। ਚੱਕੀ ਕੋਲ ਪੀੜ੍ਹੀ ਉਤੇ ਪਿਤਾ ਜੀ ਬੈਠੇ ਸਨ। ਬਾਲ ਪਾਤਰ ਨੇ ਪਿਤਾ ਜੀ ਨੂੰ ਕਿਹਾ, 'ਮੈਨੂੰ ਗੀਤ ਸੁਣਾਓ- ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀ।' ਉਹਦੇ ਪਿਤਾ ਜੀ ਹੱਸ ਪਏ ਤੇ 'ਨੁਣ ਨੁਣ' ਕਰ ਕੇ ਗੀਤ ਦੀ ਤਰਜ਼ ਗੁਣਗੁਣਾਉਂਦੇ ਰਹੇ ਪਰ ਗੀਤ ਦੇ ਬੋਲ ਉਨ੍ਹਾਂ ਨੇ ਲਬਾਂ 'ਤੇ ਨਾ ਲਿਆਂਦੇ।

ਭੀੜੀ ਜਿਹੀ ਗਲੀ ਦੇ ਸਿਰੇ 'ਤੇ ਉਨ੍ਹਾਂ ਦਾ ਘਰ ਸੀ ਜਿੱਥੇ ਦੋ ਪਰਿਵਾਰ ਰਹਿੰਦੇ ਸਨ। ਇਕ ਪਾਤਰ ਦੇ ਚਾਚੇ ਮੱਘਰ ਸਿੰਘ ਦਾ ਤੇ ਦੂਜਾ ਉਨ੍ਹਾਂ ਦੇ ਪਿਤਾ ਦਾ। ਉਨ੍ਹਾਂ ਦੇ ਪਿਤਾ ਅਤੇ ਉਨ੍ਹਾਂ ਦੇ ਚਾਚਾ ਜੀ ਦੇ ਪੁੱਤਰ ਦੀਦਾਰ ਸਿੰਘ ਪਰਦੇਸੀ ਦਾ ਜਨਮ ਇਕ ਹੀ ਛੱਤ ਹੇਠ ਹੋਇਆ। ਘਰਾਂ ਤੋ ਥੋੜ੍ਹੀ ਦੂਰ ਉਨ੍ਹਾਂ ਦੀ ਹਵੇਲੀ ਸੀ ਜਿੱਥੇ ਉਹਦੇ ਤਾਇਆ ਜੀ ਮੂਲ ਸਿੰਘ 'ਸੇਪੀ' ਕਰਦੇ ਸਨ। ਹਲ ਪੰਜਾਲੀਆਂ ਠੀਕ ਕਰਵਾਉਣ ਆਏ ਜੱਟ ਉਨ੍ਹਾਂ ਕੋਲ ਬੈਠੇ ਰਹਿੰਦੇ। ਬਾਲ ਪਾਤਰ ਉਨ੍ਹਾਂ ਦੀਆਂ ਗੱਲਾਂ ਸੁਣਨ ਦਾ ਮਾਰਾ ਉਥੇ ਬੈਠਾ ਰਹਿੰਦਾ। ਤਾਇਆ ਮੂਲ ਸਿੰਘ ਦੀ ਆਵਾਜ਼ ਇਹੋ ਜਿਹੀ ਸੀ ਜਿਵੇਂ ਸਖ਼ਤ ਲੱਕੜੀ ਵਾਲਾ ਰੁੱਖ ਬੋਲਦਾ ਹੋਵੇ।

ਉਸੇ ਹਵੇਲੀ ਵਿਚ ਨਾਲ ਦੇ ਬਰਾਂਡੇ ਵਿਚ ਪਾਤਰ ਦੇ ਪਿਤਾ ਜੀ ਕੁਰਸੀਆਂ ਬਣਾਉਂਦੇ।

ਪਾਤਰ ਦੇ ਪਿਤਾ ਜੀ ਹਵੇਲੀ ਵਿਚ ਪਿੰਡ ਦੀਆਂ ਬੱਚੀਆਂ ਨੂੰ ਗੁਰਮੁਖੀ ਵੀ ਪੜ੍ਹਾਉਂਦੇ ਸਨ। ਪਾਤਰ ਦੱਸਦਾ ਹੁੰਦਾ ਸੀ ਕਿ ਉਨ੍ਹਾਂ ਨੂੰ ਕਈ ਵਾਰ ਐਸੀਆਂ ਸੁਆਣੀਆਂ ਮਿਲਦੀਆਂ ਹਨ ਜੋ ਉਨ੍ਹਾਂ ਨੂੰ ਦੱਸਦੀਆਂ ਕਿ ਅਸੀਂ ਗਿਆਨੀ ਜੀ ਕੋਲੋਂ ਪੰਜ ਗ੍ਰੰਥੀ ਦਾ ਪਾਠ ਕਰਨਾ ਸਿੱਖਿਆ, ਚਿੱਠੀ ਲਿਖਣੀ ਸਿੱਖੀ।

ਸਕੂਲ ਦਾਖ਼ਲ ਹੋਣ ਤੋਂ ਪਹਿਲਾਂ ਪਾਤਰ ਵੀ ਕਦੀ-ਕਦੀ ਪੜ੍ਹਨ ਆਈਆਂ ਕੁੜੀਆਂ ਦੀ ਕਤਾਰ ਵਿਚ ਜਾ ਬੈਠਦਾ। ਪਿਤਾ ਜੀ ਬਹੁਤ ਸਖ਼ਤ ਸੁਭਾਅ ਦੇ ਅਧਿਆਪਕ ਸਨ। ਉਹ ਉਚਾਰਨ ਜਾਂ ਸ਼ਬਦ ਜੋੜਾਂ ਦੀ ਅਸ਼ੁੱਧਤਾ ਨੂੰ ਬਿਲਕੁਲ ਸਹਿਨ ਨਹੀਂ ਕਰਦੇ ਸਨ। ਉਨ੍ਹਾਂ ਨੇ 'ਪਿੰਡ ਸੁਧਾਰ' ਨਾਮ ਦਾ ਕਿਤਾਬਚਾ ਵੀ ਲਿਖਿਆ ਤੇ ਇਕ ਕਿੱਸਾ ਵੀ ਛਪਵਾਇਆ ਜਿਸ ਵਿਚ ਸਚਿਆਰੀ ਨੂੰਹ ਆਪਣੀ ਸੱਸ ਤੋਂ ਨਸਵਾਰ ਛੁਡਾਉਂਦੀ ਤੇ ਉਸ ਨੂੰ ਗੁਰਮੁਖੀ ਸਿਖਾਉਦੀ ਹੈ। ਗੁਰਪੁਰਬਾਂ ਮੌਕੇ ਉਹਦੇ ਪਿਤਾ ਜੀ ਬਹੁਤ ਉਮਾਹ ਵਿਚ ਹੁੰਦੇ। ਉਹ ਗੁਰਪੁਰਬਾਂ ਮੌਕੇ ਪੜ੍ਹਨ ਲਈ ਬੱਚਿਆਂ ਨੂੰ ਕਵਿਤਾਵਾਂ ਲੱਭ ਕੇ ਦਿੰਦੇ ਜਾਂ ਆਪ ਲਿਖ ਦਿੰਦੇ।

ਅਜੇ ਪਾਤਰ ਦੂਜੀ ਵਿਚ ਹੀ ਪੜ੍ਹਦਾ ਸੀ ਕਿ ਉਹਦੇ ਪਿਤਾ ਜੀ ਘਰ ਦੀ ਆਰਥਿਕ ਹਾਲਤ ਨੂੰ ਸੁਧਾਰਨ ਲਈ ਆਪਣੀ ਪਹਿਲੀ ਮੁਸਾਫ਼ਰੀ ਤੇ ਜੰਜੀਬਾਰ (ਅਫ਼ਰੀਕਾ) ਚਲੇ ਗਏ। ਉਥੋਂ ਉਹ ਘਰ ਵੱਲ ਬਹੁਤ ਸੁਹਣੇ ਤੇ ਬਰੀਕ ਅੱਖਰਾਂ ਵਾਲੀਆਂ, ਗੁਰਬਾਣੀ ਦੇ ਮਹਾਵਾਕਾਂ ਨਾਲ ਜੜੀਆਂ ਚਿੱਠੀਆਂ ਲਿਖਦੇ। ਕਦੀ-ਕਦੀ ਉਨ੍ਹਾਂ ਚਿੱਠੀਆਂ ਵਿਚ ਉਨ੍ਹਾਂ ਦੀਆਂ ਆਪਣੀਆਂ ਲਿਖੀਆਂ ਕਾਵਿ-ਸਤਰਾਂ ਵੀ ਹੁੰਦੀਆਂ। ਪਾਤਰ ਨੂੰ ਉਨ੍ਹਾਂ ਦੀਆਂ ਇਹ ਦੋ ਸਤਰਾਂ ਅਜੇ ਵੀ ਯਾਦ ਹਨ:

'ਮਾਓ ਜੀ' ਦਾ ਮਜ਼ਦੂਰ ਸਦਾ ਕੇ। ਰਹਿੰਦਾ ਹਾਂ ਹੁਣ 'ਪੇਬਾ ਚਾਕੇ'।

'ਮਾਓ ਜੀ' ਸ਼ਾਇਦ ਉਨ੍ਹਾਂ ਦੇ ਠੇਕੇਦਾਰ ਦਾ ਨਾਮ ਸੀ ਤੇ ਉਹ 'ਪੇਬਾ ਚਾਕੇ' ਨਾਮ ਦੇ ਕਿਸੇ ਸ਼ਹਿਰ ਵਿਚ ਕੰਮ ਕਰਦੇ ਸਨ। ਉਦੋਂ ਅਫਰੀਕਾ ਵਿਚ ਰੇਲਵੇ ਲਾਈਨਾਂ ਵਿਛ ਰਹੀਆਂ ਸਨ। ਪਾਤਰ

*(ਬਾਕੀ ਅਗਲੇ ਸਫੇ 'ਤੇ)*

## ਸ਼ਾਇਰ ਦੇ ਘਰ ਮਹਿਫਿਲ ਅਤੇ ਸ਼ਰੀਫ ਮਕਾਨ ਮਾਲਕ

**ਡਾ. ਸਾਧੂ ਸਿੰਘ (ਕੈਨੇਡਾ)**

ਸੁਰਜੀਤ ਪਾਤਰ ਦਾ ਉਨ੍ਹੀਂ ਦਿਨੀਂ ਹਾਲੇ ਵਿਆਹ ਨਹੀਂ ਸੀ ਹੋਇਆ। ਉਹਦਾ ਚੁਬਾਰਾ ਸਭਨਾਂ ਦੋਸਤਾਂ ਦੀ ਸਾਂਝੀ ਮਿਲਾਪਗਾਹ ਹੋਇਆ ਕਰਦਾ ਸੀ। ਉੱਥੇ ਲਗਪਗ ਰੋਜ਼ ਹੀ ਦੇਰ ਰਾਤ ਤੱਕ ਮਿੱਤਰਾਂ ਦੀ ਮਹਿਫ਼ਲ ਜੁੜੀ ਰਹਿੰਦੀ ਸੀ।

ਪ੍ਰੋਫੈਸਰ ਮੋਹਨ ਸਿੰਘ ਹੋਰਾਂ ਦਾ ਘਰ ਵੀ ਪਾਤਰ ਦੇ ਚੁਬਾਰੇ ਤੋਂ ਕੁਝ ਕਦਮਾਂ ਦੀ ਹੀ ਵਿੱਥ 'ਤੇ ਸੀ। ਕਦੀ ਕਦਾਈਂ ਉਹ ਵੀ ਇਸ ਮੰਡਲੀ ਵਿਚ ਸ਼ਾਮਿਲ ਹੋ ਜਾਇਆ ਕਰਦੇ।

ਪਾਤਰ ਦਾ ਮਕਾਨ ਮਾਲਿਕ ਬੜਾ ਸ਼ਰੀਫ਼ ਜਿਹਾ ਸੱਜਣ ਸੀ। ਉਹਨੇ ਏਨੇ ਲੋਕਾਂ ਦੇ ਆਉਣ ਜਾਣ ਬਾਰੇ ਕਦੇ ਕੋਈ ਸ਼ਿਕਾਇਤ ਨਹੀਂ ਸੀ ਕੀਤੀ ਪਰ ਇੱਕ ਦਿਨ ਮਹਿਫ਼ਲ ਕੁਝ ਜ਼ਿਆਦਾ ਹੀ ਦੇਰ ਰਾਤ ਤੱਕ ਭਖੀ ਰਹੀ ਸੀ ਤੇ ਸ਼ਾਇਰੀ ਦਾ ਗਾਇਨ ਵੀ ਪੰਚਮ ਸੁਰ ਵਿਚ ਕੀਤਾ ਜਾ ਰਿਹਾ ਸੀ। ਘਰ ਵਾਲੇ ਸੌਣ ਤੋਂ ਆਜ਼ਿਜ਼ ਸਨ। ਸ਼ੋਰ ਸੀ ਕਿ ਥੰਮ੍ਹਣ ਵਿਚ ਹੀ ਨਹੀਂ ਸੀ ਆ ਰਿਹਾ!

ਥੱਕ ਹਾਰ ਕੇ ਉਸ ਸਾਊ ਸੱਜਣ ਨੇ ਸਾਡੀ ਸ਼ਿਕਾਇਤ ਲਾਉਣ ਲਈ ਪ੍ਰੋ. ਮੋਹਨ ਸਿੰਘ ਦੇ ਘਰ ਦੀ ਘੰਟੀ ਵਜਾਈ। ਕੁਝ ਦੇਰ ਬਾਅਦ ਬੀਬੀ ਸੁਰਜੀਤ ਮੋਹਨ ਸਿੰਘ ਅੱਖਾਂ ਮਲਦੇ ਮਲਦੇ ਬਾਹਰ ਆਏ।

"ਏਨੇ ਕੁਵੇਲੇ ਕੀ ਕੰਮ...", ਉਨ੍ਹਾਂ ਹਾਲੇ ਆਪਣੀ ਗੱਲ ਪੂਰੀ ਨਹੀਂ ਸੀ ਕੀਤੀ ਕਿ ਸਾਊ ਜਿਹੇ ਸੱਜਣ ਨੇ ਰੋਣਹਾਕੀ ਆਵਾਜ਼ ਵਿਚ ਕਿਹਾ, "ਪ੍ਰੋਫੈਸਰ ਸਾਹਿਬ ਨੂੰ ਕਹੋ, ਉਹ ਆਪਣੇ ਚੇਲਿਆਂ ਨੂੰ ਕੁਝ ਤਾਂ ਵਰਜਣ।" ਉਹ ਆਪਣੀ ਸ਼ਿਕਾਇਤ ਦਾ ਵਖਾਨ ਕਰ ਰਿਹਾ ਸੀ ਤੇ ਬੀਬੀ ਸੁਰਜੀਤ ਕੌਰ ਹੋਰ ਹੱਸੀ ਜਾਣ; ਉਨ੍ਹਾਂ ਦੇ ਹਾਸੇ ਵਿਚ ਸ਼ਿਕਾਇਤਕਾਰ ਦੇ ਰੁਦਨ ਦੀ ਕੁਝ ਵੀ ਨਾ ਵੱਟੀ ਜਾਂਦੀ ਵੇਖ ਕੇ ਉਸ ਨੇ ਕਿਹਾ, "ਮਾਤਾ ਜੀ ਮੈਂ ਤੁਹਾਡੇ ਕੋਲ ਆਪਣਾ ਦੁੱਖ ਲੈ ਕੇ ਆਇਆ ਹਾਂ ਤੇ ਤੁਸੀਂ ਉਪਰੋਂ ਹੱਸੀ ਹੀ ਜਾ ਰਹੇ ਹੋ।"

ਸੁਰਜੀਤ ਕੌਰ ਹੋਰੀਂ ਮੂੰਹ 'ਤੇ ਚੁੰਨੀ ਰੱਖ ਕੇ ਪਲ ਭਰ ਲਈ ਆਪਣੇ ਹਾਸੇ 'ਤੇ ਕਾਬੂ ਪਾਇਆ ਤੇ ਕਿਹਾ, "ਜ਼ਰਾ ਧਿਆਨ ਨਾਲ ਸੁਣ। ਆਹ ਸਭ ਤੋਂ ਉੱਚੀ ਸੁਰ ਵਿਚ ਗਾਉਣ ਦੀ ਉਸੇ ਭਾਈ ਦੀ ਆਵਾਜ਼ ਆ ਰਹੀ ਹੈ ਜਿਸ ਕੋਲ ਤੁਸੀਂ ਸ਼ਿਕਾਇਤ ਲਾਉਣ ਆਏ ਹੋ।"

ਤੇ ਭਲਾਮਾਣਸ ਠੇਕੇਦਾਰ ਉਨ੍ਹੀਂ ਪੈਰੀਂ ਆਪਣੇ ਘਰ ਮੁੜ ਗਿਆ।

ਇਸ ਤੋਂ ਮਗਰੋਂ ਸਭ ਨੇ ਠੇਕੇਦਾਰ ਦੀ ਸ਼ਰਾਫ਼ਤ ਦਾ ਏਨਾ ਮੁੱਲ ਜ਼ਰੂਰ ਪਾਇਆ ਕਿ ਮੁੜ ਦੇਰ ਰਾਤ ਤੱਕ ਪਾਤਰ ਦੇ ਚੁਬਾਰੇ ਵਿਚ ਏਨਾ ਹੰਗਾਮਾ ਕਦੇ ਨਾ ਹੋਇਆ।

ਚੌਥੀ ਜਮਾਤ ਵਿਚ ਪੜ੍ਹਦਾ ਸੀ ਜਦ ਉਨ੍ਹਾਂ ਦੇ ਪਿਤਾ ਜੀ ਨੇ ਆਪਣੀ ਇਕ ਚਿੱਠੀ ਵਿਚ ਪਾਤਰ ਨੂੰ ਆਪਣੀ ਲਿਖੀ ਹੋਈ ਚਾਰ ਸਤਰਾਂ ਦੀ ਕਵਿਤਾ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਪੜ੍ਹਨ ਲਈ ਭੇਜੀ ਜੋ ਪਾਤਰ ਨੇ ਯਾਦ ਕਰ ਲਈ।

ਪ੍ਰਬੰਧਕਾਂ ਨੇ ਛੋਟੇ ਜਿਹੇ ਪਾਤਰ ਨੂੰ ਮੇਜ਼ 'ਤੇ ਖੜ੍ਹਾ ਕਰ ਦਿੱਤਾ ਤੇ ਉਹਨੇ ਜੈਕਾਰਿਆਂ ਦੀ ਗੂੰਜ ਵਿਚ ਉਹ ਕਵਿਤਾ ਸੁਣਾਈ:

ਧੰਨ ਗੁਰੂ ਨਾਨਕ ਤੇਰੀ ਸਾਧ ਸੰਗਤ
ਕਲਾ ਚੜ੍ਹਦੀ ਤੇ ਦੂਣ ਸਵਾਈ ਹੋਵੇ

ਪਾਤਰ ਦੇ ਤਾਇਆ ਜੀ ਸ. ਮੂਲ ਸਿੰਘ ਦੇ ਪੁੱਤਰ ਸੁਰੈਣ ਸਿਘ ਸੋਫ਼ੀ ਬਹੁਤ ਪ੍ਰਤਿਭਾਸ਼ੀਲ ਵਿਅਕਤੀ ਸਨ। ਉਹ ਹਵੇਲੀ ਵਿਚ ਕੁਰਸੀਆਂ ਬਣਾਉਂਦੇ ਪਰ ਗੁਰਦੁਆਰੇ ਦੇ ਸਮਾਗਮਾਂ ਵਿਚ ਪੂਰੀ ਤਨਦੇਹੀ ਨਾਲ ਹਿੱਸਾ ਲੈਂਦੇ। ਉਹ ਬਹੁਤ ਮਿੱਠਾ ਕੀਰਤਨ ਵੀ ਕਰਦੇ ਤੇ ਧਾਰਮਿਕ ਕਵਿਤਾਵਾਂ ਵੀ ਲਿਖਦੇ ਸਨ। ਉਨ੍ਹੀਂ ਦਿਨੀਂ ਫਿਲਮੀ ਗੀਤਾਂ ਦੀਆਂ ਤਰਜ਼ਾਂ 'ਤੇ ਧਾਰਮਿਕ ਗੀਤ ਲਿਖਣ ਦਾ ਬਹੁਤ ਰਿਵਾਜ ਸੀ ਜਿਵੇਂ ਅੱਜ ਵੀ ਮਾਤਾ ਦੀਆਂ ਭੇਟਾਂ ਲਿਖੀਆਂ ਤੇ ਗਾਈਆਂ ਜਾਂਦੀਆਂ ਹਨ। ਉਹ ਅਜਿਹੇ ਗੀਤ ਲਿਖਦੇ ਤੇ ਸਮਾਗਮਾਂ ਵਿਚ ਬੜੀ ਮਧੁਰ ਆਵਾਜ਼ ਵਿਚ ਸੁਣਾਉਂਦੇ।

ਪਾਤਰ ਦੇ ਚਾਚਾ ਜੀ ਦਾ ਪੁੱਤਰ ਦੀਦਾਰ ਸੱਤਵੀਂ ਅੱਠਵੀਂ ਤੱਕ 'ਪਰਦੇਸੀ' ਨਹੀਂ ਸੀ ਹੋਇਆ। ਪਾਤਰ ਨੇ ਉਹਨੂੰ ਵੀ ਬਚਪਨ ਵਿਚ ਗਾਉਂਦਿਆਂ ਸੁਣਿਆ। ਕੁਝ ਸਾਲਾਂ ਬਾਅਦ ਤਾਂ ਖ਼ੈਰ ਉਹ ਬਹੁਤ ਮਸ਼ਹੂਰ ਗਾਇਕ ਬਣ ਗਿਆ ਤੇ ਉਸ ਨੂੰ ਲੋਕ ਅਫ਼ਰੀਕਾ ਦਾ 'ਮੁਹੰਮਦ ਰਫ਼ੀ' ਕਹਿਣ ਲੱਗੇ।

ਸੋ ਕਿਹਾ ਜਾ ਸਕਦਾ ਏ ਕਿ ਸੰਗੀਤ ਤੇ ਕਵਿਤਾ ਵਰਗੀ ਰਹਿਮਤ ਕਿਸੇ ਨਾ ਕਿਸੇ ਰੂਪ ਵਿਚ ਪਾਤਰ ਹੁਰਾਂ ਤੋਂ ਪਹਿਲਾਂ ਵੀ ਉਨ੍ਹਾਂ ਦੇ ਪਰਿਵਾਰ ਉੱਤੇ ਮੌਜੂਦ ਸੀ ਅਤੇ ਪਰਿਵਾਰ ਵਿਚੋਂ ਸ਼ਾਇਰੀ ਤੇ ਸੰਗੀਤ ਦੇ ਬੀਜ ਅਛੋਪਲੇ ਜਿਹੇ ਉਹਦੇ ਮਨ ਦੀ ਧਰਤੀ ਵਿਚ ਬੀਜੇ ਗਏ ਜਿਨ੍ਹਾਂ ਨੇ ਉਨ੍ਹਾਂ ਦੇ ਕਵੀ ਬਣਨ ਵਿਚ ਹਿੱਸਾ ਪਾਇਆ।

ਦਾਦਕੇ ਪਰਿਵਾਰ ਦੇ ਪਾਤਰ ਹੁਰਾਂ ਦੇ ਜੀਵਨ 'ਤੇ ਪਏ ਮੁਢਲੇ ਪ੍ਰਭਾਵ ਤੋਂ ਬਾਅਦ ਆਪਾਂ ਉਹਦੀ ਮਾਤਾ ਜੀ ਬਾਰੇ ਵੀ ਕੁਝ ਗੱਲਾਂ ਸਾਂਝੀਆਂ ਕਰ ਲਈਏ।

ਸੁਰਜੀਤ ਪਾਤਰ ਦੇ ਬੀ ਜੀ ਦੇ ਪੇਕਿਆਂ ਦਾ ਨਾਂ ਹਰ ਕੌਰ ਸੀ ਤੇ ਸਹੁਰਿਆਂ ਦਾ ਗੁਰਬਖ਼ਸ਼ ਕੌਰ। ਪਾਤਰ ਨੇ ਉਨ੍ਹਾਂ ਨੂੰ ਕਦੀ ਕੋਈ ਗੀਤ ਗਾਉਂਦਿਆਂ ਨਹੀਂ ਸੀ ਸੁਣਿਆ ਪਰ ਉਨ੍ਹਾਂ ਦਾ ਚਿਹਰਾ, ਉਨ੍ਹਾਂ ਦਾ ਵਜੂਦ, ਉਨ੍ਹਾਂ ਦੀ ਉਦਾਸੀ, ਉਨ੍ਹਾਂ ਦੀ ਸਹਿਣਸ਼ੀਲਤਾ ਹੀ ਪਾਤਰ ਲਈ ਕਵਿਤਾ ਸੀ। ਸੋ ਪਾਤਰ ਅਨੁਸਾਰ ਉਹਦੀ ਕਵਿਤਾ ਤੇ ਉਨ੍ਹਾਂ ਦੇ ਪਰਿਵਾਰ ਦਾ ਦੂਜਾ ਰਿਸ਼ਤਾ ਇਹ ਹੈ ਕਿ ਉਨ੍ਹਾਂ ਦੀ ਕਵਿਤਾ ਦੇ ਤਾਣੇ-ਬਾਣੇ ਵਿਚ ਉਨ੍ਹਾਂ ਦੀਆਂ ਪਰਿਵਾਰਕ ਯਾਦਾਂ ਬੁਣੀਆਂ ਹੋਈਆਂ ਹਨ। ਪਰਿਵਾਰ ਦੇ ਸਾਰੇ ਜੀਆਂ ਦੇ ਝਉਲੇ ਹਨ। ਮਾਤਾ ਪਿਤਾ, ਭੈਣ ਭਰਾ, ਪਤਨੀ ਤੇ ਸੰਤਾਨ।

ਇਹ ਠੀਕ ਹੈ ਕਿ ਉਨ੍ਹਾਂ ਦੀ ਕਵਿਤਾ ਵਿਚ ਹਰ ਥਾਂ ਉਨ੍ਹਾਂ ਦੀ ਮਾਂ ਨਹੀਂ ਹੈ, ਫਿਰ ਵੀ ਬਹੁਤ ਕੁਝ ਹੈ ਜੋ ਅਸਲੀ ਵੇਰਵਿਆਂ ਨਾਲ ਹੂਬਹੂ ਨਹੀਂ ਤਾਂ ਕਾਫ਼ੀ ਹੱਦ ਤੱਕ ਮਿਲਦਾ ਹੈ। ਪਾਤਰ ਦਾ ਕਹਿਣਾ ਸੀ: ਮੈਂ ਜਦੋਂ ਆਪਣੇ ਬੀ ਜੀ ਬਾਰੇ ਸੋਚਦਾ ਹਾਂ ਤਾਂ ਮਮਤਾ ਤੇ ਕਰੁਣਾ ਨਾਲ ਭਰ ਜਾਂਦਾ ਹਾਂ। ਚਾਰ ਧੀਆਂ ਤੇ ਦੋ ਪੁੱਤਰਾਂ ਦੀ ਮਾਂ ਸੀ ਉਹ, ਜਦੋਂ ਪਾਤਰ ਦੇ ਪਿਤਾ ਜੀ ਪਰਦੇਸੀ ਹੋਏ। ਦੋ ਧੀਆਂ ਵਿਆਹੀਆਂ ਤੇ ਦੋ ਕੁਆਰੀਆਂ ਸਨ। ਪੁੱਤਰ ਅਜੇ ਛੋਟੇ ਛੋਟੇ ਸਨ। ਪਾਤਰ ਅਜੇ ਅੱਠ ਸਾਲ ਦਾ ਸੀ ਤੇ ਉਪਕਾਰ ਚਾਰ ਸਾਲ ਦਾ। ਪਾਤਰ ਨੇ ਪਿਤਾ ਜੀ ਨੂੰ ਪਰਦੇਸ ਨੂੰ ਵਿਦਾ ਹੁੰਦਿਆਂ ਦੇਖਿਆ। ਆਪਣੀ ਮਾਂ ਦੀਆਂ ਸਿੱਲ੍ਹੀਆਂ ਅੱਖਾਂ ਦੇਖੀਆਂ। ਬਹੁਤ ਸਾਲਾਂ ਬਾਅਦ ਉਹਨੇ ਇਸ ਵਿਦਾ ਬਾਰੇ ਗੀਤ ਲਿਖਿਆ ਸੀ:

ਸੁੰਨੇ ਸੁੰਨੇ ਰਾਹਾਂ ਵਿਚ ਕੋਈ ਕੋਈ ਪੈੜ ਏ
ਦਿਲ ਹੀ ਉਦਾਸ ਏ ਜੀ ਬਾਕੀ ਸਭ ਖ਼ੈਰ ਏ

ਦੂਰ ਇਕ ਪਿੰਡ ਵਿਚ ਛੋਟਾ ਜਿਹਾ ਘਰ ਸੀ
ਕੱਚੀਆਂ ਸੀ ਕੰਧਾਂ ਉਹਦਾ ਭੋਰਾ ਜਿਹਾ ਦਰ ਸੀ
ਅੰਮੀ ਮੇਰੀ ਚਿੰਤਾ ਤੇ ਬਾਪੂ ਮੇਰਾ ਡਰ ਸੀ
ਓਦੋਂ ਮੇਰੀ ਅਉਧ ਯਾਰੋ ਮਸਾਂ ਫੁੱਲ ਭਰ ਸੀ
ਜਦੋਂ ਦਾ ਅਸਾਡੇ ਨਾਲ ਖ਼ੁਸ਼ੀਆਂ ਨੂੰ ਵੈਰ ਏ

ਮੈਲੀ ਜਿਹੀ ਸਿਆਲ ਦੀ ਉਹ ਧੁੰਦਲੀ ਸਵੇਰ ਸੀ
ਸੂਰਜ ਦੇ ਚੜ੍ਹਨ 'ਚ ਹਾਲੇ ਬੜੀ ਦੇਰ ਸੀ
ਪਿਤਾ ਪਰਦੇਸ ਗਿਆ ਜਦੋਂ ਪਹਿਲੀ ਵੇਰ ਸੀ
ਮੇਰੀ ਮਾਂ ਦੇ ਨੈਣਾਂ ਵਿਚ ਹੰਝੂ ਤੇ ਹਨੇਰ ਸੀ
ਹਾਲੇ ਤੀਕ ਨੈਣਾਂ ਵਿਚ ਮਾੜੀ ਮਾੜੀ ਗਹਿਰ ਏ

ਕਿੱਥੋਂ ਦਿਆਂ ਪੰਛੀਆਂ ਨੂੰ ਕਿੱਥੋਂ ਚੋਗਾ ਲੱਭਿਆ
ਧੀਆਂ ਦੇ ਵਸੇਬੇ ਲਈ ਬਾਪੂ ਦੇਸ ਛੱਡਿਆ
ਕਿੰਨਾ ਹੈ ਮਹਾਨ ਦੇਸ ਓਦੋਂ ਪਤਾ ਲੱਗਿਆ
ਡੂੰਘਾ ਮੇਰੀ ਹਿੱਕ 'ਚ ਤਰੰਗਾ ਗਿਆ ਗੱਡਿਆ
ਝੁੱਲ ਓ ਤਰੰਗਿਆ! ਤੂੰ ਝੁੱਲ ਸਾਡੀ ਖ਼ੈਰ ਏ
ਦਿਲ ਹੀ ਉਦਾਸ ਏ ਜੀ ਬਾਕੀ ਸਭ ਖ਼ੈਰ ਏ

ਉਦੋਂ ਪਰਦੇਸ ਕੁਝ ਜ਼ਿਆਦਾ ਹੀ ਪਰਦੇਸ ਹੁੰਦਾ ਸੀ। ਪਿਤਾ ਜੀ ਸਮੁੰਦਰੀ ਜਹਾਜ਼ 'ਤੇ ਜਾਂਦੇ। ਲਗਭਗ ਦੋ ਹਫ਼ਤੇ ਸਮੁੰਦਰ ਵਿਚ ਹੀ ਲੱਗ ਜਾਂਦੇ। ਕਈ ਦਿਨਾਂ ਬਾਅਦ ਪਹੁੰਚਣ ਦੀ ਚਿੱਠੀ ਆਉਂਦੀ।

ਪਰਦੇਸੀ ਗਏ ਪਿਤਾ ਦੇ ਵਿਛੋੜੇ ਦਾ ਦੁੱਖ ਕਿੰਨੇ ਲੋਕਾਂ ਨੇ ਝੱਲਿਆ ਹੈ, ਪਾਤਰ ਹੁਰਾਂ ਦਾ ਇਹ ਗੀਤ ਉਸੇ ਪੀੜ ਨੂੰ ਜ਼ਬਾਨ ਦਿੰਦਾ ਹੈ।

ਪਾਤਰ ਦੇ ਪਿਤਾ ਜੀ ਤਿੰਨ ਮੁਸਾਫ਼ਰੀਆਂ ਲਾ ਚੁੱਕੇ ਸਨ। ਪਾਤਰ ਐਮ.ਏ. ਦੇ ਪਹਿਲੇ ਸਾਲ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲੇ ਸੀ। ਉਹਦੇ ਬੀ ਜੀ ਬਹੁਤ ਬਿਮਾਰ ਹੋ ਗਏ। ਬਹੁਤ ਸਾਲ ਪਹਿਲਾਂ ਪਾਤਰ ਦੇ ਮਾਮਾ ਜੀ ਦੇ ਦੇਹਾਂਤ ਤੇ ਬੀ ਜੀ ਨੂੰ ਅਰਧੰਗ ਦਾ ਦੌਰਾ ਪਿਆ ਸੀ। ਉਹ ਕਾਫ਼ੀ ਠੀਕ ਹੋ ਗਏ ਸਨ ਪਰ ਪੂਰੀ ਤਰ੍ਹਾਂ ਨਹੀਂ। ਇਸ ਵਾਰ ਉਨ੍ਹਾਂ ਦੀ ਬਿਮਾਰੀ ਆ ਕੇ ਗਈ ਹੀ ਨਹੀਂ। ਉਹ ਪਿਆਰੀ ਮਿੱਠਬੋਲੜੀ ਜਾਨ, ਪਤੀ ਦੀ ਗ਼ੈਰਹਾਜ਼ਰੀ ਵਿਚ ਮਾਸੂਮ ਧੀਆਂ ਪੁੱਤਰਾਂ ਨੂੰ ਪਾਲਣ ਵਾਲੀ, ਨੀਲੇ ਰੰਗ ਦੇ ਲਫ਼ਾਫ਼ਿਆਂ ਦੇ ਆਸਰੇ ਜਿਉਂਦੀ ਰਹਿਣ ਵਾਲੀ ਉਦਾਸ ਮਾਂ ਉਨ੍ਹਾਂ ਤੋਂ ਸਦਾ ਲਈ ਵਿਛੜ ਗਈ। ਉਸ ਦਾ ਪਰਦੇਸੀ ਪਤੀ ਉਸ ਪਲ ਉਸ ਤੋਂ ਕੋਹਾਂ ਦੂਰ ਸਮੁੰਦਰੋਂ ਪਾਰ ਸੀ। ਉਸ ਨੂੰ ਤਾਂ ਖ਼ਬਰ ਵੀ ਸੱਤ ਦਿਨਾਂ ਬਾਅਦ ਮਿਲੀ ਜਦੋਂ ਉਸ ਨੇ ਪਤਾ ਨਹੀਂ ਕੀ ਸੋਚਦਿਆਂ ਲਫਾਫਾ ਖੋਲ੍ਹਿਆ ਹੋਵੇਗਾ। ਉਸ ਨੂੰ ਕੀ ਪਤਾ ਸੀ ਇਸ ਚਿੱਠੀ ਵਿਚ ਕੀ ਹੈ? ਤਦ ਤੱਕ ਤਾਂ ਫੁੱਲ ਵੀ ਪਾਏ ਜਾ ਚੁੱਕੇ ਸਨ।

ਪਿਤਾ ਜੀ ਤੇ ਦੀਦਾਰ ਇਸ ਤੋਂ ਬਾਅਦ ਜਦੋਂ ਪਿੰਡ ਆਏ ਤਾਂ ਦੀਦਾਰ ਨੇ ਦੱਸਿਆ- ਪਿੰਡ ਵੜਦਿਆਂ ਤਾਇਆ ਜੀ ਮਤਲਬ, ਪਾਤਰ ਦੇ ਪਿਤਾ ਦੀ ਭੁੱਬ ਨਿਕਲ ਗਈ। ਕਹਿਣ ਲੱਗੇ, 'ਉਸ ਦੇਵੀਆਂ ਜਿਹੀ ਔਰਤ ਨੂੰ ਕਿੰਨੇ ਦੁੱਖ ਦੇਖਣੇ ਪਏ। ਮੈਂ ਉਹਦੀਆਂ ਆਖ਼ਰੀ ਘੜੀਆਂ ਵਿਚ ਉਹਦੇ ਕੋਲ ਨਹੀਂ ਸਾਂ।'

ਸ਼ਾਇਦ ਰੂਪ ਬਦਲ ਕੇ ਇਹੀ ਭਾਵ ਕਈ ਸਾਲਾਂ ਬਾਅਦ ਪਾਤਰ ਦੇ ਇਸ ਸ਼ੇਅਰ ਵਿਚ ਆਇਆ:

ਜੋ ਬਦੇਸਾਂ 'ਚ ਰੁਲਦੇ ਨੇ ਰੋਜ਼ੀ ਲਈ
ਉਹ ਜਦੋਂ ਦੇਸ਼ ਪਰਤਣਗੇ ਆਪਣੇ ਕਦੀ
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।

ਹੁਣ ਤਾਂ ਪਰਦੇਸਾਂ ਵਿਚੋਂ ਆਉਣਾ-ਜਾਣਾ ਸੌਖਾ ਹੋ ਗਿਆ ਪਰ ਉਨ੍ਹਾਂ ਸਮਿਆਂ ਵਿਚ ਤਾਂ ਵਿਛੜੇ ਪਰਿਵਾਰਾਂ ਨੂੰ ਮਿਲਦਿਆਂ ਸਾਲਾਂ ਦੇ ਸਾਲ ਲੱਗ ਜਾਂਦੇ ਸਨ। ਕਹਿੰਦੇ ਨੇ, ਪਹਿਲਿਆਂ ਵਿਚ ਗਏ ਪਰਵਾਸੀ ਜਦੋਂ ਸੁਰਜੀਤ ਪਾਤਰ ਦੀਆਂ ਇਹ ਸਤਰਾਂ ਪੜ੍ਹਦੇ ਤਾਂ ਭੁੱਬਾਂ ਮਾਰ ਕੇ ਰੋਣ ਲੱਗ ਪੈਂਦੇ। ਇਹ ਉਨ੍ਹਾਂ ਸਭਨਾਂ ਦੇ ਦਿਲ ਦਾ ਸਾਂਝਾ ਦੁੱਖ ਸੀ।


ਵਰਿਆਮ ਸਿੰਘ ਸੰਧੂ, ਸੁਰਜੀਤ ਪਾਤਰ, ਬੀਬਾ ਬਲਵੰਤ ਅਤੇ ਹਰਭਜਨ ਹਲਵਾਰਵੀ।

ਐਮ.ਐਸਸੀ. ਕਰ ਕੇ ਪਾਤਰ ਦਾ ਛੋਟਾ ਵੀਰ ਉਪਕਾਰ ਵੀ ਪਿਤਾ ਜੀ ਕੋਲ ਅਫ਼ਰੀਕਾ ਚਲਾ ਗਿਆ ਤੇ ਕਨਿਆਟਾ ਯੂਨੀਵਰਸਿਟੀ ਵਿਚ ਫਿਜ਼ਿਕਸ ਪੜ੍ਹਾਉਣ ਲੱਗ ਪਿਆ। ਪਿਤਾ ਜੀ ਇਕਿਆਸੀ ਸਾਲ ਦੀ ਉਮਰ ਵਿਚ ਪਾਤਰ ਕੋਲ ਲੁਧਿਆਣੇ ਆ ਗਏ ਤੇ ਆਪਣੀ ਉਮਰ ਦੇ ਆਖ਼ਰੀ ਦਸ ਸਾਲ ਇਥੇ ਗੁਜ਼ਾਰੇ। ਨੱਬੇ ਸਾਲ ਦੇ ਸਨ ਜਦੋਂ 1991 ਵਿਚ ਉਨ੍ਹਾਂ ਦਾ ਅਕਾਲ ਚਲਾਣਾ ਹੋਇਆ। ਪਾਤਰ ਦੇ ਬੀ ਜੀ ਉਨ੍ਹਾਂ ਤੋਂ ਚੌਵੀ ਸਾਲ ਪਹਿਲਾਂ 1967 ਵਿਚ ਗੁਜ਼ਰ ਗਏ ਸਨ। ਉਹ ਕਦੀ ਕਦੀ ਕਹਿੰਦੇ, 'ਰੱਬ ਨੇ ਮੈਨੂੰ ਏਨੀ ਲੰਮੀ ਉਮਰ ਦੇ ਦਿੱਤੀ ਤੇ ਤੁਹਾਡੀ ਬੀ ਜੀ ਨੂੰ ਏਨੀ ਥੋੜ੍ਹੀ!'

ਪਾਤਰ ਦਾ ਵਿਆਹ ਭੁਪਿੰਦਰ ਕੌਰ ਨਾਲ ਹੋਇਆ। ਇਥੇ ਵੀ ਸਾਂਝ ਦਾ ਕਾਰਨ ਸੰਗੀਤ ਹੀ ਬਣਿਆ। ਉਨ੍ਹਾਂ ਦੇ ਵਿਆਹ ਦੀ ਗੱਲ ਚੱਲ ਰਹੀ ਸੀ ਤਾਂ ਭੁਪਿੰਦਰ ਦੀ ਭੈਣ ਨੇ ਪਾਤਰ ਨੂੰ ਭੁਪਿੰਦਰ ਦੇ ਗਾਏ ਸ਼ਬਦ ਦੀ ਰਿਕਾਰਡਿੰਗ ਭੇਜੀ: ਮਿਹਰਬਾਨ ਮਿਹਰਬਾਨ, ਸਾਹਿਬ ਮੇਰੇ ਮਿਹਰਬਾਨ।

ਪਾਤਰ ਨੂੰ ਭੁਪਿੰਦਰ ਦੀ ਆਵਾਜ਼ ਦਾ ਚਿਹਰਾ ਸੁਹਣਾ ਲੱਗਾ। ਵਿਆਹ ਹੋ ਗਿਆ। ਦੋ ਪਿਆਰੇ ਬੱਚੇ ਹਨ, ਅੰਕੁਰ ਤੇ ਮਨਰਾਜ। ਮਨਰਾਜ ਵੀ ਪਾਤਰ ਵਾਂਗ ਬਹੁਤ ਸੋਹਣਾ ਗਾਉਂਦਾ ਹੈ।

ਭੁਪਿੰਦਰ ਨੂੰ ਵੀ ਗਾਉਣ ਦਾ ਬਹੁਤ ਸ਼ੌਕ ਹੈ। ਪਾਤਰ ਦਾ ਕਹਿਣਾ ਹੈ ਕਿ ਉਹ ਹੁਣ ਮੇਰੀਆਂ ਗ਼ਜ਼ਲਾਂ ਮੇਰੇ ਨਾਲੋਂ ਵੀ ਸੁਹਣੀ ਤਰ੍ਹਾਂ ਗਾਉਂਦੀ ਹੈ।

ਪਾਤਰ ਇਕ ਹੋਰ ਸਚਾਈ ਕੁਝ ਇੰਜ ਬਿਆਨ ਕਰਦੇ ਨੇ: ਇਕ ਦਿਨ ਅੱਠਵੀਂ ਵਿਚ ਪੜ੍ਹਦੇ ਪੁੱਤਰ ਨੇ ਆਪਣੀ ਕਲਾਸ ਨਾਲ ਕੁਝ ਦਿਨਾਂ ਲਈ ਟੂਰ 'ਤੇ ਜਾਣਾ ਸੀ, ਭੁਪਿੰਦਰ ਉਹਨੂੰ ਗੇਟ ਤੱਕ ਤੋਰਨ ਗਈ। ਉਹ ਬੱਸ 'ਤੇ ਚੜ੍ਹਨ ਲੱਗਾ ਕਾਹਲ ਵਿਚ 'ਬਾਏ! ਬਾਏ!' ਨਾ ਕਰ ਸਕਿਆ। ਭੁਪਿੰਦਰ ਗੇਟ ਤੋਂ ਵਾਪਸ ਆਈ ਤਾਂ ਇਹਦੀਆਂ ਅੱਖਾਂ ਨਮ ਸਨ। ਇਹ ਕਹਿਣ ਲੱਗੀ, 'ਪੁੱਤਰ ਮਾਵਾਂ ਦੇ ਦਿਲਾਂ ਨੂੰ ਨਹੀਂ ਸਮਝਦੇ!'

ਪਾਤਰ ਨੇ ਕਿਹਾ, 'ਜਦੋਂ ਇਹ ਆਪ ਮਾਪੇ ਬਣਨਗੇ, ਉਦੋਂ ਸਮਝ ਜਾਣਗੇ। ਪਿਆਰ ਦਾ ਵਹਿਣ ਅਗਾਂਹ ਵੱਲ ਹੀ ਜਾਂਦਾ ਹੈ, ਪਿਛਾਂਹ ਵੱਲ ਤਾਂ ਜ਼ਿੰਮੇਵਾਰੀ ਦਾ ਅਹਿਸਾਸ ਹੀ ਮੁੜਦਾ ਹੈ। ਧੀਆਂ ਪੁੱਤਰਾਂ ਨੂੰ ਪਿਆਰ ਦੇ ਕੇ ਉਸ ਦੇ ਬਦਲੇ ਉਨ੍ਹਾਂ ਕੋਲੋਂ ਓਨਾ ਪਿਆਰ ਨਹੀਂ ਮੰਗੀਦਾ। ਇਹ ਪਿਆਰ ਉਨ੍ਹਾਂ ਅੱਗੇ ਆਪਣੇ ਪੁੱਤਰਾਂ ਧੀਆਂ ਨੂੰ ਦੇਣਾ ਹੁੰਦਾ ਹੈ।'

ਇਹ ਮੇਰਾ ਪਿਆਰ ਦਈਂ ਆਪਣੇ ਜਾਇਆਂ ਨੂੰ ਪੁੱਤਰਾ
ਇਹ ਮੇਰਾ ਕਰਜ਼ ਤੂੰ ਮੈਨੂੰ ਕਦੇ ਅਦਾ ਨਾ ਕਰੀਂ
ਇਹ ਪਿਆਰ ਮਿਲਿਆ ਸੀ ਮੈਨੂੰ ਵੀ ਮੁਫ਼ਤ ਪਿਛਿਓਂ ਹੀ
ਜੇ ਮੈਨੂੰ ਮੋੜ ਨ ਸਕਿਆ ਤਾਂ ਦਿਲ ਬੁਰਾ ਨ ਕਰੀਂ

ਪਾਤਰ ਦੀ ਕਵਿਤਾ ਦਾ ਉਨ੍ਹਾਂ ਦੇ ਪਰਿਵਾਰ ਨਾਲ ਤੀਜਾ ਰਿਸ਼ਤਾ ਸੰਚਾਰ ਦਾ ਹੈ ਕਿ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਦੀ ਕਵਿਤਾ ਨੂੰ ਕਿਸ ਤਰ੍ਹਾਂ ਸਮਝਦਾ ਹੈ। ਉਨ੍ਹਾਂ ਦੀ ਬੜੀ ਪ੍ਰਸਿਧ ਕਵਿਤਾ ਹੈ:

ਮੇਰੀ ਮਾਂ ਨੂੰ ਮੇਰੀ ਕਵਿਤਾ ਸਮਝ ਨ ਆਈ
ਭਾਵੇਂ ਮੇਰੀ ਮਾਂ-ਬੋਲੀ ਵਿਚ ਲਿਖੀ ਹੋਈ ਸੀ

ਉਹ ਤਾਂ ਕੇਵਲ ਏਨਾ ਸਮਝੀ
ਪੁੱਤ ਦੀ ਰੂਹ ਨੂੰ ਦੁਖ ਹੈ ਕੋਈ

ਪਰ ਇਸ ਦਾ ਦੁਖ ਮੇਰੇ ਹੁੰਦਿਆਂ
ਆਇਆ ਕਿੱਥੋਂ

ਨੀਝ ਲਗਾ ਕੇ ਦੇਖੀ
ਮੇਰੀ ਅਨਪੜ੍ਹ ਮਾਂ ਨੇ ਮੇਰੀ ਕਵਿਤਾ
ਦੇਖੋ ਲੋਕੋ
ਕੁੱਖੋਂ ਜਾਏ
ਮਾਂ ਨੂੰ ਛੱਡ ਕੇ ਦੁੱਖ ਕਾਗਤਾਂ ਨੂੰ ਦੱਸਦੇ ਨੇ

ਮੇਰੀ ਮਾਂ ਨੇ ਕਾਗਜ਼ ਚੁਕ ਸੀਨੇ ਨੂੰ ਲਾਇਆ
ਖ਼ਬਰੇ ਏਦਾਂ ਹੀ ਕੁਝ ਮੇਰੇ ਨੇੜੇ ਹੋਵੇ ਮੇਰਾ ਜਾਇਆ

ਪਾਤਰ ਕਹਿੰਦਾ ਹੁੰਦਾ ਸੀ ਕਿ ਇਸ ਕਵਿਤਾ ਵਿਚਲੀ ਮਾਂ ਸ਼ਾਇਦ ਹਰ ਕਵੀ ਦੀ ਮਾਂ ਹੈ, ਸਿਰਫ਼ ਮੇਰੀ ਮਾਂ ਨਹੀਂ।

ਸਾਰਾ ਪੰਜਾਬੀ ਜਗਤ ਸੁਰਜੀਤ ਪਾਤਰ ਦੀ ਸ਼ਾਇਰੀ ਦਾ ਕਦਰਦਾਨ ਹੈ ਪਰ ਕੁਝ ਕੁ ਨਿੰਦਕ ਸੁਰਜੀਤ ਪਾਤਰ ਦੀ ਪ੍ਰਸਿੱਧੀ ਤੋਂ ਸੜ-ਬਲ ਕੇ ਉਹਦੇ ਖ਼ਿਲਾਫ਼ ਲਿਖਦੇ ਬੋਲਦੇ ਵੀ ਰਹਿੰਦੇ ਨੇ। ਇਨ੍ਹਾਂ ਦੀ ਗਿਣਤੀ ਭਾਵੇਂ ਮੂਲੋਂ ਹੀ ਨਾ-ਗਿਣੌਣੀ ਹੈ ਪਰ ਕਿਸੇ ਦਾ ਮੂੰਹ ਨਹੀਂ ਫੜਿਆ ਜਾ ਸਕਦਾ। ਅਜਿਹੇ ਨਿੰਦਕਾਂ ਬਾਰੇ ਗੁਰੂ ਸਾਹਿਬ ਨੇ ਬਹੁਤ ਕੁਝ ਲਿਖਿਆ ਹੈ; ਪਾਤਰ ਵੀ ਅਜਿਹੇ ਨਿੰਦਕਾਂ ਬਾਰੇ ਲਿਖਦੇ ਨੇ:

ਸੱਜਣ ਨਾ ਯਾਰ ਆਉਂਦੇ, ਭੈਣਾਂ ਨਾ ਵੀਰ ਆਉਂਦੇ।
ਹੁਣ ਤਾਂ ਕਲੇਜੇ ਲੱਗਣ ਨੂੰ ਸਿਰਫ਼ ਤੀਰ ਆਉਂਦੇ।

ਅਜਿਹੇ ਵਿਰੋਧ ਬਾਰੇ ਪਾਤਰ ਨੇ ਕਿਹਾ ਹੈ: ਕਈ ਵਾਰ ਮੈਨੂੰ ਇਹੋ ਜਿਹੇ ਮੌਕਿਆਂ ਦਾ ਸਾਹਮਣਾ ਕਰਨਾ ਪਿਆ ਹੈ ਜਦੋਂ ਮੈਂ ਜ਼ਖ਼ਮੀ ਜਾਂ ਆਹਤ ਮਹਿਸੂਸ ਕੀਤਾ, ਜਿਵੇਂ ਪੂਰਨ ਨੂੰ ਟੁੱਕ ਕੇ ਖੂਹ ਵਿਚ ਸੁੱਟ ਦਿੱਤਾ ਸੀ ਤੇ ਫਿਰ ਗੋਰਖ ਆਇਆ, ਉਹਨੇ ਉਹਨੂੰ ਕੱਢਿਆ। ਇੰਝ ਹੀ ਮੈਨੂੰ ਕੋਈ ਨਾ ਕੋਈ ਸ਼ਬਦ, ਕੋਈ ਵਾਕ ਮੁੜ ਕੇ ਖੂਹ ਵਿਚੋਂ ਸਾਬਤ ਬਾਹਰ ਕੱਢ ਲੈਂਦਾ ਹੈ। ਮੈਂ ਕਿਤੇ ਕਿਹਾ ਸੀ-

ਜੋ ਤੂੰ ਮੈਨੂੰ ਪੱਥਰ ਮਾਰੇ ਸੀ,
ਜੋ ਤੂੰ ਮੈਨੂੰ ਕੰਢੇ ਚੋਭੇ ਸੀ,
ਮੈਂ ਤਾਂ ਉਹ ਹਜ਼ਮ ਵੀ ਕਰ ਲਏ,
ਉਹ ਤਾਂ ਹੁਣ ਰਹੇ ਹੀ ਨਹੀਂ,
ਮੈਂ ਤਾਂ ਉਹ ਨਜ਼ਮ ਵੀ ਕਰ ਲਏ।

ਇੰਝ ਪਾਤਰ ਨੇ ਪੱਥਰਾਂ ਅਤੇ ਕੰਡਿਆਂ ਨੂੰ ਵੀ ਨਜ਼ਮਾਂ 'ਚ ਬਦਲ ਲਿਆ। ਪਾਤਰ ਦਾ ਕਹਿਣਾ ਏ ਕਿ ਉਨ੍ਹਾਂ ਬੰਦਿਆਂ ਨੇ ਉਨ੍ਹਾਂ ਦੀ ਨਿੰਦਿਆ ਨੇ ਵੀ ਮੇਰੀ ਕਿਸੇ ਨਾ ਕਿਸੇ ਰੂਪ 'ਚ ਮਦਦ ਹੀ ਕੀਤੀ। ਨਹੀਂ ਤਾਂ ਮੈਂ ਸੌਂ ਜਾਂਦਾ ਜਾਂ ਫੈਲਾ ਪੈ ਜਾਂਦਾ। ਸੋ, ਮੈਂ ਉਨ੍ਹਾਂ ਲੋਕਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਆਪਣੇ ਉਨ੍ਹਾਂ ਦੋਸਤਾਂ ਦਾ ਜਿਨ੍ਹਾਂ ਮੇਰੇ ਦੁਆਲੇ ਇੱਕ ਤਰ੍ਹਾਂ ਦੀ ਰਾਮਕਾਰ ਰੱਖੀ ਤੇ ਮੈਨੂੰ ਤੱਤੀ 'ਵਾ ਤੱਕ ਨਹੀਂ ਲੱਗਣ ਦਿੱਤੀ; ਦੂਜਿਆਂ ਨੇ ਮੈਨੂੰ ਦੱਸਿਆ ਕਿ ਬਾਹਰ ਤੱਤੀ ਹਵਾ ਵਗ ਰਹੀ ਹੈ। ਇੰਝ ਉਹ ਲੋਕ ਜੋ ਦੂਜਿਆਂ ਦੇ ਪ੍ਰਛਾਵੇਂ ਵੱਢਣ 'ਚ ਯਕੀਨ ਰੱਖਦੇ ਨੇ, ਜਿਨ੍ਹਾਂ ਬਾਰੇ ਮੈਂ ਕਦੀ ਲਿਖਿਆ ਸੀ:

ਜਿੱਥੇ ਵੀ ਦੋ ਬੰਦੇ ਰਲ ਕੇ ਬਹਿੰਦੇ ਨੇ,
ਤੀਜੇ ਦਾ ਪ੍ਰਛਾਵਾਂ ਵੱਢਦੇ ਰਹਿੰਦੇ ਨੇ।

ਇਹ ਵੱਢਣ ਤੇ ਟੁੱਕਣ ਵਾਲੇ ਵੀ ਆਪਣਾ ਰੋਲ ਨਿਭਾਉਂਦੇ ਹਨ ਤੇ ਵੱਢੇ-ਟੁੱਕਿਆਂ ਨੂੰ ਜੋੜਨ ਵਾਲੇ ਵੀ ਰੋਲ ਨਿਭਾਉਂਦੇ ਹਨ। ਇਨ੍ਹਾਂ ਦੋਹਾਂ ਦੇ ਕੰਮ ਅਤੇ ਪ੍ਰਭਾਵ ਬੰਦੇ ਦੀ ਸ਼ਖ਼ਸੀਅਤ ਦੀ ਉਸਾਰੀ 'ਚ ਆਪਣਾ ਯੋਗਦਾਨ ਪਾਉਂਦੇ ਹਨ। ਸੋ, ਪਾਤਰ ਹੁਰਾਂ ਦਾ ਨਜ਼ਰੀਆ ਹੈ:

ਹੋਇਆ ਕੀ ਜੇ ਆਈ ਪਤਝੜ,
ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ।
ਮੈਂ ਲੱਭ ਕੇ ਕਿਤੋਂ ਲਿਆਉਂਦਾ ਕਲਮਾਂ,
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।

ਸਾਡੇ ਪਰਚੇ 'ਸੀਰਤ' ਵਿਚ ਪਾਤਰ ਦੇ ਅਜਿਹੇ ਵਿਚਾਰ ਪੜ੍ਹ ਕੇ 'ਸੀਰਤ' ਵਿਚ ਹੀ ਪੰਜਾਬੀ ਦੇ ਪ੍ਰਸਿਧ ਨਾਵਲਕਾਰ ਗੁਰਦਿਆਲ ਸਿੰਘ ਨੇ ਪ੍ਰੋ. ਪ੍ਰੀਤਮ ਸਿੰਘ ਦੇ ਗੁਰਦਿਆਲ ਸਿੰਘ ਨੂੰ ਲਿਖੇ ਸ਼ਬਦ ਪਾਤਰ ਨਾਲ ਸਾਂਝੇ ਕਰਦਿਆਂ ਉਸ ਨੂੰ ਇਸ਼ਾਰੇ ਨਾਲ ਸਮਝਾਇਆ ਸੀ:

'ਪਾਤਰ! ਕਦੀ ਕਿਸੇ ਨੇ ਬੁਝੇ ਦੀਵੇ 'ਤੇ ਫੂਕ ਮਾਰੀ ਹੈ? ਸਭ ਜਗਦੇ ਦੀਵੇ ਨੂੰ ਹੀ ਫੂਕ ਮਾਰ ਕੇ ਬੁਝਾਉਣਾ ਚਾਹੁੰਦੇ ਨੇ ਪਰ ਜਿਸ ਦੀਵੇ ਵਿਚ ਚੋਖਾ ਤੇਲ ਤੇ ਨਰੋਈ ਬੱਤੀ ਹੋਵੇ, ਉਹ ਦੂਰ ਖਲੋਤੇ ਤੇ ਪਿੱਠ ਪਿੱਛੇ ਫੂਕਾਂ ਮਾਰਨ ਵਾਲਿਆਂ ਤੋਂ ਨਹੀਂ ਬੁਝਦਾ। ਇਹ ਮੇਰੀ ਗੱਲ ਪੱਲੇ ਬੰਨ੍ਹ ਲੈ ਕਿ ਤੂੰ ਛੇਤੀ ਕੀਤਿਆਂ ਬੁਝਣ ਵਾਲਾ ਦੀਵਾ ਨਹੀਂ।'

ਸੁਰਜੀਤ ਪਾਤਰ ਪੰਜਾਬ ਸ਼ਾਇਰੀ ਦਾ ਲਟ ਲਟ ਬਲਦਾ ਚਿਰਾਗ਼ ਸੀ ਜਿਸ ਦੀ ਰੌਸ਼ਨੀ ਅਨੇਕਾਂ ਸਮਿਆਂ ਤੱਕ ਪੰਜਾਬੀ ਰੂਹਾਂ ਨੂੰ ਰੌਸ਼ਨ ਕਰਦੀ ਰਹੇਗੀ।

ਹਮਾਰੇ ਬਾਅਦ ਮਹਿਫਿਲ ਮੇਂ ਅਫਸਾਨੇ ਬਿਆਂ ਹੋਂਗੇ।
ਬਹਾਰੇਂ ਹਮ ਕੋ ਢੂੰਡੇਂਗੀ ਨਾ ਜਾਨੇ ਹਮ ਕਹਾਂ ਹੋਂਗੇ।...

# ਸਿਵੇ ਵਿਚ ਅਨੁਵਾਦ ਹੋਣ ਦੀ ਕਾਹਲ!



ਤਰਲੋਚਨ ਸਿੰਘ ਦੁਪਾਲਪੁਰ ਫਗਵਾੜਾ ਵਿਚ ਸੁਰਜੀਤ ਪਾਤਰ ਤੇ ਆਪਣੇ ਭਰਾ ਪ੍ਰੋ. ਅਵਤਾਰ ਸਿੰਘ ਨਾਲ ਅਤੇ ਸੱਜੇ) ਉਹ ਤਸਵੀਰ ਜੋ ਸੁਰਜੀਤ ਪਾਤਰ ਨੇ ਮੰਗੀ ਸੀ।

ਤਰਲੋਚਨ ਸਿੰਘ ਦੁਪਾਲਪੁਰ
ਫੋਨ: +1-781-469-2724

ਕੀ ਪਤਾ ਸੀ ਕਿ ਇਸੇ ਵਰ੍ਹੇ 3 ਮਾਰਚ ਨੂੰ ਮਰਹੂਮ ਵਿਦਵਾਨ ਡਾਕਟਰ ਹਰਦੇਵ ਸਿੰਘ ਸੱਚਰ ਦੀ ਯਾਦ ਵਿਚ ਹੋਏ ਫਗਵਾੜੇ ਸਮਾਗਮ ਵਿਚ ਪਾਤਰ ਸਾਹਬ ਨਾਲ ਹੋਈ ਸੁਭਾਗੀ ਮਿਲਣੀ, ਆਖ਼ਰੀ ਮਿਲਣੀ ਹੋ ਨਿਬੜੇਗੀ! ਤੇ ਤਿੰਨ ਮਹੀਨੇ ਬਾਅਦ ਹੀ ਪਾਤਰ ਜੀ ਵੀ ਮਰਹੂਮ ਹੋ ਜਾਣਗੇ!!

ਮੈਂ ਆਪਣੇ ਪਿੰਡ ਮੋਟਰ 'ਤੇ ਬੈਠੇ ਪੂਰਬੀਏ ਦੀ ਗੁਰਮੁਖੀ ਦਾ 'ਹੋਮ ਵਰਕ' ਕਰ ਰਹੀ ਨਿੱਕੀ ਧੀ ਦੀ ਫੋਟੋ ਖਿੱਚੀ ਹੋਈ ਸੀ। ਉਸ ਮੌਕੇ ਮੈਂ ਉਹ ਫੋਟੋ ਪਾਤਰ ਸਾਹਬ ਨੂੰ ਦਿਖਾਉਂਦਿਆਂ ਕਿਹਾ ਕਿ ਦੇਖੋ ਜੀ, ਮੈਂ ਤੁਹਾਡੀ ਕਵਿਤਾ ਵਿਚਲੇ ਨੰਦ ਕਿਸ਼ੋਰ ਅਤੇ ਰਾਮਕਲੀ ਦੀ ਬੇਟੀ 'ਮਾਧੁਰੀ' ਲੱਭ ਲਈ ਐ!!

ਬੜੀ ਉਤਸੁਕਤਾ ਨਾਲ ਮੇਰੇ ਮੋਬਾਈਲ 'ਤੇ ਇਹ ਫੋਟੋ ਦੇਖਦਿਆਂ ਪਤਾਰ ਸਾਹਬ ਕਹਿੰਦੇ- 'ਮੇਰੇ ਵਟਸਐਪ 'ਤੇ ਭੇਜੋ ਇਹ ਫੋਟੋ!'


ਆਹ ਪਾਤਰ ਸਾਹਬ! ਤੁਸੀਂ ਤਾਂ ਪਹਿਲੋਂ ਹੀ ਕਹਿ ਗਏ:

ਅਸਾਂ ਵੀ ਅੰਤ ਕਿਰ ਕੇ ਖਾਦ ਹੋਣਾ!
ਅਸਾਂ ਵੀ ਅੰਤ ਕਿਰ ਕੇ ਖਾਦ ਹੋਣਾ
ਕਦੀ ਸਾਂ ਫੁੱਲ ਇਹ ਕਿਸ ਨੂੰ ਯਾਦ ਹੋਣਾ।
ਕਿਸੇ ਦਿਸਣਾ, ਕਿਸੇ ਨੇ ਗੁੰਮ ਹੋਣਾ
ਕਿਸੇ ਗੁੰਬਦ, ਕਿਸੇ ਬੁਨਿਆਦ ਹੋਣਾ।
ਮੇਰੇ ਨ੍ਹੇਰੇ ਤੇ ਤੇਰੀ ਰੌਸ਼ਨੀ ਦਾ
ਹੈ ਮਨ ਵਿਚ ਉਮਰ ਭਰ ਸੰਵਾਦ ਹੋਣਾ।
ਸੁਲਗਦੇ ਲਫ਼ਜ਼ ਨੇ ਸੜ ਜਾਣਗੇ ਇਹ
ਨਹੀਂ ਇਹਨਾਂ ਕਦੇ ਫਰਿਆਦ ਹੋਣਾ।
ਉਦੋਂ ਸਮਝਣਗੇ ਲੋਕੀਂ ਦਿਲ ਦੀ ਅੱਗ ਨੂੰ
ਸਿਵੇ ਵਿਚ ਜਦ ਇਹਦਾ ਅਨੁਵਾਦ ਹੋਣਾ!

# ਸੁਰਜੀਤ ਪਾਤਰ: ਵਿਲੱਖਣ ਕਾਵਿ ਵਰਤਾਰਾ

**ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋ. ਸੁਰਜੀਤ ਸਿੰਘ ਨੇ ਚਿੰਤਕ ਸ਼ਾਇਰ ਸੁਰਜੀਤ ਪਾਤਰ ਦੇ ਕਾਵਿ ਸਫਰ ਬਾਰੇ ਚਰਚਾ ਇਸ ਲੇਖ ਵਿਚ ਕੀਤੀ ਹੈ। ਲੇਖਕ ਨੇ ਦਰਸਾਇਆ ਹੈ ਕਿ ਪੰਜਾਬ ਦੇ ਭਵਿੱਖ ਲਈ ਸੁਰਜੀਤ ਪਾਤਰ ਵਰਗੇ ਸ਼ਾਇਰ ਦੀ ਸ਼ਾਇਰੀ ਦਾ ਕੀ ਮਹੱਤਵ ਹੈ। ਇਸ ਲੰਮੇ ਲੇਖ ਨੂੰ ਥੋੜ੍ਹਾ ਸੰਖੇਪ ਕਰ ਕੇ ਆਪਣੇ ਪਾਠਕਾਂ ਦੇ ਸਨਮੁਖ ਕਰ ਰਹੇ ਹਾਂ।**

ਆਧੁਨਿਕ ਪੰਜਾਬੀ ਕਾਵਿ ਪਰੰਪਰਾ ਵਿਚ ਸੁਰਜੀਤ ਪਾਤਰ ਵਿਲੱਖਣ ਕਾਵਿ-ਵਰਤਾਰੇ ਦਾ ਨਾਮ ਹੈ। ਉਹ ਜਿੱਥੇ ਆਪਣੇ ਪਾਠਕਾਂ ਵਿਚ ਮਕਬੂਲ ਹੈ, ਉੱਥੇ ਆਲੋਚਕ ਵੀ ਉਸ ਦੀ ਕਾਵਿ ਸਮਰੱਥਾ ਦੇ ਕਾਇਲ ਹਨ। ਸ਼ਿਵ ਕੁਮਾਰ ਤੋਂ ਬਾਅਦ ਸੁਰਜੀਤ ਪਾਤਰ ਨੇ ਪੰਜਾਬੀ ਕਵਿਤਾ ਦੇ ਪਾਠਕਾਂ ਦੀ ਸੁਹਜ ਸੰਵੇਦਨਾ ਨੂੰ ਟੁੰਬਿਆ ਅਤੇ ਉਨ੍ਹਾਂ ਦੀ ਕਲਪਨਾ ਨੂੰ ਆਪਣੀ ਮਨਮੋਹਣੀ ਸ਼ੈਲੀ ਨਾਲ ਗ੍ਰਿਫ਼ਤ ਵਿਚ ਲਿਆ। ਇਕ-ਅੱਧ ਆਲੋਚਕ ਨੂੰ ਛੱਡ ਕੇ ਸਭ ਨੇ ਪਾਤਰ ਦੀ ਕਾਵਿ-ਸਮਰੱਥਾ ਕਬੂਲੀ ਹੈ ਅਤੇ ਉਸ ਨੂੰ ਪੰਜਾਬੀ ਕਾਵਿ-ਪਰੰਪਰਾ ਵਿਚ ਨਵੇਂ ਦਿਸਹੱਦੇ ਛੂਹਣ ਵਾਲੇ ਕਵੀ ਵਜੋਂ ਸਵੀਕਾਰ ਕੀਤਾ ਹੈ।



ਡਾ. ਸੁਰਜੀਤ ਸਿੰਘ
ਫੋਨ: +91-93564-62593

ਪਾਠਕਾਂ ਵਿਚ ਮਕਬੂਲ ਹੋਣਾ ਅਤੇ ਉਚੇਰੇ ਸਾਹਿਤਕ ਮਿਆਰਾਂ ਨੂੰ ਨਾ ਕੇਵਲ ਛੂਹਣਾ ਸਗੋਂ ਸਥਾਪਿਤ ਕਰਨਾ ਆਪਣੇ ਆਪ ਵਿਚ ਜੇ ਅਸੰਭਵ ਨਹੀਂ ਤਾਂ ਅਤਿ ਮੁਸ਼ਕਿਲ ਕਾਰਜ ਹੈ। ਪੰਜਾਬੀ ਵਿਚ ਮਕਬੂਲ ਕਵਿਤਾ ਅਤੇ ਸਾਹਿਤਕ ਨੁਕਤਾ ਨਿਗਾਹ ਤੋਂ ਸਮਰੱਥ ਕਵਿਤਾ ਵਿਚ ਖੱਪਾ ਦੇਖਣ ਨੂੰ ਮਿਲਦਾ ਹੈ। ਪਾਤਰ ਤੋਂ ਪਹਿਲਾਂ ਇਸ ਖੱਪੇ ਨੂੰ ਸ਼ਿਵ ਬਟਾਲਵੀ ਨੇ ਪੂਰਿਆ। ਸ਼ਿਵ ਕੁਮਾਰ ਨੇ ਇਹ ਮੁਸ਼ਕਿਲ ਕੰਮ ਲੋਕ ਜੀਵਨ ਵਿਚੋਂ ਪੈਦਾ ਹੁੰਦੀ ਬਿੰਬਾਵਲੀ ਅਤੇ ਆਤਮ-ਪੀੜਾ ਦੇ ਜਸ ਗਾਇਨ ਦੇ ਬਲਬੂਤੇ ਕੀਤਾ। ਸਵਾਲ ਹੈ: ਪਾਤਰ ਦੀ ਕਵਿਤਾ ਵਿਚ ਉਹ ਕਿਹੜੀ ਚੀਜ਼ ਹੈ ਜਿਸ ਕਰ ਕੇ ਉਹ ਇਹ ਮੁਕਾਮ ਹਾਸਿਲ ਕਰ ਸਕਿਆ?

---

ਸੁਰਜੀਤ ਪਾਤਰ ਦਾ ਜਨਮ ਮਾਘੀ (14 ਜਨਵਰੀ) 1945 ਨੂੰ ਪਿੰਡ ਪੱਤੜਾਂ ਵਿਚ ਗੁਰਬਖ਼ਸ਼ ਕੌਰ ਅਤੇ ਹਰਭਜਨ ਸਿੰਘ ਦੇ ਘਰ ਹੋਇਆ। ਪਾਤਰ ਦੇ ਪਿਤਾ ਰੋਜ਼ੀ-ਰੋਟੀ ਲਈ ਅਫਰੀਕੀ ਦੇਸ਼ ਨੈਰੋਬੀ ਰਹਿੰਦੇ ਸਨ ਅਤੇ ਪੰਜ ਸਾਲ ਬਾਅਦ ਘਰ ਪਰਤਦੇ ਸਨ ਜਿਸ ਨਾਲ ਘਰ ਵਿਚ ਮਾਂ ਤੇ ਭੈਣਾਂ-ਭਰਾਵਾਂ ਦੀਆਂ ਅੱਖਾਂ ਵਿਚ ਇੰਤਜ਼ਾਰ ਅਤੇ ਉਦਾਸੀ ਲਟਕਦੀ ਰਹਿੰਦੀ ਸੀ। ਉਨ੍ਹਾਂ ਦੇ ਪਿਤਾ ਦੇਰ ਤਕ ਪਰਦੇਸ ਵਿਚ ਰਹੇ ਜਿਸ ਨਾਲ ਬਾਲ ਮਨ ਵਿਚ ਪਿਤਾ-ਬਿੰਬ ਤੋਂ ਮਿਲਣ ਵਾਲੀ ਸੁਰੱਖਿਆ ਦੀ ਅਣਹੋਂਦ ਨੇ ਅਬੋਲ ਹੂਕ ਦਾ ਰੂਪ ਧਾਰ ਲਿਆ ਜੋ ਉਨ੍ਹਾਂ ਦੀ ਸ਼ਾਇਰੀ ਵਿਚ ਗੂੰਜਦੀ ਹੈ। ਨਾਲ ਹੀ ਆਪਣੀ ਮਾਂ ਅਤੇ ਭੈਣਾਂ ਦੀ ਸੰਗਤ ਵਿਚ ਰਹਿਣ ਕਾਰਨ ਉਨ੍ਹਾਂ ਦੀ ਸੰਵੇਦਨਾ ਵਿਚ ਨਾਰਿਤਾ ਦੇ ਬੀਜ ਬੀਜੇ ਗਏ ਜੋ ਮਰਦਾਵੀਂ ਪਰ-ਪੀੜਨ ਬਿਰਤੀ ਦੀ ਥਾਂ ਸਵੈ-ਪੀੜਾ ਦੀ ਨਾਰੀ ਬਿਰਤੀ ਦੀ ਪ੍ਰਬਲਤਾ ਦਾ ਕਾਰਨ ਬਣੇ ਹੋਣਗੇ। ਸਿਰਜਣਾਤਮਕ ਆਪੇ ਦੇ ਵਿਕਾਸ ਲਈ ਇਸ ਕਿਸਮ ਦੀ ਸਥਿਤੀ ਸਹਾਇਕ ਹੁੰਦੀ ਹੈ। ਪਾਤਰ ਦੇ ਪਿਤਾ 'ਵਿਲੱਖਣ ਜਿਹੇ ਕੀਰਤਨੀਏ' ਸਨ। ਘਰ ਵਿਚ ਸੰਗੀਤ ਨੂੰ ਮੁਹੱਬਤ ਕਰਨ ਵਾਲਿਆਂ ਦੀ ਹੋਂਦ ਸਦਕਾ ਉਨ੍ਹਾਂ ਦੇ ਮਨ ਅੰਦਰ ਗਾਇਕ ਸੰਗੀਤਕਾਰ ਬਣਨ ਦਾ ਸੁਫਨਾ ਪੁੰਗਰਿਆ। ਪਾਤਰ ਦੀ ਸ਼ਾਇਰੀ ਵਿਚ ਸੰਗੀਤ, ਅਸਤਿਤਵ ਮੂਲਕ ਹੁੰਗਾਰੇ, ਦਰਦ ਭਰੀ ਹੂਕ ਅਤੇ ਪ੍ਰਗੀਤਾਤਮਕਤਾ ਦੇ ਪਿਛੋਕੜ ਵਿਚ ਉਨ੍ਹਾਂ ਦੇ ਬਚਪਨ ਦੇ ਇਨ੍ਹਾਂ ਅਨੁਭਵਾਂ ਦਾ ਜ਼ਰੂਰ ਵਿਸ਼ੇਸ਼ ਰੋਲ ਹੋਵੇਗਾ।

ਮੁੱਢਲੀ ਵਿੱਦਿਆ ਮਗਰੋਂ ਪਾਤਰ ਨੇ ਕਪੂਰਥਲਾ ਦੇ ਸਰਕਾਰੀ ਕਾਲਜ ਵਿਚ ਵਿਗਿਆਨ ਦੇ ਵਿਸ਼ਿਆਂ ਨਾਲ ਗਿਆਰ੍ਹਵੀਂ ਵਿਚ ਦਾਖਲਾ ਲਿਆ ਪਰ ਉਸ ਨੂੰ ਛੇਤੀ ਹੀ ਅਕੇਵਾਂ ਹੋਣ ਲੱਗਿਆ। ਉਸ ਸਾਲ ਪਾਤਰ ਨੇ ਕੋਈ ਇਮਤਿਹਾਨ ਨਹੀਂ ਦਿੱਤਾ ਅਤੇ ਅਗਲੇ ਸਾਲ ਆਰਟਸ ਦੇ ਵਿਸ਼ੇ ਲੈ ਕੇ ਬੀ.ਏ.ਸ਼ੁਰੂ ਕਰ ਦਿੱਤੀ। ਪੰਜਾਬੀ ਸਾਹਿਤ ਦਾ ਵਿਸ਼ਾ ਪੜ੍ਹਦਿਆਂ ਅਤੇ ਆਪਣੇ ਅਧਿਆਪਕ ਡਾ. ਸੁਰਜੀਤ ਸਿੰਘ ਸੇਠੀ ਦੀ ਰਹਿਨੁਮਾਈ ਵਿਚ ਚੱਲਦੀਆਂ ਸਾਹਿਤਕ ਸਰਗਰਮੀਆਂ ਵਿਚ ਹਿੱਸਾ ਲੈਂਦਿਆਂ ਪਾਤਰ ਦੀ ਸੰਵੇਦਨਾ ਨੇ ਕਵਿਤਾ ਵਿਚ ਢਲਣਾ ਸ਼ੁਰੂ ਕੀਤਾ। ਇਸ ਦੌਰਾਨ ਹੀ ਪਾਤਰ ਨੂੰ ਸ਼ਿਵ ਕੁਮਾਰ ਅਤੇ ਸ.ਸ. ਮੀਸ਼ਾ ਵਰਗੇ ਕਵੀਆਂ ਨਾਲ ਮਿਲਣ ਦਾ ਅਵਸਰ ਮਿਲਿਆ। ਕਾਲਜ ਪੜ੍ਹਦਿਆਂ ਉਸ ਨੇ ਆਪਣੇ ਨਾਮ ਨਾਲ ਆਪਣੇ ਪਿੰਡ ਦਾ ਨਾਮ ਤਖ਼ੱਲਸ ਵਜੋਂ ਲਿਖਣਾ ਸ਼ੁਰੂ ਕਰ ਦਿੱਤਾ ਸੀ ਪਰ 'ਪ੍ਰੀਤਲੜੀ' ਦੇ ਸੰਪਾਦਕ ਦੇ ਮਸ਼ਵਰੇ 'ਤੇ ਪੱਤੜ ਤੋਂ ਪਾਤਰ ਹੋ ਗਿਆ। ਇੱਥੋਂ ਹੀ 1966 ਵਿਚ ਬੀ.ਏ. ਕਰ ਕੇ ਪਾਤਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਵਿਚ ਦਾਖਲਾ ਲਿਆ ਜਿੱਥੋਂ ਉਸ ਨੇ 1968 ਵਿਚ ਐਮ.ਏ. ਦੀ ਪ੍ਰੀਖਿਆ ਯੂਨੀਵਰਸਿਟੀ ਵਿਚੋਂ ਪ੍ਰਥਮ ਸਥਾਨ ਹਾਸਿਲ ਕਰ ਕੇ ਪਾਸ ਕੀਤੀ। ਇੱਥੇ ਹੀ ਉਸ ਨੂੰ ਅਧਿਆਪਕ ਦੇ ਰੂਪ ਵਿਚ ਦਲੀਪ ਕੌਰ ਟਿਵਾਣਾ, ਸਾਹਿਤਕ ਸੰਗੀਆਂ ਦੇ ਰੂਪ ਵਿਚ ਸੁਤਿੰਦਰ ਸਿੰਘ ਨੂਰ, ਹਰਿੰਦਰ ਸਿੰਘ ਮਹਿਬੂਬ, ਹਰਦਿਲਜੀਤ ਸਿੰਘ (ਲਾਲੀ ਬਾਬਾ), ਗੁਰਭਗਤ ਸਿੰਘ, ਸੁਰਜੀਤ ਮਾਨ ਆਦਿ ਦੀ ਸੰਗਤ ਹਾਸਿਲ ਹੋਈ। ਇਹ ਯੂਨੀਵਰਸਿਟੀ ਵਿਚ ਗਿਆਨ ਸੰਵਾਦ-ਵਿਵਾਦ ਦਾ ਜ਼ਮਾਨਾ ਸੀ। ਵਿਦਿਆਰਥੀ ਮਾਰਕਸਵਾਦ ਦੇ ਨਾਲ-ਨਾਲ ਸੰਰਚਨਾਵਾਦ ਅਤੇ ਅਸਤਿਤਵਵਾਦ ਦਾ ਅਧਿਐਨ ਕਰ ਰਹੇ ਸਨ ਅਤੇ ਪੰਜਾਬੀ ਤੇ ਪੰਜਾਬੀ ਵਿਚ ਅਨੁਵਾਦਿਤ ਰੂਸੀ ਸਾਹਿਤ ਤੋਂ ਇਲਾਵਾ ਹਿੰਦੀ, ਅੰਗਰੇਜ਼ੀ ਤੇ ਅੰਗਰੇਜ਼ੀ ਵਿਚ ਅਨੁਵਾਦਿਤ ਫਰੈਂਚ ਤੇ ਹੋਰ ਭਾਸ਼ਾਵਾਂ ਦੇ ਸਾਹਿਤ ਵਿਚ ਦਿਲਚਸਪੀ ਲੈ ਰਹੇ ਸਨ। ਇਸ ਸਭ ਦੇ ਦਰਮਿਆਨ ਪਾਤਰ ਆਵਾਰਗੀ ਕਰਦਾ, ਵਿਸ਼ਵ ਸਾਹਿਤ ਅਤੇ ਚਿੰਤਨ ਦਾ ਅਧਿਐਨ ਕਰ ਰਿਹਾ ਸੀ।



ਸੁਰਜੀਤ ਪਾਤਰ ਅਤੇ ਉਘੇ ਲਿਖਾਰੀ (ਮਰਹੂਮ) ਸੰਤ ਸਿੰਘ ਸੇਖੋਂ।

ਐਮ.ਏ. ਮਗਰੋਂ ਪਾਤਰ ਉੱਥੇ ਹੀ ਰੀਸਰਚ ਸਕਾਲਰ ਲੱਗ ਗਿਆ ਅਤੇ ਡਾ.ਸੁਰਜੀਤ ਸਿੰਘ ਸੇਠੀ ਦੀ ਨਿਗਰਾਨੀ ਅਧੀਨ ਅਸਤਿਤਵਵਾਦ ਦੇ ਪ੍ਰਸੰਗ ਵਿਚ ਪੰਜਾਬੀ ਨਾਟਕ ਦੇ ਅਧਿਐਨ ਉੱਤੇ ਪੀਐਚ.ਡੀ. ਦੀ ਖੋਜ-ਯੋਜਨਾ ਬਣਾਉਣ ਲਗਿਆ ਪਰ ਇਹ ਯੋਜਨਾ ਸਿਰੇ ਨਾ ਚੜ੍ਹ ਸਕੀ। ਪਾਤਰ ਦੀ ਕਵਿਤਾ 'ਬੁੱਢੀ ਜਾਦੂਗਰਨੀ' ਨੇ ਉਨ੍ਹਾਂ ਦਿਨਾਂ ਵਿਚ ਪੀ.ਐਸ.ਯੂ. ਦੀ ਚੱਲ ਰਹੀ ਹੜਤਾਲ ਕਾਰਨ ਬਣੇ ਯੂਨੀਵਰਸਿਟੀ ਦੇ ਤਣਾਉ ਭਰੇ ਮਹੌਲ ਵਿਚ ਜੋ ਅਸਰ ਪੈਦਾ ਕੀਤਾ, ਉਸ ਦੇ ਸਿੱਟੇ ਵਜੋਂ ਪਾਤਰ ਨੂੰ ਆਪਣੀ ਪੀਐਚ.ਡੀ. ਵਿਚੇ ਛੱਡਣ ਲਈ ਮਜਬੂਰ ਹੋਣਾ ਪਿਆ। ਇਸ ਤੋਂ ਬਾਅਦ ਦੋ ਕੁ ਵਰ੍ਹੇ ਦੀ ਬੇਰੁਜ਼ਗਾਰੀ ਭੋਗ ਕੇ ਪਾਤਰ ਆਪਣੇ ਜਮਾਤੀ ਅਤੇ ਮਿੱਤਰ ਜੋਗਿੰਦਰ ਸਿੰਘ ਕੈਰੋਂ ਦੇ ਯਤਨ ਸਦਕਾ ਜੁਲਾਈ 1971 ਵਿਚ ਬਾਬਾ ਬੁੱਢਾ ਕਾਲਜ ਬੀੜ ਸਾਹਿਬ ਵਿਚ ਪੰਜਾਬੀ ਦਾ ਲੈਕਚਰਾਰ ਲੱਗ ਗਿਆ। ਇੱਥੋਂ ਉਸ ਦਾ ਸੰਪਰਕ ਪ੍ਰੋ. ਮੋਹਨ ਸਿੰਘ ਨਾਲ ਹੁੰਦਾ ਰਹਿੰਦਾ ਸੀ ਜੋ ਉਨ੍ਹਾਂ ਦਿਨਾਂ ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਪੱਤਰਕਾਰੀ, ਭਾਸ਼ਾਵਾਂ ਅਤੇ ਸਭਿਆਚਾਰ ਵਿਭਾਗ ਵਿਚ ਪ੍ਰੋਫੈਸਰ ਐਮੇਰਿਟਸ ਸਨ। ਉਨ੍ਹਾਂ ਪਾਤਰ ਨੂੰ ਲੁਧਿਆਣੇ ਆਪਣੇ ਕੋਲ ਆਉਣ ਦਾ ਸੱਦਾ ਦੇ ਦਿੱਤਾ ਜਿਸ ਨੂੰ ਕਬੂਲ ਕਰ ਕੇ ਪਾਤਰ ਸਤੰਬਰ 1972 ਵਿਚ ਪੀ.ਏ.ਯੂ. ਲੁਧਿਆਣਾ ਦੇ ਭਾਸ਼ਾਵਾਂ, ਪੱਤਰਕਾਰੀ ਅਤੇ ਸਭਿਆਚਾਰ ਵਿਭਾਗ ਵਿਚ ਖੋਜ ਸਹਾਇਕ ਜਾ ਲੱਗਿਆ। ਇਸ ਵਿਭਾਗ ਵਿਚ ਹੀ ਉਹ 1975 ਵਿਚ ਸਹਾਇਕ ਪ੍ਰੋਫੈਸਰ ਨਿਯੁਕਤ ਹੋ ਗਿਆ। ਇਸ ਦੌਰਾਨ ਉਸ ਨੇ 'ਗੁਰੂ ਨਾਨਕ ਬਾਣੀ ਦਾ ਲੋਕਧਾਰਾਈ ਅਧਿਐਨ' ਵਿਸ਼ੇ 'ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪੀਐਚ.ਡੀ. ਦੀ ਡਿਗਰੀ ਹਾਸਿਲ ਕੀਤੀ। ਡਾ. ਸੁਰਜੀਤ ਪਾਤਰ ਕਾਗ਼ਜ਼ਾਂ ਵਿਚ ਲਿਖੇ ਜਨਮ ਸਾਲ ਅਨੁਸਾਰ 30 ਅਪਰੈਲ 2004 ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸੰਚਾਰ ਕੇਂਦਰ ਵਿਚੋਂ ਪ੍ਰੋਫੈਸਰ ਵਜੋਂ ਸੇਵਾ ਮੁਕਤ ਹੋ ਗਿਆ।

---

ਸੁਰਜੀਤ ਪਾਤਰ ਦੀਆਂ ਪਹਿਲੀਆਂ ਰਚਨਾਵਾਂ 'ਪ੍ਰੀਤਲੜੀ' ਵਿਚ ਛਪੀਆਂ ਜਦੋਂ ਅਜੇ ਉਹ ਸਰਕਾਰੀ ਰਣਧੀਰ ਕਾਲਜ ਕਪੂਰਥਲਾ ਵਿਚ ਪੜ੍ਹਦਾ ਸੀ। 'ਕੋਲਾਜ' (1973) ਨਾਮੀ ਕਿਤਾਬ ਵਿਚ ਉਸ ਦੀਆਂ ਕਵਿਤਾਵਾਂ ਪਹਿਲੀ ਵਾਰ ਕਿਤਾਬੀ ਰੂਪ ਵਿਚ ਸਾਹਮਣੇ ਆਈਆਂ ਜਿਸ ਵਿਚ ਸੁਰਜੀਤ ਪਾਤਰ ਦੀਆਂ ਨੌਂ ਕਵਿਤਾਵਾਂ ਤੋਂ ਇਲਾਵਾ ਪ੍ਰਮਿੰਦਰਜੀਤ ਦੀਆਂ ਕਵਿਤਾਵਾਂ ਅਤੇ ਜੋਗਿੰਦਰ ਕੈਰੋਂ ਦੀਆਂ ਕਹਾਣੀਆਂ ਸ਼ਾਮਿਲ ਸਨ। ਪਾਤਰ ਦੀਆਂ ਇਨ੍ਹਾਂ ਨੌਂ ਕਵਿਤਾਵਾਂ ਵਿਚੋਂ ਬਹੁਤੀਆਂ ਬਾਅਦ ਵਿਚ ਉਸ ਦੀਆਂ ਕਾਵਿ-ਪੁਸਤਕਾਂ 'ਬਿਰਖ ਅਰਜ਼ ਕਰੇ' (1992) ਅਤੇ 'ਹਨੇਰੇ ਵਿਚ ਸੁਲਗਦੀ ਵਰਣਮਾਲਾ' (1992) ਵਿਚ ਵੀ ਛਪੀਆਂ। ਇਹ ਕਵਿਤਾਵਾਂ ਰੂਪਾਕਾਰ ਪਖੋਂ ਨਜ਼ਮ ਦੇ ਵਿਧਾਨ ਦੀਆਂ ਅਨੁਸਾਰੀ ਸਨ ਅਤੇ ਇਨ੍ਹਾਂ ਵਿਚ ਸਮੇਂ ਦੇ ਯਥਾਰਥ, ਚੇਤਨਾ ਅਤੇ ਮਨੁੱਖੀ ਸਥਿਤੀ ਦਾ ਰੋਸ ਪੂਰਨ ਪਰ ਵਿਅੰਗਾਤਮਕ ਚਿੱਤਰ ਉੱਘੜਦਾ ਸੀ ਜੋ ਪਾਤਰ ਦੇ ਸਮਾਜਿਕ, ਰਾਜਸੀ ਅਤੇ ਵਿਚਾਰਧਾਰਕ ਸਰੋਕਾਰਾਂ ਉੱਤੇ ਝਾਤ ਪਵਾਉਂਦਾ ਸੀ। ਇਸ ਕਿਤਾਬ ਵਿਚਲੀਆਂ ਕਵਿਤਾਵਾਂ ਤੋਂ ਪਹਿਲਾਂ ਵੀ ਅਤੇ ਇਨ੍ਹਾਂ ਦੇ ਰਚਨਾ ਕਾਲ ਦੌਰਾਨ ਪਾਤਰ ਨਿਰੰਤਰ ਗ਼ਜ਼ਲਾਂ ਵੀ ਲਿਖ ਰਿਹਾ ਸੀ। ਗ਼ਜ਼ਲ ਰਚਨਾ ਵਲ ਪਾਤਰ ਦਾ ਰੁਝਾਨ ਲਗਾਤਾਰ ਤੀਬਰ ਹੁੰਦਾ ਗਿਆ ਅਤੇ ਨਕਸਲੀ ਲਹਿਰ ਦੇ ਪਤਨ ਤੋਂ ਬਾਅਦ ਪਾਤਰ ਨੇ ਗ਼ਜ਼ਲ ਨੂੰ ਆਪਣੇ ਰਚਨਾਤਮਕ ਕਰਮ ਦਾ ਮੁਖ ਮਾਧਿਅਮ ਬਣਾ ਲਿਆ। ਇੰਝ ਪਾਤਰ ਨੇ ਆਪਣਾ ਪਹਿਲਾ ਮੌਲਿਕ ਕਾਵਿ ਸੰਗ੍ਰਹਿ 'ਹਵਾ ਵਿਚ ਲਿਖੇ ਹਰਫ਼' (1979) ਪ੍ਰਕਾਸ਼ਿਤ ਕਰਵਾਇਆ ਜੋ ਨਿਰੋਲ ਗ਼ਜ਼ਲਾਂ ਦਾ ਸੰਗ੍ਰਹਿ ਹੈ। ਇਸ ਗ਼ਜ਼ਲ ਸੰਗ੍ਰਹਿ ਦੇ ਛਪਦਿਆਂ ਹੀ ਪਾਤਰ ਦੀ ਗਿਣਤੀ ਪੰਜਾਬੀ ਦੇ ਪਹਿਲੀ ਕਤਾਰ ਦੇ ਕਵੀਆਂ ਵਿਚ ਹੋਣੀ ਸ਼ੁਰੂ ਹੋ ਗਈ।



ਸੁਰਜੀਤ ਪਾਤਰ ਆਪਣੇ ਪਰਿਵਾਰ ਨਾਲ।

ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਇਹ ਆਪਣੀ ਕਿਸਮ ਦੀ ਘਟਨਾ ਸੀ ਕਿ ਇਕ ਗ਼ਜ਼ਲ ਸੰਗ੍ਰਹਿ ਨੇ ਰਚੈਤਾ ਕਵੀ ਨੂੰ ਕਾਵਿ-ਖੇਤਰ ਵਿਚ ਸਥਾਪਿਤ ਕਰ ਦਿੱਤਾ। ਇਸ ਗ਼ਜ਼ਲ ਸੰਗ੍ਰਹਿ ਨਾਲ ਪੰਜਾਬੀ ਗ਼ਜ਼ਲ ਨੂੰ ਹੁਲਾਰਾ ਮਿਲਿਆ ਅਤੇ ਪ੍ਰਯੋਗਸ਼ੀਲ ਕਵਿਤਾ ਦੇ ਪ੍ਰਗੀਤ ਵਿਰੋਧੀ ਰੁਝਾਨ ਨੂੰ ਪਛਾੜ ਕੇ ਗ਼ਜ਼ਲ ਪੰਜਾਬੀ ਸਾਹਿਤਕ ਸੁਹਜ ਦਾ ਚਿਰ-ਸਥਾਈ ਅੰਗ ਬਣ ਗਈ। ਇਸ ਸੰਗ੍ਰਹਿ ਵਿਚ ਸ਼ਾਮਿਲ ਪਾਤਰ ਦੀਆਂ ਗ਼ਜ਼ਲਾਂ ਦੇ ਸ਼ਿਅਰਾਂ ਦੀ ਦਾਰਸ਼ਨਿਕ ਗਹਿਰਾਈ, ਖ਼ਿਆਲ ਦੀ ਨੌਈਅਤ ਅਤੇ ਬਿੰਬਗਤ ਨਵੀਨਤਾ ਨੇ ਪੰਜਾਬੀ ਆਲੋਚਕਾਂ ਨੂੰ ਗ਼ਜ਼ਲ ਦੀ ਸਮਰੱਥਾ ਬਾਰੇ ਚਕ੍ਰਿਤ ਕਰ ਦਿੱਤਾ।

ਇੰਝ ਪਾਤਰ ਨੇ 'ਹਵਾ ਵਿਚ ਲਿਖੇ ਹਰਫ਼' ਰਾਹੀਂ ਨਾ ਕੇਵਲ ਆਪਣੀ ਕਾਵਿ-ਸਮਰੱਥਾ ਦਾ ਪ੍ਰਮਾਣ ਦਿੱਤਾ ਸਗੋਂ ਗ਼ਜ਼ਲ ਵਰਗੇ ਕਾਵਿ-ਰੂਪ ਨੂੰ ਨਵੀਆਂ ਸੰਭਾਵਨਾਵਾਂ ਦੇ ਸਨਮੁਖ ਕੀਤਾ। ਇਸ ਕਾਵਿ ਸੰਗ੍ਰਹਿ ਦੀ ਖ਼ਾਸੀਅਤ ਇਹ ਹੈ ਕਿ ਸ਼ਾਇਰ ਨੇ ਸੰਵੇਦਨਸ਼ੀਲ ਸਵੈ ਦੇ ਅਸਤਿਤਵੀ ਮਸਲਿਆਂ ਨੂੰ ਰੋਮਾਨੀਅਤ ਤੋਂ ਮੁਕਤ ਕਰ ਕੇ ਹਕੀਕਤਾਂ ਦੇ ਸੰਸਾਰ ਨਾਲ ਜੋੜ ਕੇ ਪੇਸ਼ ਕੀਤਾ। ਇਸ ਕਾਵਿ ਸੰਗ੍ਰਹਿ ਨਾਲ ਪਾਤਰ ਉਸ ਕਾਵਿ-ਵਿਧੀ ਦੀ ਤਲਾਸ਼ ਵਲ ਅਹੁਲਦਾ ਹੈ ਜਿਸ ਰਾਹੀਂ ਉਹ ਆਤਮ ਅਤੇ ਅਨਾਤਮ ਦੇ ਦ੍ਰਿਸ਼ਟ ਨਿਖੇੜੇ ਤੋਂ ਪਾਰ ਜਾ ਕੇ ਦੋਹਾਂ ਨੂੰ ਨਿਰੰਤਰਤਾ ਅਤੇ ਸਮੁੱਚਤਾ ਵਿਚ ਗ੍ਰਹਿਣ ਕਰ ਸਕੇ। ਪਾਤਰ ਦੀ ਗ਼ਜ਼ਲ ਦੀ ਇਹੀ ਪ੍ਰਾਪਤੀ ਹੈ ਕਿ ਉਸ ਨੇ ਆਤਮ ਨੂੰ ਅਨਾਤਮ ਵਿਚੋਂ ਅਤੇ ਅਨਾਤਮ ਨੂੰ ਆਤਮ ਵਿਚੋਂ ਦਿਖਾ ਸਕਣ ਵਾਲੀ ਕਾਵਿ-ਵਿਉਂਤ ਦੀ ਸਿਰਜਣਾ ਕੀਤੀ। ਉਸ ਦੀ ਇਹੀ ਵਿਧੀ ਬਾਅਦ ਦੀਆਂ ਰਚਨਾਵਾਂ ਵਿਚ ਹੋਰ ਪਰਤਾਂ ਅਤੇ ਪਾਸਾਰਾਂ ਸਮੇਤ ਪ੍ਰਗਟ ਹੁੰਦੀ ਹੈ।

'ਬਿਰਖ ਅਰਜ਼ ਕਰੇ' (1992) ਅਤੇ 'ਹਨੇਰੇ ਵਿਚ ਸੁਲਗਦੀ ਵਰਣਮਾਲਾ' (1992) ਥੋੜ੍ਹੇ-ਥੋੜ੍ਹੇ ਵਕਫ਼ੇ ਵਿਚ ਛਪੀਆਂ। 'ਬਿਰਖ ਅਰਜ਼ ਕਰੇ' ਸੁਰਜੀਤ ਪਾਤਰ ਦਾ ਦੂਜਾ ਕਾਵਿ ਸੰਗ੍ਰਹਿ ਹੈ ਜਿਸ ਵਿਚ ਗ਼ਜ਼ਲਾਂ, ਗੀਤ ਅਤੇ ਨਜ਼ਮਾਂ ਸ਼ਾਮਿਲ ਹਨ। ਇਸ ਵਿਚ ਸ਼ਾਮਿਲ ਬਹੁਤੀਆਂ ਰਚਨਾਵਾਂ ਉਸ ਦੌਰ ਵਿਚ ਲਿਖੀਆਂ ਗਈਆਂ ਜਿਸ ਵਿਚ ਪੰਜਾਬ ਸੰਪਰਦਾਇਕ ਅਤੇ ਰਾਜਸੀ ਸ਼ਕਤੀਆਂ ਦੇ ਦਹਿਸ਼ਤੀ ਟਕਰਾਅ ਦਾ ਰਣ ਖੇਤਰ ਬਣਿਆ ਹੋਇਆ ਸੀ ਅਤੇ ਪੰਜਾਬੀ ਬੰਦਾ ਦੁਵੱਲੀ ਦਹਿਸ਼ਤ ਦੇ ਪਰਛਾਵੇਂ ਵਿਚ ਸਹਿਕ ਰਿਹਾ ਸੀ। ਇਸੇ ਲਈ ਇਸ ਸੰਗ੍ਰਹਿ ਦੀਆਂ ਵਧੇਰੇ ਕਵਿਤਾਵਾਂ ਪੰਜਾਬ ਦੀ ਸੰਕਟ ਸਥਿਤੀ ਨਾਲ ਸੰਵਾਦ ਰਚਾਉਂਦਿਆਂ ਇਸ ਦੇ ਰਾਜਸੀ, ਇਤਿਹਾਸਕ ਤੇ ਵਿਚਾਰਧਾਰਾਈ ਪਾਸਾਰ ਖੋਲ੍ਹਦੀਆਂ ਹਨ ਅਤੇ ਇਸ ਸਥਿਤੀ ਪ੍ਰਤੀ ਸਮਭਾਵੀ ਮਾਨਵਵਾਦੀ ਹੁੰਗਾਰਾ ਭਰਦੀਆਂ ਹਨ। ਇਸ ਦੇ ਨਾਲ ਹੀ ਸੁਰਜੀਤ ਪਾਤਰ ਨੇ ਸਥਾਪਤੀ ਦਾ ਰੂਪ ਧਾਰ ਚੁੱਕੀ ਵਿਛੁੰਨੀ ਜਾਂ ਬੇਗਾਨੀ ਮਾਨਵੀ ਸ਼ਕਤੀ ਅਤੇ ਮੂਲ ਮਨੁੱਖੀ ਤੱਤ ਦੇ ਤਣਾਉ/ਟਕਰਾਉ, ਸੁਫਨੇ ਤੇ ਹਕੀਕਤ ਦੇ ਤੱਜ਼ਾਦ, ਮਨੁੱਖੀ ਹੋਂਦ ਦੇ ਦਾਅਵੇ ਦੇ ਤੌਰ ਤੇ ਇਸ਼ਕ ਅਤੇ ਸਵੈ ਦੇ ਪਲੈਟਫਾਰਮ ਉੱਤੇ ਚੱਲ ਰਹੇ ਦਵੰਦਾਂ/ਟਕਰਾਵਾਂ ਨੂੰ ਆਪਣੇ ਕਾਵਿ ਕਰਮ ਵਿਚ ਥੀਮਕ ਪਾਸਾਰ ਬਖ਼ਸ਼ੇ ਹਨ। ਪਾਤਰ ਦੀ ਇਸ ਪੁਸਤਕ ਵਿਚ ਕੁਝ ਸਵੈ-ਚੇਤਨ ਕਵਿਤਾਵਾਂ ਵੀ ਹਨ ਜਿਨ੍ਹਾਂ ਵਿਚ ਕਵਿਤਾ ਹੀ ਮੁੱਦਾ ਬਣ ਕੇ ਹਾਜ਼ਿਰ ਹੈ। ਇਨ੍ਹਾਂ ਕਵਿਤਾਵਾਂ ਵਿਚ ਪਾਤਰ ਕਾਵਿ ਦੇ ਸਾਰ, ਸਰੂਪ ਅਤੇ ਸਾਰਥਕਤਾ ਨੂੰ ਆਪਣੀ ਕਾਵਿ-ਚਿੰਤਾ ਦਾ ਵਿਸ਼ਾ ਬਣਾਉਂਦਾ ਹੈ।

'ਹਨੇਰੇ ਵਿਚ ਸੁਲਗਦੀ ਵਰਣਮਾਲਾ' (1992) ਸੁਰਜੀਤ ਪਾਤਰ ਦਾ ਤੀਜਾ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਨੂੰ ਹੀ ਭਾਰਤੀ ਸਾਹਿਤ ਅਕਾਦਮੀ ਦੇ ਸਾਲ 1993 ਦੇ ਕੌਮੀ ਪੁਰਸਕਾਰ ਨਾਲ ਸਨਮਾਨਿਆ ਗਿਆ। ਇਸ ਵਿਚ ਸ਼ਾਮਿਲ ਕਵਿਤਾ ਦਾ ਮੁਖ ਫੋਕਸ ਕਾਮਨਾ ਅਤੇ ਮਰਿਆਦਾ ਜਾਂ ਪ੍ਰਕਿਰਤੀ ਅਤੇ ਸੱਭਿਅਤਾ ਦੇ ਤਣਾਓ ਤੇ ਟਕਰਾਓ ਉੱਤੇ ਹੈ ਜਿਸ ਵਿਚ ਮਨੁੱਖੀ ਆਤਮ ਦੇ ਅੰਦਰ ਚੱਲਦੇ ਕਲੇਸ਼ ਦੇ ਬਹੁ-ਭਿੰਨ ਰੂਪਾਂ ਨੂੰ ਸਾਕਾਰ ਕੀਤਾ ਗਿਆ ਹੈ।

ਇਨ੍ਹਾਂ ਕਵਿਤਾਵਾਂ ਵਿਚ ਪ੍ਰਕਿਰਤੀ ਅਤੇ ਸੰਸਕ੍ਰਿਤੀ ਦੇ ਸਦੀਵੀ ਦਵੰਦ ਦੀ ਮਹਿਜ਼ ਪੇਸ਼ਕਾਰੀ ਹੀ ਨਹੀਂ ਹੋਈ ਬਲਕਿ ਮਨੁੱਖ ਦੇ ਅਸਤਿਤਵੀ ਪ੍ਰਸ਼ਨਾਂ ਦੇ ਨੁਕਤੇ ਤੋਂ ਦੋਹਾਂ ਧਿਰਾਂ ਦੇ ਸਰੂਪ ਅਤੇ ਸਾਰ ਨੂੰ ਵੀ ਨਵੇਂ ਸਿਰਿਓਂ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਇੰਝ ਹੀ ਅਤੀਤ ਅਤੇ ਵਰਤਮਾਨ ਵਿਚਲੇ ਰਿਸ਼ਤੇ ਵਿਚ ਅਤੀਤ ਨੂੰ ਜਾਬਰ ਧਿਰ ਦੇ ਰੂਪ ਵਿਚ ਵੀ ਸੰਕਲਪਿਆ ਹੈ ਜਿਸ ਦੇ ਬੀਤ ਜਾਣ ਦੇ ਬਾਵਜੂਦ ਵਰਤਮਾਨ ਨਸਲਾਂ ਪੂਰੀ ਤਰ੍ਹਾਂ ਉਸ ਦੀ ਗ੍ਰਿਫ਼ਤ ਤੋਂ ਮੁਕਤ ਨਹੀਂ ਹੋ ਸਕਦੀਆਂ। ਇੰਝ ਪਾਤਰ ਆਪਣੀ ਕਵਿਤਾ ਵਿਚ ਮਨੁੱਖ ਦੇ ਆਪੇ ਅਤੇ ਮਾਨਸਿਕਤਾ ਉਪਰ ਵਾਪਰ ਰਹੇ ਪ੍ਰਕਿਰਤੀ ਤੇ ਸੰਸਕ੍ਰਿਤੀ ਅਤੇ ਅਤੀਤ ਤੇ ਵਰਤਮਾਨ ਵਿਚਲੇ ਦਵੰਦ ਦੀ ਤਸਵੀਰਕਸ਼ੀ ਕਰਦਾ ਨਵੇਂ ਸਭਿਆਚਾਰ-ਵਿਧਾਨ ਦੇ ਨਕਸ਼ ਵੀ ਉਲੀਕਦਾ ਹੈ ਜਿਸ ਵਿਚ ਮਨੁੱਖ ਆਪਣੇ ਸੁਫ਼ਨਿਆਂ, ਚਾਹਤਾਂ ਅਤੇ ਸੰਭਾਵਨਾਵਾਂ ਨੂੰ ਸਾਕਾਰ ਕਰ ਸਕੇ ਪਰ ਇਸ ਸਭ ਦਰਮਿਆਨ ਸਮੇਂ ਦਾ ਜੋ ਨਕਸ਼ ਬਣਦਾ ਹੈ, ਉਹ ਕਰੂਰ ਕਿਸਮ ਦੇ ਸਮਿਆਂ ਦਾ ਹੈ ਜਿਸ ਵਿਚ ਚੇਤਨਾ ਜੰਗਾਲੀ ਗਈ ਹੈ ਅਤੇ ਸੰਵੇਦਨਾਵਾਂ ਪਥਰਾ ਰਹੀਆਂ ਹਨ। ਸੰਵੇਦਨਾ ਦੇ ਪਥਰਾ ਜਾਣ ਦੇ ਸਮਿਆਂ ਵਿਚ ਇਹ ਕਵਿਤਾ ਕਿਸੇ ਗਤੀਸ਼ੀਲ ਮੌਲਿਕਤਾ ਦੀ ਗ਼ੈਰ-ਹਾਜ਼ਰੀ ਵਿਚ ਉਦਾਸੀ ਅਤੇ ਮੌਤ ਦੀ ਚਾਹਤ ਦੀ ਕਵਿਤਾ ਬਣ ਜਾਂਦੀ ਹੈ। ਕਵੀ ਦਾ ਆਪਾ ਬਹੁ-ਵਿਧ ਦਵੰਦਾਂ-ਟਕਰਾਵਾਂ ਦੀ ਰਣਭੂਮੀ ਬਣਿਆ ਕਿਸੇ ਸਥਿਰ ਸੁਫਨੇ ਦੀ ਗ਼ੈਰ-ਹਾਜ਼ਰੀ ਵਿਚ ਮੌਤ ਅਤੇ ਉਦਾਸੀ ਨੂੰ ਧਿਆਉਂਦਾ ਜਾਪਦਾ ਹੈ। ਇਸ ਕਵਿਤਾ ਵਿਚ ਉਦਾਸੀ ਅਤੇ ਮੌਤ ਦੀ ਚਾਹਤ ਦੇ ਭਾਵ ਸਰਲ ਅਰਥਾਂ ਵਿਚ ਜੀਵਨ ਤੋਂ ਉਪਰਾਮਤਾ ਦੇ ਪ੍ਰਮਾਣ ਨਹੀਂ ਹਨ ਬਲਕਿ ਸੰਵੇਦਨਾ ਦੇ ਜ਼ਿੰਦਾ ਰਹਿਣ ਦੀ ਕਾਮਨਾ ਦਾ ਉਚਾਰ ਅਤੇ ਸੰਵੇਦਨਾ ਵਿਰੋਧੀ ਸਮਿਆਂ ਪ੍ਰਤੀ ਜ਼ਹਿਰੀਲਾ ਹੁੰਗਾਰਾ ਹਨ। ਇਸ ਕਿਤਾਬ ਵਿਚ ਉਹ ਕਵਿਤਾਵਾਂ ਵੀ ਸ਼ਾਮਿਲ ਹਨ ਜਿਨ੍ਹਾਂ ਵਿਚ ਪੰਜਾਬੀ ਲੋਕਾਈ ਦੀ ਗੌਰਵਮਈ ਇਤਿਹਾਸਕ ਵਿਰਾਸਤ ਵਲ ਇਸ਼ਾਰਾ ਕਰਨ ਦੇ ਨਾਲ-ਨਾਲ ਵਰਤਮਾਨ ਖ਼ਤੋਤ ਦਾ ਵਿਅੰਗ ਚਿੱਤਰ ਉਸਾਰਿਆ ਗਿਆ ਹੈ ਜਿਸ ਤੋਂ ਆਭਾਸ ਹੁੰਦਾ ਹੈ ਕਿ ਇਤਿਹਾਸਕ ਗਤੀ ਤੋਂ ਖੁੰਝੀ ਪੰਜਾਬੀ ਲੋਕਾਈ ਕਿੰਝ ਖ਼ਤੋਤ ਦੀ ਸ਼ਿਕਾਰ ਹੋ ਕੇ ਹੌਲੀ-ਹੌਲੀ ਖ਼ਤਮ ਹੋਣ ਵਲ ਵਧ ਰਹੀ ਹੈ। ਅਤੀਤ ਦੇ ਨਿਰਪੇਖ ਮੋਹ ਦੀ ਗ੍ਰਿਫ਼ਤ ਵਿਚ ਵਿਗਾਸ ਦੇ ਕਿਸੇ ਰਾਹ ਤੋਂ ਖੁੰਝ ਚੁੱਕੀ ਇਹ ਲੋਕਾਈ ਹਾਦਸਿਆਂ ਨਾਲ ਥੋੜ੍ਹਾ ਰਵਾਂ ਹੁੰਦੀ ਹੈ ਪਰ ਫਿਰ ਥਿਰ ਹੋ ਜਾਂਦੀ ਹੈ। ਇਸ ਕਵਿਤਾ ਦੀ ਵਿਧੀ ਕੁਝ ਇਸ ਭਾਂਤ ਦੀ ਹੈ ਕਿ ਇਸ ਵਿਚ ਕਵੀ ਮੈਂ ਅਤੇ ਮਨੁੱਖਤਾ ਇਕ ਦੂਜੇ ਵਿਚ ਇਸ ਕਦਰ ਸਮਾ ਜਾਂਦੇ ਹਨ ਕਿ ਇਕ ਵਿਚੋਂ ਦੂਜੇ ਦੇ ਸਰੋਕਾਰਾਂ ਦਾ ਬੋਧ ਹਾਸਿਲ ਹੁੰਦਾ ਹੈ।

ਇਸ ਤੋਂ ਬਾਅਦ ਸੁਰਜੀਤ ਪਾਤਰ ਦੀ ਚੌਥੀ ਕਾਵਿ ਪੁਸਤਕ 'ਲਫ਼ਜ਼ਾਂ ਦੀ ਦਰਗਾਹ' (1999) ਛਪਦੀ ਹੈ। ਇਸ ਕਾਵਿ ਪੁਸਤਕ ਨਾਲ ਪਾਤਰ ਦੀ ਕਵਿਤਾ ਦਾ ਉਹ ਦੌਰ ਸ਼ੁਰੂ ਹੁੰਦਾ ਹੈ ਜਿਸ ਵਿਚ ਉਹ ਕਾਵਿ ਨੂੰ ਅਜਿਹੀ ਰਹੱਸਮਈ ਸਪੇਸ ਦੇ ਤੌਰ 'ਤੇ ਸਥਾਪਿਤ ਕਰਦਾ ਹੈ ਜੋ ਸੰਵੇਦਨਾ ਦੇ ਪਥਰਾ ਜਾਣ ਦੀ ਅਜੋਕੀ ਸਥਿਤੀ ਵਿਚ ਸੰਵੇਦਨਾ ਦੇ ਬਚੇ ਰਹਿਣ ਦੀ ਆਸ ਦਵਾਉਂਦੀ ਹੈ। ਇਸ ਕਿਤਾਬ ਵਿਚ ਪਾਤਰ ਆਪਣੇ ਆਪ ਨਾਲ ਹੋਰ ਵੀ ਤਿੱਖਾ ਅਤੇ ਡੂੰਘਾ ਸੰਵਾਦ ਰਚਾਉਂਦਾ ਹੋਇਆ ਪ੍ਰਕਿਰਤੀ ਨੂੰ ਅਜਿਹੇ ਵਿਧਾਨ ਦੇ ਤੌਰ 'ਤੇ ਪੇਸ਼ ਕਰਦਾ ਹੈ ਜੋ ਮਨੁੱਖੀ ਤੱਤ ਨਾਲ ਮਨੁੱਖ ਦੇ ਸਿਰਜੇ ਵਿਧਾਨ ਦੇ ਮੁਕਾਬਲੇ ਵਧੇਰੇ ਨਿਆਂ ਕਰਦੀ ਹੈ। ਅਜਿਹੀ ਸਥਿਤੀ ਉਦੋਂ ਪੈਦਾ ਹੁੰਦੀ ਹੈ ਜਦੋਂ ਸੱਤਾ ਦੀ ਪਕੜ ਵਿਕਰਾਲਤਾ ਦੀ ਹੱਦ ਤੱਕ ਭਾਰੂ ਹੋ ਜਾਂਦੀ ਹੈ ਅਤੇ ਮੁਕਤੀ ਦਾ ਸਪਸ਼ਟ ਰੂਪ ਵਿਚ ਕੋਈ ਪਰਿਭਾਸ਼ਿਤ ਮਾਡਲ ਮੌਜੂਦ ਨਹੀਂ ਹੁੰਦਾ। ਇਸ ਕਤਾਬ ਵਿਚ

(ਬਾਕੀ ਅਗਲੇ ਸਫੇ 'ਤੇ)

# ਯਾਦਾਂ ਦੇ ਝਰੋਖੇ 'ਚੋਂ: ਧੀਮੇ ਬੋਲਾਂ ਤੇ ਬੁਲੰਦ ਖਿਆਲਾਂ ਦਾ ਸ਼ਾਇਰ ਸੁਰਜੀਤ ਪਾਤਰ

ਮੇਰੀ ਔਕਾਤ ਨਹੀਂ ਕਿ ਮੈਂ ਪਦਮ ਸ੍ਰੀ ਡਾ. ਸੁਰਜੀਤ ਪਾਤਰ ਬਾਰੇ ਕੁਝ ਲਿਖ ਸਕਾਂ। ਉਹ ਸਮੁੱਚੀ ਸਾਂਝੀ ਪੰਜਾਬੀ ਚੇਤਨਾ ਦਾ ਸ਼ਾਇਰ ਸੀ/ਹੈ। ਉਸ ਦੀ ਸ਼ਾਇਰੀ ਲੋਕ-ਮਨਾਂ ਵਿਚ ਰਚ-ਮਿਚ ਗਈ ਸੀ/ਹੈ। ਉਸ ਦੇ ਕਈ ਸ਼ੇਅਰ ਤਾਂ ਪੰਜਾਬੀ ਲੋਕਧਾਰਾ (ਫੋਕਲੋਰ) ਦਾ ਹਿੱਸਾ ਬਣ ਗਏ ਹਨ। ਉਸ ਲਈ ਲਫਜ਼ 'ਦਰਗਾਹ' ਅਤੇ ਲਿਖਣਾ 'ਇਬਾਦਤ' ਸੀ। ਉਹ ਸ਼ਬਦਾਂ ਦਾ ਸ਼ਾਹ-ਸੁਲਤਾਨ ਅਤੇ ਸੁਰ-ਸੰਗੀਤ ਦਾ ਸਮਰਾਟ ਸੀ। ਉਹ ਇਕ ਫਿਲਾਸਫਰ ਕਵੀ ਸੀ ਜਿਸ ਦੀ ਕਾਵਿ-ਸਰਲਤਾ ਤੇ ਸਹਿਜਤਾ ਵਿਚ ਸਮੁੰਦਰ ਦੀ ਗਹਿਰਾਈ ਨਾਲੋਂ ਵੀ ਵਧੇਰੇ ਡੂੰਘਾਈ ਸੀ।



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

ਕਿਉਂਕਿ ਮੈਂ ਆਪਣੇ ਆਪ ਨੂੰ ਪਾਤਰ ਸਾਹਿਬ ਨੂੰ ਢੁਕਵੇਂ ਢੰਗ ਨਾਲ ਬਿਆਨ ਕਰਨ ਦੇ ਅਸਮਰੱਥ ਸਮਝਦਾ ਹਾਂ, ਇਸ ਲਈ ਪਾਤਰ ਵਲੋਂ ਉਨ੍ਹਾਂ ਦੀ ਆਪਣੀ ਕਾਵਿ-ਰਚਨਾ ਬਾਰੇ, ਕਵਿਤਾ ਅਤੇ ਵਾਰਤਕ ਬਾਰੇ ਕੀਤੀ ਵਿਆਖਿਆ ਦੀਆਂ ਗੱਲਾਂ ਹੀ ਸਾਂਝੀਆਂ ਕਰਾਂਗਾ।

ਮੈਂ ਪਾਤਰ ਸਾਹਿਬ ਨੂੰ ਕਰੀਬ 50 ਸਾਲ ਤੋਂ ਜਾਣਦਾ ਹਾਂ। ਭਾਵੇਂ ਮੈਂ ਕਾਲਜ ਵਿਚ ਅੰਗਰੇਜ਼ੀ ਦਾ ਪ੍ਰਾ-ਅਧਿਆਪਕ ਸੀ ਪਰ ਪੰਜਾਬੀ ਦੇ ਪ੍ਰਾ-ਅਧਿਆਪਕ ਪ੍ਰੋ. ਕਸ਼ਮੀਰ ਕਾਦਰ ਨਾਲ ਮਿਲ ਕੇ ਕਾਲਜ ਵਿਚ ਹਰ ਸਾਲ ਇਕ ਕਵੀ ਦਰਬਾਰ ਕਰਾਈਦਾ ਸੀ। ਇਹ ਗੱਲ ਸੱਤਰਵਿਆਂ ਦੇ ਪਿਛਲੇ ਅਤੇ ਅੱਸੀਵਿਆਂ ਦੇ ਪਹਿਲੇ ਪਹਿਰ ਵਾਲੇ ਦਹਾਕਿਆਂ ਦੀ ਹੈ। ਇਸ ਕਵੀ ਦਰਬਾਰ ਵਿਚ ਸੁਰਜੀਤ ਪਾਤਰ, ਡਾ. ਜਗਤਾਰ, ਐਸ.ਐਸ. ਮੀਸ਼ਾ, ਸੰਤ ਰਾਮ ਉਦਾਸੀ, ਸੁਰਿੰਦਰ ਗਿੱਲ, ਲਖਵਿੰਦਰ ਜੌਹਲ, ਬਖਸ਼ਿੰਦਰ ਸਮੇਤ ਹੋਰ ਕਵੀ ਵੀ ਭਾਗ ਲੈਂਦੇ ਸਨ। ਕਾਦਰ ਤਾਂ ਕਾਲਜ ਵਲੋਂ ਹੁੰਦਾ ਹੀ ਸੀ। ਇਸ ਕਵੀ ਦਰਬਾਰ ਦਾ ਮੰਚ ਸੰਚਾਲਨ ਮੈਂ ਕਰਦਾ ਸੀ।

ਇਨ੍ਹਾਂ ਕਵੀ ਦਰਬਾਰਾਂ ਕਰਕੇ ਹੀ ਮੇਰੀ ਪਾਤਰ ਨਾਲ ਜਾਣ-ਪਛਾਣ ਹੋਈ ਸੀ, ਜੋ ਬਾਅਦ ਵਿਚ ਕਾਫੀ ਨੇੜਤਾ ਵਿਚ ਬਦਲ ਗਈ।

ਫਿਰ ਮੇਰਾ ਇਕ ਮਿੱਤਰ ਅਮਰਜੀਤ ਫਿਲੌਰ ਪਾਤਰ ਸਾਹਿਬ ਦੀ ਭਾਣਜੀ ਨਾਲ ਵਿਆਹਿਆ ਗਿਆ। ਨੇੜਤਾ ਹੋਰ ਗੂੜ੍ਹੀ ਹੋ ਗਈ। ਕਵੀ ਦਰਬਾਰਾਂ ਤੋਂ ਇਲਾਵਾ ਸਮਾਜਿਕ ਸਮਾਗਮਾਂ ਵਿਚ ਵੀ ਮੇਲ-ਗੇਲ ਹੁੰਦਾ ਰਹਿੰਦਾ।

ਮੈਂ ਅੰਗਰੇਜ਼ੀ ਕਵਿਤਾਵਾਂ ਪੜ੍ਹਾਉਣ ਵੇਲੇ ਪਾਤਰ ਨੂੰ ਕਲਾਸ ਵਿਚ ਸਭ ਤੋਂ ਵੱਧ ਕੋਟ ਕਰਦਾ। ਆਪਣੇ 36 ਸਾਲਾ ਅਧਿਆਪਨ ਕਾਲ ਦੌਰਾਨ ਸੈਂਕੜੇ ਵਾਰ ਪਾਤਰ ਦੇ ਸ਼ੇਅਰਾਂ ਨੂੰ ਕੋਟ ਕੀਤਾ ਹੋਊ!

ਪਾਤਰ ਅਜੋਕੇ ਦੌਰ ਦਾ ਸਭ ਤੋਂ ਵੱਧ ਕੋਟ ਕੀਤਾ ਜਾਣ ਵਾਲਾ ਸ਼ਾਇਰ ਸੀ/ਹੈ। ਉਸ ਨੇ ਪੰਜਾਬੀ ਗ਼ਜ਼ਲ ਨੂੰ ਜਦੀਦ ਉਰਦੂ ਗ਼ਜ਼ਲ ਦੇ ਹਾਣ ਦੀ ਬਣਾਇਆ। ਸਾਹਿਤ-ਰਸੀਏ ਤਾਂ ਉਸ ਨੂੰ ਕੋਟ ਕਰਦੇ ਹੀ ਹਨ, ਸਿਆਸਤਦਾਨ ਵੀ ਉਸ ਦੇ ਸ਼ੇਅਰਾਂ ਨਾਲ ਆਪਣੇ ਭਾਸ਼ਣਾਂ ਨੂੰ ਵਧੇਰੇ ਅਸਰਦਾਰ ਬਣਾਉਣ ਦਾ ਉਪਰਾਲਾ ਕਰਦੇ ਰਹਿੰਦੇ ਹਨ।

ਪਾਤਰ ਦੀ ਹਰਮਨ-ਪਿਆਰਤਾ ਅਤੇ ਨਿੱਜੀ ਪਿਆਰ-ਸਤਿਕਾਰ ਕਾਰਨ ਮੈਂ ਉਸ ਨੂੰ ਆਪਣੀ ਪਲੇਠੀ ਪੁਸਤਕ 'ਕੁਛ ਤੇਰੀਆਂ ਕੁਛ ਮੇਰੀਆਂ' ਦੇ ਲੋਕ-ਅਰਪਣ ਸਮਾਗਮ ਵਿਚ ਬੁਲਾਉਣ ਦਾ ਮਨ ਬਣਾਇਆ। ਉਸ ਦੇ ਸਮਾਗਮ ਵਿਚ ਆਉਣ



***ਸਰਮੌਰ ਪੰਜਾਬੀ ਸ਼ਾਇਰ ਪਦਮ ਸ੍ਰੀ ਡਾ. ਸੁਰਜੀਤ ਪਾਤਰ ਪ੍ਰੋ. ਜਸਵੰਤ ਸਿੰਘ ਗੰਡਮ ਦੀ ਪਲੇਠੀ ਪੁਸਤਕ 'ਕੁਛ ਤੇਰੀਆਂ ਕੁਛ ਮੇਰੀਆਂ' ਲੋਕ ਅਰਪਣ ਕਰਦੇ ਹੋਏ।***

ਨੂੰ ਯਕੀਨੀ ਬਣਾਉਣ ਲਈ ਮੈਂ ਆਪਣੇ ਮਿੱਤਰ ਤੇ ਪਾਤਰ ਸਾਹਿਬ ਦੇ ਰਿਸ਼ਤੇਦਾਰ ਅਮਰਜੀਤ ਦੀ ਡਿਊਟੀ ਲਾਈ ਤੇ ਦੋਸਤਾਨਾ 'ਸਖਤ' ਹਦਾਇਤ ਵੀ ਕੀਤੀ ਕਿ ਉਹ ਪਾਤਰ ਹੋਰਾਂ ਦਾ ਆਉਣਾ ਯਕੀਨੀ ਬਣਾਵੇ।

ਪਾਤਰ ਸਾਹਿਬ ਆਏ ਅਤੇ ਕਰੀਬ 3 ਘੰਟੇ ਸਾਡੇ ਨਾਲ ਰਹੇ। ਮੈਂ ਸੁਆਗਤੀ ਬੋਲਾਂ 'ਚ ਟਕੋਰ ਜਿਹੀ ਕਰਨ ਦੀ ਮੂਰਖਤਾ ਕਰ ਬੈਠਾ ਕਿ 'ਜੇ ਤੁਸੀਂ ਨਾ ਆਉਂਦੇ ਤਾਂ ਮੈਂ ਅਮਰਜੀਤ ਨਹੀਂ ਸੀ ਛਡਣਾ'।

ਆਪਣੇ ਸੰਬੋਧਨ ਵਿਚ ਪਾਤਰ ਸਾਹਿਬ ਨੇ ਆਪਣੇ 'ਪਾਤਰੀ' ਅੰਦਾਜ਼ ਵਿਚ ਕਿਹਾ, 'ਗੰਡਮ ਸਾਹਿਬ ਨੇ ਇਸ਼ਾਰਤਨ ਕਿਹਾ ਹੈ ਕਿ ਮੈਂ ਅਮਰਜੀਤ ਨਾਲ ਰਿਸ਼ਤੇਦਾਰੀ ਕਾਰਨ ਆਇਆਂ। ਠੀਕ ਹੈ, ਮੇਰੀ ਰਿਸ਼ਤੇਦਾਰੀ ਹੈ। ਮੈਂ ਰਿਸ਼ਤੇਦਾਰੀਆਂ ਤਾਂ ਨਿਭਾਉਣ ਜਾਣਦਾ ਹੀ ਹਾਂ ਪਰ ਮੈਨੂੰ ਰੂਹਦਾਰੀਆਂ/ਦੋਸਤੀਆਂ ਵੀ ਨਿਭਾਉਣੀਆਂ ਆਉਂਦੀਆਂ ਹਨ'!

ਉਨ੍ਹਾਂ ਨੇ ਆਪਣੀ ਕਾਵਿ-ਰਚਨਾ, ਕਵਿਤਾ ਅਤੇ ਵਾਰਤਕ ਦੇ ਫਰਕ ਉਪਰ ਵਿਸਥਾਰ ਨਾਲ ਚਰਚਾ ਕੀਤੀ ਅਤੇ ਆਪਣੀਆਂ ਰਚਨਾਵਾਂ ਪੜ੍ਹ/ਗਾ ਕੇ ਵੀ ਸੁਣਾਈਆਂ।

ਇਹ ਪੁਸਤਕ ਲੋਕ ਅਰਪਣ ਸਮਾਗਮ ਸਾਹਿਤਕ ਸਮਾਗਮ ਬਣ ਗਿਆ।

ਆਪਣੇ 'ਟਰੇਡ-ਮਾਰਕ' ਧੀਮੇ ਬੋਲਾਂ ਤੇ ਸਹਿਜ-ਭਾਅ ਲਹਿਜ਼ੇ ਵਿਚ ਪਾਤਰ ਸਾਹਿਬ ਨੇ ਕਿਹਾ ਕਿ 'ਪੰਜਾਬੀ ਵਿਚ ਸੁਹਣੀ ਵਾਰਤਕ ਦੀ ਬਹੁਤ ਘਾਟ ਹੈ'। ਉਨ੍ਹਾਂ ਦਸਿਆ ਕਿ ਨਵੇਂ ਲਿਖਣ ਵਾਲੇ ਨੌਜਵਾਨ ਕਵੀ ਜਦ ਉਨ੍ਹਾਂ ਕੋਲੋਂ ਕਵਿਤਾ ਬਾਰੇ ਕੋਈ ਸਲਾਹ ਲੈਣ ਆਉਂਦੇ ਹਨ ਤਾਂ ਉਹ ਹਮੇਸ਼ਾ ਹੀ ਉਨ੍ਹਾਂ ਨੂੰ ਵਾਰਤਕ ਲਿਖਣ ਲਈ ਵੀ ਕਹਿੰਦੇ ਹਨ।

ਉਨ੍ਹਾਂ ਕਿਹਾ, ''ਵਾਰਤਕ ਅਤੇ ਕਵਿਤਾ ਦੋਵਾਂ ਦੀ ਬਹੁਤ ਅਹਿਮੀਅਤ ਹੈ। ਦੋਵਾਂ ਵਿਧਾਵਾਂ ਵਿਚ ਬਸ ਇਹੀ ਫਰਕ ਹੈ ਕਿ ਕਵਿਤਾ ਲੇਖਕ ਨੂੰ 'ਘੇਰਦੀ' ਹੈ, ਯੋਜਨਾ ਬਣਾ ਕੇ ਨਹੀਂ ਲਿਖੀ ਜਾ ਸਕਦੀ, ਆਵੇ ਆਵੇ ਚਾਹੇ ਨਾ ਹੀ ਆਵੇ, ਭਾਵੇਂ ਛੇ-ਛੇ ਮਹੀਨਿਆਂ ਤਕ ਔੜ ਹੀ ਲਗੀ ਰਹੇ। ਪਰ ਵਾਰਤਕ ਯੋਜਨਾ ਬਣਾ ਕੇ ਲਿਖੀ ਜਾ ਸਕਦੀ ਹੈ, ਇਕ ਵਿਸ਼ੇ ਦੁਆਲੇ ਬੁਣੀ ਜਾ ਸਕਦੀ ਹੈ। ਕਵਿਤਾ ਨੱਚਣ ਵਾਂਗ ਹੈ, ਵਾਰਤਕ ਚਲਣ ਵਾਂਗ''!

ਆਪਣੇ ਸੰਬੋਧਨ ਵਿਚ ਉਨ੍ਹਾਂ ਨੇ ਪ੍ਰਸਿੱਧ ਆਲੋਚਕ ਅਤੇ ਲੇਖਕ ਪ੍ਰਿੰ. ਸੰਤ ਸਿੰਘ ਸੇਖੋਂ ਦੀ ਉਨ੍ਹਾਂ ਨਾਲ ਹੋਈ ਇਕ ਦਿਲਚਸਪ ਗੱਲ ਸੁਣਾਈ-''ਮੈਂ ਅਜੇ ਨਵਾਂ ਨਵਾਂ ਲਿਖਣ ਲੱਗਾ ਸੀ। ਇਕ ਦਿਨ ਸੇਖੋਂ ਸਾਹਿਬ ਨਾਲ ਮੁਲਾਕਾਤ ਹੋ ਗਈ। ਉਨ੍ਹਾਂ ਪੁੱਛਿਆ ਕਿ ਕੀ ਲਿਖਦਾ ਹੁੰਨਾ? ਮੇਰੇ ਇਹ ਜਵਾਬ ਦੇਣ 'ਤੇ ਕਿ ਕਵਿਤਾ ਲਿਖਦਾ ਹਾਂ ਸੇਖੋਂ ਸਾਹਿਬ ਬੋਲੇ 'ਕੁਝ ਹੋਰ ਵੀ ਲਿਖਿਆ ਕਰ, ਕਵਿਤਾ ਦਾ ਕੀ ਐ, ਆਵੇ ਆਵੇ ਚਾਹੇ ਨਾ ਹੀ ਆਵੇ''। ਇੱਥੇ ਸੇਖੋਂ ਸਾਹਿਬ ਦਾ ਇਸ਼ਾਰਾ ਕਵਿਤਾ ਦੀ 'ਆਮਦ' (ਸੁੱਝਣ/ਫੁਰਨ) ਵੱਲ ਸੀ।

ਉਨ੍ਹਾਂ ਕਿਹਾ ਕਿ ਭਾਸ਼ਾ ਦੇ ਵਿਕਾਸ ਲਈ ਵਾਰਤਕ ਦੀ ਵੀ ਓਨੀ ਹੀ ਜ਼ਰੂਰਤ ਹੈ ਜਿੰਨੀ ਕਵਿਤਾ, ਕਹਾਣੀਆਂ, ਨਾਟਕਾਂ, ਨਾਵਲਾਂ ਦੀ ਹੁੰਦੀ ਹੈ। ਪ੍ਰਧਾਨਗੀ ਮੰਡਲ ਵਿਚ ਸ਼ਾਮਲ ਕੈਨੇਡਾ ਵਿਚ ਸੈਟਲਡ ਪ੍ਰਿੰ. ਸਰਵਣ ਸਿੰਘ ਹੋਰਾਂ ਨੂੰ 'ਇਕ ਪਿਆਰੇ ਵਾਰਤਕਕਾਰ' ਕਹਿੰਦਿਆਂ ਪ੍ਰਿੰਸੀਪਲ ਸਾਹਿਬ ਵਲੋਂ ਪੰਜਾਬ ਕਲਾ ਪ੍ਰੀਸ਼ਦ, ਜਿਸ ਦੇ ਪਾਤਰ ਸਾਹਿਬ ਚੇਅਰਮੈਨ ਸਨ, ਦੇ ਇਕ ਸਮਾਗਮ ਵਿਚ ਆਖੀ ਗੱਲ ਦੀ ਚਰਚਾ ਕੀਤੀ ਜਿਸ ਵਿਚ ਪ੍ਰਿੰਸੀਪਲ ਸਾਹਿਬ ਨੇ ਕਿਹਾ ਸੀ ਕਿ 'ਕਵਿਤਾ ਦੇ ਪਿੰਗਲ-ਆਰੂਜ਼ ਵਾਂਗ ਵਾਰਤਕ ਦਾ ਵੀ ਆਰੂਜ਼ ਹੁੰਦਾ ਹੈ। 'ਵਾਰਤਕ ਵਿਚ ਅਸੀਂ (ਵਾਰਤਕਕਾਰ) ਫਿਕਰੇ ਨੂੰ ਕੰਸ ਕੇ ਦੇਖਦੇ ਹਾਂ ਕਿ ਇਹ ਠੀਕ ਬਣਿਆ ਕਿ ਨਹੀਂ'।

ਪਾਤਰ ਨੇ ਦੱਸਿਆ ਕਿ ਉਹ ਖੁਦ ਵੀ ਵਾਰਤਕ ਲਿਖਦੇ ਹਨ। ਲੇਖਕ (ਪ੍ਰੋ. ਗੰਡਮ) ਨੂੰ ਪਿਆਰੇ, ਨਿੱਘੇ, ਬੇਬਾਕ ਅਤੇ ਸਾਫ ਦਿਲ

***(ਬਾਕੀ ਸਫਾ 19 'ਤੇ)***

---

ਪਾਤਰ ਦੀ ਕਵਿਤਾ 'ਆਇਆ ਨੰਦ ਕਿਸ਼ੋਰ' ਸੰਵੇਦਨਾ ਦੇ ਸਫ਼ਰ ਦਾ ਅਗਲਾ ਅਧਿਆਇ ਖੋਲ੍ਹਦੀ ਹੈ ਜਿਸ ਵਿਚ ਪਾਤਰ ਪਰਵਾਸੀ ਬਿਹਾਰੀ ਮਜ਼ਦੂਰ ਨਾਲ ਅੰਤਰੀਵੀ ਸੰਵੇਦਨਾ ਦਾ ਪ੍ਰਗਟਾ ਕਰਦਾ ਹੋਇਆ ਪੰਜਾਬ ਤੇ ਪੰਜਾਬੀ ਨਾਲ ਉਸ ਦੇ ਬਣ ਰਹੇ ਰਿਸ਼ਤੇ ਨੂੰ ਆਦਰ ਨਾਲ ਦੇਖਦਾ ਹੈ ਅਤੇ ਖ਼ੁਸ਼ਹਾਲ ਪੰਜਾਬੀ ਬੰਦੇ ਦੇ ਮਹੱਤਵਾਕਾਂਖੀ ਚਰਿੱਤਰ ਕਾਰਨ ਆਪਣੀ ਭਾਸ਼ਾ ਤੋਂ ਮੁਖ ਮੋੜ ਲੈਣ ਦੀ ਹਕੀਕਤ ਵਲ ਇਸ਼ਾਰਾ ਕਰਦਾ ਹੈ। ਪੰਜਾਬੀ ਭਾਸ਼ਾ ਜਿਸ ਸੰਕਟ ਵਿਚੋਂ ਅਜ ਕੱਲ੍ਹ ਗੁਜ਼ਰ ਰਹੀ ਹੈ, ਉਸ ਬਾਰੇ ਆਪਣੇ ਫ਼ਿਕਰ ਦਾ ਪ੍ਰਗਟਾਵਾ ਪਾਤਰ ਦੀ ਕਵਿਤਾ 'ਮਰ ਰਹੀ ਹੈ ਮੇਰੀ ਭਾਸ਼ਾ' ਰਾਹੀਂ ਸਾਹਮਣੇ ਆਉਂਦਾ ਹੈ। ਪਾਤਰ ਭਾਸ਼ਾ ਬਾਰੇ ਲੰਮੀ ਕਵਿਤਾ ਦੀ ਸਿਰਜਣਾ ਦੀ ਪ੍ਰਕਿਰਿਆ ਵਿਚੋਂ ਗੁਜ਼ਰ ਰਿਹਾ ਹੈ। ਇਸ ਤੋਂ ਇਲਾਵਾ ਪਾਤਰ ਨੇ 'ਹਵਾ ਵਿਚ ਲਿਖੇ ਹਰਫ਼' ਤੋਂ ਬਾਅਦ ਦੀਆਂ ਆਪਣੀਆਂ ਸਾਰੀਆਂ ਗ਼ਜ਼ਲਾਂ 'ਪੱਤਝੜ ਦੀ ਪਾਜ਼ੇਬ' (2004) ਗ਼ਜ਼ਲ ਸੰਗ੍ਰਹਿ ਵਿਚ ਛਪਵਾਈਆਂ। ਪਿੱਛੋਂ ਗ਼ਜ਼ਲਾਂ ਤੇ ਨਜ਼ਮਾਂ ਦਾ ਸੰਗ੍ਰਹਿ 'ਲਫ਼ਜ਼ਾਂ ਦੀ ਦਰਗਾਹ' ਅਤੇ ਗ਼ਜ਼ਲ ਸੰਗ੍ਰਹਿ 'ਸੁਰਜ਼ਮੀਨ' ਛਪੇ।

---

ਪਾਤਰ ਦੇ ਰਚਨਾਤਮਕ ਕਾਰਜ ਦਾ ਰੌਚਕ ਪਾਸਾਰ ਵਿਸ਼ਵ ਪ੍ਰਸਿੱਧ ਨਾਟ ਰਚਨਾਵਾਂ ਦੇ ਪੰਜਾਬੀ ਵਿਚ ਸਿਰਜਣਾਤਮਕ ਰੂਪਾਂਤਰਣ ਵਿਚ ਉਸ ਦੀ ਡੂੰਘੀ ਦਿਲਚਸਪੀ 'ਚੋਂ ਸਾਹਮਣੇ ਆਉਂਦਾ ਹੈ। ਇਸ ਸਿਲਸਿਲੇ ਵਿਚ ਉਸ ਨੇ ਕਿੰਨੇ ਹੀ ਨਾਟਕਾਂ ਦਾ ਸਿਰਜਣਾਤਮਕ ਰੂਪਾਂਤਰਣ ਕੀਤਾ ਹੈ। ਇਨ੍ਹਾਂ ਨਾਟਕਾਂ ਨੂੰ ਮੰਚ ਉੱਤੇ ਖੇਡਿਆ ਵੀ ਗਿਆ ਹੈ ਅਤੇ ਹੁਣ ਇਹ ਪ੍ਰਕਾਸ਼ਿਤ ਰੂਪ ਵਿਚ ਉਪਲਬਧ ਹਨ। ਪ੍ਰਸਿੱਧ ਰੰਗਕਰਮੀ, ਨਾਟ ਨਿਰਦੇਸ਼ਕ ਅਤੇ ਥਿਏਟਰ ਦੀ ਅਧਿਆਪਕ ਨੀਲਮ ਮਾਨ ਸਿੰਘ ਪਾਤਰ ਦੁਆਰਾ ਕੀਤੇ ਕਈ ਨਾਟ-ਰੂਪਾਂਤਰਣਾਂ ਦੀ ਪ੍ਰੇਰਕ ਵੀ ਹੈ ਅਤੇ ਪਾਤਰ ਦੇ ਇਨ੍ਹਾਂ ਰੂਪਾਂਤਰਿਤ ਨਾਟਕਾਂ ਨੂੰ ਪੇਸ਼ਕਾਰੀ ਵਿਚ ਢਾਲਣ ਵਾਲੀ ਪ੍ਰਬੀਨ ਕਲਾਕਾਰ ਵੀ। ਨਾਟਕ ਵਿਚ ਦਿਲਚਸਪੀ ਦਾ ਸਿੱਟਾ ਹੀ ਹੈ ਕਿ ਹੁਣ ਤਕ ਪਾਤਰ ਨੇ 'ਅੱਗ ਦੇ ਕਲੀਰੇ' (ਲੋਰਕਾ ਦਾ ਨਾਟਕ 'ਬਲੱਡ ਵੈਡਿੰਗ'), 'ਸਈਓ ਨੀ ਮੈਂ ਅੰਤਹੀਣ ਤਰਕਾਲਾਂ' (ਲੋਰਕਾ ਦਾ ਨਾਟਕ 'ਯਰਮਾ'), 'ਹੁਕਮੀ ਦੀ ਹਵੇਲੀ' (ਲੋਰਕਾ ਦਾ ਨਾਟਕ 'ਦਿ ਹਾਊਸ ਆਫ ਬਰਨਾਰਡਾ ਐਲਬਾ'), 'ਸ਼ਹਿਰ ਮੇਰੇ ਦੀ ਪਾਗਲ ਔਰਤ' (ਯਾਂ ਜਿਰਾਦੂ ਦਾ ਨਾਟਕ 'ਦਿ ਮੈਡ ਵਿਮੈਨ ਆਫ ਸ਼ਾਲੀਅਟ'), 'ਇਹ ਕੋਈ ਰੀਤ ਨਹੀਂ' (ਬਰਤੋਲਤ ਬ੍ਰੈਖ਼ਤ ਦਾ ਨਾਟਕ 'ਐਕਸੈਪਸ਼ਨ ਐਂਡ ਦਿ ਰੂਲ'), 'ਕਿਹਨ ਕਥਾ', 'ਹੇਠ ਵਗੇ ਦਰਿਆ' (ਕਮਲ ਕਪੂਰ ਦਾ ਨਾਟਕ 'ਕਲਾਈਤਮਨੈਸਤਰਾ'), 'ਨਾਗ ਛਾਇਆ' (ਗਿਰੀਸ਼ ਕਰਨਾਡ ਦਾ ਨਾਟਕ 'ਨਾਗ ਮੰਡਲ'), ਜੋਰਜ ਡੈਬਿਨ (ਮੋਲੀਅਰ ਦਾ ਇਸੇ ਨਾਂ ਦਾ ਨਾਟਕ), 'ਫ਼ਿਦਾ' (ਸਰ ਰੈਸੀਨ ਦਾ ਨਾਟਕ 'ਫ਼ੀਦਰਾ'), 'ਸੀਬੋ ਇਨ ਸੁਪਰ ਮਾਰਕਿਟ' (ਅਫਰੀਕੀ ਕਹਾਣੀ ਉਪਰ ਆਧਾਰਿਤ ਨਾਟਕ) ਆਦਿ ਵਿਸ਼ਵ ਪ੍ਰਸਿੱਧ ਨਾਟਕ ਪੰਜਾਬੀ ਪਾਠਕਾਂ ਅਤੇ ਸਰੋਤਿਆਂ ਤਕ ਪਹੁੰਚੇ ਹਨ। ਇਨ੍ਹਾਂ ਨਾਟ-ਰੂਪਾਂਤਰਣਾਂ ਦੀ ਖ਼ਾਸੀਅਤ ਇਹ ਹੈ ਕਿ ਪਾਤਰ ਨੇ ਇਨ੍ਹਾਂ ਦੀ ਪਾਤਰਾਵਲੀ, ਭਾਸ਼ਾ, ਸਭਿਆਚਾਰਕ ਪਿਠਭੂਮੀ ਅਤੇ ਭਾਵ-ਜਗਤ ਨੂੰ ਇਸ ਕਦਰ ਪੰਜਾਬੀ ਰੰਗਤ ਦਿੱਤੀ ਹੈ ਕਿ ਇਹ ਪੰਜਾਬੀ ਨਾਟਕ ਹੀ ਜਾਪਦੇ ਹਨ। ਇਨ੍ਹਾਂ ਨੂੰ ਪਾਤਰ ਨੇ ਆਪਣੀ ਕਾਵਿਕਤਾ ਨਾਲ ਸਜਾਇਆ ਹੈ ਜਿਸ ਨਾਲ ਵਿਸ਼ਵ ਸਾਹਿਤ ਦੀ ਦਾਰਸ਼ਨਿਕ ਗਹਿਰਾਈ ਸਹਿਜ ਰੂਪ ਵਿਚ ਹੀ ਪੰਜਾਬੀ ਪਾਠਕ ਅਤੇ ਸਰੋਤੇ ਦੀ ਸੋਚ ਅਤੇ ਕਲਪਨਾ ਨੂੰ ਟੁੰਬਣ ਵਿਚ ਕਾਮਯਾਬ ਰਹਿੰਦੀ ਹੈ। ਇਨ੍ਹਾਂ ਤੋਂ ਇਲਾਵਾ ਪਾਤਰ ਨੇ ਟੈਲੀਵਿਜ਼ਨ ਉੱਤੇ ਪੰਜਾਬੀ ਸਾਹਿਤ ਪਰੰਪਰਾ ਅਤੇ ਸਭਿਆਚਾਰ ਨਾਲ ਸਬੰਧਿਤ ਕਿੰਨੇ ਹੀ ਪ੍ਰੋਗਰਾਮ ਤਿਆਰ ਅਤੇ ਪੇਸ਼ ਕੀਤੇ ਹਨ; ਕੁਝ ਫਿਲਮਾਂ ਦੀਆਂ ਪਟਕਥਾਵਾਂ ਅਤੇ ਗੀਤ ਵੀ ਲਿਖੇ। ਇੰਝ ਪਾਤਰ ਸ਼ਬਦ ਦੇ ਨਾਲ-ਨਾਲ ਦ੍ਰਿਸ਼ ਕਲਾ ਵਿਚ ਵੀ ਡੂੰਘੀ ਦਿਲਚਸਪੀ ਰੱਖਦਾ ਹੈ। ਉਸ ਦੀਆਂ ਕਵਿਤਾਵਾਂ ਵਿਚੋਂ ਵੀ ਦ੍ਰਿਸ਼ ਕਲਾ ਦੀਆਂ ਜੁਗਤਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ।

---

ਪਾਤਰ ਦੀ ਕਵਿਤਾ ਦਾ ਸਭ ਤੋਂ ਮਹੱਤਵਪੂਰਨ ਦੌਰ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਉਹ ਪੰਜਾਬ ਦੇ ਉਨ੍ਹਾਂ ਮਸਲਿਆਂ ਨੂੰ ਆਪਣੀ ਕਾਵਿ-ਚਿੰਤਾ ਦਾ ਵਿਸ਼ਾ ਬਣਾਉਂਦਾ ਹੈ ਜਿਨ੍ਹਾਂ ਦਾ ਤਾਅਲੁਕ ਪੰਜਾਬ ਦੇ ਵਰਤਮਾਨ ਅਤੇ ਭਵਿੱਖ ਨਾਲ ਬਹੁਤ ਗਹਿਰਾ ਹੈ। ਪੰਜਾਬੀ ਭਾਸ਼ਾ ਅਜੋਕੇ ਦੌਰ ਵਿਚ ਜਿਸ ਕਿਸਮ ਦੀਆਂ ਵੰਗਾਰਾਂ ਦੇ ਸਨਮੁਖ ਹਨ, ਉਸ ਕਿਸਮ ਦਾ ਪ੍ਰਤਿਰੋਧੀ ਹੁੰਗਾਰਾ ਪੰਜਾਬ ਵਿਚ ਪੈਦਾ ਨਹੀਂ ਹੋਇਆ। ਅਸੀਂ ਆਮ ਹੀ ਆਪਣੀ ਭਾਸ਼ਾ ਬਾਰੇ ਵਿਹਾਰਕ ਜਿਹੇ ਨੁਕਤੇ ਤੋਂ ਸੋਚਦੇ ਹਾਂ ਅਤੇ ਆਪ ਹੀ ਇਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਪੰਜਾਬੀ ਹੌਲੀ-ਹੌਲੀ ਆਪਣੀ ਭਾਸ਼ਾ ਤੋਂ ਮੁਖ ਮੋੜ ਰਹੇ ਹਨ। ਪਾਤਰ ਨੇ ਆਪਣੀ ਕਵਿਤਾ 'ਆਇਆ ਨੰਦ ਕਿਸ਼ੋਰ' ਵਿਚ ਪਿੰਡ ਵਿਚ ਰਹਿਣ ਵਾਲੇ ਅੱਛਰ ਸਿੰਘ ਦਾ ਸੰਖੇਪ ਜਿਹਾ ਬਿੰਬ ਉਸਾਰਿਆ ਹੈ ਜਿਸ ਦੇ ਪੋਤੇ ਅੰਗਰੇਜ਼ੀ ਸਕੂਲ ਵਿਚ ਪੜ੍ਹਨ ਲਈ ਸ਼ਹਿਰ ਜਾਂਦੇ ਹਨ। ਉਸ ਦੀ ਤੁਲਨਾ ਵਿਚ ਬਿਹਾਰੀ ਮਜ਼ਦੂਰ ਨੰਦ ਕਿਸ਼ੋਰ ਦੀ ਧੀ ਮਾਧੁਰੀ ਪੰਜਾਬੀ ਸਿੱਖ ਰਹੀ ਹੈ। ਇਸ ਕਵਿਤਾ ਵਿਚ ਪੰਜਾਬੀਆਂ ਦੇ ਆਪਣੀ ਭਾਸ਼ਾ ਦੇ ਵਿਹਾਰ ਦੇ ਨਾਲ-ਨਾਲ ਭਾਸ਼ਾ ਅਤੇ ਰਿਜ਼ਕ ਜਾਂ ਭਾਸ਼ਾ ਤੇ ਅਕਾਂਖਿਆ ਦੇ ਰਿਸ਼ਤੇ ਦੀ ਝਲਕ ਤਾਂ



***ਮਿੱਤਰਾਂ ਦੀ ਮਹਿਫਿਲ ਵਿਚ ਸੁਰਜੀਤ ਪਾਤਰ।***

ਮਿਲਦੀ ਹੈ ਪਰ ਨਾਲ ਹੀ ਭਾਸ਼ਾ ਦੀ ਰਾਜਸੀ ਆਰਥਿਕਤਾ ਬਾਰੇ ਵੀ ਸੰਕੇਤ ਪ੍ਰਾਪਤ ਹੋ ਜਾਂਦਾ ਹੈ। ਪੰਜਾਬੀ ਭਾਸ਼ਾ ਨੂੰ ਪੇਸ਼ ਸੰਕਟ ਦਾ ਵਧੇਰੇ ਭਰਵਾਂ ਦ੍ਰਿਸ਼ ਪਾਤਰ ਦੀ ਹਾਲ ਹੀ ਵਿਚ ਛਪੀ ਕਵਿਤਾ 'ਮਰ ਰਹੀ ਹੈ ਮੇਰੀ ਭਾਸ਼ਾ' ਵਿਚੋਂ ਹਾਸਿਲ ਹੁੰਦਾ ਹੈ। ਇਹ ਕਵਿਤਾ ਪੰਜਾਬੀ ਦੇ ਭਵਿੱਖ ਦੀਆਂ ਸਾਰੀਆਂ ਸੰਭਾਵਨਾਵਾਂ ਨੂੰ ਨਿਖਾਰ ਦਿੰਦੀ ਹੈ। ਪਾਤਰ ਅਨੁਸਾਰ ਰਾਜ ਦਰਬਾਰ ਦੀ ਸਰਪ੍ਰਸਤੀ ਤੋਂ ਬਿਨਾ ਹੀ ਪੀਰਾਂ ਫ਼ਕੀਰਾਂ ਅਤੇ ਆਸ਼ਕਾਂ ਦੀ ਮੁੱਹਬਤ ਨਾਲ ਪੱਲਰੀ ਪੰਜਾਬੀ ਭਾਸ਼ਾ ਦੀ ਸੰਭਾਵਨਾ ਇਹ ਵੀ ਹੈ ਕਿ ਇਹ ਇਸ ਸੰਕਟ ਵਿਚੋਂ ਹੋਰ ਵੀ ਸ਼ਕਤੀਸ਼ਾਲੀ ਹੋ ਕੇ ਨਿਕਲੇ। ਇੰਝ ਇਹ ਕਵਿਤਾ ਪੰਜਾਬੀ ਭਾਸ਼ਾ ਬਾਰੇ ਪਾਤਰ ਦੇ ਡੂੰਘੇ ਸਰੋਕਾਰ ਨੂੰ ਪ੍ਰਗਟ ਕਰਦੀ ਹੈ ਜਿਸ ਨੂੰ ਸੰਬੋਧਿਤ ਹੋਏ ਬਿਨਾ ਪੰਜਾਬ ਦੇ ਭਵਿੱਖ ਦੇ ਨਕਸ਼ੇ ਨੂੰ ਉਲੀਕਣਾ ਅਸੰਭਵ ਹੋਵੇਗਾ।

ਸੁਰਜੀਤ ਪਾਤਰ ਆਪਣੀ ਕਵਿਤਾ ਰਾਹੀਂ ਵਿਚਾਰਧਾਰਾਵਾਂ ਨਾਲ ਸੰਵਾਦ ਰਚਾਉਂਦਾ ਜੀਵਨ ਵਿਚ ਨਿੱਤ ਦਿਨ ਉਭਰ ਰਹੇ ਨਵੇਂ ਤੋਂ ਨਵੇਂ ਮਸਲਿਆਂ ਨੂੰ ਸੰਬੋਧਿਤ ਹੁੰਦਾ ਹੈ। ਵਿਚਾਰਧਾਰਕ ਨਿਸਚਿਤਤਵਾਦ ਤੋਂ ਬਚਦਿਆਂ ਮਸਲੇ ਨੂੰ ਉਸ ਦੀਆਂ ਤਮਾਮ ਸੰਭਾਵਨਾਵਾਂ ਸਮੇਤ ਗ੍ਰਹਿਣ ਕਰਨ ਲਈ ਉਹ ਕਵਿਤਾ ਵਿਚ ਅਜਿਹੀ ਵਿਧੀ ਦੀ ਵਰਤੋਂ ਕਰਦਾ ਹੈ ਕਿ ਸਭ ਧਿਰਾਂ ਦੀ ਆਵਾਜ਼ ਉਸ ਵਿਚ ਸੁਣਾਈ ਦਿੰਦੀ ਹੈ। ਇਹੀ ਨਹੀਂ, ਉਹ ਆਪਣੇ ਆਪ ਦੇ ਸਮੇਤ, ਪਾਠਕ ਅਤੇ ਸੰਭਾਵੀ ਉਤਰਾਂ ਦੀ ਇਸ ਕਿਸਮ ਦੀ ਵਿਉਂਤ ਘੜਦਾ ਹੈ ਕਿ ਕਵਿਤਾ ਕਿਸੇ ਨਿਸਚੇਵਾਦੀ ਸਿੱਟੇ ਉੱਤੇ ਖ਼ਤਮ ਹੋਣ ਦੀ ਥਾਂ ਚਿੰਤਨੀ ਸਪੇਸ ਪੈਦਾ ਕਰ ਦਿੰਦੀ ਹੈ। ਇੰਝ ਸੁਰਜੀਤ ਪਾਤਰ ਕਵਿਤਾ ਨੂੰ ਸਮਾਨਾਂਤਰ ਜੀਵਨ ਦ੍ਰਿਸ਼ਟੀ, ਜੀਵਨ ਸ਼ੈਲੀ ਅਤੇ ਵਿਚਾਰਧਾਰਾ ਦੇ ਤੌਰ 'ਤੇ ਉਭਾਰਦਾ ਹੈ। ਅਜੋਕੇ ਸਮੇਂ ਵਿਚ ਪੰਜਾਬ ਵਿਚ ਚਿੰਤਨੀ ਗਤੀਸ਼ੀਲਤਾ ਦੇ ਪੈਦਾ ਹੋਣ ਦੀ ਜੇ ਕੋਈ ਸੰਭਾਵਨਾ ਹੈ ਤਾਂ ਉਹ ਸੁਰਜੀਤ ਪਾਤਰ ਦੀਆਂ ਕਵਿਤਾਵਾਂ ਵਿਚੋਂ ਝਲਕਦੀ ਹੈ। ਪੰਜਾਬ ਵਿਚ ਪਰਿਵਰਤਨ ਦੀਆਂ ਜਿੰਨੀਆਂ ਲਹਿਰਾਂ ਚੱਲੀਆਂ ਹਨ, ਉਨ੍ਹਾਂ ਦਾ ਸੁਭਾਅ ਮੁਖ ਰੂਪ ਵਿਚ ਸਰੀਰਕ-ਭੌਤਿਕ (ਫਿਜ਼ੀਕਲ) ਜਾਂ ਕਾਰਜਾਤਮਕ ਰਿਹਾ ਹੈ ਪਰ ਦਿੱਕਤ ਇਹ ਹੈ ਕਿ ਜਦੋਂ ਤਕ ਪਰਿਵਰਤਨ ਦੀ ਕਿਸੇ ਲਹਿਰ ਦੇ ਪਿੱਛੇ ਕੋਈ ਠੋਸ ਚਿੰਤਨ ਨਹੀਂ ਹੋਵੇਗਾ, ਉਹ ਲਹਿਰ ਇਤਿਹਾਸ ਉੱਤੇ ਕੋਈ ਗਹਿਰਾ ਅਤੇ ਠੋਸ ਪ੍ਰਭਾਵ ਛੱਡੇ ਬਿਨਾ ਹੀ ਸਮੇਂ ਦੀ ਖ਼ੁਰਾਕ ਬਣ ਜਾਵੇਗੀ। ਪਿਛਲੇ ਕੁਝ ਸਮੇਂ ਵਿਚ ਪੰਜਾਬ ਮੌਲਿਕ ਚਿੰਤਨ, ਚਿੰਤਨੀ ਗਤੀਸ਼ੀਲਤਾ ਜਾਂ ਚਿੰਤਨ ਦੀ ਗ਼ੈਰ-ਹਾਜ਼ਰੀ ਦਾ ਸ਼ਿਕਾਰ ਰਿਹਾ ਹੈ। ਇਹ ਅਜਿਹਾ ਖੱਪਾ ਹੈ ਜਿਸ ਨੂੰ ਪੂਰੇ ਬਿਨਾ ਪੰਜਾਬ ਦੇ ਲੋਕਾਂ ਦੇ ਮਸਲਿਆਂ ਦਾ ਹੱਲ ਹੋਣਾ ਤਾਂ ਦੂਰ ਰਿਹਾ, ਪੰਜਾਬ ਦੀ ਆਪਣੀ ਵੱਖਰੀ ਹੋਂਦ ਅਤੇ ਮੜਕ ਬਚਾ ਸਕਣਾ ਵੀ ਸੰਭਵ ਨਹੀਂ ਹੋਵੇਗਾ। ਪਾਤਰ ਨੇ ਆਪਣੀ ਕਵਿਤਾ ਵਿਚ ਭਾਵੇਂ ਸਮੁੱਚੀ ਮਨੁੱਖਤਾ ਦੇ ਮਸਲਿਆਂ ਅਤੇ ਸੰਕਟਾਂ ਨੂੰ ਛੋਹਿਆ ਹੈ ਪਰ ਪੰਜਾਬ ਉਸ ਦੇ ਅਨੁਭਵ ਦਾ ਸਥੂਲ ਸਰੋਤ ਹੈ ਅਤੇ ਉਸ ਦੀਆਂ ਚਿੰਤਾਵਾਂ ਤਾਂ ਇਸ ਨਾਲ ਸਬੰਧਿਤ ਹਨ ਹੀ ਸਗੋਂ ਇਨ੍ਹਾਂ ਨੂੰ ਕਲਾਤਮਕ-ਸੰਗਠਨ ਵਿਚ ਬੰਨ੍ਹਣ ਵਾਲੀ ਕਾਵਿ-ਭਾਸ਼ਾ ਵੀ ਪੰਜਾਬੀ ਸਮਾਜ, ਇਤਿਹਾਸ ਅਤੇ ਭੂਦ੍ਰਿਸ਼ ਵਿਚੋਂ ਹੀ ਰੂਪ ਧਾਰਦੀ ਰਹੀ ਹੈ। ਇਉਂ ਪਾਤਰ ਆਪਣੀ ਕਵਿਤਾ ਰਾਹੀਂ ਪੰਜਾਬੀ ਬੰਦੇ ਦੀ ਨਿੱਤ ਦਿਨ ਪਥਰਾ ਰਹੀ ਸੰਵੇਦਨਾ ਨੂੰ ਪੁਨਰ-ਜੀਵਤ ਕਰਨਾ ਚਾਹੁੰਦਾ ਹੈ; ਨਾਲ ਹੀ ਅਜਿਹਾ ਮੌਲਿਕ ਚਿੰਤਨ ਵੀ ਉਸਾਰਨਾ ਚਾਹੁੰਦਾ ਹੈ ਜਿਹੜਾ ਆਉਂਦੇ ਸਮਿਆਂ ਵਿਚ ਮਨੁੱਖ ਦੇ ਮਸਲਿਆਂ ਨੂੰ ਸਮਝਣ ਅਤੇ ਹੱਲ ਕਰਨ ਲਈ ਲੋੜੀਂਦੀ ਰੌਸ਼ਨੀ ਵੀ ਦੇ ਸਕੇ।

ਇਸ ਤੋਂ ਵੀ ਵਧੇਰੇ ਮਹੱਤਵਪੂਰਨ, ਇਸ ਵਿਚ ਜੀਵਨ ਦੇ ਕਿਸੇ ਗੁੱਝੇ ਰਹੱਸ ਨੂੰ ਸਟੀਕ ਸੂਤਰਕ (ਸੰਕੇਤਕ) ਸ਼ੈਲੀ ਅਤੇ ਦਾਰਸ਼ਨਿਕ ਅੰਦਾਜ਼ ਵਿਚ ਬਿਆਨ ਕਰਨ ਦੀ ਸਮਰੱਥਾ ਹੁੰਦੀ ਹੈ। ਇਸ ਪੱਖੋਂ ਗ਼ਜ਼ਲ ਵਧੇਰੇ ਮੁਸ਼ਕਿਲ ਵਿਧਾ ਹੈ। ਇਸ ਵਿਧਾ ਵਿਚ ਇਸ ਕਿਸਮ ਦੀ ਮੁਹਾਰਤ ਹਾਸਿਲ ਕਰਨੀ ਕਿ ਖ਼ਿਆਲ ਦੀ ਕੁਰਬਾਨੀ ਦਿੱਤੇ ਬਿਨਾ ਸੰਚਾਰ ਨੂੰ ਸਹਿਜ ਅਤੇ ਸਰਲ ਬਣਾਇਆ ਜਾ ਸਕਦਾ ਹੋਵੇ, ਕਾਫ਼ੀ ਕਠਿਨ ਕੰਮ ਹੈ। ਸ਼ਿਲਪ ਦੇ ਸਖ਼ਤ ਬੰਧੇਜ ਨੂੰ ਨਿਭਾਉਂਦਿਆਂ ਅਨੁਭਵ ਅਤੇ ਜੀਵਨ ਦਰਸ਼ਨ ਦੇ ਜੀਵੰਤ ਪ੍ਰਗਟਾਵੇ ਨੂੰ ਸ਼ਿਲਪ ਉਪਰ ਪ੍ਰਮੁਖਤਾ ਪ੍ਰਦਾਨ ਕਰਨ ਵਿਚ ਪਾਤਰ ਨੇ ਲਾਸਾਨੀ ਸਫ਼ਲਤਾ ਹਾਸਿਲ ਕੀਤੀ ਹੈ। ਜੋ ਸ਼ਿਵ ਕੁਮਾਰ ਨੇ ਆਪਣੇ ਗੀਤਾਂ ਵਿਚ ਭਾਵਨਾਤਮਕ ਵੇਗ ਅਤੇ ਕਲਪਨਾ ਨੂੰ ਬੁਲੰਦੀ ਪ੍ਰਦਾਨ ਕਰਨ ਵਾਲੀ ਕਾਵਿ-ਭਾਸ਼ਾ ਦਾ ਸੁਮੇਲ ਕਰ ਕੇ ਆਧੁਨਿਕ ਗੀਤ ਦਾ ਪ੍ਰਤਿਮਾਨ ਸਿਰਜਿਆ ਹੈ, ਉਵੇਂ ਹੀ ਸੁਰਜੀਤ ਪਾਤਰ ਨੇ ਗ਼ਜ਼ਲ ਨੂੰ ਕਥਨ ਜਾਂ ਬਿਆਨ ਦੀਆਂ ਸੀਮਾਵਾਂ ਤੋਂ ਬਾਹਰ ਅਤੇ ਦਾਰਸ਼ਨਿਕ ਗਹਿਰਾਈ ਵਾਲੇ ਅਨੁਭਵੀ ਜਗਤ ਦੇ ਜੀਵੰਤ ਪਰਗਟਾਵੇ ਦਾ ਰੂਪਾਕਾਰ ਬਣਾਇਆ ਹੈ। ਪਾਤਰ ਦੇ ਹੱਥਾਂ ਵਿਚ ਪੰਜਾਬੀ ਗ਼ਜ਼ਲ ਸਥਿਰ ਦ੍ਰਿਸ਼ ਦਾ ਵਰਣਨ ਕਰ ਕੇ ਭਾਵ ਦੇ ਉਛਾਲ ਨੂੰ ਪੈਦਾ ਕਰਨ ਵਾਲੇ ਬਿੰਬਾਂ ਦੇ ਪ੍ਰਤੀਕ ਉਚਾਰ ਦੀ ਬਜਾਇ ਜੀਵਨ ਗਤੀ ਨੂੰ ਦਰਸਾਉਣ ਵਾਲੇ ਅਜਿਹੇ ਬਿੰਬਾਂ ਦੀ ਸਿਰਜਣਾ ਦੀ ਸੰਭਾਵਨਾ ਵਾਲਾ ਰੂਪਾਕਾਰ ਬਣ ਜਾਂਦੀ ਹੈ ਜਿਹੜੀ ਆਧੁਨਿਕ ਸੁਹਜ ਸੰਵੇਦਨਾ ਅਨੁਕੂਲ ਮਨੁੱਖ ਦੇ ਅਸਤਿਤਵੀ ਮਸਲਿਆਂ ਅਤੇ ਸਮਾਜਿਕ ਸਰੋਕਾਰਾਂ ਬਾਰੇ ਚਿੰਤਨੀ ਪਹਿਲਕਦਮੀ ਨੂੰ ਪ੍ਰੇਰਦੀ ਹੈ। ਪਾਤਰ ਦੀ ਗ਼ਜ਼ਲ ਆਮ ਨਾਲੋਂ ਵਡੇਰੇ ਕਾਵਿ-ਨਾਇਕ ਦੇ ਅਹੰਮ ਦੇ ਪ੍ਰਗਟਾਵੇ ਦੀ ਥਾਂ ਸਾਧਾਰਨ ਮਨੁੱਖ ਦੇ ਮਨ ਅੰਦਰ ਚੱਲਦੇ ਦਵੰਦਾਂ ਦਾ ਇਜ਼ਹਾਰ ਬਣ ਜਾਂਦੀ ਹੈ। ਇੰਝ ਇਹ ਆਮ ਬੰਦੇ ਦੇ ਵਧੇਰੇ ਨੇੜੇ ਪਹੁੰਚਦੀ ਹੋਈ ਉਨ੍ਹਾਂ ਦੇ ਆਮ ਜਿਹੇ ਦੁਖਾਂ-ਸੁਖਾਂ, ਦਵੰਦਾਂ-ਸੰਕਟਾਂ, ਪ੍ਰਸ਼ਨਾਂ-ਮਸਲਿਆਂ, ਹਾਰਾਂ-ਸੰਘਰਸ਼ਾਂ ਅਤੇ ਸੋਚਾਂ-ਅਨੁਭਵਾਂ ਦੇ ਪ੍ਰਗਟਾਵੇ ਦੀ ਸਿਰਜਣਾਤਮਕ ਸਪੇਸ ਬਣ ਜਾਂਦੀ ਹੈ। ਇਉਂ ਪ੍ਰਗੀਤ ਜੀਵਨ ਦੀ ਸਾਧਾਰਨਤਾ ਨਾਲ ਗੁੰਦਿਆ ਜਾਂਦਾ ਹੈ ਅਤੇ ਪਾਤਰ ਇਸ ਰਚਨਾਤਮਕ ਰਸਤੇ ਤੇ ਤੁਰਦਿਆਂ ਇਕੋ ਸਮੇਂ ਕਲਾਤਮਕ ਤੌਰ 'ਤੇ ਸਮਰੱਥ ਤੇ ਮਕਬੂਲ ਸ਼ਾਇਰ ਬਣ ਜਾਂਦਾ ਹੈ।

# ਪੰਜਾਬ ਦੀ ਕਹਾਣੀ ਕਰਦਾ ਨੌਜਵਾਨ ਹਾਰੂਨ ਖਾਲਿਦ

## ਨਵੀਂ ਪੋਥੀ: ਵਾਰਿਸ ਤੋਂ ਹੀਰ ਤੱਕ

ਕਲਾ ਪਰਿਕਰਮਾ

ਹਾਰੂਨ ਖਾਲਿਦ ਲਹਿੰਦੇ ਪੰਜਾਬ ਦਾ ਮਾਨਵ ਵਿਗਿਆਨੀ ਹੈ ਜਿਹੜਾ ਅੱਜ ਕੱਲ੍ਹ ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿਚ ਰਹਿ ਰਿਹਾ ਹੈ। ਉਸ ਨੇ ਆਪਣੀਆਂ ਕਿਤਾਬਾਂ ਨਾਲ ਸਭ ਦਾ, ਖਾਸ ਕਰ ਕੇ ਪੰਜਾਬੀਆਂ ਦਾ, ਧਿਆਨ ਖਿੱਚਿਆ ਹੈ। ਹਾਲ ਹੀ ਵਿਚ ਉਸ ਦੀ ਨਵੀਂ ਕਿਤਾਬ ਨਾਵਲ ਦੇ ਰੂਪ ਵਿਚ ਆਈ ਹੈ: 'ਫਰੌਮ ਵਾਰਿਸ ਟੂ ਹੀਰ' (ਵਾਰਿਸ ਤੋਂ ਹੀਰ ਤੱਕ)। ਹਾਰੂਨ ਖਾਲਿਦ ਨੇ ਇਸ ਨਾਵਲ ਵਿਚ ਵਾਰਿਸ ਅਤੇ ਹੀਰ ਦੀ ਕਹਾਣੀ ਇਸ ਢੰਗ ਨਾਲ ਸੁਣਾਈ ਹੈ ਕਿ ਇਹ ਸਮੁੱਚੇ ਪੰਜਾਬ ਦੀ ਕਹਾਣੀ ਹੋ ਨਿੱਬੜੀ ਹੈ।

ਅਸਲ ਵਿਚ ਹਾਰੂਨ ਖਾਲਿਦ ਦੀਆਂ ਰਚਨਾਵਾਂ ਦੀ ਖਸੂਸੀਅਤ ਹੀ ਇਹ ਹੈ ਕਿ ਇਹ ਬਹੁ-ਪਰਤੀ ਹੁੰਦੀਆਂ ਹਨ। ਉਹ ਭੂਤਕਾਲ ਅਤੇ ਵਰਤਮਾਨ ਦੀਆਂ ਪਰਤਾਂ ਇਸ ਢੰਗ ਨਾਲ ਫਰੋਲਦਾ ਹੈ ਕਿ ਪਾਠਕ ਉਸ ਦੇ ਨਾਲ-ਨਾਲ ਤੁਰਦਾ ਮਹਿਸੂਸ ਕਰਦਾ ਹੈ। ਇਹ ਸ਼ੈਲੀ ਉਸ ਨੇ ਆਪਣੇ ਫੇਰੇ-ਤੋਰੇ ਵਾਲੇ ਸੁਭਾਅ ਜ਼ਰੀਏ ਹਾਸਿਲ ਕੀਤੀ ਹੈ। ਦੇਖਿਆ ਜਾਵੇ ਤਾਂ ਉਹ ਮੁੱਖ ਰੂਪ ਵਿਚ ਯਾਤਰੂ ਹੈ, ਲੇਖ ਅਤੇ ਖੋਜੀ ਉਹ ਬਾਅਦ ਵਿਚ ਬਣਦਾ ਹੈ। ਉਹ ਪੰਜਾਬ ਅਤੇ ਹੋਰ ਥਾਈਂ ਲਗਾਤਾਰ ਸਫਰ ਵਿਚ ਰਹਿੰਦਾ ਹੈ, ਸਬੰਧਿਤ ਥਾਂ 'ਤੇ ਜਾ ਕੇ ਇਤਿਹਾਸ ਫਰੋਲਦਾ ਹੈ ਅਤੇ ਫਿਰ ਇਸ ਸਮੱਗਰੀ ਉਤੇ ਆਪਣਾ ਰੰਗ ਚਾੜ੍ਹ ਕੇ ਇਸ ਨੂੰ ਕਾਗਜ਼ 'ਤੇ ਉਤਾਰ ਦਿੰਦਾ ਹੈ। ਉਸ ਦੀਆਂ ਸਾਰੀਆਂ ਕਿਤਾਬਾਂ ਅਜਿਹੇ ਸਫਰ ਦੀਆਂ ਹੀ ਕਹਾਣੀਆਂ ਹਨ। ਉਹ ਮੁੱਖ ਰੂਪ ਵਿਚ ਕਿਉਂਕਿ ਮਾਨਵ ਵਿਗਿਆਨੀ ਹੈ, ਉਹ ਆਪਣੇ ਆਲੇ-ਦੁਆਲੇ ਨੂੰ ਇਸੇ ਅੱਖ ਨਾਲ ਦੇਖਦਾ ਹੈ ਬਲਕਿ ਕਹਿਣਾ ਚਾਹੀਦਾ ਹੈ ਕਿ ਉਸ ਦੀਆਂ ਕਹਾਣੀ ਉਸ ਦੇ ਵਰਤਮਾਨ ਅਤੇ ਇਤਿਹਾਸ ਦੇ ਸਫਰ 'ਤੇ ਇਕੱਠੀਆਂ ਹੀ ਨਿੱਕਲਦੀਆਂ ਹਨ ਅਤੇ ਪਾਠਕ ਨੂੰ ਵਿਲੱਖਣ ਦੁਨੀਆ ਅੰਦਰ ਲੈ ਜਾਂਦੀਆਂ ਹਨ।

**ਸਹਿਜਪ੍ਰੀਤ ਕੌਰ**

'ਫਰੌਮ ਵਾਰਿਸ ਟੂ ਹੀਰ' ਨੂੰ ਹੀ ਲੈ ਲਓ। ਹਾਰੂਨ ਖਾਲਿਦ ਇਹ ਕਹਾਣੀ ਹੀਰ ਰਾਂਝੇ ਦੀ ਕਹਾਣੀ ਦੇ ਜ਼ਰੀਏ ਸੁਣਾਉਂਦਾ ਹੈ। ਹੀਰ ਰਾਂਝੇ ਦੀ ਕਹਾਣੀ ਆਪਣੇ ਕਿੱਸੇ ਵਿਚ ਵਾਰਿਸ ਸ਼ਾਹ ਪਹਿਲਾਂ ਹੀ ਬਹੁਤ ਮੁਹੱਬਤ ਅਤੇ ਖੂਬਸੂਰਤੀ ਨਾਲ ਸੁਣਾ ਚੁੱਕਾ ਹੈ। ਹਾਰੂਨ ਖਾਲਿਦ ਲਈ ਇਹੀ ਵੱਡੀ ਚੁਣੌਤੀ ਹੈ ਕਿ ਉਹ ਪਹਿਲਾਂ ਹੀ ਸੁਣਾਈ ਜਾ ਚੁੱਕੀ ਕਹਾਣੀ ਸੁਣਾਉਣ ਲੱਗਾ ਹੈ। ਉਂਝ, ਉਹ ਕਹਾਣੀ ਦੀ ਲੜੀ ਇਥੋਂ ਹੀ ਫੜਦਾ ਹੈ, ਇਤਿਹਾਸ ਵਿਚ ਚੁੱਭੀ ਮਾਰਦਾ ਹੈ, ਫਿਰ ਪੰਜਾਬੀ ਕਿੱਸਾ ਕਾਵਿ ਵੱਲ ਮੁੜਦਾ ਹੈ। ਕਿੱਸਾ ਪੰਜਾਬੀ ਸਾਹਿਤ ਦੀ ਅਜਿਹੀ ਵੰਨਗੀ ਹੈ ਜਿਹੜੀ ਪੜ੍ਹਨ ਤੋਂ ਇਲਾਵਾ ਸੁਣਨ ਸੁਣਾਉਣ ਦੇ ਮਾਮਲੇ ਵਿਚ ਵੀ ਸਗੋਂ ਵਧੇਰੇ ਮਸ਼ਹੂਰ ਹੈ। ਉਸ ਵਕਤ ਅਨਪੜ੍ਹ ਲੋਕਾਂ ਅੰਦਰ ਧਾਰਮਿਕ, ਸਮਾਜਿਕ ਅਤੇ ਜ਼ਿੰਦਗੀ ਦੇ ਹੋਰ ਜ਼ਾਵੀਏ ਇਵੇਂ ਹੀ ਪ੍ਰਗਟ ਹੁੰਦੇ ਸਨ। ਵਾਰਿਸ ਸ਼ਾਹ ਨੇ ਜਦੋਂ ਇਹ ਕਿੱਸਾ ਲਿਖਿਆ ਹੋਵੇਗਾ ਤਾਂ ਪੜ੍ਹਨ ਨਾਲੋਂ ਸੁਣਨ ਸੁਣਾਉਣ ਵਾਲੀ ਗੱਲ ਤੋਂ ਉਹ ਪੂਰੀ ਤਰ੍ਹਾਂ ਵਾਕਿਫ ਹੋਵੇਗਾ। ਇਸ ਕਿੱਸੇ ਦਾ ਰੰਗ ਦੱਸਦਾ ਹੈ ਕਿ ਇਸ ਪੱਖ ਤੋਂ ਵਾਰਿਸ ਸ਼ਾਹ ਨੇ ਕਿੰਨੀ ਕਮਾਲ ਦੀ ਪੇਸ਼ਕਾਰੀ ਦਿੱਤੀ ਹੈ।




ਹਾਰੂਨ ਖਾਲਿਦ ਦੇ ਨਾਵਲ 'ਫਰੌਮ ਵਾਰਿਸ ਟੂ ਹੀਰ' ਦਾ ਮੁਖੜਾ।





ਕੈਨੇਡਾ ਵੱਸਦਾ ਪਾਕਿਸਤਾਨੀ ਲਿਖਾਰੀ ਹਾਰੂਨ ਖਾਲਿਦ।


ਵਾਰਿਸ ਸ਼ਾਹ ਦੇ ਇਸ ਕਿੱਸੇ ਤੋਂ ਢਾਈ ਸਦੀਆਂ ਬਾਅਦ ਹਾਰੂਨ ਖਾਲਿਦ ਹੀਰ ਰਾਂਝੇ ਦਾ ਇਹ ਕਿੱਸਾ ਲੈ ਕੇ ਆਇਆ ਹੈ। ਇਹ ਅਸਲ ਵਿਚ ਹੀਰ ਰਾਂਝੇ ਦੀ ਪਿਆਰ ਕਹਾਣੀ ਹੀ ਨਹੀਂ, ਇਹ ਵਾਰਿਸ ਸ਼ਾਹ ਦੀ ਕਹਾਣੀ ਵੀ ਹੈ ਸਗੋਂ ਇਸ ਕਹਾਣੀ ਵਿਚ ਤਾਂ ਬਾਬਾ ਬੁੱਲ੍ਹੇ ਸ਼ਾਹ ਦੀ ਧਮਾਲ ਵੀ ਪੈਂਦੀ ਸੁਣਦੀ ਹੈ, ਇਸ ਵਿਚ ਸਿੱਖ ਮਿਸਲਾਂ ਦੀ ਚੜ੍ਹਤ ਵਾਲੇ ਢੋਲ ਦੀਆਂ ਗੂੰਜਾਰਾਂ ਪੈਂਦੀਆਂ ਹੈ ਅਤੇ ਢਹਿ-ਢੇਰੀ ਹੋ ਰਹੇ ਮੁਗਲ ਸਾਮਰਾਜ ਦਾ ਤੁਣਕਾ ਵੀ ਵੱਜਦਾ ਹੈ। ਇਉਂ ਇਹ ਦੋਵੇਂ ਕਹਾਣੀਆਂ ਨਾਲੋ-ਨਾਲ ਚੱਲਦੀਆਂ ਹਨ ਅਤੇ ਇਨ੍ਹਾਂ ਦੇ ਐਨ ਵਿਚਕਾਰ ਹਾਰੂਨ ਖਾਲਿਦ ਆਪਣੀ ਕਹਾਣੀ ਛੇੜਦਾ ਹੈ। ਇਕ ਪਾਸੇ ਨੌਜਵਾਨ ਵਾਰਿਸ ਸ਼ਾਹ ਹੈ ਜੋ ਘਰੋਂ ਉਜੜ ਗਿਆ ਹੈ ਅਤੇ ਕਸੂਰ, ਪਾਕਪਟਨ ਤੇ ਮਲਕਾ ਹਾਂਸ ਵੱਲ ਧਾਹ ਰਿਹਾ ਹੈ; ਮਲਕਾ ਹਾਂਸ ਉਹ ਥਾਂ ਹੈ ਜਿਥੇ ਉਹ ਹੀਰ ਰਚਦਾ ਹੈ। ਇਸੇ ਬਿਰਤਾਂਤ ਵਿਚੋਂ 18ਵੀਂ ਸਦੀ ਦਾ ਪੰਜਾਬ ਮੌਲਦਾ ਦਿਸਦਾ ਹੈ। ਹਾਰੂਨ ਖਾਲਿਦ ਇਵੇਂ ਹੀ ਇਸ ਕਿੱਸੇ ਨਾਲ ਆਪਣੀਆ ਲੜੀਆਂ ਜੋੜਦਾ ਜਾਂਦਾ ਹੈ। ਸ਼ਾਇਦ ਇਸੇ ਕਰ ਕੇ ਇਹ ਰਚਨਾ ਹਾਰੂਨ ਖਾਲਿਦ ਦੀ ਕਲਾਕਾਰੀ ਦਾ ਸਿਖਰ ਹੋ ਨਿੱਬੜੀ ਹੈ।

ਹਾਰੂਨ ਖਾਲਿਦ ਦੀਆਂ ਪਹਿਲੀਆਂ ਰਚਨਾਵਾਂ (ਏ ਵ੍ਹਾਈਟ ਟਰੇਲ, ਇੰਨ ਸਰਚ ਆਫ ਸ਼ਿਵਾ, ਵਾਕਿੰਗ ਵਿਦ ਨਾਨਕ, ਇਮੇਜਿੰਗ ਲਾਹੌਰ, ਬਿਯੌਂਡ ਦਿ ਅਦਰ, ਦਿ ਅਨਿਗਮਾ ਆਫ ਪਾਕਿਸਤਾਨੀ ਆਇਡੈਂਟਿਟੀ) ਵਿਚ ਵੀ ਇਹੀ ਰੰਗ ਦਿਸਦਾ ਹੈ। ਉਹ ਅਸਲ ਵਿਚ ਆਪਣੇ ਸਫਰ ਦੇ ਬਿਰਤਾਂਤ ਨੂੰ ਸਮੁੱਚਤਾ ਵਿਚ ਪੇਸ਼ ਕਰਦਾ ਹੈ। ਇਸ ਅੰਦਰ ਰਵਾਇਤਾਂ, ਧਾਰਮਿਕ ਅਕੀਦਿਆਂ ਅਤੇ ਸ਼ਨਾਖਤਾਂ ਦੇ ਭਰਪੂਰ ਵੇਰਵੇ ਮਿਲਦੇ ਹਨ। ਅਲ ਜਜ਼ੀਰਾ, ਸੀ.ਬੀ.ਸੀ., ਸਕਰੋਲ ਡਾਟ ਇੰਨ, ਵਾਇਰ ਡਾਟ ਇੰਨ, ਟੀ.ਆਰ.ਟੀ. ਵਰਲਡ, ਹਿਮਾਲ, ਦਿ ਡਾਅਨ, ਨਿਊਜ਼, ਐਕਸਪ੍ਰੈੱਸ ਟ੍ਰਿਬਿਊਨ ਵਰਗੇ ਮੰਚਾਂ 'ਤੇ ਨਸ਼ਰ ਹੁੰਦੇ ਲੇਖਾਂ ਅੰਦਰ ਵੀ ਇਹੀ ਤਾਲ ਟੁਣਕਦੀ ਹੈ। ਹਾਰੂਨ ਖਾਲਿਦ ਨੇ ਆਪਣੀ ਕਿਤਾਬ 'ਇਮੇਜਿੰਗ ਲਾਹੌਰ' ਵਿਚ ਜਿਸ ਢੰਗ ਨਾਲ ਲਾਹੌਰ ਦੀ ਕਹਾਣੀ ਛੇੜੀ, ਉਹ ਆਪਣੀ ਕਹਾਣੀ ਆਪ ਹੈ। ਆਪਣੇ ਨਾਵਲ 'ਫਰੌਮ ਵਾਰਿਸ ਟੂ ਹੀਰ' ਨਾਲ ਉਹ ਇਕ ਪੌਡਾ ਹੋਰ ਉਤਾਂਹ ਚੜ੍ਹ ਗਿਆ ਹੈ।

ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਹਾਰੂਨ ਖਾਲਿਦ ਅੱਜ ਦਾ ਵਾਰਿਸ ਹੈ ਜਿਸ ਨੇ ਅਗਲੀਆਂ ਪੀੜ੍ਹੀਆਂ ਲਈ ਹੀਰ ਰਾਂਝੇ ਦੀ ਕਹਾਣੀ ਵੱਖਰੇ ਢੰਗ ਨਾਲ ਸੁਣਾਈ ਹੈ।








ਲਹਿੰਦੇ ਪੰਜਾਬ ਦੇ ਲਿਖਾਰੀ ਹਾਰੂਨ ਖਾਲਿਦ ਦੀਆਂ ਪਹਿਲਾਂ ਛਪੀਆਂ ਕਿਤਾਬਾਂ ਦੇ ਮੁਖੜੇ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਮਈ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-639



*ਬਾਣੀ ਕਹੇ 'ਇਹੁ ਹਮਾਰਾ ਜੀਵਣਾ ਸਾਹਿਬ ਸੱਚੇ ਦੇਖ',*
*ਕਰਕੇ ਸਾਡੇ ਨਾ.ਲ ਠਗੀਆਂ ਕਿਉਂ ਲਿਖੇ ਨੇ ਭੈੜੇ ਲੇਖ?*
*ਨਾ ਤੇਰਾ ਕੁੱਝ ਵਿਗਾੜਿਆ ਕਿਉਂ ਰਾਹੂ-ਕੇਤੂ ਮੱਥੇ ਦੇਖ,*
*ਪਾ ਕੇ ਧਰਤੀ 'ਤੇ ਵੰਡੀਆਂ ਫਿਰਦੈਂ ਵੱਡਾ ਬਣਿਆਂ ਸ਼ੇਖ?*

### ਕੈਪਸ਼ਨ ਮੁਕਾਬਲਾ-637



ਬਚਪਨ ਰੁਲਦਾ ਵਿਚ ਝੁੰਗੀਆਂ ਦੇ,
ਜ਼ਰਾ ਜੱਗ ਦੇਖੇ ਅੱਖ ਖੋਲ੍ਹ,
ਹੜ੍ਹ ਆਇਆ ਬਰਸਾਤ ਦਾ ਮੌਸਮ,
ਚੜ੍ਹ ਕੇ ਪਾਣੀ ਗਿਆ ਮਧੋ.ਲ।
ਰੋਟੀ ਰੋਜ਼ੀ ਭਾਲਣ ਮਾਪੇ ਤੁਰ ਗਏ,
ਹੈ ਕੋਈ ਨਾ ਬੱਚਿਆਂ ਕੋ.ਲ,
ਭੁੱਖਣ ਭਾਣੇ ਨੀਂਦ ਆ ਕੇ ਦੱਬਿਆ,
ਕੀ ਇਨਸਾਫ਼ ਤੇਰਾ ਹੈ ਬੋਲ?
*-ਸੇਵਾ ਸਿੰਘ 'ਨੂਰਪੁਰੀ'*

---

ਦੁਨੀਆਂ ਦੇ ਵਿਚ ਨਾਂ ਬੜਾ ਏ
ਵਿਸ਼ਵ ਗੁਰੂ ਅਖਵਾਵਾਂਗੇ।
ਚੰਦ ਦੇ ਉੱਪਰ ਜਾ ਆਏ ਹਾਂ
ਸੂਰਜ 'ਤੇ ਵੀ ਜਾਵਾਂਗੇ।
ਲਿੱਬੜੇ ਤਿੱਬੜੇ ਲੋਕ ਨੇ ਜਿਹੜੇ
ਦੁਨੀਆਂ ਤੋਂ ਲੁਕਾਵਾਂਗੇ।
ਸਭ ਲਈ ਸਿੱਖਿਆ,
ਸਭ ਲਈ ਭੋਜਨ
ਫੇਰ ਵੀ ਨਾਹਰੇ ਲਾਵਾਂਗੇ।
*-ਜਗਮੀਤ ਸਿੰਘ ਪੰਧੇਰ*

ਗਲੀਆਂ ਵਿਚ ਇਉਂ ਰੁਲ ਜਾਂਦੇ ਆ
ਫੁੱਲਾਂ ਵਰਗੇ ਲਾਲ
ਕੋਈ ਨੀਂ ਪੁੱਛਦਾ ਰੋਟੀ ਟੁੱਕ ਲਈ
ਖਿੱਲਰੇ ਰਹਿੰਦੇ ਵਾਲ
ਨਾ ਕੋਈ ਲੋਰੀ ਬਾਤ ਸੁਣਾਵੇ
ਮੰਦੜੇ ਹੋਏ ਹਾਲ
ਮਾਏਂ ਨੀ ਇਕ ਤੇਰੇ ਬਾਝੋਂ
ਕਿਸੇ ਨਾ ਲਾਇਆ ਹਿੱਕ ਦੇ ਨਾਲ।
*-ਚਰਨਜੀਤ ਕੌਰ*

---

ਛੋਟੇ ਬੱਚਿਆਂ ਨੂੰ ਸੰਭਾਲ
ਮਾਪਿਆਂ ਫੜਿਆ ਰੁਜ਼ਗਾਰ ਦਾ ਰਾਹ।
ਵੱਡੇ ਬੱਚੇ ਝੌਂਪੜੀ 'ਚ ਪੜ੍ਹਦੇ
ਛੋਟਿਆਂ ਵਲੋਂ ਹੋਏ ਲਾਪ੍ਰਵਾਹ।
ਚਿੱਕੜ 'ਚ ਖੇਡਦਿਆਂ ਨੂੰ
ਨੀਂਦ ਘੇਰਿਆ
ਸੌਂ ਗਏ ਆਲੇ ਦੁਆਲੇ ਤੋਂ ਬੇਪਰਵਾਹ।
ਕੁਦਰਤ ਦੀ ਗੋਦ 'ਚ ਘੂਕ ਸੁੱਤੇ
ਆਪੇ ਕਰੇ ਬਚਾਅ।
*-ਅਮਰਜੀਤ ਸਿੰਘ ਤੂਰ*
*ਫੋਨ: 98784-69639*

---

ਵਿਰਸੇ ਵਿਚ ਮਿਲ ਗਈ ਕੰਗਾਲੀ
ਨਹੀਂ ਛੱਡਦੀ ਖਹਿੜਾ ਥੋੜ੍ਹੇ ਕੀਤੇ
ਹੋਵੇ ਝੁੱਗੀ ਜਾਂ ਖੁੱਲ੍ਹੇ ਅਸਮਾਨ ਥੱਲੇ।
ਨੀਂਦ ਤਾਂ ਹੈ ਕੁਦਰਤੀ ਵਰਤਾਰਾ
ਕਈ ਗਦੇਲਿਆਂ 'ਚ ਵੀ ਉਸਲਵੱਟੇ ਲੈਂਦੇ
ਹਨ ਉਹ ਵੀ ਗਰੀਬੀ ਦੇ ਮਾਰੇ ਬੱਚੇ
ਘੂਕ ਹਨ ਸੁੱਤੇ ਪਏ ਚਿੱਕੜ ਗਾਰੇ 'ਚ
ਦੇਸ਼ ਦੀ ਗਰੀਬੀ ਦਾ ਮਿਆਰ
ਇੱਥੋਂ ਹੀ ਤਾਂ ਪਤਾ ਲੱਗਦਾ।
*-ਦਰਸ਼ਨ ਪਾਲ ਦੋਸਾਂਝ*

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਫੋਨ: 847-359-0746



ਪਿਆਰੇ ਮੁਰਸ਼ਦ
ਤੁਸੀਂ ਕਿਹਾ ਹੈ :
ਜਦੋਂ ਤਕ ਲਫ਼ਜ਼ ਜਿਉਂਦੇ ਨੇ ਸੁਖ਼ਨਵਰ ਜਿਉਣ ਮਰ ਕੇ ਵੀ
ਉਹ ਕੇਵਲ ਜਿਸਮ ਹੁੰਦੇ ਨੇ ਜੋ ਸਿਵਿਆਂ ਵਿਚ ਸਵਾਹ ਬਣਦੇ
ਇਸ ਸੱਚੇ ਸ਼ੇਅਰ ਅਨੁਸਾਰ ਤੁਸੀਂ ਸਦਾ ਸਾਡੇ ਸੰਗ ਹੋ, ਸੰਗ ਹੀ ਰਹੋਗੇ।


ਪੰਜਾਂ ਤੱਤਾਂ ਤੋਂ ਮੁਕਤ ਹੋ ਕੇ ਵੀ ਤੁਸੀਂ ਆਪਣੇ ਲਫ਼ਜ਼ਾਂ ਰਾਹੀਂ, ਆਪਣੀ ਸੁਹਣੀ ਸੁਖ਼ਨਵਰੀ ਰਾਹੀਂ ਸਾਡੇ ਪ੍ਰੇਰਨਾ ਸਰੋਤ ਬਣੇ ਰਹੋਗੇ। ਤੁਹਾਡਾ ਦੁਨੀਆਂ 'ਤੇ ਆਉਣਾ, ਅਤੇ ਸੁਹਣਾ, ਸਿਰਜਣਾਤਮਕ, ਤੇਜਸਵੀ, ਜੀਵਨ ਜਿਉਂ ਕੇ ਬਿਨਾਂ ਕਿਸੇ ਕਸ਼ਟ ਤੋਂ ਬਿਨਾਂ ਕਿਸੇ ਆਹਟ ਤੋਂ ਆਪਣੇ ਸਹਿਜ ਸੁਭਾਅ ਵਾਂਗ, ਇਸ ਫ਼ਾਨੀ ਸੰਸਾਰ ਤੋਂ ਵਿਦਾ ਹੋ ਜਾਣਾ ਵੀ ਕੁਦਰਤ ਦੀ ਕਿਸੇ ਅਸੀਸ ਵਰਗਾ ਹੀ ਜਾਪਦਾ ਹੈ। ਜਿਉਂਦੇ ਜੀਅ ਵੀ ਕੁਦਰਤ ਨੇ ਤੁਹਾਨੂੰ ਮੋਹ-ਮਾਣ ਦੇ ਫੁੱਲਾਂ ਨਾਲ ਨਿਵਾਜ਼ੀ ਰੱਖਿਆ ਤੇ ਲਿਜਾਣ ਵੇਲੇ ਵੀ ਫੁੱਲਾਂ ਵਾਂਗ ਬੋਚ ਕੇ ਲੈ ਗਈ। ਕੰਡੇ ਦੀ ਚੋਭ ਜਿੰਨਾਂ ਵੀ ਦਰਦ ਨਹੀਂ ਹੋਣ ਦਿੱਤਾ...। ਅਜਿਹੀ ਜ਼ਿੰਦਗੀ ਅਤੇ ਅਜਿਹੀ ਰੁਖ਼ਸਤੀ ਉਸ ਦੀ ਰਹਿਮਤ ਸਦਕਾ ਹੀ ਨਸੀਬ ਹੁੰਦੀ ਹੈ। ਹੇ ਸੁਖ਼ਨਵਰ, ਕਾਇਆ ਸਰੂਪ ਵਿਚ ਤੁਹਾਡਾ ਇਸ ਜਹਾਨ 'ਤੇ ਹੋਣਾ ਤੁਹਾਡੇ ਪਾਠਕਾਂ-ਮੁਰੀਦਾਂ ਲਈ ਬਹੁਤ ਵੱਡਾ ਧਰਵਾਸ ਸੀ। ਅੱਜ ਕੋਈ ਸੰਘਣੀ ਛਾਂ ਸਾਡੇ ਸਿਰਾਂ ਤੋਂ ਉਠ ਗਈ ਹੈ...ਮਈ ਦੇ ਮਹੀਨੇ ਦੀ ਤਿੱਖੀ ਧੁੱਪ ਅਚਾਨਕ ਹੋਰ ਤਿੱਖੀ ਹੋ ਗਈ ਹੈ। ਕਵਿਤਾ ਦਾ ਮੂੰਹ ਮਸੋਸਿਆ ਗਿਆ ਹੈ। ਸ਼ਬਦ ਪੀਲੇ ਪੈ ਗਏ ਜਾਪਦੇ ਨੇ...। ਚੁਫੇਰੇ ਸੁੰਨ ਜਿਹੀ ਪਸਰ ਗਈ ਹੈ...ਜਿਵੇਂ ਵਕਤ ਤੁਰਦਾ ਤੁਰਦਾ ਥੱਕ ਗਿਆ ਹੋਵੇ। ਪਰ ਤੁਸੀਂ ਤਾਂ ਕਿਹਾ ਸੀ...'ਮੈਂ ਤਾਂ ਸੂਰਜ ਹਾਂ ਛੁਪ ਕੇ ਵੀ ਬਲਦਾਂ, ਸ਼ਹਿਰ ਦੀ ਸ਼ਾਮ ਮੇਰੀ ਸ਼ਾਮ ਨਹੀਂ'। ਹੇ ਸ਼ਬਦਾਂ ਦੇ ਜਾਦੂਗਰ! ਤੁਹਾਡੇ ਇਸ ਹਕੀਕੀ ਸ਼ੇਅਰ ਤੋਂ ਅਤੇ ਤੁਹਾਡੀ ਅਮਰ ਸੁਖ਼ਨਵਰੀ ਤੋਂ ਕੌਣ ਮੁਨਕਰ ਹੋ ਸਕਦਾ ਹੈ! ਸੱਚਮੁਚ ਤੁਹਾਡਾ ਜਲੌਅ, ਤੁਹਾਡਾ ਚਾਨਣ ਸਦੀਵੀ ਹੈ। ਪਿਆਰੇ ਮੁਰਸ਼ਦ, ਤੁਹਾਡੀ ਵਿਦਾ ਦੇ ਉਦਾਸ ਵਕਤ ਮੈਂ ਆਪਣੇ ਪਿਆਰਿਆਂ ਨਾਲ ਉਹ ਮੁਰਸ਼ਦਨਾਮਾ ਸਾਂਝਾ ਕਰ ਰਹੀ ਹਾਂ, ਜੋ ਮੈਂ ਤੁਹਾਡੀ ਅਕੀਦਤ ਵਿਚ ਡੁੱਬ ਕੇ ਬਹੁਤ ਸ਼ਰਧਾ ਨਾਲ ਲਿਖਿਆ ਹੈ ਤੇ ਤੁਹਾਨੂੰ ਬਹੁਤ ਪਸੰਦ ਹੈ...।

ਮੁਰਸ਼ਦਨਾਮਾ...
ਮੁਹੱਬਤ ਵੇਦਨਾ ਨੇਕੀ ਹਲੀਮੀ ਤੇ ਵਫ਼ਾ ਪਾਤਰ
ਮਿਲਾ ਕੇ ਪੰਜ ਤੱਤ ਇਕ ਸਾਰ ਰੱਬ ਨੇ ਸਿਰਜਿਆ ਪਾਤਰ
ਸਮੇਂ ਦੇ ਗੰਧਲੇ ਪਾਣੀ 'ਤੇ ਉਹ ਤਰਿਆ ਫੁੱਲ ਦੇ ਵਾਂਗੂੰ
ਸਮੇਂ ਦੇ ਸ਼ੋਰ 'ਚੋਂ ਇਕ ਤਰਜ਼ ਬਣ ਕੇ ਉਭਰਿਆ ਪਾਤਰ
ਟਿਕੇ ਹੋਏ ਪਾਣੀਆਂ ਵਰਗਾ ਰਹੱਸਪੂਰਨ ਅਤੇ ਗਹਿਰਾ
ਹੈ ਚਿੰਤਨ ਦਾ ਸਮੁੰਦਰ ਤੇ ਤਰੰਨਮ ਦੀ ਹਵਾ ਪਾਤਰ
ਕਿਸੇ ਲਈ ਪੁਲ ਕਿਸੇ ਲਈ ਛਾਂ ਕਿਸੇ ਲਈ ਨੀਰ ਬਣ ਜਾਵੇ
ਕਿਸੇ ਦਾ ਰਹਿਨੁਮਾ ਬਣਿਆਂ ਕਿਸੇ ਦੀ ਆਸਥਾ ਪਾਤਰ
ਉਹ ਕੋਮਲ-ਮਨ ਹੈ, ਤਾਂ ਹੀ ਹਰ ਕਿਸੇ ਨੂੰ ਆਪਣਾ ਲੱਗੇ
ਉਹ ਰੌਸ਼ਨ-ਰੂਹ ਹੈ, ਤਾਂ ਹੀ ਨ੍ਹੇਰਿਆਂ ਵਿਚ ਜਗ ਰਿਹਾ ਪਾਤਰ
ਉਹਦੇ ਲਫ਼ਜ਼ਾਂ 'ਚ ਉਹ ਲੱਜ਼ਤ ਉਹਦੇ ਬੋਲਾਂ ਦਾ ਉਹ ਲਹਿਜਾ
ਹਵਾ ਸਾਹ ਰੋਕ ਕੇ ਸੁਣਦੀ ਜਦੋਂ ਕੁਝ ਆਖਦਾ ਪਾਤਰ
ਖਿੜੇ ਗੁੰਚੇ, ਜਗੇ ਦੀਵੇ, ਤਰੰਗਿਤ ਹੋ ਗਏ ਪਾਣੀ
ਇਹ ਅਨਹਦ ਨਾਦ ਵਜਦਾ ਹੈ, ਜਾਂ ਕਿਧਰੇ ਗਾ ਰਿਹਾ ਪਾਤਰ
ਉਹਦਾ ਬਿਰਖਾਂ ਨੂੰ ਸਿਜਦਾ ਹੈ, ਉਹ ਸਾਜ਼ਾਂ ਦਾ ਹੈ ਸ਼ੈਦਾਈ
ਕਿਸੇ ਕੁਰਸੀ ਦੇ ਮੂਹਰੇ ਵੇਖਿਆ ਨਾ ਝੁਕ ਰਿਹਾ ਪਾਤਰ
ਕਦੇ ਵਿਹੜੇ ਦਾ ਬੂਟਾ ਹੈ, ਗਯਾ ਦਾ ਰੁੱਖ ਕਦੇ ਜਾਪੇ
ਸ਼ਨਾਖ਼ਤ ਹੈ ਉਹ ਸਹਿਰਾ ਦੀ, ਤੇ ਪਾਣੀ ਦਾ ਪਤਾ ਪਾਤਰ
ਕਿਸੇ ਜੋਗੀ ਦੀ ਧੂਣੀ ਹੈ, ਕਿਸੇ ਕੁਟੀਆ ਦਾ ਦੀਵਾ ਹੈ
ਕਿਸੇ ਰਾਂਝੇ ਦੀ ਵੰਝਲੀ ਹੈ ਤੇ ਹਉਕੇ ਦੀ ਕਥਾ ਪਾਤਰ
ਕਦੇ ਉਹ ਤਪ ਰਹੇ ਸਹਿਰਾਂ 'ਤੇ ਕਣੀਆਂ ਦੀ ਇਬਾਰਤ ਹੈ
ਕਦੇ ਧੁਖਦੇ ਹੋਏ ਜੰਗਲ ਦਾ ਲੱਗੇ ਤਰਜੁਮਾ ਪਾਤਰ
ਕਹੇ ਹਰ ਰੁੱਖ: ਮੇਰੇ ਦੁੱਖ ਦਾ ਨਗ਼ਮਾ ਬਣਾ ਪਿਆਰੇ
ਕਹੇ ਹਰ ਵੇਲ: ਮੈਨੂੰ ਆਪਣੇ ਗਲ਼ ਨਾਲ ਲਾ ਪਾਤਰ
ਪੜ੍ਹੇ ਜੋ ਵੀ ਇਹੀ ਆਖੇ: ਇਹ ਮੇਰੇ ਦੁੱਖ ਦਾ ਚਿਹਰਾ ਹੈ
ਡੁਬੋ ਕੇ ਖ਼ੂਨ ਵਿਚ ਕਾਨੀ, ਜੋ ਅੱਖਰ ਲਿਖ ਰਿਹਾ ਪਾਤਰ
ਸਮੇਂ ਦੇ ਪੰਨਿਆਂ 'ਤੇ ਜਗ ਰਿਹਾ ਸਿਰਤਾਜ ਹਸਤਾਖ਼ਰ
ਜ਼ਖ਼ੀਰਾ ਜਜ਼ਬਿਆਂ ਦਾ ਹੈ, ਖ਼ਿਆਲਾਂ ਦੀ ਘਟਾ ਪਾਤਰ
ਹਵਾ ਵਿਚ ਹਰਫ਼ ਲਿਖਦਾ ਹੈ, ਸੁਲਗਦਾ ਹੈ ਹਨੇਰੇ ਵਿਚ
ਕੋਈ ਦਰਗਾਹ ਹੈ ਲਫ਼ਜ਼ਾਂ ਦੀ, ਤੇ ਬਿਰਖਾਂ ਦੀ ਦੁਆ ਪਾਤਰ
ਉਹਦੀ ਕਵਿਤਾ 'ਚੋਂ ਉਸ ਦੀ ਆਤਮਾ ਦੇ ਨਕਸ਼ ਦਿਸਦੇ ਨੇ
ਕਿ ਜਿਸ ਨੇ ਭਾਲਿਆ ਕਵਿਤਾ 'ਚੋਂ ਉਸ ਨੂੰ ਮਿਲ ਗਿਆ ਪਾਤਰ।



ਸੁਖਵਿੰਦਰ ਅੰਮ੍ਰਿਤ

# ਕਿਥੋਂ ਲਿਆਈਏ ਲੱਭ ਕੇ



ਸਮਕਾਲੀ ਚੇਤਨਾ ਵਿਚ ਰੋਲ-ਮਾਡਲ ਵਾਂਗ ਟਿਕੇ ਹੋਏ ਦਾਨਸ਼ਵਰਾਂ/ਕਲਾਕਾਰਾਂ ਦੀ ਗਿਣਤੀ ਨਾ ਕਦੇ ਬਹੁਤੀ ਰਹੀ ਅਤੇ ਨਾ ਹੀ ਕਦੇ ਬਹੁਤੀ ਰਹਿਣੀ ਹੈ। ਵਿਰਲਿਆਂ ਦਾ ਮਹੱਤਵ ਸਦਾ ਹੀ ਖਾਸ ਹੁੰਦਾ ਹੈ। ਇਹੋ ਜਿਹੇ ਵਿਰਲਿਆਂ ਵਿਚੋਂ ਹੀ ਸੀ ਡਾ. ਸੁਰਜੀਤ ਸਿੰਘ ਪਾਤਰ। ਹੈ ਤੋਂ ਸੀ ਦਾ ਸਫਰ ਤਹਿ ਕਰਨਾ ਹੀ ਪੈਂਦਾ ਹੈ। ਜਦੋਂ ਵੀ ਉਸ ਨੂੰ ਮਿਲਦਾ, ਉਹ ਮੈਨੂੰ ਸਦਾ ਹੀ ਵਡੇ ਭਰਾਵਾਂ ਵਰਗੇ ਸਤਿਕਾਰ ਦਾ ਅਹਿਸਾਸ ਕਰਵਾਉਂਦਾ। ਨਿੱਘ ਅਤੇ ਸਹਿਜ ਉਸ ਦੀ ਮੁਹੱਬਤੀ-ਪਛਾਣ ਹੋ ਗਏ ਸਨ। ਆਖਰੀ ਮਿਲਣੀ, ਜਸਵੰਤ ਸਿੰਘ ਜ਼ਫਰ ਦੇ ਬੇਟੇ ਦੀ ਬਰਸੀ 'ਤੇ ਹੋਈ ਸੀ ਅਤੇ ਪਾਤਰ ਦੀ ਮਿੱਤਰ ਮੰਡਲੀ ਉਸ ਦਿਨ ਬਿਨਾ ਇਕ-ਦੂਜੇ ਵੱਲ ਦੇਖੇ ਮੌਤ ਦੇ ਰੂਬਰੂ ਹੁੰਦੀ ਰਹੀ ਸੀ। ਇਹੋ ਜਿਹੇ ਮੌਕਿਆਂ ਵਿਚ ਵੀ ਸਭ ਕੁਝ ਆਮ ਵਾਂਗ ਹੋਈ ਵੀ ਜਾ ਰਿਹਾ ਹੋਵੇ, ਤਾਂ ਵੀ ਜੇ ਕੁਝ ਛਿਲਤ ਵਾਂਗ ਚੁਭਿਆ



ਬਲਕਾਰ ਸਿੰਘ ਪ੍ਰੋਫੈਸਰ
ਫੋਨ: +91- 93163-01328

ਲਗਣ ਲਗ ਪਵੇ ਤਾਂ ਅਹਿਸਾਸ ਨੂੰ ਬਾਰੀਕੀਆਂ ਨਾਲ ਗੁੱਥਮ-ਗੁੱਥਾ ਹੋਣ ਦੀ ਲੋੜ ਪੈ ਜਾਂਦੀ ਹੈ। ਹਰ ਤਰ੍ਹਾਂ ਦੀਆਂ ਮਿਲਣੀਆਂ ਦਾ ਸ਼ਿੰਗਾਰ ਜੇ ਪਾਤਰ ਵਾਂਗ ਅਚਾਨਕ ਕਿਰ ਜਾਵੇ ਤਾਂ ਸਵਾਲਾਂ ਦੇ ਜੰਗਲ ਵਿਚ ਗੁਆਚਣ ਵਰਗੀ ਹਾਲਤ ਪੈਦਾ ਹੋ ਜਾਂਦੀ ਹੈ। ਸਮਾਂ ਤਾਂ ਆਪਣੀ ਤੋਰੇ ਤੁਰਦਾ ਰਹਿੰਦਾ ਹੈ ਅਤੇ ਸਭ ਕੁਝ ਪਹਿਲਾਂ ਵਾਂਗ ਹੀ ਵਾਪਰਦਾ ਰਹਿਣਾ ਹੈ। ਪਰ ਪਾਤਰ ਦੇ ਵਿਛੋੜੇ ਦੇ ਅਹਿਸਾਸ ਦੀ ਪਰਤ ਦਰ ਪਰਤ ਰੜਕ ਨੂੰ ਸਾਂਝਾ ਕਰਨ ਲੱਗਿਆਂ ਗੱਚ ਭਰਦਾ ਹੈ। ਏਸੇ ਨੂੰ ਪਾਤਰ ਦੇ ਸਮਾਧੀ ਵਿਚ ਚਲੇ ਜਾਣ ਦੇ ਅਹਿਸਾਸ ਵਾਂਗ ਫੜਣ ਦੀ ਕੋਸ਼ਿਸ਼ ਕਰਦਾ ਹਾਂ ਤਾਂ ਸਮਾਧੀ ਦੇ ਸੋਝੀ-ਪ੍ਰਸੰਗਾਂ ਵਿਚ ਫਸ ਕੇ ਰਹਿ ਜਾਣ ਦੀਆਂ ਸੰਭਾਵਨਾਵਾਂ ਇਰਦ-ਗਿਰਦ ਰੀਂਗਣ ਲੱਗਦੀਆਂ ਹਨ। ਪਾਤਰ ਦੇ ਨਾਲ ਤੁਰਨ ਵਾਲੇ ਹਰ ਕਿਸਮ ਦੇ ਲੋਕਾਂ ਨੂੰ ਪਤਾ ਸੀ ਕਿ ਉਸ ਵਰਗਾ ਨਹੀਂ ਹੋਇਆ ਜਾ ਸਕਦਾ। ਪਾਤਰ ਵਾਂਗ ਅਨੁਭਵੀ ਵਰਤਾਰਿਆਂ ਨੂੰ ਸਹਿਜ ਅਤੇ ਨਿਰਲੇਪ ਰਹਿ ਕੇ ਆਮ ਬੰਦੇ ਦੀ ਭਾਸ਼ਾ ਵਿਚ ਹਰ ਕੋਈ ਨਹੀਂ ਪ੍ਰਗਟਾ ਸਕਦਾ ਸੀ। ਉਸ ਦੀ ਇਹ ਵਿਲੱਖਣਤਾ ਉਸ ਦੀਆਂ ਕਵਿਤਾਵਾਂ ਵਿਚ ਸਦਾ ਸੰਭਾਲੀ ਰਹਿਣੀ ਹੈ। ਇਨ੍ਹਾਂ ਤੱਕ ਉਸ ਦੀ ਉਂਗਲ ਫੜ ਕੇ ਬਹੁਤ ਲੋਕ ਪਹੁੰਚਦੇ ਰਹੇ ਸਨ ਅਤੇ ਹੁਣ ਸਾਨੂੰ ਆਪਣੇ-ਆਪ ਪਾਤਰ ਦੀ ਸੋਚ ਤੱਕ ਪਹੁੰਚਣਾ ਪੈਣਾ ਹੈ। ਭਾਸ਼ਾ ਦੀ ਅਹਿਮੀਅਤ ਜਿਵੇਂ ਪਾਤਰ ਨੇ ਰਾਮੂੰ ਦੇ ਬਚਿਆਂ ਰਾਹੀਂ ਸਮਝਾਈ ਜਾਂ ਗੁਰੂ ਨਾਨਕ ਦੇਵ ਜੀ ਦਾ ਮਰਮੀ-ਸੰਦੇਸ਼, ਪਾਤਰ ਨੇ ਆਪਣੀ ਕਵਿਤਾ ਵਿਚ ਗੁੰਨ੍ਹ ਕੇ ਬੰਨ੍ਹਿਆ, ਉਹ ਸਰੋਤਿਆ ਵਿਚਕਾਰ ਜਿਵੇਂ ਖਿੜਦਾ ਰਿਹਾ ਸੀ, ਉਸ ਨੂੰ ਉਹ ਨਾਲ ਲੈ ਕੇ ਤੁਰ ਗਿਆ ਹੈ। ਉਸ ਨੇ ਕਿਸੇ ਤੋਂ ਕੁਝ ਮੰਗਣਾ ਤਾਂ ਕੀ ਸੀ, ਉਹ ਤਾਂ ਬਿਨਾਂ ਆਖੇ ਕੁਝ ਸੁਣਾਉਂਦਾ ਵੀ ਨਹੀਂ ਸੀ। ਉਸ ਦੀਆਂ ਲਿਖਤਾਂ ਦੇ ਇਰਦ ਗਿਰਦ ਖਿਲਰੀਆਂ ਪਈਆਂ ਪੈੜਾਂ ਮਿੱਤਰਾਂ ਲਈ ਯਾਦਾਂ ਅਤੇ ਉਸ ਦੇ ਪਾਠਕਾਂ ਲਈ ਸਵਾਲ ਬਣੇ ਰਹਿਣਾ ਹੈ। ਚੇਤਿਆਂ ਨੂੰ ਫਰੋਲਦਾ ਹਾਂ ਤਾਂ ਪਾਤਰ ਮੈਨੂੰ ਭੀੜ ਵਿਚ ਇਕੱਲਾ ਤੁਰਿਆ ਜਾਂਦਾ ਮਸਤ-ਮੌਲਾ ਜਗਿਆਸੂ ਲੱਗਦਾ ਹੈ।

ਪਾਤਰ ਦੇ ਵਿਛੋੜੇ ਨਾਲ ਪਸਰ ਗਈ ਸੁੰਨ ਵਿਚੋਂ ਉਸ ਨੂੰ ਲੱਭਣ ਦੀ ਕੋਸ਼ਿਸ਼ ਇਹ ਚੇਤੇ ਕਰਵਾਉਂਦੀ ਰਹੇਗੀ ਕਿ "ਮਿੱਟੀ ਨਾ ਫਰੋਲ ਜੋਗੀਆ, ਨਹੀ ਉਂ ਲੱਭਣੇ ਲਾਲ ਗੁਆਚੇ।" ਉਸ ਦੀ ਗੈਰ ਹਾਜ਼ਰੀ ਵਿਚ ਉਦਾਸੀਆਂ ਵੱਲ ਦੌੜਦੇ ਸਮਕਾਲ ਨੂੰ ਵੇਖ ਕੇ ਮੈਨੂੰ ਪਾਤਰ ਬਹੁਤ ਯਾਦ ਆ ਰਿਹਾ ਹੈ। ਕਿਉਂਕਿ ਰੱਜ ਕੇ ਜਿਉਣ ਵਾਲਾ ਪਾਤਰ ਪਤਾ ਨਹੀਂ ਕੀਹਦੀ ਮੌਤ ਮਰ ਗਿਆ ਹੈ। ਧਨੀ ਰਾਮ ਚਾਤ੍ਰਿਕ ਦੀ ਮੌਤ 'ਤੇ ਲਿਖਿਆ ਗਿਆ ਮੰਨਿਆ ਜਾਂਦਾ ਮਰਹੂਮ ਅੰਮ੍ਰਿਤਾ ਪ੍ਰੀਤਮ ਦਾ ਇਹ ਸ਼ੇਅਰ, ਸਵਾਲ-ਜਵਾਬ ਵਾਂਗ ਮੇਰੇ ਜ਼ਿਹਨ ਵਿਚ ਅਟਕ ਗਿਆ ਹੈ:

ਸੂਰਜ ਦੇਵਤਾ ਬੂਹੇ ਤੇ ਆਣ ਢੁੱਕਾ, ਕਿਸੇ ਕਿਰਣ ਨਾ ਉਠਕੇ ਤੇਲ ਚੋਇਆ।
ਤੇਰੀ ਮੌਤ ਨੇ ਇਕ ਸਵਾਲ ਪਾਇਆ, ਉਤਰ ਕਿਸੇ ਨਾ ਰੱਬ ਤੋਂ ਦੇਣ ਹੋਇਆ।

## ਯਾਦਾਂ ਦੇ ਝਰੋਖੇ 'ਚੋਂ: ਧੀਮੇ ਬੋਲਾਂ ਤੇ ਬੁਲੰਦ ਖਿਆਲਾਂ ਦਾ ਸ਼ਾਇਰ ਸੁਰਜੀਤ ਪਾਤਰ

(ਸਫਾ 17 ਦੀ ਬਾਕੀ)

ਇਨਸਾਨ ਦਸਦਿਆਂ ਸੁਰਜੀਤ ਪਾਤਰ ਨੇ ਉਸ ਦੀ ਨਿਡਰ ਤੇ ਨਿਰਪੱਖ ਪੱਤਰਕਾਰੀ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ, ''ਪ੍ਰੋ. ਗੰਡਮ ਨੇ ਸਾਰੀ ਉਮਰ ਅੰਗਰੇਜ਼ੀ ਪੜ੍ਹਾਈ ਹੈ ਅਤੇ ਪੱਤਰਕਾਰਤਾ ਵੀ ਅੰਗਰੇਜ਼ੀ ਦੀ ਹੀ ਕੀਤੀ ਹੈ। ਪਰ ਉਨ੍ਹਾਂ ਦਾ ਪੰਜਾਬੀ ਨਾਲ ਰਾਬਤਾ ਬੜਾ ਗੂੜ੍ਹਾ ਹੈ ਅਤੇ ਪੰਜਾਬੀ ਉਪਰ ਵੀ ਅਬੂਰ ਹੈ। ਉਨ੍ਹਾਂ ਨੇ 40-42 ਸਾਲਾਂ ਦੇ ਕਾਲਖੰਡ 'ਚ ਵੱਖਰੇ ਵੱਖਰੇ ਮਸਲਿਆਂ ਉਪਰ ਲਿਖੇ ਲੇਖਾਂ 'ਚੋਂ ਚੋਣਵੇਂ ਲੇਖਾਂ ਨੂੰ ਕਸ਼ੀਦ ਕਰ ਕੇ ਬਹੁਤ ਸੁਹਣੇ, ਦਿਲਚਸਪ ਲੇਖਾਂ ਦੀ ਸਾਰਥਕ ਕਿਤਾਬ ਲਿਖੀ ਹੈ''।

ਪ੍ਰਿੰ. ਸਰਵਣ ਸਿੰਘ ਨੇ ਕਿਹਾ, 'ਪ੍ਰੋ. ਗੰਡਮ ਦੀ ਵਾਰਤਕ ਬਹੁਤ ਅੱਡੀ, ਕਾਵਿਮਈ ਅਤੇ ਬਹੁਤ ਰਵਾਂ' ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਆਪਣੀ ਪੁਸਤਕ 'ਅੱਖੀਂ ਡਿੱਠਾ ਕਬੱਡੀ ਵਰਲਡ ਕੱਪ' ਵਿਚ ਪ੍ਰੋ. ਗੰਡਮ ਦੇ ਇਕ ਲੇਖ 'ਅਨੂਠਾ ਕਾਵਿ-ਸੰਸਾਰ ਹੈ ਕਬੱਡੀ ਦਾ' ਨੂੰ ਮੁਖਬੰਦ ਵਜੋਂ ਸ਼ਾਮਲ ਕੀਤਾ ਹੈ। ਉਨ੍ਹਾਂ ਇਹ ਪੁਸਤਕ ਲੇਖਕ ਨੂੰ ਭੇਟ ਵੀ ਕੀਤੀ।

ਡਾ. ਸੁਰਜੀਤ ਪਾਤਰ ਨੇ ਲੇਖਕ ਦੀ ਇਸ ਗੱਲ ਨਾਲ ਸਹਿਮਤੀ ਪ੍ਰਗਟਾਈ ਕਿ ਲੇਖਕ ਉਦਾਸ ਬੇਸ਼ੱਕ ਹੋਵੇ ਪਰ ਉਸ ਨੂੰ ਜਨਤਕ ਤੌਰ 'ਤੇ ਨਿਰਾਸ਼ ਹੋਣ ਦਾ ਕੋਈ ਹੱਕ ਨਹੀਂ। ਆਪਣੇ ਕਈ ਸ਼ੇਅਰਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਵੱਖ-ਵੱਖ ਪ੍ਰਸਥਿਤੀਆਂ ਅਤੇ ਮਨੋ-ਅਵਸਥਾਵਾਂ ਵਿਚ ਵੱਖਰੀਆਂ ਵੱਖਰੀਆਂ ਸਤਰਾਂ ਲਿਖੀਆਂ ਜਾਂਦੀਆਂ ਹਨ ਕਿਉਂਕਿ ਸ਼ਾਇਰ ਦੇ ਚੇਤਨ-ਅਵਚੇਤਨ-ਆਤਮਚੇਤਨ ਵਿਚ ਕਈ ਕੁਝ ਵਾਪਰਦਾ ਰਹਿੰਦਾ ਹੈ। ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿ ਵੱਖਰੀ ਮਨੋ-ਸਥਿਤੀ ਵਿਚ ਨਵੇਂ ਪੱਤੇ ਪੁੰਗਰ ਆਉਂਦੇ ਹਨ, ਉਨ੍ਹਾਂ ਮੰਨਿਆਂ, "ਮੇਰੀਆਂ ਲਾਈਨਾਂ 'ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ/ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ' ਵਿਚ ਕਿਤੇ ਨਾ ਕਿਤੇ ਉਦਾਸੀ ਝਲਕਦੀ ਹੈ ਪਰ ਨਾਲ ਹੀ ਦੂਸਰੀਆਂ ਸਤਰਾਂ ਵਿਚ ਆਸ ਦਾ ਝਲਕਾਰਾ ਵੀ ਹੈ 'ਬਲਦੇ ਹੱਥਾਂ ਨੇ ਜਿਹੜੇ ਹਵਾ ਵਿਚ ਲਿਖੇ/ਹਰਫ ਉਹੀ ਹਮੇਸ਼ਾ ਲਿਖੇ ਰਹਿਣਗੇ'। ਇਹ ਸਤਰਾਂ ਸੰਘਰਸ਼ ਦੀ ਨਿਰੰਤਰਤਾ ਅਤੇ ਸੰਘਰਸ਼ ਬਣੇ ਰਹਿਣ ਦੀ ਗੱਲ ਕਰਦੀਆਂ ਹਨ"।

ਉਨ੍ਹਾਂ ਹੋਰ ਕਿਹਾ, ''ਜੇ ਇਕ ਪਾਸੇ ਮੈਂ ਇਹ ਲਿਖਦਾਂ ਕਿ 'ਜੇ ਹਵਾ ਇਹ ਰਹੀ ਕਬਰਾਂ ਉਤੇ ਤਾਂ ਕੀ/ਸਭ ਘਰਾਂ 'ਚ ਦੀਵੇ ਬੁਝੇ ਰਹਿਣਗੇ' ਤਾਂ ਦੂਸਰੀ ਥਾਂ ਮੈਂ ਇਹ ਵੀ ਕਹਿਣਾ ਕਿ 'ਜਗਾ ਦੇ ਮੋਮਬੱਤੀਆਂ/ਉਠ ਜਗਾ ਦੇ ਮੋਮਬੱਤੀਆਂ/ ਇਹ ਤਾਂ ਇਥੇ ਵਗਦੀਆਂ ਹੀ ਰਹਿਣੀਆਂ ਪੌਣਾਂ ਕੁਪੱਤੀਆਂ''।

ਇਸੇ ਹੀ ਪ੍ਰਸੰਗ ਵਿਚ ਆਪਣੇ ਇਕ ਬਹੁਤ ਹੀ ਮਕਬੂਲ ਸ਼ੇਅਰ 'ਏਨਾ ਸੱਚ ਨਾ ਬੋਲ ਕਿ 'ਕੱਲਾ ਰਹਿ ਜਾਵੇਂ, ਚਾਰ ਕੁ ਬੰਦੇ ਛੱਡ ਲੈ ਮੋਢਾ ਦੇਣ ਲਈ' ਦਾ ਹਵਾਲਾ ਦਿੰਦਿਆਂ ਉਨ੍ਹਾਂ ਇਕ ਵੱਖਰੀ ਮਨੋ-ਅਵਸਥਾ ਵਿਚ ਲਿਖੀਆਂ ਸਤਰਾਂ ਕੋਟ ਕੀਤੀਆਂ-''ਝੂਠਿਆਂ ਦੀ ਭੀੜ ਦੇ ਵਿਚ ਸੱਚ ਕਹਿ ਕੇ ਜਦ ਇਕੱਲਾ ਰਹਿ ਗਿਆ/ਸਤਗੁਰਾਂ ਨੂੰ ਯਾਦ ਕੀਤਾ ਤਾਂ ਸਵਾ ਲੱਖ ਹੋ ਗਿਆ''।

(ਪ੍ਰੋ. ਗੰਡਮ ਵਲੋਂ ਇਸੇ ਹੀ ਕੜੀ ਵਿਚ ਉਨ੍ਹਾਂ ਦਾ ਇਕ ਹੋਰ ਸ਼ੇਅਰ 'ਸੱਚ ਕਹਿ ਦੇ ਪੀ ਲੈ ਵਿਸ਼ ਪਿਆਲਾ/ਦੇ ਦੇ ਜਾਨ ਮੁਕੰਮਲ ਹੋ ਜਾ' ਰੱਖੇ ਜਾਣ ਨਾਲ ਵੀ ਉਨ੍ਹਾਂ ਸਹਿਮਤੀ ਪ੍ਰਗਟਾਈ)।

ਆਪਣੀਆਂ ਹੋਰ ਸਤਰਾਂ ਦਾ ਹਵਾਲਾ ਦਿੰਦਿਆਂ ਸੁਰਜੀਤ ਪਾਤਰ ਨੇ ਕਿਹਾ ਕਿ ਉਨ੍ਹਾਂ ਦੀ ਨਜ਼ਮ 'ਇਹ ਨੇ ਅੱਜ ਕੱਲ੍ਹ' ਵਿਚਲੀਆਂ ਲਾਈਨਾਂ- 'ਮਾਤਮ/ਹਿੰਸਾ/ਖੌਫ/ਬੇਬਸੀ ਤੇ ਅਨਿਆਂ
ਇਹ ਨੇ ਅੱਜਕੱਲ੍ਹ,
ਮੇਰੇ ਪੰਜਾਂ ਦਰਿਆਵਾਂ ਦੇ ਨਾਂਅ।''

ਵਿਚਲੀ ਉਦਾਸੀ/ਨਿਰਾਸ਼ਤਾ ਦੀ 'ਅੰਡਰਕਰੰਟ' ਇਸੇ ਹੀ ਨਜ਼ਮ ਦੀਆਂ ਅਗਲੀਆਂ ਸਤਰਾਂ ਵਿਚ ਆਸ/ਉਮੀਦ ਵਿਚ ਤਬਦੀਲ ਹੋ ਜਾਂਦੀ ਹੈ-''ਜੋ ਹੁੰਦੇ ਸਨ/ਸਤਲੁਜ/ਬਿਆਸ/ਰਾਵੀ/ਜਿਹਲਮ ਅਤੇ ਝਨਾਂ/ ਪਰ ਜਿਹੜੇ ਇਕ ਦਿਨ ਹੋਵਣਗੇ/ਰਾਗ/ਸ਼ਾਇਰੀ/ਹੁਸਨ/ਮੁਹੱਬਤ ਅਤੇ ਨਿਆਂ/ਮੇਰੇ ਪੰਜਾਂ ਦਰਿਆਵਾਂ ਦੇ ਨਾਂਅ''।

ਫਿਰ ਉਨ੍ਹਾਂ ਦੋ ਟੁਕ ਗੱਲ ਕੀਤੀ-''ਅਸੀਂ ਆਪਣੇ ਬੱਚਿਆਂ ਲਈ ਉਦਾਸੀ ਅਤੇ ਨਿਰਾਸ਼ਾ ਦੀ 'ਲੈਗੇਸੀ' (ਵਿਰਾਸਤ) ਨਹੀਂ ਛੱਡ ਕੇ ਜਾ ਸਕਦੇ''!

ਡਾ. ਪਾਤਰ ਨੇ ਕਿਹਾ ਕਿ ਉਨ੍ਹਾਂ ਦੇ ਸ਼ੇਅਰ ਆਪਸ ਵਿਚ ਸੰਵਾਦ ਵੀ ਕਰਦੇ ਹਨ। ਆਪਣੇ ਹੇਠਲੇ ਸ਼ੇਅਰ ਸਮੇਤ ਉਨ੍ਹਾਂ ਕਈ ਹੋਰ ਸ਼ੇਅਰਾਂ ਦੇ ਹਵਾਲੇ ਦਿੱਤੇ-''ਮੈਂ ਰਾਹਾਂ 'ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ/ਯੁਗਾਂ ਤੋਂ ਕਾਫਲੇ ਆਉਂਦੇ, ਮੇਰੇ ਸੱਚ ਦੇ ਗਵਾਹ ਬਣਦੇ''।

ਫਿਰ ਉਨ੍ਹਾਂ ਪੁੱਛਿਆ ਕਿ ਇਹ ਕਿਵੇਂ ਪਤਾ ਲੱਗੇ ਕਿ ਮੇਰਾ ਰਸਤਾ ਸਹੀ ਹੈ? ਇਸ ਦਾ ਉੱਤਰ ਅਗਲਾ ਸ਼ੇਅਰ ਦਿੰਦਾ ਹੈ-
ਇਹ ਤਪਦੀ ਰੇਤ ਦੱਸਦੀ ਹੈ ਕਿ ਰਸਤਾ ਠੀਕ ਹੈ ਮੇਰਾ
ਕਿ ਸੜਦੇ ਪੈਰ, ਠਰਦੇ ਦਿਲ, ਮੇਰੇ ਸੱਚ ਦੇ ਗਵਾਹ ਬਣਦੇ।

ਸੁਰਜੀਤ ਪਾਤਰ ਨੇ ਆਪਣੀਆਂ ਕਈ ਰਚਨਾਵਾਂ ਤਰੰਨੁਮ ਵਿਚ ਸੁਣਾਈਆਂ ਤੇ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ।

ਸਭ ਨੇ ਉਨ੍ਹਾਂ ਨੂੰ 'ਸਟੈਂਡਿੰਗ ਓਵੇਸ਼ਨ' ਦਿੱਤੀ (ਸਨਮਾਨ ਵਿਚ ਖੜ੍ਹ ਕੇ ਤਾੜੀਆਂ ਮਾਰੀਆਂ)! ਇਸ ਸਮੇਂ ਪ੍ਰੋ. ਦਲਜੀਤ ਗੰਡਮ ਅਤੇ ਪ੍ਰੋ. ਅਨੁਦੀਪ ਗੋਰਾਇਆ ਵਲੋਂ ਪਾਤਰ ਸਾਹਿਬ ਨੂੰ ਲੋਈ ਅਤੇ ਫੁੱਲਾਂ ਦੇ ਗੁਲਦਸਤੇ ਨਾਲ ਸਨਮਾਨਤ ਕੀਤਾ ਗਿਆ।

ਅਖੀਰ ਵਿਚ ਸੁਰਜੀਤ ਪਾਤਰ ਨੇ ਆਪਣੇ ਨਾਲ ਵਾਪਰੀ ਇਕ ਦਿਲਚਸਪ ਘਟਨਾ ਸੁਣਾਈ, ਜਿਸ ਨੇ ਸਭ ਨੂੰ ਹੱਸਣ ਲਾ ਦਿੱਤਾ, ''ਜਦ ਵੀ ਮੇਰੀ ਕੋਈ ਬਹੁਤ ਸਿਫਤ ਕਰਦਾ ਹੈ ਤਾਂ ਮੈਨੂੰ 1994-95 ਦੀ ਇਕ ਘਟਨਾ ਯਾਦ ਆ ਜਾਂਦੀ ਹੈ। ਮੈਂ ਆਪਣੇ ਇਕ ਦੋਸਤ ਨਾਲ ਸਕੂਟਰ 'ਤੇ ਜਾ ਰਿਹਾ ਸੀ। ਪੰਜਾਬ ਦੇ ਹਾਲਾਤ ਅਜੇ ਖਰਾਬ ਹੀ ਸਨ। ਇਕ ਪੁਲ ਪਾਰ ਕਰਨ ਲੱਗੇ ਤਾਂ ਪੁਲਿਸ ਨੇ ਸਾਨੂੰ ਰੋਕ ਲਿਆ। ਮੇਰੇ ਦੋਸਤ ਨੇ ਪੁਲਿਸ ਵਾਲੇ ਨੂੰ ਕਿਹਾ ਕਿ ਇਹ ਸੁਰਜੀਤ ਪਾਤਰ ਹੈ, ਸਾਹਿਤ ਅਕੈਡਮੀ ਇਨਾਮ ਜੇਤੂ ਸ਼ਾਇਰ। ਪੁਲਿਸ ਵਾਲੇ ਨੇ ਬੜੇ ਗੌਰ ਨਾਲ ਮੇਰੇ ਵੱਲ ਦੇਖਿਆ ਤੇ ਫਿਰ ਬੋਲਿਆ, ''ਕੋਈ ਸਿਹਤ ਖਾਸ ਲੱਗਦੀ ਤਾਂ ਨਹੀਂ ਹੈਗੀ ਵੈਸੇ, ਚਲੋ ਮਿਲ ਗਿਆ ਹੋਊ ਸਿਹਤ ਅਕੈਡਮੀ ਐਵਾਰਡ''!

ਜ਼ਾਹਿਰ ਹੈ ਕਿ ਪੁਲਿਸ ਵਾਲਾ 'ਸਾਹਿਤ' ਨੂੰ 'ਸਿਹਤ' ਸਮਝ ਬੈਠਾ ਸੀ ਅਤੇ 'ਸਿਹਤ' ਦੇ ਇਸ ਪੁਰਸਕਾਰ ਨੂੰ ਸੁਰਜੀਤ ਪਾਤਰ ਦੇ ਛੀਂਟਕੇ ਜਿਹੇ ਸਰੀਰ ਨਾਲ ਮੇਲ ਕੇ ਆਂਕ ਰਿਹਾ ਸੀ!

ਇਸ ਦਾਨਿਸ਼ਵਰ ਅਤੇ ਦਾਰਸ਼ਨਿਕ ਸ਼ਾਇਰ ਨੂੰ, ਜੋ 11 ਮਈ ਸਵੇਰ ਸੁੱਤਾ ਹੀ ਰਹਿ ਗਿਆ, ਨੂੰ ਸਰਕਾਰੀ ਸਨਮਾਨ ਨਾਲ ਸਸਕਾਰ ਵੇਲੇ ਹੁਣ ਪੁਲਿਸ ਵਾਲੇ ਬੰਦੂਕਾਂ ਨਾਲ ਸਲਾਮੀ ਦੇਣਗੇ।

ਹਾਂ ਸੱਚ, ਸੁਰਜੀਤ ਪਾਤਰ ਨੇ ਆਪਣੀ ਜਨਮ-ਭੋਇੰ ਪੱਤੜ ਕਲਾਂ ਪਿੰਡ ਤੋਂ ਆਪਣੇ ਤਖ਼ੱਲੁਸ 'ਪੱਤੜ' ਨੂੰ 'ਪਾਤਰ' ਕਰਨ ਤੇ 'ਪੰਨ' (ਸ਼ਬਦ ਕਲੋਲ) ਕਰਦਾ ਇਕ ਸ਼ੇਅਰ ਵੀ ਸੁਣਾਇਆ-''ਹਮੇਸ਼ਾ ਲੋਚਿਆ ਬਣਨਾ, ਤੁਹਾਡੇ ਪਿਆਰ ਦੇ ਪਾਤਰ/ਕਦੇ ਨਾ ਸੋਚਿਆ ਆਪਾਂ ਕਿ ਅਹੁ ਬਣਦੇ ਜਾਂ ਆਹ ਬਣਦੇ''!

ਅਤੇ ਇਸ ਤੋਂ ਪਹਿਲਾ ਸ਼ੇਅਰ ਹੈ-
''ਜਦੋਂ ਤਕ ਲਫਜ਼ ਜਿਉਂਦੇ ਨੇ, ਸੁਖਨਵਰ ਜਿਓਣ ਮਰ ਕੇ ਵੀ
ਉਹ ਕੇਵਲ ਜਿਸਮ ਹੁੰਦੇ ਨੇ ਜੋ ਸਿਵਿਆਂ ਵਿਚ ਸੁਆਹ ਬਣਦੇ''!

# ਆਓ ਜਗਾਈਏ ਮੋਮਬੱਤੀਆਂ
# ਇਹ ਤਾਂ ਵਗਦੀਆਂ ਰਹਿਣੀਆਂ ਪੌਣਾਂ ਕੁਪੱਤੀਆਂ

ਸ਼ਬਦਾਂ ਦੀਆਂ ਮੋਮਬੱਤੀਆਂ ਨਾਲ ਦੋਵਾਂ ਪੰਜਾਬਾਂ ਦੀ ਸਰਹੱਦ ਰੌਸ਼ਨ ਕਰਨ ਵਾਲੇ ਪੰਜਾਬੀ ਦੇ ਸਿਰਮੌਰ ਕਵੀ 'ਸੁਰਜੀਤ ਪਾਤਰ' ਨੂੰ ਕੁਪੱਤੀਆਂ ਪੌਣਾਂ 11 ਮਈ 2024 ਨੂੰ ਗੂੜ੍ਹੀ ਨੀਂਦ ਵਿਚ ਸੁੱਤੇ ਨੂੰ ਹੀ ਉਡਾ ਲੈ ਗਈਆਂ। ਉਦੋਂ ਕੈਨੇਡਾ ਦੇ ਕੈਲਗਰੀ ਸ਼ਹਿਰ ਵਿਚ 10 ਮਈ ਦੀ ਸ਼ਾਮ ਸੀ ਜਦੋਂ ਇਹ ਖ਼ਬਰ ਪੰਜਾਬੀ ਪ੍ਰੇਮੀਆਂ ਨੂੰ ਗ਼ਮਗੀਨ ਕਰ ਗਈ। ਕਹਿੰਦੇ ਨੇ ਅਜੇ ਉਸ ਦਿਨ ਹੀ ਤਾਂ ਉਹ ਸਾਹਿਤਕ ਸਮਾਗਮ ਵਿਚ ਰਾਤਾਂ ਦੇ ਹਨੇਰਿਆਂ ਨੂੰ ਚੁਣੌਤੀਆਂ ਦੇ ਰਿਹਾ ਸੀ, 'ਹਨੇਰ ਨਾ ਸਮਝੇ ਕਿ ਚਾਨਣ ਡਰ ਗਿਆ ਏ, ਰਾਤ ਨਾ ਸੋਚੇ ਕਿ ਸੂਰਜ ਮਰ ਗਿਆ ਏ, ਉੱਠ ਜਗਾ ਦੇ ਮੋਮਬੱਤੀਆਂ।' ਅਫ਼ਸੋਸ! ਉਸ ਰਾਤ ਨੇ ਮਾਂ-ਬੋਲੀ ਪੰਜਾਬੀ ਦੇ ਪਿਆਰੇ ਸ਼ਾਇਰ ਨੂੰ ਸਦਾ ਲਈ ਬੁੱਕਲ ਵਿਚ ਲੈ ਲਿਆ। ਚੇਤਿਆਂ ਦਾ ਕਈ ਕੁਝ ਅੰਦਰ ਕੁਰਬਲ-ਕੁਰਬਲ ਕਰ ਰਿਹਾ ਹੈ।

ਸੰਨ 1975 ਦਾ ਮਈ ਦਾ ਮਹੀਨਾ ਸੀ।

**ਗੁਰਚਰਨ ਕੌਰ ਥਿੰਦ**
**ਫੋਨ: 403-402-9635**

ਮੇਰੇ ਐਮ.ਏ. (ਅੰਗਰੇਜ਼ੀ) ਦੇ ਦੂਜੇ ਸਾਲ ਦੇ ਇਮਤਿਹਾਨ ਦਾ ਸੈਂਟਰ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਿਚ ਬਣਿਆ ਸੀ। ਸਵੇਰੇ ਵੱਡੇ ਵੀਰ (ਜੋ ਕਿ ਯੂਨੀਵਰਸਿਟੀ ਵਿਚ ਐਮ. ਐਸ. ਸੀ. ਕਰ ਰਿਹਾ ਸੀ) ਨਾਲ ਆਪਣੇ ਪਿੰਡੋਂ ਪੇਪਰ ਦੇਣ ਲਈ ਗਈ। ਪੇਪਰ ਤੋਂ ਬਾਅਦ ਉਹਦੇ ਦੋਸਤ ਅਰਜਨ ਸਿੰਘ ਜੋਸਨ ਨੂੰ ਮਿਲੇ ਤਾਂ ਉਹ ਕਹਿੰਦੇ, 'ਚਲੋ, ਤੁਹਾਨੂੰ ਪਾਤਰ ਨਾਲ ਮਿਲਾਉਂਦੇ ਹਾਂ।' ਅੰਨ੍ਹਾ ਕੀ ਭਾਲੇ ਦੋ ਅੱਖਾਂ; ਵੱਡੇ ਵੀਰ ਨੂੰ ਕਈ ਵਾਰ ਪਾਤਰ ਦੀ ਗ਼ਜ਼ਲ 'ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ' ਗੁਣਗੁਣਾਉਂਦਿਆਂ ਸੁਣਿਆ ਸੀ। ਉਸ ਵੇਲੇ ਸੁਰਜੀਤ ਪਾਤਰ ਦੇ ਬੋਲ ਪੰਜਾਬੀ ਸਾਹਿਤ ਜਗਤ ਵਿਚ ਮਕਬੂਲ ਹੋ ਚੁੱਕੇ ਸਨ ਅਤੇ ਮੈਂ ਆਪਣੇ ਵੀਰੇ ਦੇ ਮੂੰਹੋਂ ਇਨ੍ਹਾਂ ਦੀ ਪ੍ਰਸ਼ੰਸਾ ਸੁਣੀ ਹੋਈ ਸੀ।


ਅਸੀਂ ਯੂਨੀਵਰਸਿਟੀ ਦੇ ਤਿੰਨ ਨੰਬਰ ਗੇਟ ਦੇ ਸਾਹਮਣੇ ਇਕ ਚੁਬਾਰੇ ਦੀਆਂ ਪੌੜੀਆਂ ਚੜ੍ਹ ਉਪਰ ਗਏ। ਦਰਵਾਜ਼ਾ ਖੁੱਲ੍ਹਾ ਹੀ ਸੀ। ਅਰਜਨ ਸਿੰਘ ਜੋਸਨ ਉਸ ਦੇ ਅਤਿ ਨੇੜਲੇ ਮਿੱਤਰਾਂ ਵਿਚੋਂ ਹੋਣ ਕਰਕੇ ਬਿਨਾਂ ਆਵਾਜ਼ ਦਿੱਤਿਆਂ ਅਸੀਂ ਤਿੰਨੇ ਅੰਦਰ ਲੰਘ ਗਏ। ਲੰਮ-ਸਲੰਮਾ, ਪਤਲਾ ਸੁਬਕ ਜਿਹਾ ਨੌਜੁਆਨ ਖੁੱਲ੍ਹੀ ਖਿੜਕੀ ਵੱਲ ਮੂੰਹ ਕਰੀ ਖੜ੍ਹਾ ਸੀ। ਸਾਡੇ ਕਦਮਾਂ ਦੀ ਆਹਟ ਸੁਣ ਉਸ ਪਿੱਛੇ ਭਉਂ ਕੇ ਵੇਖਿਆ। ਸੰਜੀਦਾ ਚਿਹਰੇ 'ਤੇ ਪਸਰੀ ਹਲਕੀ ਜਿਹੀ ਮੁਸਕਾਨ ਨਾਲ ਉਹ ਆਪਣੇ ਸਹਿਜ ਬੋਲਾਂ ਨਾਲ ਸਭ ਨੂੰ ਮੁਖਾਤਬ ਹੋਇਆ। ਕਮਰੇ ਵਿਚ ਚੁਫੇਰੇ ਨਿਗ੍ਹਾ ਮਾਰੀ। ਕੋਈ ਖਾਸ ਸਮਾਨ ਨਹੀਂ ਸੀ। ਪਰ ਇਕ ਅਲਮਾਰੀ ਦੇ ਖਾਨਿਆਂ ਵਿਚ ਕਰੀਨੇ ਨਾਲ ਚਿਣੀਆਂ ਕਿੰਨੀਆਂ ਸਾਰੀਆਂ ਕਿਤਾਬਾਂ ਮੇਰੇ ਲਈ ਖਾਸ ਖਿੱਚ ਦਾ ਕੇਂਦਰ ਬਣ ਗਈਆਂ। ਮੇਰੇ ਜ਼ਿਹਨ ਵਿਚ ਆਪਣੇ ਕੋਰਸ ਵਿਚਲੀ ਤਾਜ਼ੀ-ਤਾਜ਼ੀ ਪੜ੍ਹੀ 'ਜੌਹਨ ਸਵਿਫ਼ਟ' ਦੀ ਲਿਖੀ ਕਿਤਾਬ 'ਬੈਟਲ ਆਫ਼ ਬੁੱਕਸ' ਘੁੰਮ ਗਈ। ਜਿਸ ਵਿਚ ਪ੍ਰਾਚੀਨ ਤੇ ਨਵੀਨ ਸਾਹਿਤਕ ਕਿਤਾਬਾਂ ਦੇ ਕੰਫਲਿਕਟ ਦਾ ਵਰਣਨ ਸੀ। ਮੈਂ ਹੌਲੀ ਜਿਹੀ ਉਨ੍ਹਾਂ ਨੂੰ ਪੁੱਛਿਆ, 'ਇਹ ਕਿਤਾਬਾਂ ਆਪਸ ਵਿਚ ਲੜਦੀਆਂ ਨਹੀਂ?' 'ਕਿਉਂ?' ਉਹਦੇ ਬੋਲ ਹੈਰਾਨ ਹੋਏ। ਮੈਂ ਜੌਹਨ ਸਵਿਫ਼ਟ ਦੀ ਕਿਤਾਬ ਦਾ ਜ਼ਿਕਰ ਕਰ ਦਿੱਤਾ। ਮੈਨੂੰ ਅਜੇ ਵੀ ਯਾਦ ਹੈ ਪਾਤਰ ਜੀ ਨੇ ਕਿਹਾ, 'ਇਹ ਤਾਂ ਕਦੇ ਨਹੀਂ ਝਗੜੀਆਂ। ਨਾਲੇ ਪ੍ਰਾਚੀਨ ਸਾਹਿਤ ਦਾ ਆਪਣਾ ਸਥਾਨ ਹੈ ਤੇ ਨਵੀਨ ਦੀ ਆਪਣੀ ਜਗ੍ਹਾ। ਜ਼ਿਰ੍ਹਾ ਕਾਹਦੀ?'

ਬੱਸ ਐਨੇ ਕੁ ਲਫ਼ਜ਼ਾਂ ਦੀ ਮੁੱਢਲੀ ਸਾਂਝ ਸੀ। ਪਰ ਇਹ ਸਾਂਝ ਛੇਤੀ ਹੀ ਹੋਰ ਵਧੇ ਪੈ ਗਈ ਜਦੋਂ ਮੇਰਾ ਵਿਆਹ ਇਸੇ ਯੂਨੀਵਰਸਿਟੀ ਵਿਚ ਸਾਇਲ ਡਿਪਾਰਟਮੈਂਟ ਵਿਚ ਨੌਕਰੀ ਕਰਦੇ ਅਸਿਸਟੈਂਟ ਪ੍ਰੋਫੈਸਰ, ਸੁਖਵਿੰਦਰ ਸਿੰਘ ਥਿੰਦ ਨਾਲ ਹੋ ਗਿਆ। ਜਦੋਂ 1987 ਵਿਚ ਅਸੀਂ ਪੱਕੇ ਤੌਰ 'ਤੇ ਲੁਧਿਆਣਾ ਸ਼ਿਫ਼ਟ ਹੋ ਗਏ ਤਾਂ ਮੈਂ ਆਪਣੀ ਗ੍ਰਿਹਸਤੀ ਦੇ ਰੁਝੇਵਿਆਂ ਤੋਂ ਥੋੜ੍ਹਾ ਸੁਰਖ਼ੁਰੂ ਹੋ ਕਹਾਣੀਆਂ ਤੇ ਕਵਿਤਾਵਾਂ ਲਿਖਣ ਲੱਗ ਪਈ। ਮੇਰਾ ਪੰਜਾਬੀ ਭਵਨ ਵਿਚ 'ਸਿਰਜਣਧਾਰਾ' ਨਾਂ ਦੀ ਸਾਹਿਤਕ ਸੰਸਥਾ ਵਿਚ ਆਉਣਾ-ਜਾਣਾ ਹੋ ਗਿਆ ਤਾਂ ਉਥੇ ਮਹੀਨਾਵਾਰ ਮੀਟਿੰਗ ਵਿਚ ਕਦੇ ਕਦਾਈਂ ਇਨ੍ਹਾਂ ਦੀ ਹਾਜ਼ਰੀ ਮੇਲ ਦਾ ਸਬੱਬ ਬਣ ਜਾਂਦੀ। ਜਦੋਂ ਮੈਂ ਕਿਤਾਬ ਜੋਗੀਆਂ ਕਹਾਣੀਆਂ ਲਿਖ ਲਈਆਂ ਅਤੇ ਸਾਲ 2001 ਵਿਚ ਮੇਰੀ 'ਪ੍ਰਛਾਵਿਆਂ ਦੀ ਮਹਿਕ' ਨਾਂ ਦੀ ਪਹਿਲੀ ਕਿਤਾਬ ਛਪੀ ਤਾਂ ਮੈਂ ਥਿੰਦ ਸਾਹਿਬ ਨੂੰ ਨਾਲ ਲੈ ਇਨ੍ਹਾਂ ਦੇ ਘਰ ਆਪਣੀ ਕਿਤਾਬ ਦੇਣ ਗਈ ਅਤੇ ਕਿਤਾਬ ਦੇ ਰਿਲੀਜ਼ ਸਮਾਗਮ ਦੀ ਪ੍ਰਧਾਨਗੀ ਕਰਨ ਦੀ ਗੱਲ ਵੀ ਥੋੜ੍ਹਾ ਝਕਦਿਆਂ ਆਖ ਦਿੱਤੀ। ਪਰ ਉਨ੍ਹਾਂ ਉਸੇ ਵੇਲੇ ਸਮਾਗਮ ਦਾ ਦਿਨ, ਸਮਾਂ ਤੇ ਸਥਾਨ ਨੋਟ ਕਰ ਆਪਣੀ ਪਹੁੰਚ ਯਕੀਨੀ ਬਣਾ ਦਿੱਤੀ। ਮੇਰੇ ਲਈ ਸੱਚੀਂ ਇਹ ਖੁਸ਼ੀ ਤੇ ਫ਼ਖ਼ਰ ਵਾਲੀ ਗੱਲ ਰਹੀ ਹੈ ਕਿ ਮੇਰੀ ਪਲੇਠੀ ਰਚਨਾ ਐਨੇ ਵੱਡੇ ਸਾਹਿਤਕਾਰ ਦੇ ਹੱਥੋਂ ਲੋਕ-ਅਰਪਣ ਹੋਈ। ਉਸ ਦਿਨ ਉਨ੍ਹਾਂ ਦੀ ਪਤਨੀ ਭੁਪਿੰਦਰ ਕੌਰ ਨਾਲ ਵੀ ਮੇਲ ਹੋਇਆ। ਬੜੀ ਸਾਊ ਸੁਸ਼ਖਸੀਅਤ ਦੀ ਮਾਲਕ ਬਾਰੇ ਬਾਅਦ ਵਿਚ ਪਤਾ ਲੱਗਾ ਕਿ ਉਹ ਗਾਉਂਦੀ ਵੀ ਬੜਾ ਸੁਰੀਲਾ ਹੈ। ਸਾਡੇ ਬੈਠਿਆਂ ਤੋਂ ਉਨ੍ਹਾਂ ਦਾ ਵੱਡਾ ਬੇਟਾ ਵੀ ਹੱਥ ਵਿਚ ਬੈਟ ਜਾਂ ਸ਼ਾਇਦ ਹਾਕੀ ਫੜੀ ਬਾਹਰੋਂ ਅੰਦਰ ਆ ਸਭ ਨੂੰ ਮਿਲਿਆ।

ਇੱਕ ਵਾਰ ਸੁਰਜੀਤ ਪਾਤਰ ਹੁਰਾਂ ਪ੍ਰਸਿੱਧ ਨਾਵਲਕਾਰ ਗੁਰਦਿਆਲ ਸਿੰਘ ਦਾ ਰੂਬਰੂ ਕਰਵਾਉਣ ਲਈ ਉਨ੍ਹਾਂ ਨੂੰ ਯੂਨੀਵਰਸਿਟੀ ਵਿਚ ਬੁਲਾਇਆ ਸੀ। ਮੈਂ ਉਦੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾਖਾ, ਲੁਧਿਆਣਾ ਵਿਚ ਪੜ੍ਹਾਉਂਦੀ ਸੀ। ਸਕੂਲ ਜਾ ਕੇ ਹੀ ਮੈਨੂੰ ਇਸ ਬਾਰੇ ਪਤਾ ਚਲਿਆ। ਮਹਾਨ ਨਾਵਲਕਾਰ ਗੁਰਦਿਆਲ ਸਿੰਘ ਅਤੇ ਸ਼ਾਇਰ ਸੁਰਜੀਤ ਪਾਤਰ ਦਾ ਇਹ ਸਾਂਝਾ ਪ੍ਰੋਗਰਾਮ ਤਾਂ ਮੈਂ ਕਿਸੇ ਕੀਮਤ 'ਤੇ ਖੁੰਝਾਉਣਾ ਨਹੀਂ ਸੀ। ਸੋ ਉਸੇ ਵੇਲੇ ਛੁੱਟੀ ਲਈ ਅਤੇ ਆਪਣੀ ਲੂਨਾ ਆਡੀਟੋਰੀਅਮ ਅੱਗੇ ਲਿਆ ਪਾਰਕ ਕੀਤੀ। ਮੇਰੇ ਚੇਤਿਆਂ ਵਿਚ ਅੱਜ ਤੱਕ ਉਹ ਸਾਹਿਤਕ ਮੰਜ਼ਰ ਜਿਉਂ ਦਾ ਤਿਉਂ ਸਜੀਵ ਹੈ। ਸੁਰਜੀਤ ਪਾਤਰ ਦਾ ਮੰਚ ਸੰਚਾਲਨ, ਸਰੋਤਿਆਂ ਵਲੋਂ ਗੁਰਦਿਆਲ ਸਿੰਘ ਹੁਰਾਂ ਨਾਲ ਸਵਾਲ-ਜੁਆਬ, ਮੇਰੇ ਲਈ ਇਹ ਵੱਖਰਾ ਹੀ ਸਾਹਿਤਕ ਅਨੁਭਵ ਸੀ। ਮੈਂ ਵੀ ਇੱਕ ਪੁੱਛ ਸਾਂਝੀ ਕੀਤੀ ਕਿ 'ਕਹਾਣੀਆਂ ਤੇ ਨਾਵਲਾਂ ਦੇ ਪਾਤਰ ਸਾਡੇ ਆਲੇ ਦੁਆਲੇ ਵਿਚਰਦੇ ਲੋਕਾਂ ਵਿਚੋਂ ਹੀ ਹੁੰਦੇ ਹਨ। ਕੀ ਕਦੇ ਇੰਜ ਹੋਇਆ ਕਿ ਤੁਹਾਡੇ ਕਿਸੇ ਜਾਣੂ ਨੇ ਤੁਹਾਡੇ ਨਾਲ ਗੁੱਸਾ ਕੀਤਾ ਹੋਵੇ ਕਿ ਤੂੰ ਮੇਰੇ ਬਾਰੇ ਕਿਉਂ ਲਿਖਿਆ?' ਤਾਂ ਗੁਰਦਿਆਲ ਸਿੰਘ ਦਾ ਜੁਆਬ ਸੀ, 'ਮੇਰੇ ਪਾਤਰ ਬਣਨ ਵਾਲੇ ਲੋਕ ਅਨਪੜ੍ਹ ਹਨ। ਉਹ ਪੜ੍ਹ ਹੀ ਨਹੀਂ ਸਕਦੇ ਕਿ ਮੈਂ ਉਨ੍ਹਾਂ ਬਾਰੇ ਕੀ ਲਿਖਿਆ ਹੈ?' (ਉਦੋਂ ਤੱਕ ਮੇਰੀਆਂ ਦੋ ਕਿਤਾਬਾਂ ਛਪ ਚੁੱਕੀਆਂ ਸਨ ਅਤੇ ਮੈਂ ਇਸ ਤਰ੍ਹਾਂ ਦੀ ਨਾਰਾਜ਼ਗੀ ਦਾ ਸਾਹਮਣਾ ਕਰ ਚੁੱਕੀ ਸਾਂ)

ਖ਼ੈਰ! ਉਦੋਂ ਤਾਂ ਆਮ ਵਾਂਗ ਰੂਬਰੂ ਅੱਗੇ ਚਲਦਾ ਰਿਹਾ। ਪ੍ਰੰਤੂ ਸਮਾਗਮ ਦੀ ਸਮਾਪਤੀ 'ਤੇ ਪਾਤਰ ਜੀ ਨਾਲ ਸਤਿ ਸ੍ਰੀ ਅਕਾਲ ਹੋਈ ਤਾਂ ਕਹਿੰਦੇ, "ਤੂੰ ਬੜਾ ਵਧੀਆ ਸੁਆਲ ਪੁੱਛਿਆ।" ਉਨ੍ਹਾਂ ਦਾ ਇੰਜ ਆਖਣਾ ਮੇਰੀ ਹਾਜ਼ਰੀ ਨੂੰ ਸਾਰਥਕ ਕਰ ਗਿਆ ਲੱਗਾ। ਸੱਚੀ ਗੱਲ ਹੈ ਕਿ ਉਸ ਵੇਲੇ ਤੱਕ ਮੈਨੂੰ ਆਪਣੀ ਲੇਖਣੀ ਤੇ ਬੋਲਣੀ 'ਤੇ ਖ਼ੁਦ ਨੂੰ ਵੀ ਬਹੁਤਾ ਯਕੀਨ ਨਹੀਂ ਸੀ। ਪਾਤਰ ਜੀ ਨੂੰ ਸ਼ਾਇਦ ਚੇਤਾ ਆ ਗਿਆ ਸੀ ਕਹਿਣ ਲੱਗੇ, "ਗੁਰਚਰਨ, ਮੈਂ ਤੇਰੀ ਕਿਤਾਬ ਬਾਰੇ ਆਰਟੀਕਲ ਲਿਖਿਆ ਸੀ। ਕਿਸੇ ਵੇਲੇ ਆ ਕੇ ਲੈ ਜਾਣਾ।" ਕਿਤਾਬ ਦੇ ਰਿਲੀਜ਼ ਮੌਕੇ ਉਨ੍ਹਾਂ ਬਹੁਤ ਵਧੀਆ ਟਿੱਪਣੀਆਂ ਕੀਤੀਆਂ ਸਨ ਪਰ ਮੇਰੇ ਤਾਂ ਚਿੱਤ ਚੇਤੇ ਵੀ ਨਹੀਂ ਸੀ ਕਿ ਉਨ੍ਹਾਂ ਉਸ ਬਾਰੇ ਲਿਖਿਆ ਸੰਭਾਲਿਆ ਹੋਇਆ ਸੀ।

ਕਈ ਵਾਰ ਮਨ ਬਣਾਇਆ ਕਿ ਉਨ੍ਹਾਂ ਦੇ ਘਰ ਜਾ ਕੇ ਲੈ ਆਵਾਂ। ਬੱਸ ਸਬੱਬ ਹੀ ਨਹੀਂ ਬਣਿਆ। ਤੇ ਜਦੋਂ ਆਪਣੀ ਬੇਟੀ ਅਤੇ ਬਾਅਦ ਵਿਚ ਬੇਟੇ ਦੇ ਵਿਆਹ ਦਾ ਕਾਰਡ ਦੇਣ ਗਏ ਤਾਂ ਫਿਰ ਝਾਕਾ ਜਿਹਾ ਹੀ ਹੋ ਗਿਆ ਕਿ ਹੁਣ ਕਿਵੇਂ ਆਖਾਂ? ਮੈਨੂੰ ਲਗਦਾ ਸ਼ਾਇਦ ਅਜੇ ਵੀ ਉਨ੍ਹਾਂ ਦਾ ਲਿਖਿਆ ਉਹ ਲੇਖ ਕਿਤੇ ਨਾ ਕਿਤੇ ਉਨ੍ਹਾਂ ਦੇ ਕਾਗਜ਼ਾਂ ਵਿਚ ਜ਼ਰੂਰ ਪਿਆ ਹੋਣਾ। ਐਨਾ ਸੁਹਿਰਦ ਬੰਦਾ ਆਪਣੀ ਲਿਖਤ ਸੁੱਟ ਪਾਉਣ ਵਾਲਾ ਨਹੀਂ ਹੋ ਸਕਦਾ। ਥਿੰਦ ਸਾਹਿਬ ਦੇ ਯੂਨੀਵਰਸਿਟੀ ਵਿਚ ਅਤੇ ਮੇਰੇ ਲੇਖਕ ਹੋਣ ਨੇ ਸਾਡੇ ਘਰੇਲੂ ਮੇਲ-ਮਿਲਾਪ ਵਾਲੇ ਸਬੰਧ ਬਣਾ ਦਿੱਤੇ ਸਨ। ਮੇਰੇ ਬੱਚਿਆਂ ਦੇ ਵਿਆਹ ਵਿਚ ਉਨ੍ਹਾਂ ਦੀ ਸ਼ਮੂਲੀਅਤ ਅਤੇ ਉਨ੍ਹਾਂ ਦੇ ਵੱਡੇ ਬੇਟੇ ਦੇ ਵਿਆਹ ਵਿਚ ਸਾਡਾ ਜਾਣਾ ਮਹਿਜ਼ ਜਾਣ-ਪਛਾਣ ਨਾ ਰਹਿ ਕੇ ਸਕੀਰੀ ਵਾਂਗ ਹੋ ਗਏ। ਜਦੋਂ ਅਸੀਂ ਇੱਥੇ ਕੈਲਗਰੀ ਆ ਗਏ ਤਾਂ ਉਹ ਜਦੋਂ ਵੀ ਇਥੇ ਆਉਂਦੇ ਤਾਂ ਸਾਡੇ ਵਲੋਂ ਉਨ੍ਹਾਂ ਦੇ ਸਤਿਕਾਰ ਵਿਚ ਸਜਾਈ ਮਹਿਫ਼ਲ ਵਿਚ ਪਹੁੰਚਣ ਨੇ ਸਾਡੇ ਆਪਸੀ ਮੇਲ-ਮਿਲਾਪ ਦੀ ਲਗਾਤਾਰਤਾ ਬਣਾਈ ਰੱਖੀ।



*ਮਈ 2023 ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਅਰਤਿੰਦਰ ਸੰਧੂ ਦੇ ਕਾਵਿ-ਸੰਗ੍ਰਹਿ ਦੇ ਲੋਕ-ਅਰਪਣ ਮੌਕੇ ਡਾ. ਸੁਰਜੀਤ ਪਾਤਰ ਨੂੰ ਆਪਣੇ ਦੋ ਨਾਵਲ (ਸਾਇੰਸ ਫਿਕਸ਼ਨ) ਭੇਟ ਕਰਦੇ ਹੋਏ ਗੁਰਚਰਨ ਕੌਰ ਥਿੰਦ।*

ਪਿਛਲੇ ਸਾਲ ਅਸੀਂ ਪਾਕਿਸਤਾਨ ਗਏ। ਉਥੇ ਜਾਣੀ-ਮਾਣੀ ਸੋਸ਼ਲ ਐਕਟੀਵਿਸਟ ਦੀਪ ਸਾਈਦਾ ਨਾਲ ਮੁਲਾਕਾਤ ਹੋਈ। ਉਹ ਬੜੇ ਉਮਾਹ ਨਾਲ ਸਾਲ 2001 ਦੇ 14-15 ਅਗਸਤ ਦੀ ਰਾਤ ਨੂੰ ਪਹਿਲੀ ਵਾਰ ਭਾਰਤ ਵਾਲੇ ਪਾਸਿਓਂ ਕੁਲਦੀਪ ਨਈਅਰ ਤੇ ਸੀਤਾ ਰਾਮ ਯੇਚੁਰੀ ਅਤੇ ਪਾਕਿਸਤਾਨ ਵਾਲੇ ਪਾਸਿਓਂ ਸੈਨੇਟਰ ਐਸ. ਐਲ. ਖੋਸਾ ਅਤੇ ਹੋਰ ਪਤਵੰਤਿਆਂ ਦੁਆਰਾ ਵਾਹਗਾ ਸਰਹੱਦ 'ਤੇ ਮੋਮਬੱਤੀਆਂ ਜਗਾਉਣ ਦੀ ਗੱਲ ਕਰ ਰਹੀ ਸੀ। ਦੀਪ ਸਾਈਦਾ ਨੇ ਦੱਸਿਆ ਕਿ ਉਹ ਵੀ ਉਸ ਵੇਲੇ ਉਥੇ ਸੀ। ਤਾਂ ਅਸਾਂ ਦੋਵਾਂ ਰਲ ਕੇ ਪਾਤਰ ਜੀ ਦਾ 'ਆਓ ਜਗਾਈਏ ਮੋਮਬੱਤੀਆਂ, ਇਹ ਤਾਂ ਵਗਦੀਆਂ ਰਹਿਣੀਆਂ ਪੌਣਾਂ ਕੁਪੱਤੀਆਂ' ਗੀਤ ਗਾਇਆ ਅਤੇ ਅਰਦਾਸ ਕੀਤੀ ਕਿ ਦੋਵਾਂ ਪੰਜਾਬਾਂ ਵਿਚਲਾ ਸਰਹੱਦ ਦਾ ਰਾਹ ਮੋਕਲਾ ਹੋ ਜਾਵੇ, ਲੋਕ ਅਰਾਮ ਨਾਲ ਆ-ਜਾ ਸਕਣ ਤੇ ਚੀਜ਼ਾਂ ਵਸਤਾਂ ਦਾ ਲੈਣ ਦੇਣ ਸੌਖਾ ਹੋ ਜਾਵੇ।

ਉਦੋਂ ਹੀ ਮਈ ਮਹੀਨੇ ਪਾਤਰ ਸਾਹਿਬ ਨਾਲ ਮੇਲ ਹੋਇਆ। ਪੰਜਾਬੀ ਭਵਨ, ਲੁਧਿਆਣਾ ਵਿਚ ਅਰਤਿੰਦਰ ਸੰਧੂ ਦੀ ਕਿਤਾਬ ਦਾ ਰਿਲੀਜ਼ ਸਮਾਗਮ ਸੀ। ਅਸੀਂ ਦੋਵੇਂ ਜੀਅ ਸ਼ਾਮਲ ਹੋਏ। ਮੈਂ ਆਪਣੇ ਸਾਇੰਸ ਦੇ ਵਿਸ਼ੇ 'ਤੇ ਆਧਾਰਤ ਨਾਵਲ 'ਚੰਦਰਯਾਨ ਤਿਸ਼ਿਕਨ ਅਤੇ ਮਿਸ਼ਨ ਰੈੱਡ ਸਟਾਰ' ਉਨ੍ਹਾਂ ਨੂੰ ਦਿੱਤੇ। ਨਾਵਲਾਂ ਦੇ ਟਾਈਟਲ ਵੇਖ ਉਨ੍ਹਾਂ ਮੇਰੇ ਇਸ ਯਤਨ ਦੀ ਸ਼ਲਾਘਾ ਕੀਤੀ ਅਤੇ ਕਿਹਾ ਮੈਂ ਇਨ੍ਹਾਂ ਬਾਰੇ ਅਖ਼ਬਾਰ ਵਿਚ ਪੜ੍ਹਿਆ ਹੈ। ਮੈਂ ਕਿਹਾ ਕਿ 'ਹੁਣ ਇਹ ਕਿਤਾਬਾਂ ਪੜ੍ਹਨਾ ਜ਼ਰੂਰ' ਤਾਂ ਉਨ੍ਹਾਂ ਦਾ ਹੁੰਗਾਰਾ ਬੜਾ ਹਾਂ-ਪੱਖੀ ਸੀ। ਮੈਨੂੰ ਪੱਕਾ ਯਕੀਨ ਹੈ ਕਿ ਉਨ੍ਹਾਂ ਕਿਤਾਬਾਂ ਜ਼ਰੂਰ ਪੜ੍ਹੀਆਂ ਹੋਣੀਆਂ ਅਤੇ ਕਿਤੇ ਨਾ ਕਿਤੇ ਟਿੱਪਣੀਆਂ ਵੀ ਕੀਤੀਆਂ ਹੋਣੀਆਂ। ਮੇਰੀ ਪਹਿਲੀ ਕਿਤਾਬ ਬਾਰੇ ਵੀ ਜਦੋਂ ਉਹ ਬੋਲ ਰਹੇ ਸਨ ਤਾਂ ਉਨ੍ਹਾਂ ਨੇ ਕਿਤਾਬ ਦੇ ਵੱਖ-ਵੱਖ ਪੰਨਿਆਂ 'ਤੇ ਹੀ ਕਿਤੇ ਕਿਤੇ ਲਿਖਿਆ ਹੋਇਆ ਸੀ। ਮੇਰੀ ਵੀ ਪੁਰਾਣੀ ਆਦਤ ਹੈ ਕਿ ਕਿਸੇ ਵੀ ਕਿਤਾਬ ਨੂੰ ਪੜ੍ਹਾਂ ਤੇ ਉਸਦੇ ਪੰਨਿਆਂ 'ਤੇ ਹੀ ਟਿੱਪਣੀਆਂ ਲਿਖ ਲੈਂਦੀ ਹਾਂ। (ਕਾਲਜ ਦੀ ਪੜ੍ਹਾਈ ਵੇਲੇ ਖਾਸ ਤੌਰ 'ਤੇ ਮੇਰੇ ਨੋਟਸ ਮੇਰੀ ਕਿਤਾਬ ਹੀ ਹੁੰਦੀ ਸੀ) ਹੁਣ ਵੀ ਜਿਸ ਕਿਤਾਬ ਬਾਰੇ ਮੈਂ ਰਾਏ ਦੇਣੀ ਜਾਂ ਲਿਖਣੀ ਹੋਵੇ ਉਹ ਅੱਧੀ ਕੁ ਕਾਲੀ ਕਰ ਲੈਂਦੀ ਹਾਂ।

ਐਨਾ ਨੇੜਿਓਂ ਤੱਕਿਆ ਉਹ ਅਜ਼ੀਮ ਸ਼ਖ਼ਸ ਐਸ ਵਾਰ ਜਦੋਂ ਲੁਧਿਆਣੇ ਜਾਣਾ ਤਾਂ ਉਸ ਨੇ ਮਿਲਣਾ ਨਹੀਂ। ਇਹ ਸੋਚ ਅੰਦਰ ਖੋਹ ਜਿਹੀ ਪਾਉਂਦੀ ਹੈ। ਬਹੁਤ ਲੋਕਾਂ ਨੂੰ ਮਿਲੀਦਾ ਹੈ ਪਰ ਕੁਝ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਹਰ ਵਾਰ, ਬਾਰ-ਬਾਰ ਮਿਲਣਾ ਚੰਗਾ ਲਗਦਾ ਹੈ। ਸੁਰਜੀਤ ਪਾਤਰ ਅਜਿਹੇ ਹੀ ਸੁਹਿਰਦ ਵਿਅਕਤੀ ਸਨ।

'ਜੇ ਆਈ ਪੱਤਝੜ ਤਾਂ ਫੇਰ ਕੀ ਹੈ
ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ
ਮੈਂ ਲੱਭ ਕੇ ਕਿਤਿਓਂ ਲਿਆਉਨਾਂ ਕਲਮਾਂ
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।'


ਬੇਅੰਤ ਇਨਾਮਾਂ ਸਨਮਾਨਾਂ ਨਾਲ ਨਿਵਾਜਿਆ, ਕਈ ਉਚ ਅਹੁਦਿਆਂ 'ਤੇ ਰਹਿ ਪੰਜਾਬੀ ਮਾਂ-ਬੋਲੀ ਦੀ ਬੇਹਤਰੀ ਲਈ ਸੋਚਦਾ, ਉਲੀਕਦਾ ਤੇ ਕਾਰਜ ਨੇਪਰੇ ਚਾੜ੍ਹਦਾ, ਸਮਾਜ ਦੀਆਂ ਊਣਾਂ ਨੂੰ ਸ਼ਬਦਾਂ ਵਿਚ ਪਰੋਣ ਵਾਲਾ ਉਹ ਆਸ਼ਾਵਾਦੀ ਕਵੀ ਅਸਾਧਾਰਨ ਵਿਅਕਤੀ ਬਣ ਸੰਸਾਰਕ ਯਾਤਰਾ ਪੂਰੀ ਕਰ ਗਿਆ ਹੈ। ਉਹਦੇ ਬੋਲਾਂ ਦਾ ਤੱਥ, ਸੱਚ ਬਣ ਸਾਡੇ ਰੂਬਰੂ ਹੈ:

ਦੁਨੀਆਂ ਨੇ ਵਸਦੀ ਰਹਿਣਾ ਏ ਸਾਡੇ ਬਗੈਰ ਵੀ
ਤੂੰ ਐਵੇਂ ਤਪਿਆ, ਤੜਪਿਆ ਤੇ ਉਲਝਿਆ ਨਾ ਕਰ।

ਅਲਵਿਦਾ! ਨੇੜਿਓਂ ਤੱਕੇ ਸ਼ਾਇਰ ਸੁਰਜੀਤ ਪਾਤਰ ਜੀ ਨੂੰ!

# ਅਲਵਿਦਾ ਪਾਤਰ

1968 ਦਾ ਸਾਲ। ਮੈਂ ਗਿਆਰ੍ਹਵੀਂ ਜਮਾਤ ਦਾ, ਪਾਤਰ ਐਮ.ਏ. ਦਾ ਵਿਦਿਆਰਥੀ। ਲਾਲੀ ਦੀ ਹਵੇਲੀ, ਬਹੇੜਾ ਰੋਡ ਪਟਿਆਲਾ ਵਿਚ ਮੈਂ ਤਬੇਲੇ ਦਾ ਬਾਸ਼ਿੰਦਾ। ਸਾਹਿਤਕਾਰਾਂ, ਸ਼ਾਇਰਾਂ, ਰੰਗਕਰਮੀਆਂ ਦੇ ਪੂਰਾਂ ਦੇ ਪੂਰ ਬੱਦਲਾਂ ਵਾਂਗ ਆਣ ਉਤਰਦੇ। ਹਰਪਾਲ ਟਿਵਾਣਾ, ਵਿਸ਼ਵਨਾਥ ਤਿਵਾੜੀ, ਸੁਤਿੰਦਰ ਨੂਰ, ਦਲੀਪ ਕੌਰ ਟਿਵਾਣਾ, ਅੰਮ੍ਰਿਤਾ ਪ੍ਰੀਤਮ,



**ਪ੍ਰੋ. ਹਰਪਾਲ ਸਿੰਘ ਪੰਨੂ**
**ਫੋਨ: +91-94642-51454**

ਸੁਰਜੀਤ ਲੀ। ਮੇਰੀ ਡਿਊਟੀ ਚਾਹ ਪਾਣੀ ਪਿਲਾਉਣ ਦੀ। ਭੁੱਖ ਲੱਗੀ ਢਾਬੇ ਤੋਂ ਦਾਲ ਰੋਟੀ ਲਿਆਉਣ ਦੀ।

ਵੱਡੀ ਟੇਪ ਰਿਕਾਰਡ ਦੇ ਵੱਡੇ ਵੱਡੇ ਸਪੂਲ ਚਰਖੀਆਂ ਘੁੰਮਦੀਆਂ। ਸ਼ਿਵ ਕੁਮਾਰ ਦੀ ਆਵਾਜ਼ ਰਿਕਾਰਡ ਹੋ ਰਹੀ ਹੈ, ਕਦੀ ਸੁਰਜੀਤ ਪਾਤਰ ਦੀ। ਹਰਪਾਲ ਟਿਵਾਣਾ ਲੋਰਕਾ ਦੀ ਅੱਗ ਦੇ ਕਲੀਰੇ ਵਿਚਲੇ ਸੰਵਾਦ ਗੱਜਵੀਂ ਆਵਾਜ਼ ਵਿਚ ਰਿਕਾਰਡ ਕਰਵਾ ਰਿਹਾ।

ਸੋਮਪਾਲ ਹੀਰਾ ਆਖਦਾ- ਪੰਜਾਬਣਾਂ ਸੁਹਣੀਆਂ ਹਨ। ਘਰਾਂ ਵਿਚ ਖੇਤਾਂ ਵਿਚ ਸਖ਼ਤ ਮਿਹਨਤ ਕਰਦੀਆਂ ਹਨ। ਇਸ਼ਕ ਕਰਦੀਆਂ ਜਾਨ ਵਾਰ ਦਿੰਦੀਆਂ ਹਨ। ਮਰਦ ਧਰਮਯੁੱਧ ਵਿਚਕਾਰੇ ਛੱਡ ਕੇ ਘਰੀਂ ਪਰਤ ਆਉਣ ਤਾਂ ਇਹ ਦੁਬਾਰਾ ਯੁੱਧ ਵਿਚ ਲਿਜਾ ਕੇ ਚਾਲੀ ਯੋਧਿਆਂ ਨੂੰ ਮੁਕਤਿਆਂ ਦਾ ਰੁਤਬਾ ਦਿਵਾਉਂਦੀਆਂ ਹਨ। ਜੋ ਕੰਮ ਇਹ ਕਰ ਨਹੀਂ ਸਕਦੀਆਂ ਉਹ ਇਹ ਕਿ ਮੀਰਾਂਬਾਈ ਵਾਂਗ ਪੈਰਾਂ 'ਤੇ ਘੁੰਗਰੂ ਬੰਨ੍ਹ ਕੇ ਪੱਥਰ ਦੇ ਬੁੱਤ ਅੱਗੇ ਨਾਚ ਨਹੀਂ ਕਰ ਸਕਦੀਆਂ।

ਕੁਲਵੰਤ ਗ੍ਰੇਵਾਲ ਗੀਤ ਦਾ ਸੁਰ ਛੇੜਦਾ-
ਨੱਦੀਆਂ ਘੁੱਟ ਹਾਸੇ ਦੇ
ਗੱਭਰੂ ਘੁੱਟ ਚਾਨਣ ਦੇ
ਕਿਸ ਦੌਰ 'ਚ ਗੁੰਮ ਹੋਈ
ਮਹਿਫਲ ਸੁਲਤਾਨਾ ਦੀ।

# ਪੰਜਾਬੀ ਸ਼ਾਇਰੀ ਦਾ ਬਾਦਸ਼ਾਹ ਸੁਰਜੀਤ ਪਾਤਰ

ਸੁਰਜੀਤ ਪਾਤਰ ਸ਼ਬਦਾਂ ਅਤੇ ਖਿਆਲਾਂ ਦਾ ਅਥਾਹ ਸਮੁੰਦਰ ਸੀ। ਕਵਿਤਾ ਦਾ ਨਿਰੰਤਰ ਵਗਦਾ ਦਰਿਆ ਸੀ। ਮਿੱਠ-ਬੋਲੜਾ, ਕੋਮਲ ਦਿਲ। ਨਿੱਕੇ ਜਿਹੇ ਸਰੀਰ 'ਚ ਉਹ ਪਤਾ ਨਹੀਂ ਕਿੰਨੇ ਕੁ ਤੂਫਾਨ ਲਈ ਫਿਰਦਾ ਸੀ ਜਿਸ 'ਚੋਂ ਪਿਆਰ ਮੁਹੱਬਤ ਵੰਡਦੀਆਂ, ਸੁਭਵਾਨ, ਮਿੱਟੀ ਨਾਲ ਜੁੜੀਆਂ ਅਤੇ ਰੂਹਦਾਰ ਨਜ਼ਮਾਂ, ਗੀਤ, ਗ਼ਜ਼ਲਾਂ ਪੁੰਗਰਦੇ ਸਨ। ਉਹ ਸ਼ਿਵ ਦਾ ਸਮਕਾਲੀ ਵੀ ਸੀ ਪਰ ਉਹ ਸ਼ਿਵ ਦੇ ਜਾਣ ਤੋਂ ਬਾਅਦ ਪੰਜਾਬੀ ਸ਼ਾਇਰੀ ਦੇ ਮੰਚ ਤੇ ਆਇਸਤਾ ਆਇਸਤਾ ਆਉਂਦਾ ਹੈ ਅਤੇ ਲੋਕਾਂ ਵੱਲੋਂ ਉਸਨੂੰ ਸ਼ਿਵ ਤੋਂ ਵੀ ਵੱਧ ਪਿਆਰ ਮੁਹੱਬਤ ਮਿਲਦਾ ਹੈ, ਅਤੇ ਲੰਮੇ ਸਮੇਂ ਲਈ ਮਿਲਦਾ ਹੈ। ਉਸਦੇ ਸਮਕਾਲ ਵਿਚ ਪੰਜਾਬੀ ਵਿਚ ਬਹੁਤ ਸਾਰੇ ਵੱਡੇ ਕਵੀ ਹੋਏ ਹਨ, ਪਰ ਕੋਈ ਵੀ ਉਸ ਵਰਗੀ ਆਭਾ ਅਤੇ ਮਾਨ ਹਾਸਲ ਨਹੀਂ ਕਰ ਸਕਿਆ। ਅੱਧੀ ਸਦੀ ਉਸਨੇ ਪੰਜਾਬੀ ਸ਼ਾਇਰੀ 'ਤੇ ਬਾਦਸ਼ਾਹੀ ਕੀਤੀ ਹੈ। ਜਿਸ ਸਮਾਗਮ, ਮੁਸ਼ਾਇਰੇ, ਕਿਤਾਬ, ਰਿਸਾਲੇ ਵਿਚ ਉਹ ਹਾਜ਼ਰ ਹੁੰਦਾ, ਉਸਨੂੰ ਚਾਰ ਚੰਨ ਲੱਗ ਜਾਂਦੇ। ਉਸਦੀਆਂ ਤਰੰਨਮ ਵਿਚ ਕਹੀਆਂ ਦੋ ਚਾਰ ਸਤਰਾਂ ਵੀ ਮੁਸ਼ਾਇਰਿਆਂ ਨੂੰ ਸਿਖਰਾਂ 'ਤੇ ਲੈ ਜਾਂਦੀਆਂ। ਹਰ ਕੋਈ ਉਸ ਨਾਲ ਸਾਂਝ ਪਾ ਕੇ, ਕੋਲ ਖਲੋ ਕੇ ਮਾਣ ਮਹਿਸੂਸ ਕਰਦਾ। ਨੇੜੇ ਹੋ ਕੇ ਖਲੋਣ ਦੀ



ਕਾਹਲ ਵਿਚ ਕਈਆਂ ਦੇ ਪੈਰ ਮਿਧੇ ਜਾਂਦੇ। ਉਹ ਬਹੁਤ ਤੜਪਦੇ। ਉਸਦੇ ਮੂੰਹ ਤੇ ਜੀ ਜੀ ਕਰਦੇ ਪਰ ਓਹਲੇ ਹੋ ਕੇ ਝੁਰਦੇ। ਉਸ ਬਾਰੇ ਊਲ ਜਲੂਲ ਲਿਖਦੇ। ਉਸਦਾ ਮਨ ਤੜਪਦਾ। ਇਹੋ ਜਿਹੀ ਖਿਚੋਤਾਣ ਵਿਚ ਹੀ ਉਸਨੂੰ 30 ਸਾਲ ਪਹਿਲਾਂ ਦਿਲ ਦਾ ਦੌਰਾ ਪਿਆ ਜਿਸਦਾ ਇਲਾਜ ਹੁਣ ਤੱਕ ਚਲਦਾ ਸੀ ਅਤੇ ਇਹੀ ਬਿਮਾਰੀ ਆਖਰ ਉਸਨੂੰ ਲੈ ਗਈ। ਉਸਦਾ ਸਾਹਿਤਕ ਪਉੜੀ ਦੇ ਆਖਰੀ ਡੰਡੇ ਤੱਕ ਪਹੁੰਚਣਾ ਅਤੇ ਏਨੀ ਦੇਰ ਉਥੇ ਖੜ੍ਹੇ ਰਹਿਣਾ ਬਹੁਤ ਸਾਰੇ ਸਾਹਿਤਕਾਰਾਂ ਨੂੰ ਚੁੱਭਦਾ ਰਿਹਾ ਹੈ ਅਤੇ ਬਹੁਤ ਵਾਰੀਂ ਉਸ ਪ੍ਰਤੀ ਦਵੈਤ ਰਵੱਈਏ ਦਾ ਕਾਰਨ ਬਣਦਾ ਰਿਹਾ। ਪਰ ਅੱਜ ਉਹ ਤੁਰ ਗਿਆ ਤਾਂ ਸਭ ਨੂੰ ਇਸ ਗੱਲ ਦਾ ਅਹਿਸਾਸ ਹੋਏਗਾ।

ਉਸਦੀ ਸ਼ਾਇਰੀ ਵਿਚਲਾ ਲੋਕ ਮੁਹਾਵਰਾ, ਸ਼ਾਇਰੀ ਦੀ ਗਾਉਣ-ਯੋਗਤਾ, ਅਤੇ ਪੰਜਾਬ ਦੇ ਇਤਿਹਾਸ ਮਿਥਿਹਾਸ ਅਤੇ ਬੋਲੀ ਨਾਲ ਪੀਡੀ ਗੰਢ, ਉਸਨੂੰ ਹਮੇਸ਼ਾ ਲਈ ਅਮਰ ਕਰ ਗਈ ਹੈ। ਜਦ ਤਕ ਪੰਜਾਬੀ ਬੋਲੀ ਰਹੇਗੀ ਉਸ ਵਿਚੋਂ ਸੁਰਜੀਤ ਪਾਤਰ ਮਨਫ਼ੀ ਨਹੀਂ ਹੋ ਸਕੇਗਾ। ਬਲਕਿ ਉਹ ਇਸ ਪੰਜਾਬੀ ਇਤਿਹਾਸ ਮਿਥਿਹਾਸ ਦਾ ਅਨਿਖੜਵਾਂ ਹਿੱਸਾ ਬਣ ਗਿਆ ਹੈ।

*-ਜਗਜੀਤ ਨੌਸ਼ਹਿਰਵੀ*

# ਤੂੰ ਤਕਿਆ ਤਾਂ ਰੁੱਖਾਂ ਨੂੰ ਫੁਲ ਪੈ ਗਏ ਸਨ

## ਮਹਿਬੂਬ ਸ਼ਾਇਰ ਸੁਰਜੀਤ ਪਾਤਰ ਦੀ ਸ਼ਾਇਰੀ ਦਾ ਜਾਦੂ

***ਸ਼ਾਇਰ ਸੁਰਜੀਤ ਪਾਤਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਨਿਵੇਕਲਾ ਸਥਾਨ ਹੈ। ਦਹਾਕਿਆਂ ਤੋਂ ਉਹ ਆਪਣੇ ਇਸ ਕਰਮ ਖੇਤਰ ਵਿਚ ਆਪਣੀਆਂ ਰਚਨਾਵਾਂ ਦਾ ਛੱਟਾ ਲਗਾਤਾਰ ਦੇ ਰਿਹਾ ਹੈ। ਉਹਦੀ ਸ਼ਾਇਰੀ ਧਿਆਨ ਖਿੱਚਦੀ ਹੈ, ਇਹ ਤੁਹਾਡੀ ਸੋਚ ਦੀ ਫਿਰਕੀ ਘੁਮਾਉਂਦੀ ਹੈ। ਉਹਦੀ ਕਵਿਤਾ ਵਿਚ ਸੰਗੀਤ ਦਾ ਝਰਨਾ ਸਾਵਣ ਦੀ ਝੜੀ ਵਾਂਗ ਫੁਹਾਰਾਂ ਛੱਡਦਾ ਪ੍ਰਤੀਤ ਹੁੰਦਾ ਹੈ। ਇਸੇ ਕਰ ਕੇ ਜਦੋਂ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ 2014 ਵਿਚ ਉਹਦੀ ਸ਼ਾਇਰੀ ਅਤੇ ਗਾਇਨ ਦਾ ਪ੍ਰੋਗਰਾਮ ਚੱਲਿਆ ਤਾਂ ਇਸ ਝਰਨੇ ਦੀ ਸਾਂ-ਸਾਂ ਸਰੋਤਿਆਂ ਦੇ ਕੰਨਾਂ ਵਿਚ ਸੰਗੀਤ ਬਣ-ਬਣ ਉਤਰਦੀ ਰਹੀ। 'ਪੰਜਾਬ ਟਾਈਮਜ਼' ਨਾਲ ਚਿਰਾਂ ਤੋਂ ਜੁੜੇ ਸਾਡੇ ਆਪਣੇ ਗੁਰਦਿਆਲ ਸਿੰਘ ਬੱਲ ਨੇ ਸੁਰਜੀਤ ਪਾਤਰ ਦੀ ਸ਼ਾਇਰੀ ਦੇ ਇਸ ਜਾਦੂ ਬਾਰੇ ਉਚੇਚੀ ਰਿਪੋਰਟ ਉਦੋਂ ਸਾਨੂੰ ਭੇਜੀ ਸੀ। ਬੱਲ ਦਾ ਇਸ ਪ੍ਰੋਗਰਾਮ ਬਾਰੇ ਇਹ ਬਿਆਨ ਪ੍ਰੋਗਰਾਮ ਜਿੰਨਾ ਹੀ ਵੇਗਮੱਤਾ ਅਤੇ ਦਿਲਚਸਪ ਹੈ।***



*ਸ਼ਬਦਾਂ ਨਾਲ ਸੁਰ ਹੋਇਆ ਸ਼ਾਇਰ ਸੁਰਜੀਤ ਪਾਤਰ*



*ਸ਼ਬਦਾਂ ਤੇ ਸੁਰਾਂ ਨਾਲ ਸਾਂਝ ਪੁਆ ਰਿਹਾ ਦੇਵ ਦਿਲਦਾਰ*

ਮਨੁੱਖੀ ਜੀਵਨ ਦਾ ਵਰਤਾਰਾ ਬੜਾ ਔਖਾ ਤੇ ਜੋਖਮ ਭਰਿਆ ਸਿਲਸਿਲਾ ਹੈ। ਇਸ ਜੋਖਮ ਨੂੰ ਸਹਿਣਯੋਗ ਬਣਾਉਣ ਲਈ ਆਦਮੀ ਦਾਰਸ਼ਨਿਕ ਪ੍ਰਬੰਧ ਖੜ੍ਹੇ ਕਰਦਾ ਹੈ, ਸੁਪਨਿਆਂ ਦਾ ਆਸਰਾ ਲੈਂਦਾ ਹੈ, ਮੈਜਿਕ ਈਜਾਦ ਕਰਦਾ ਹੈ, ਤਾਜ ਮਹੱਲ ਬਣਾਉਂਦਾ ਹੈ, ਸੰਗੀਤ ਦੀ ਸਿਰਜਣਾ ਕਰਦਾ ਹੈ ਅਤੇ ਕਦੀ ਵਿਸ਼ਵ ਕੱਪ ਫੁੱਟਬਾਲ ਵਰਗੇ ਨਜ਼ਾਰੇ ਬੰਨ੍ਹਦਾ ਹੈ। ਇਸ ਤਰ੍ਹਾਂ ਦੇ ਤਰਲੇ ਇਨਸਾਨ ਮਾਰਦਾ ਰਿਹਾ ਹੈ, ਸਹਿਣਯੋਗ ਬਣਾਉਣ ਦੀ ਸਦੀਵੀ ਸਿੱਕ ਦੇ ਪਰਤੌ ਮਾਤਰ ਹੀ ਤਾਂ ਹਨ। ਹਾਲ ਹੀ ਵਿਚ ਵਿਸ਼ਵ ਕੱਪ ਦੇ ਜਲਵਿਆਂ ਨੇ ਲੋਕਾਂ ਨੂੰ ਅਨੰਦਿਤ ਕਰੀ

ਗੁਰਦਿਆਲ ਸਿੰਘ ਬੱਲ

ਰੱਖਿਆ। ਲੋੜ ਮਹਿਸੂਸ ਹੋ ਰਹੀ ਸੀ ਕਿ ਸਰੀਰਕ ਫੁੱਟਬਾਲ ਅਤੇ ਖੇਡ ਕਲਾ ਨਾਲ ਤ੍ਰਿਪਤੀ ਬਥੇਰੀ ਹੋ ਗਈ, ਹੁਣ ਕੋਈ ਨਵਾਂ ਮਾਧਿਅਮ ਸਾਹਮਣੇ ਆਵੇ।...ਤੇ ਮਨ ਦੀ ਇਹ ਖਾਹਿਸ਼ ਪੂਰੀ ਹੋਈ ਜਦੋਂ ਬਰੈਂਪਟਨ (ਕੈਨੇਡਾ) ਵਿਚ ਪੰਜਾਬੀ ਜ਼ੁਬਾਨ ਦੇ ਸਾਡੇ ਸਮਿਆਂ ਦੇ ਪਿਆਰੇ ਸ਼ਾਇਰ ਸੁਰਜੀਤ ਪਾਤਰ ਦੀ ਹਾਜ਼ਰੀ ਵਿਚ ਦੇਵ ਦਿਲਦਾਰ ਨੇ ਕਦੀ ਇਕ, ਤੇ ਕਦੀ ਦੂਜੇ ਰਾਗ ਵਿਚ ਉਨ੍ਹਾਂ ਦੀਆਂ ਗਜ਼ਲਾਂ ਤੇ ਗੀਤਾਂ ਨੂੰ ਸੁਹਜਮਈ ਅੰਦਾਜ਼ ਵਿਚ ਗਾ ਕੇ ਧੰਨ-ਧੰਨ ਕਰਵਾ ਦਿਤੀ। ਪ੍ਰੋਗਰਾਮ ਦਾ ਸੂਤਰਧਾਰ ਰੇਡੀਓ ਸ਼ਰਾ ਦੀ ਚਾਰਦੀਵਾਰੀ ਦੇ ਅੰਦਰ,

ਗਜ਼ਲ ਤਾਂ ਇਸ਼ਕ ਦੇ ਤੜਪਣ ਦਾ ਨਾਂ ਹੈ।
ਗਜ਼ਲ ਸੀਮਤ ਸੁਰਾਂ ਦੇ ਸਾਜ਼ ਵਿਚੋਂ,
ਅਸੰਖਾਂ ਹੀ ਧੁਨਾਂ ਦੇ ਸਿਰਜਣ ਦਾ ਨਾਂ ਹੈ।

ਪਾਤਰ ਤਾਂ ਧਨ ਹੈ ਹੀ, ਡਾ. ਬਲਵਿੰਦਰ ਦੀ ਅਦਾਇਗੀ ਵੀ ਕਮਾਲ ਸੀ। ਇਸ ਤੋਂ ਵੱਧ ਢੁਕਵੀਂ ਗਜ਼ਲ ਕਾਵਿ ਰੂਪ ਦੀ ਸਾਰਥਿਕਤਾ/ਪ੍ਰਸੰਗਿਕਤਾ ਦੀ ਪਰਿਭਾਸ਼ਾ ਭਲਾ ਹੋਰ ਕੋਈ ਕੀ ਕਰੇਗਾ!

ਫਿਰ ਡਾ. ਬਲਵਿੰਦਰ ਨੇ ਦੇਵ ਦਿਲਦਾਰ ਨੂੰ ਬੁਲਾਇਆ ਅਤੇ ਉਸ ਨੇ ਸ਼ੁਰੂਆਤ ਮੱਥੇ ਉਤੇ ਮੌਤ ਦਸਤਖਤ ਕਰ ਗਈ ਹੈ

ਚਿਹਰੇ ਉਤੇ ਯਾਰ ਪੈੜਾਂ ਛੱਡ ਗਏ ਨੇ...

ਬੋਲਾਂ ਵਾਲੀ ਆਪਣੀ ਬੇਹੱਦ ਚਰਚਿਤ ਅਤੇ ਬਹੁ-ਪਰਤੀ ਅਰਥਾਂ ਵਾਲੀ ਕਵਿਤਾ ਲਿਖੀ ਸੀ।

ਦੇਵ ਦਿਲਦਾਰ ਤੋਂ ਬਾਅਦ ਉਪਕਾਰ ਨੇ:

ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ
ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ...

ਵਾਲੀ ਪਾਤਰ ਦੀ ਪਛਾਣ ਨੂੰ ਸਭ ਤੋਂ ਵੱਧ ਪਰਿਭਾਸ਼ਤ ਕਰਨ ਵਾਲੀ ਗਜ਼ਲ ਦਾ ਪਾਠ ਕੀਤਾ। ਇਹ ਗਜ਼ਲ ਖੁਦ ਪਾਤਰ ਦੇ ਮੂੰਹੋਂ ਸੁਣੀ ਹੋਈ ਹੈ। ਹੰਸ ਰਾਜ ਹੰਸ ਨੇ ਇਸਨੂੰ ਬਹੁਤ ਸੋਹਣਾ ਗਾਇਆ ਹੈ, ਪਰ ਉਪਕਾਰ ਦੀ ਅਵਾਜ਼ ਅਤੇ ਸੰਜਮ ਦਾ ਆਪਣਾ ਅਨੂਠਾ/ਅਲੋਕਾਰ ਰੰਗ ਸੀ। ਉਪਕਾਰ ਨੂੰ ਮੈਂ ਕਦੀ ਮਿਲਿਆ ਨਹੀਂ, ਉਸ ਨੂੰ ਵੇਖਿਆ ਵੀ ਪਹਿਲੀ ਹੀ ਵਾਰ ਸੀ, ਤੇ ਲਗਦਾ ਇੰਜ ਸੀ ਕਿ

ਕਾਇਨਾਤ ਦੀ ਸਾਰੀ ਆਖੋ ਇਨ੍ਹਾਂ ਨੂੰ ਉਜੜੇ ਘਰੀਂ ਜਾਣ ਹੁਣ
ਇਹ ਕਦੋਂ ਤੀਕ ਇਥੇ ਖੜ੍ਹੇ ਰਹਿਣਗੇ...

ਬੋਲ ਰਿਹਾ ਸੀ; ਅਰਥਾਂ ਅਤੇ ਭਾਵਾਂ ਦੇ ਸੰਚਾਰ ਨੇ ਸਰੋਤਿਆਂ ਨੂੰ ਸੁੰਨ ਕਰ ਕੇ ਰੱਖ ਦਿਤਾ ਸੀ। ਉਪਕਾਰ ਦੇ ਗਾਇਨ ਤੋਂ ਬਾਅਦ ਡਾ. ਬਲਵਿੰਦਰ ਨੇ ਪਾਤਰ ਦੇ ਜੀਵਨ ਬਾਰੇ ਅਹਿਮ ਵੇਰਵੇ ਸਰੋਤਿਆਂ ਨਾਲ ਸਾਂਝੇ ਕੀਤੇ ਅਤੇ ਫਿਰ ਪਾਤਰ ਨੂੰ ਖੁਦ ਆਪਣੀ ਅਵਾਜ਼ ਵਿਚ ਕੁਝ ਗਜ਼ਲਾਂ ਸੁਣਾਉਣ ਦੀ ਗੁਜਾਰਿਸ਼ ਕੀਤੀ।

ਸੁਰਜੀਤ ਪਾਤਰ ਨੇ ਪ੍ਰਸ਼ੰਸਕਾਂ ਦੀ ਮੰਗ ਉਤੇ ਸੁਣ ਹੇ ਝਨਾਂ ਦੇ ਪਾਣੀ, ਤੂੰ ਡੁੱਬ ਗਏ ਨਾ ਜਾਣੀਂ।

ਤੇਰੇ ਪਾਣੀਆਂ ਸੁਬਕ ਜਿਹੀ ਲਿਰਕ ਸੁਣਾਈ ਗਈ।

ਦੁਬਾਰਾ ਖੁਦ ਸੁਰਜੀਤ ਪਾਤਰ ਦੀ ਵਾਰੀ ਆ ਗਈ। ਸਭ ਤੋਂ ਪਹਿਲਾਂ ਬਰੈਂਪਟਨ ਵਾਸੀ ਪ੍ਰਤੀਕ ਸਿੰਘ ਦੀ ਜ਼ੋਰਦਾਰ ਸਿਫਾਰਸ਼ 'ਤੇ ਬਾਈ ਜੀ ਨੇ 'ਖਤਾਂ ਦੀ ਉਡੀਕ' ਵਾਲੀ ਨਜ਼ਮ ਸੁਣਾਈ। ਫਿਰ ਉਹਨੇ ਖੁਦ ਆਪਣੀ ਪਸੰਦ ਅਨੁਸਾਰ 'ਅਕੂ ਦੇ ਨਰਸਰੀ ਗੀਤ' ਵਾਲੀ ਚਰਚਿਤ ਨਜ਼ਮ ਦਾ ਪਾਠ ਕੀਤਾ ਅਤੇ ਇਸ ਦੀ ਸਿਰਜਣਾ ਦੇ ਅਮਲ ਦੀ ਪਿਛੋਕੜ ਸਰੋਤਿਆਂ ਨਾਲ ਸਾਂਝੀ ਕੀਤੀ। ਇਨਸਾਨੀ ਜੀਵਨ ਵਿਚ ਕਵਿਤਾ ਦੀ ਅਹਿਮੀਅਤ ਦੀ ਚਰਚਾ ਕਰਦਿਆਂ ਉਨ੍ਹਾਂ ਨੇ ਕੁੱਝ ਵਰ੍ਹੇ ਪਹਿਲਾਂ ਕੋਲੰਬੀਆ ਵਿਚ ਹਰ ਸਾਲ ਹੁੰਦੇ ਕੌਮਾਂਤਰੀ ਕਵਿਤਾ ਉਤਸਵ ਦੀ ਯਾਤਰਾ ਦੌਰਾਨ ਹੋਏ ਆਪਣੇ ਅਨੁਭਵ ਵਿਸਥਾਰ ਵਿਚ ਸਾਂਝੇ ਕੀਤੇ। ਉਨ੍ਹਾਂ ਕਿਹਾ, ਕੋਲੰਬੀਆ ਵਿਚ ਪਗੜੀ ਵਾਲਾ ਬੰਦਾ ਕੋਈ ਦੀਂਹਦਾ ਨਹੀਂ ਹੈ। ਮੇਰੀ ਪਗੜੀ ਵੇਖ ਕੇ ਇਕ ਨੰਨ੍ਹਾ ਜਿਹਾ ਬੱਚਾ ਉਸ ਕੋਲ ਆਉਂਦਾ ਹੈ, ਤੇ ਪੁੱਛਦਾ ਹੈ ਕਿ ਉਹ ਕੋਈ ਜਾਦੂਗਰ ਹੈ।... ਤੇ ਫਿਰ ਬੱਚੇ ਦੇ ਅਸਚਰਜ ਦੇ ਪ੍ਰਤੀਕਰਮ ਵਜੋਂ ਬਾਬਿਆਂ ਨੇ ਜੋ ਕਵਿਤਾ ਦੇ ਰੂਪ ਜਵਾਬ ਬਣਾਇਆ, ਉਹ ਸਰੋਤਿਆਂ ਨਾਲ ਸਾਂਝਾ ਕੀਤਾ। ਬਹੁਤ ਹੀ ਪਿਆਰੀ ਕਵਿਤਾ ਸੀ ਉਹ, ਤੇ ਲੋਕਾਂ ਨੂੰ ਬਹੁਤ ਪਸੰਦ ਆਈ; ਬਾਈ ਬਲਜਿੰਦਰ ਲੇਲਣਾ ਜੋ ਸਮਾਗਮ ਦੇ ਪ੍ਰਬੰਧਕਾਂ ਵਿਚੋਂ ਸਨ, ਨੇ ਗੱਲਬਾਤ ਹੋਣ 'ਤੇ ਪਹਿਲੀ ਗੱਲ ਹੀ ਇਹ ਆਖੀ ਕਿ ਉਨ੍ਹਾਂ ਨੂੰ ਸਾਹਿਤ ਦੇ ਕਵਿਤਾ ਰੂਪ ਦਾ ਜ਼ਿਆਦਾ ਭੇਤ ਨਹੀਂ ਸੀ, ਪਰ ਪਾਤਰ ਦੀ ਕਵਿਤਾ ਕਮਾਲ ਦੀ ਸੀ। ਸਮਾਗਮ ਵਿਚ ਮੇਰੇ ਨਾਲ ਗਏ ਸਾਥੀ ਹਰਜੀਤ ਗਿੱਲ ਜਗਦੇਵ ਕਲਾਂ ਦੀ ਵੀ ਇਹੋ ਰਾਏ ਸੀ।

ਕੋਲੰਬੀਆ ਯਾਤਰਾ ਦੇ ਜ਼ਿਕਰ ਤੋਂ ਤੁਰੰਤ ਬਾਅਦ ਸੁਰਜੀਤ ਪਾਤਰ ਨੇ ਪਟਿਆਲਾ ਯੂਨੀਵਰਸਿਟੀ ਵਿਚ ਸਾਲ 1966 ਤੋਂ 68 ਤਕ ਆਪਣੀ ਐਮ.ਏ. ਦੀ ਪੜ੍ਹਾਈ ਦੇ ਦਿਨਾਂ ਬਾਰੇ ਯਾਦਾਂ ਸਾਂਝੀਆਂ ਕੀਤੀਆਂ ਅਤੇ ਦੱਸਿਆ ਕਿ ਉਥੋਂ ਦੇ ਦੰਤ-ਕਥਾਈ ਭੂਤਵਾੜੇ ਨਾਲ ਸਬੰਧਤ ਹਸਤੀਆਂ, ਖਾਸ ਕਰ ਕੇ ਹਰਦਿਲਜੀਤ ਸਿੰਘ (ਲਾਲੀ ਬਾਬਾ) ਵਰਗੇ ਮਹਾਂ ਭੂਤ ਕਿਸਮ ਦੇ ਲੋਕਾਂ ਦੀ ਉਨ੍ਹਾਂ ਦੀ ਸਿਰਜਣਾ ਦ੍ਰਿਸ਼ਟੀ ਵਿਚ ਕੈਸੀ ਅਹਿਮੀਅਤ ਸੀ।

ਹਾਲ ਵਿਚ ਸਮਾਗਮ ਲਈ ਸਮਾਂ ਮੁਕੱਰਰ ਸੀ। ਦੋ-ਢਾਈ ਘੰਟਿਆਂ ਤਕ ਸਰੋਤੇ ਬਿਲਕੁਲ ਹੀ ਥੱਕੇ-ਅੱਕੇ ਨਹੀਂ ਸੀ। ਲੋਕ ਸਾਰੀ ਰਾਤ ਬੈਠ ਕੇ ਪਾਤਰ ਕਲਾਮ ਨੂੰ ਸੁਣਨ ਲਈ ਤਿਆਰ ਸਨ ਪਰ ਹਾਲ ਖਾਲੀ ਕਰਨ ਦਾ ਸਮਾਂ ਨਿਸਚਿਤ ਸੀ। ਪ੍ਰੋਗਰਾਮ ਦੇ ਦੂਜੇ ਅਤੇ ਅੰਤਿਮ ਦੌਰ ਵਿਚ ਉਪਕਾਰ ਨੇ 'ਜ਼ਰਾ ਬਚ ਕੇ ਮੋੜ ਤੋਂ' ਬੋਲਾਂ ਵਾਲਾ ਗੀਤ ਵੱਖਰੀ ਤਰ੍ਹਾਂ ਨਾਲ ਗਾ ਕੇ ਸੁਣਾਇਆ, ਤਾਂ ਮਨ ਵਿਚ ਕਿਧਰੇ ਆਸਾ ਸਿੰਘ ਮਸਤਾਨਾ ਦੇ ਅੰਦਾਜ਼ੇ-ਬਿਆਂ ਦੀਆਂ ਸੋਆਂ ਚੇਤਿਆਂ ਵਿਚ ਉਭਰ ਗਈਆਂ।

ਉਪਕਾਰ ਸਿੰਘ ਤੋਂ ਬਾਅਦ ਮਹਿਬੂਬ ਗਾਇਕ ਦੇਵ ਦਿਲਦਾਰ ਨੇ 'ਜਗਾ ਦੇ ਮੋਮਬੱਤੀਆਂ, ਉਠ ਜਗਾ ਦੇ ਮੋਮਬੱਤੀਆਂ' ਗਾਇਆ। ਦੇਵ ਦਾ ਅੰਦਾਜ਼ ਐਸਾ ਕਮਲੇ ਕਰ ਦੇਣ ਵਾਲਾ ਸੀ ਕਿ ਹਾਲ ਵਿਚ ਸ਼ਬਦ ਕੋਈ ਇਲਾਹੀ ਨ੍ਰਿਤ ਕਰਦੇ ਮਲੂਮ ਹੋ ਰਹੇ ਸਨ। ਜ਼ਰਾ ਅੱਗੇ ਵੇਖੋ:

ਇਹ ਤਾਂ ਇਥੇ ਵਗਦੀਆਂ ਈ ਰਹਿਣੀਆਂ ਪੌਣਾਂ ਕੁਪੱਤੀਆਂ
ਤੂੰ ਜਗਾ ਦੇ ਮੋਮਬੱਤੀਆਂ
...
ਨ੍ਹੇਰ ਨਾ ਸਮਝੇ ਕਿ ਚਾਨਣ ਡਰ ਗਿਆ ਹੈ
ਰਾਤ ਨਾ ਸੋਚੇ ਕਿ ਸੂਰਜ ਮਰ ਗਿਆ ਹੈ
ਬਾਲ ਜੋਤਾਂ ਆਸ ਭਰੀਆਂ ਮਾਣਮੱਤੀਆਂ
ਤੂੰ ਜਗਾ ਦੇ ਮੋਮਬੱਤੀਆਂ
...
ਪੌਣ ਵਿਚ ਵਧ ਰਹੀ ਵਿਸ਼ ਤੋਂ ਨਾ ਡਰਦੇ
ਬਿਰਖ ਬੂਟੇ ਰੋਜ਼ ਆਪਣਾ ਕਰਮ ਕਰਦੇ
ਜ਼ਹਿਰ ਨੂੰ ਅੰਮ੍ਰਿਤ 'ਚ ਬਦਲੀ ਜਾਣ ਪੱਤੀਆਂ
ਉਠ ਜਗਾ ਦੇ ਮੋਮਬੱਤੀਆਂ
ਤੂੰ ਜਗਾ ਦੇ ਮੋਮਬੱਤੀਆਂ
ਉਠ ਜਗਾ ਦੇ ਮੋਮਬੱਤੀਆਂ...

... ਪਾਤਰ ਬਾਈ ਜੀ ਦੇ ਦੇਵ ਦਿਲਦਾਰ ਵਲੋਂ ਉਰਜਿਤ ਕੀਤੇ ਬੋਲ ਆਉਣ ਵਾਲੇ ਲੰਮੇ ਸਮੇਂ ਤਕ ਬਰੈਂਪਟਨ ਦੇ ਸਰੋਤਿਆਂ ਦੇ ਚੇਤਿਆਂ ਵਿਚ ਨ੍ਰਿਤ ਕਰਦੇ ਰਹਿਣਗੇ।



*ਬਰੈਂਪਟਨ ਦੇ ਰੋਜ਼ ਥਿਏਟਰ ਵਿਚ ਸਰੋਤਿਆਂ ਦੀਆਂ ਡਾਰਾਂ*

### ਸੁਰਜੀਤ ਪਾਤਰ ਦੀਆਂ ਕੁਝ ਮਕਬੂਲ ਰਚਨਾਵਾਂ

ਸਾਡੀ ਤੁਹਾਡੀ ਮੁਲਾਕਾਤ ਹੋਈ
ਜਿਵੇਂ ਸੜਦੇ ਜੰਗਲ 'ਤੇ ਬਰਸਾਤ ਹੋਈ।
ਸੀ ਚਾਰੇ ਦਿਸ਼ਾ ਰਾਤ ਹੀ ਰਾਤ ਹੋਈ
ਤੇਰਾ ਮੁਖੜਾ ਦਿਸਿਆ ਤਾਂ ਪ੍ਰਭਾਤ ਹੋਈ।

ਤੂੰ ਤਕਿਆ ਤਾਂ ਰੁਖਾਂ ਨੂੰ ਫੁਲ ਪੈ ਗਏ ਸਨ
ਮੇਰੇ ਤੱਕਦੇ ਤੱਕਦੇ ਕਰਾਮਾਤ ਹੋਈ।

ਮੈਂ ਲਫ਼ਜ਼ਾਂ 'ਚ ਹੀ ਉਸਦਾ ਅਨੁਵਾਦ ਕੀਤਾ
ਜੋ ਰੁਖਾਂ ਤੇ ਪੌਣਾਂ 'ਚ ਗੱਲਬਾਤ ਹੋਈ।

ਉਹ ਉਨ੍ਹਾਂ ਕੁ ਖੁਰਿਆ, ਪਿਘਲਿਆ ਤੇ ਰੋਇਆ
ਹੈ ਜਿੰਨੀ ਕੁ ਜਿਸ ਜਿਸ ਦੀ ਔਕਾਤ ਹੋਈ।

ਉਹਦੇ ਨੈਣਾਂ ਵਿਚੋਂ ਮੇਰੇ ਹੰਝੂ ਸਿੰਮੇ
ਉਂਜ ਗੱਲ ਖ਼ਵਾਤੀਨੋਂ ਹਜਰਾਤ ਹੋਈ।

ਰਗਾਂ ਰਾਗ ਹੋਈਆਂ, ਲਹੂ ਲਫ਼ਜ ਬਣਿਆ
ਕਵੀ ਦੀ ਤੇ ਕਵਿਤਾ ਦੀ ਇਕ ਜਾਤ ਹੋਈ।

ਦੁਖਾਂ ਭਰਿਆ ਦਿਲ ਪੈਮਾਨਾ ਛਡ ਪਰੇ
ਕੀ ਇਹ ਹਸਤੀ ਦਾ ਮੈਖਾਨਾ ਛਡ ਪਰੇ।

ਚਲ ਮੁੜ ਚਲੀਏ ਇਸ ਸਫ਼ਰ ਤੋਂ ਕੀ ਲੈਣਾ
ਵੀਰਾਨੇ ਅਗੇ ਵੀਰਾਨਾ ਛਡ ਪਰੇ।

ਦੇ ਕੇ ਜਾਣ ਵੀ ਛਟ ਜਾਈਏ ਤਾਂ ਚੰਗਾ ਹੈ
ਭਰ ਦੇ ਜੀਵਨ ਦਾ ਜੁਰਮਾਨਾ ਛਡ ਪਰੇ

ਪੰਛੀ ਦਾ ਦਿਲ ਕੰਬੇ ਤੇਰੇ ਹੱਥ ਕੰਬਣ
ਤੈਥੋਂ ਲੱਗਣਾ ਨਹੀਂ ਨਿਸ਼ਾਨਾ ਛਡ ਪਰੇ।

ਬੁਢਿਆਂ ਘਾਗਾਂ ਨਾਲ ਸਵਾਲ-ਜਵਾਬ ਨਾ ਕਰ
ਖਾ ਪੀ ਲੈ ਕੁਝ ਦਿਹੁੰ ਜਮਾਨਾ ਛਡ ਪਰੇ

ਤੈਥੋਂ ਨਹੀਂ ਉਠਣੇ ਇਹ ਅੱਖਰ ਹੰਝੂਆਂ ਦੇ
ਰਹਿਣ ਦੇ ਤੂੰ ਵਡਿਆ ਵਿਦਵਾਨਾਂ ਛਡ ਪਰੇ।

***

ਬਹੁਤ ਗੁਲ ਖਿਲੇ ਨੇ ਨਿਗਾਹਾਂ ਤੋਂ ਚੋਰੀ
ਕਿਧਰ ਜਾਣ ਮਹਿਕਾਂ ਹਵਾਵਾਂ ਤੋਂ ਚੋਰੀ।

ਕਿਧਰ ਗਏ ਓ ਪੁਤਰੋ ਦਲਾਲਾਂ ਦੇ ਆਖੇ
ਮਰਨ ਲਈ ਕਿਤੇ ਦੂਰ ਮਾਵਾਂ ਤੋਂ ਚੋਰੀ।

***

ਕੂਹੂ ਕੂਹੂ ਬੇਸਮਝ ਅਰਥ ਹਰੇ
ਬੰਸਰੀ ਨਾਲ ਬਹਿਸ ਕੌਣ ਕਰੇ।

ਮੈਂ ਕਿਹਾ ਰੁਖ ਨੂੰ ਕੋਈ ਨਜ਼ਮ ਸੁਣਾ
ਡਾਲੀ ਡਾਲੀ 'ਚੋਂ ਪੁੰਗਰੇ ਹਰਫ ਹਰੇ।

ਖੜਕ ਹੋਵੇ ਜੇ ਡਿਗੇ ਪੱਤਾ ਵੀ
ਐਸੀ ਚੁਪ ਹੈ ਤਾਂ ਬਿਰਖ ਅਰਜ ਕਰੇ।

ਰਾਤ ਉਤਰੀ ਜਿਵੇਂ ਪਹਾੜੋਂ ਨਦੀ
ਚੰਦ ਚੜ੍ਹਿਆ ਜਿਵੇਂ ਸਰੂਰ ਚੜ੍ਹੇ।

ਬੂਹਾ ਖੁਲ੍ਹਾ ਕਿ ਤਾਰਿਆਂ ਦੀ ਕਿਤਾਬ
ਕੌਣ ਹੁਣ ਬੰਦ ਇਹ ਕਿਤਾਬ ਕਰੇ।

***

ਪਲਕਾਂ ਵੀ ਖੂਬ ਲੰਮੀਆਂ ਕਜਲਾ ਵੀ ਖੂਬ ਪਰ
ਉਹ ਤੇਰੇ ਸੋਹਣੇ ਨੈਣਾਂ ਦਾ ਸੁਪਨਾ ਕਿਧਰ ਗਿਆ
ਇਥੇ ਮੁਸਲਮਾਨਾਂ ਤੇ ਹਿੰਦੂਆਂ ਦੀ ਭੀੜ ਵਿਚ
ਰੱਬ ਢੂੰਡਦਾ ਫਿਰਦਾ ਮੇਰਾ ਬੰਦਾ ਕਿਧਰ ਗਿਆ।
ਧੁਖਦੀ ਜ਼ਮੀਨੋਂ ਉਠ ਕੇ ਅਰਸ਼ਾਂ 'ਤੇ ਪਹੁੰਚ ਗਈ
ਧੂੰਆਂ ਖਿਲਾਅ ਨੂੰ ਪੁਛਦਾ ਅੱਲਾ ਕਿਧਰ ਗਿਆ।
'ਪਾਤਰ' ਨੂੰ ਜਾਣ ਜਾਣ ਕੇ ਪੁਛਦੀ ਹੈ ਅਜ ਹਵਾ
ਰੇਤਾਂ 'ਤੇ ਤੇਰਾ ਨਾਮ ਸੀ ਲਿਖਿਆ, ਕਿਧਰ ਗਿਆ।

# ਕਸ਼ਮੀਰ ਵਾਦੀ ਦੀ ਰੱਖਿਅਕ: ਸਿੱਖ ਰੈਜੀਮੈਂਟ ਦੀ ਪਹਿਲੀ ਬਟਾਲੀਅਨ

*ਭਾਰਤ ਦੀ ਆਜ਼ਾਦੀ ਤੋਂ ਬਾਅਦ ਕਸ਼ਮੀਰ ਵਿਚ ਹੋਈ ਉਥਲ-ਪੁਥਲ ਉਤੇ ਕਾਬੂ ਪਾਉਣ ਵਿਚ ਸਿੱਖ ਰੈਜੀਮੈਂਟ ਦੀ ਪਹਿਲੀ ਬਟਾਲੀਅਨ ਦਾ ਵੱਡਾ ਯੋਗਦਾਨ ਮੰਨਿਆ ਜਾਂਦਾ ਹੈ। ਲੈਫਟੀਨੈਂਟ ਜਨਰਲ ਆਰ.ਐਸ. ਸੁਜਲਾਨਾ ਦੇ ਇਸ ਲੇਖ ਜੋ ਸਾਨੂੰ ਮੇਜਰ ਗੁਰਚਰਨ ਸਿੰਘ ਝੱਜ ਦੀ ਬਦੌਲਤ ਪ੍ਰਾਪਤ ਹੋਇਆ ਹੈ, ਵਿਚ ਇਸ ਬਟਾਲੀਅਨ ਦੀ ਦਲੇਰੀ ਦੇ ਕਿੱਸੇ ਬਿਆਨ ਕੀਤੇ ਗਏ ਹਨ। ਇਸ ਵਿਚ ਲੈਫਟੀਨੈਂਟ ਕਰਨਲ ਦੀਵਾਨ ਰਣਜੀਤ ਰਾਏ ਦੀ ਕਮਾਂਡ ਬਾਰੇ ਭਰਪੂਰ ਚਰਚਾ ਕੀਤੀ ਗਈ ਹੈ।*

ਅਗਸਤ 1947 ਦੇ ਸ਼ੁਰੂ ਵਿਚ ਫਸਟ ਸਿੱਖ ਰੈਜੀਮੈਂਟ ਦੇਹਰਾਦੂਨ ਵਿਚ ਤਾਇਨਾਤ ਸੀ ਜਿਸ ਨੂੰ ਦਿੱਲੀ ਵਿਚ ਹੋਣ ਵਾਲੇ ਭਾਰਤ ਦੀ ਆਜ਼ਾਦੀ ਦੇ ਇਤਿਹਾਸਕ ਸਮਾਗਮਾਂ ਲਈ ਵਿਸ਼ੇਸ਼ ਤੌਰ 'ਤੇ ਚੁਣਿਆ ਗਿਆ ਸੀ। ਰਾਇਲ ਇੰਡੀਅਨ ਏਅਰ ਫੋਰਸ ਅਤੇ ਰਾਇਲ ਇੰਡੀਅਨ ਨੇਵੀ ਦੀਆਂ ਟੁਕੜੀਆਂ ਸਮੇਤ ਫਸਟ ਸਿੱਖ ਬਟਾਲੀਅਨ ਦੀ ਟੁਕੜੀ ਨੇ ਹਥਿਆਰ ਪੇਸ਼ ਕੀਤੇ ਅਤੇ ਫਸਟ ਸਿੱਖ ਦੇ ਜਵਾਨਾਂ ਨੂੰ 15 ਅਗਸਤ 1947 ਨੂੰ ਸ਼ਾਮੀਂ ਛੇ ਵਜੇ ਇੰਡੀਆ ਗੇਟ 'ਤੇ ਅਤੇ 16 ਅਗਸਤ ਨੂੰ ਸਵੇਰੇ 8 ਵਜੇ ਇਤਿਹਾਸਕ ਲਾਲ ਕਿਲੇ 'ਤੇ ਆਜ਼ਾਦ ਭਾਰਤ ਦਾ ਤਿਰੰਗਾ ਝੰਡਾ ਫਹਿਰਾਉਣ ਦਾ ਮਾਣ ਹਾਸਲ ਹੋਇਆ। ਜਦੋਂ ਇਹ ਸਮਾਗਮ ਅਜੇ ਚੱਲ ਰਹੇ ਸਨ ਤਾਂ ਬਾਕੀ ਦੀ ਬਟਾਲੀਅਨ ਨੂੰ ਲੈਫਟੀਨੈਂਟ ਕਰਨਲ ਦੀਵਾਨ ਰਣਜੀਤ ਰਾਏ ਦੀ ਕਮਾਂਡ ਹੇਠ ਗੁੜਗਾਓਂ, ਪਲਵਲ ਅਤੇ ਰਿਵਾੜੀ ਕੂਚ ਕਰਨ ਦਾ ਹੁਕਮ ਦਿੱਤਾ ਗਿਆ ਜਿੱਥੇ ਵੱਡੇ ਪੱਧਰ 'ਤੇ ਫਿਰਕੂ ਖਿਚਾਅ ਅਤੇ ਦੰਗਿਆਂ ਨੂੰ ਕਾਬੂ ਕਰ ਕੇ ਅੰਦਰੂਨੀ ਸੁਰੱਖਿਆ ਕਾਇਮ ਕਰਨ ਦਾ ਜ਼ਿੰਮਾ ਸੌਂਪਿਆ ਗਿਆ। ਬਟਾਲੀਅਨ ਨੇ ਸ਼ਾਨਦਾਰ ਢੰਗ ਨਾਲ ਆਪਣਾ ਕਾਰਜ ਨੇਪਰੇ ਚਾੜ੍ਹਿਆ। ਕਮਾਂਡਿੰਗ ਅਫਸਰ ਦੇ ਆਚਰਨ ਬਾਰੇ ਰਿਪੋਰਟ ਵਿਚ ਜ਼ਿਕਰ ਕੀਤਾ ਗਿਆ ਕਿ ਉਨ੍ਹਾਂ ਦੀ ਭੂਮਿਕਾ ਕਾਰਗਰ ਸਾਬਿਤ ਹੋਈ ਅਤੇ ਅਤੇ ਉਨ੍ਹਾਂ ਦਾ ਆਚਰਨ ਬਹੁਤ ਹੀ ਮਾਣਮੱਤਾ ਰਿਹਾ। ਬਟਾਲੀਅਨ ਨੇ ਆਪਣੇ ਕਮਾਂਡਰ ਦੀ ਸ਼ਖਸੀਅਤ ਦੀ ਮਿਸਾਲ ਪੇਸ਼ ਕੀਤੀ। ਅਗਲਾ ਸੰਕਟ ਪੇਸ਼ ਆਉਣ ਸਮੇਂ ਇਹ ਗੱਲ ਕਿੰਨੀ ਸੱਚ ਸਾਬਿਤ ਹੋਈ ਕਿ ਚੁਣੌਤੀ ਨਾਲ ਸਿੱਝਣ ਦਾ ਜ਼ਿੰਮਾ ਇਕ ਵਾਰ ਫਿਰ ਫਸਟ ਸਿੱਖ ਦੇ ਮੋਢਿਆਂ 'ਤੇ ਆਣ ਪਿਆ।

**ਹੋਣੀ ਦਾ ਸਾਹਮਣਾ**

ਜੰਮੂ ਕਸ਼ਮੀਰ ਰਿਆਸਤ ਨੇ ਭਾਰਤ ਨਾਲ ਰਲੇਵਾਂ ਕਰ ਲਿਆ ਪਰ ਪਾਕਿਸਤਾਨ ਨੇ ਇਸ ਨੂੰ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਫਿਰ ਆਪ ਹੀ ਹਮਲਾ ਕਰ ਕੇ ਰਿਆਸਤ 'ਤੇ ਜਬਰੀ ਕਬਜ਼ਾ ਕਰ ਲਿਆ। ਸਿੱਧੇ ਤੌਰ 'ਤੇ ਦੋਸ਼ ਤੋਂ ਬਚਣ ਲਈ ਉਨ੍ਹਾਂ ਨੇ ਤਥਾਕਥਿਤ ਧਾੜਵੀਆਂ (ਕਬਾਇਲੀਆਂ ਜਿਨ੍ਹਾਂ ਵਿਚ ਬਹੁਤੇ ਪਠਾਣ, ਚਿਤਰਾਲੀ ਸ਼ਾਮਲ ਸਨ) ਦੇ ਮੁਕਾਮੀ ਵਿਦਰੋਹ ਦਾ ਨਾਂ ਦੇ ਦਿੱਤਾ ਗਿਆ। ਕਰਨਲ ਰਾਏ ਨੂੰ ਦੋਹਰੀ ਭੂਮਿਕਾ ਨਿਭਾਉਣੀ ਪੈ ਰਹੀ ਸੀ। ਉਹ ਤੁਰੰਤ ਸ੍ਰੀਨਗਰ ਵਾਪਸ ਪਹੁੰਚੇ ਤਾਂ ਕਿ ਵਧੀਕ ਦਸਤਿਆਂ ਨੂੰ ਆਪਣੇ ਟਿਕਾਣਿਆਂ 'ਤੇ ਤਾਇਨਾਤ ਕੀਤਾ ਜਾ ਸਕੇ ਜਦਕਿ ਉਨ੍ਹਾਂ ਦਾ ਧਿਆਨ ਆਪਣੀ ਬਟਾਲੀਅਨ ਅਤੇ ਸਿਰ 'ਤੇ ਪਈ ਲੜਾਈ 'ਤੇ ਕੇਂਦਰਤ ਸੀ। ਦੁਸ਼ਮਣ ਨੇ ਤੇਜ਼ੀ ਨਾਲ ਲਾਮਬੰਦੀ ਕਰ ਕੇ ਆਪਣੇ ਹਮਲਿਆਂ ਵਿਚ ਤੇਜ਼ੀ ਲੈ ਆਂਦੀ, 32 ਮੀਲ ਪਹਾੜੀ 'ਤੇ ਕਾਬਜ਼ ਹੋਣ ਦੇ ਆਸਾਰ ਦੂਰ ਨਜ਼ਰ ਆ ਰਹੇ ਸਨ ਜਿਸ ਕਰ ਕੇ ਕਰਨਲ ਡੀ.ਆਰ. ਰਾਏ ਨੇ ਬਦਲਵੀਂ ਪੁਜੀਸ਼ਨ 'ਤੇ ਕਾਬਜ਼ ਹੋਣ ਦਾ ਫੈਸਲਾ ਕੀਤਾ ਜੋ ਪਿਛਲੇ ਪਾਸਿਓਂ ਥੋੜ੍ਹੀ ਜ਼ਿਆਦਾ ਦੂਰ ਪੈਂਦੀ ਸੀ। ਜਦੋਂ ਇਹ ਹੋ ਰਿਹਾ ਸੀ ਤਾਂ ਉਹ ਖੁਦ ਆਪਣੇ ਜਵਾਨਾਂ ਸਹਿਤ ਘਿਰ ਗਏ ਅਤੇ ਲੜਾਈ ਦੌਰਾਨ ਉਨ੍ਹਾਂ ਦਾ ਅੰਤਮ ਪਲ ਆ ਗਿਆ। ਇੰਝ ਭਾਰਤ ਦਾ ਬਹਾਦਰ ਸਪੂਤ ਆਜ਼ਾਦੀ ਅਤੇ ਕਮਜ਼ੋਰਾਂ ਦੀ ਰਾਖੀ ਕਰਦਿਆਂ ਸ਼ਹੀਦ ਹੋ ਗਿਆ ਪਰ ਉਹ ਇਹ ਸੁਨਿਸ਼ਚਤ ਕਰ ਗਏ ਕਿ ਦੁਸ਼ਮਣ ਸ੍ਰੀਨਗਰ ਵੱਲ ਅਗਾਂਹ ਨਾ ਵਧ ਸਕੇ। ਇਹ ਬਹੁਤ ਵੱਡਾ ਘਾਟਾ ਸੀ ਪਰ ਲੜਾਈ ਜਾਰੀ ਰਹੀ। ਮੇਜਰ ਸੰਪੂਰਨ ਬਚਨ ਸਿੰਘ ਨੂੰ ਨਵਾਂ ਕਮਾਂਡਰ ਬਣਾਇਆ ਗਿਆ। ਕਰਨਲ ਦੀਵਾਨ ਰਣਜੀਤ ਰਾਏ ਦੇ ਕਾਰਨਾਮੇ ਦਾ ਇਕ ਪਾਕਿਸਤਾਨੀ ਫ਼ੌਜੀ ਇਤਿਹਾਸਕਾਰ ਨੇ ਵਖਿਆਨ ਕਰਦਿਆਂ ਆਖਿਆ, "ਕੋਈ ਰਿਜ਼ਰਵ ਦਸਤੇ ਜਾਂ ਅਸਲਾ ਨਾ ਹੋਣ ਦੇ ਬਾਵਜੂਦ ਰਾਏ ਨੇ ਹਮਲਾਵਰ ਦਸਤੇ ਉਪਰ ਇਸ ਤਰ੍ਹਾਂ ਧਾਵਾ ਬੋਲਿਆ ਜਿਵੇਂ ਉਨ੍ਹਾਂ ਦੀ ਪਿੱਠ 'ਤੇ ਪੂਰੀ ਡਿਵੀਜ਼ਨ ਖੜ੍ਹੀ ਹੋਵੇ।" ਕਰਨਲ ਰਾਏ ਦੀ ਸ਼ਹਾਦਤ ਅਤੇ ਬਹਾਦਰੀ ਬਦਲੇ ਉਨ੍ਹਾਂ ਨੂੰ ਆਜ਼ਾਦ ਭਾਰਤ ਦੇ ਪਹਿਲੇ ਮਹਾਵੀਰ ਚੱਕਰ (ਮਰਨ ਉਪਰੰਤ) ਨਾਲ ਨਿਵਾਜਿਆ ਗਿਆ।

ਪਾਕਿਸਤਾਨੀ ਰੈਗੂਲਰ ਦਸਤੇ ਖੁੱਲ੍ਹ ਕੇ ਹਮਲੇ ਵਿਚ ਸ਼ਾਮਲ ਹੋ ਗਏ; ਉਸ ਤੋਂ ਬਾਅਦ ਉਨ੍ਹਾਂ ਕਈ ਲੜਾਈਆਂ ਲੜੀਆਂ ਤੇ ਕਈ ਜਿੱਤਾਂ ਦਰਜ ਕੀਤੀਆਂ ਜਿਨ੍ਹਾਂ 'ਚੋਂ ਇਕ ਅਹਿਮ ਜਿੱਤ ਸ਼ਾਲਾਤੈਂਗ ਵਿਚ ਮਿਲੀ ਜਿਸ ਨੇ ਹਮਲਾਵਰਾਂ ਦੀ ਕਮਰ ਤੋੜ ਕੇ ਰੱਖ ਦਿੱਤੀ ਅਤੇ ਬਾਰਾਮੂਲਾ 'ਤੇ ਭਾਰਤੀ ਫ਼ੌਜ ਦਾ ਕਬਜ਼ਾ ਹੋ ਗਿਆ। ਇਸ ਤੋਂ ਬਾਅਦ ਪਹਿਲਾ ਕੰਮ ਕਰਨਲ ਡੀ.ਆਰ. ਰਾਏ ਅਤੇ ਹੋਰਨਾਂ ਬਹਾਦਰ ਜਵਾਨਾਂ ਦੀਆਂ ਮ੍ਰਿਤਕ ਦੇਹਾਂ ਦੀ ਬਰਾਮਦਗੀ ਕਰਨਾ ਸੀ ਤਾਂ ਕਿ ਉਨ੍ਹਾਂ ਦਾ ਪੂਰੇ ਫ਼ੌਜੀ ਸਨਮਾਨਾਂ ਨਾਲ ਅੰਤਮ ਸੰਸਕਾਰ ਕੀਤਾ ਜਾ ਸਕੇ। ਬਾਅਦ ਵਿਚ 22 ਮੀਲ ਦੀ ਪਹਾੜੀ 'ਤੇ ਫਸਟ ਸਿੱਖ ਦੀ ਯਾਦਗਾਰ ਬਣਾਈ ਗਈ ਜੋ ਅੱਜ ਵੀ ਬਟਾਲੀਅਨ ਦੇ ਜਾਂਬਾਜ਼ਾਂ ਦੀ ਬਹਾਦਰੀ ਦੀ ਯਾਦ ਦਿਵਾਉਂਦੀ ਹੈ। ਇਸ ਤੋਂ ਬਾਅਦ ਵੀ ਬਹਾਦਰੀ ਦੇ ਕਾਰਨਾਮੇ ਜਾਰੀ ਰਹੇ; ਨਾਇਕ ਚੰਦ ਸਿੰਘ ਨੇ ਨਲਵਾਰ ਵਿਚ ਲੜਦਿਆਂ ਅਤੇ ਮਹਾਵੀਰ ਚੱਕਰ ਪ੍ਰਾਪਤ ਕੀਤਾ ਅਤੇ ਉੜੀ ਦੇ ਲਾਗੇ ਭੱਟਗਿਰਾਂ ਦੀ ਰਾਖੀ ਕਰਦਿਆਂ ਵਿਕਟੋਰੀਆ ਕ੍ਰਾਸ ਜੇਤੂ ਜਮਾਂਦਾਰ ਨੰਦ ਸਿੰਘ ਨੇ ਮਹਾਵੀਰ ਚੱਕਰ ਪ੍ਰਾਪਤ ਕੀਤਾ ਪਰ ਇਹ ਉਨ੍ਹਾਂ ਦੀ ਆਖਰੀ ਮੁਹਿੰਮ ਸਾਬਿਤ ਹੋਈ ਜਿੱਥੇ ਉਨ੍ਹਾਂ ਆਪਣੇ ਪ੍ਰਾਣ ਤਿਆਗੇ; ਇਸ ਤਰ੍ਹਾਂ ਰਾਸ਼ਟਰਮੰਡਲ ਦੇ ਸਭ ਤੋਂ ਸ਼ਾਨਮੱਤੇ ਫ਼ੌਜੀਆਂ 'ਚ ਸ਼ੁਮਾਰ ਇਸ ਮਹਾਂ ਨਾਇਕ ਨੇ ਆਖਰੀ ਸਾਹ ਲਿਆ। ਫਰਵਰੀ 1948 ਵਿਚ ਉਨ੍ਹਾਂ ਦੁਸ਼ਮਣ ਨੂੰ ਕੁਪਵਾੜਾ ਅਤੇ ਤ੍ਰਾਹਗਾਮ 'ਚੋਂ ਖਦੇੜਿਆ ਅਤੇ ਫਿਰ ਮਈ 1948 ਵਿਚ ਉਨ੍ਹਾਂ ਅਗਾਂਹ ਵਧਦਿਆਂ ਠੀਠਵਾਲ ਅਤੇ ਰਿਚਮਾਰ ਗਲੀ ਉਤੇ ਕਬਜ਼ਾ ਕੀਤਾ। ਅਕਤੂਬਰ 1948 ਵਿਚ ਪਾਕਿਸਤਾਨ ਦੇ ਨਿਯਮਤ ਦਸਤਿਆਂ ਨੇ ਛੋਟੀ ਮੁਹਰੈਲ ਚੌਕੀ ਉਪਰ ਜ਼ਬਰਦਸਤ ਹਮਲਾ ਕਰ ਦਿੱਤਾ ਜਿੱਥੇ ਲਾਂਸ ਨਾਇਕ ਕਰਮ ਸਿੰਘ ਦੀ ਅਗਵਾਈ ਹੇਠ ਸਿਰਫ਼ ਚਾਰ ਜਵਾਨ ਤਾਇਨਾਤ ਸਨ ਪਰ ਇਸ ਦੇ ਬਾਵਜੂਦ ਉਨ੍ਹਾਂ ਦੁਸ਼ਮਣ ਨੂੰ ਖਦੇੜ ਦਿੱਤਾ। ਬਰਮਾ ਵਿਚ ਮਿਲਟਰੀ ਮੈਡਲ ਜੇਤੂ ਲਾਂਸ ਨਾਇਕ ਕਰਮ ਸਿੰਘ ਨੂੰ ਆਪਣੀ ਬਹਾਦਰੀ ਲਈ ਪਰਮ ਵੀਰ ਚੱਕਰ ਨਾਲ ਨਿਵਾਜਿਆ ਗਿਆ। ਉਨ੍ਹਾਂ ਦੇ ਬਹਾਦਰੀ ਭਰੇ ਕਾਰਨਾਮੇ ਦਾ ਵਖਿਆਨ ਵਿਚ ਦਰਜ ਕੀਤਾ ਗਿਆ ਹੈ ਕਿ ਜਿਸ ਤਰ੍ਹਾਂ ਖ਼ੂਨ ਨਾਲ ਲਥਪਥ ਕਾਲੀ ਦਾੜ੍ਹੀ ਵਾਲੇ ਸਿੱਖ ਨੂੰ ਆਪਣੀ ਖੰਦਕ 'ਚੋਂ ਸੰਗੀਨ ਤਾਣ ਕੇ ਲਲਕਾਰੇ ਮਾਰਦਿਆਂ ਅਗਾਂਹ ਵਧਦਾ ਦੇਖ ਕੇ ਦੁਸ਼ਮਣ ਦੇ ਹੌਸਲੇ ਪਸਤ ਹੋ ਗਏ... ਜੋ ਸੰਕਟ ਦੇ ਸਮੇਂ ਵਿਚ ਆਪਣੇ ਜਵਾਨਾਂ ਦੀ ਅਗਵਾਈ ਕਰ ਰਿਹਾ ਸੀ ਜਿੱਥੇ ਕੋਈ ਵੀ ਅੜਿੱਕਾ ਜਜ਼ਬੇ ਨੂੰ ਨਹੀਂ ਡੇਗ ਸਕਦਾ।

ਆਖਰਕਾਰ 1948 ਦੀਆਂ ਸਰਦੀਆਂ 'ਚ ਫਸਟ ਸਿੱਖ ਵਾਦੀ 'ਚੋਂ ਵਾਪਸ ਹੋਈ ਅਤੇ ਇਸ ਨੂੰ ਸ੍ਰੀਨਗਰ (1947) ਅਤੇ ਠੀਠਵਾਲ (1948) ਲਈ ਬਹਾਦਰੀ ਦੇ ਸਨਮਾਨਾਂ ਨਾਲ ਨਿਵਾਜਿਆ ਗਿਆ ਅਤੇ 1947-48 ਵਿਚ ਜੰਮੂ ਕਸ਼ਮੀਰ ਥੀਏਟਰ ਪੁਰਸਕਾਰ ਨਾਲ ਸਨਮਾਨਿਆ ਗਿਆ। ਇਸ ਦੀ ਪ੍ਰਸ਼ੰਸਾ ਵਿਚ ਮੇਜਰ ਜਨਰਲ (ਜੋ ਬਾਅਦ ਵਿਚ ਥਲ ਸੈਨਾ ਮੁਖੀ ਬਣੇ) ਕੇ.ਐਸ. ਥਿਮਈਆ ਨੇ ਆਪਣੀਆਂ ਸਿਮ੍ਰਤੀਆਂ ਵਿਚ ਲਿਖਿਆ- "ਕਸ਼ਮੀਰ ਵਾਦੀ ਵਿਚ 13 ਮਹੀਨਿਆਂ ਦੇ ਇਨ੍ਹਾਂ ਅਪਰੇਸ਼ਨਾਂ ਦੌਰਾਨ ਆਜ਼ਾਦ ਭਾਰਤ ਦੀ ਰਾਖੀ ਕਰਦਿਆਂ, ਤੁਸੀਂ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਅਤੇ ਲੜਾਕੂ ਬਲ ਵਜੋਂ ਆਪਣੀਆਂ ਰਵਾਇਤਾਂ ਨੂੰ ਅਗਾਂਹ ਵਧਾਇਆ ਹੈ। ਵਾਦੀ ਹਮੇਸ਼ਾ ਤੁਹਾਡਾ ਮਹਿਮਾਗਾਨ ਕਰਦੀ ਰਹੇਗੀ ਅਤੇ ਤੁਹਾਡੇ ਕੀਤੇ ਬਹਾਦਰੀ ਦੇ ਕਾਰਨਾਮਿਆਂ ਦੀ ਗੂੰਜ ਪੈਂਦੀ ਰਹੇਗੀ। ਤੁਹਾਡੇ 'ਚੋਂ ਕੁਝ ਨੇ ਪੱਛਮੀ ਪਾਕਿਸਤਾਨ ਵਿਚ ਆਪਣਾ ਸਭ ਕੁਝ ਗੁਆ ਲਿਆ ਸੀ... ਤੁਹਾਡੇ ਪਰਿਵਾਰ ਉੱਜੜ ਗਏ ਅਤੇ ਤੁਹਾਡੇ 'ਚੋਂ ਕਈਆਂ ਕੋਲ ਅਜੇ ਤਾਈਂ ਕੋਈ ਘਰ ਨਹੀਂ ਹੈ। ਇਸ ਸਭ ਕਾਸੇ ਦੇ ਬਾਵਜੂਦ ਤੁਸੀਂ ਸ਼ਿੱਦਤ ਨਾਲ ਲੜਦੇ ਰਹੇ ਅਤੇ ਆਪਣਾ ਹੌਸਲਾ ਨਹੀਂ ਛੱਡਿਆ ਅਤੇ ਇੰਝ ਭਾਰਤੀ ਫ਼ੌਜ ਦਾ ਮਾਣ ਵਧਾਇਆ।"

**ਸ਼ਰਨਾਰਥੀਆਂ ਦੀ ਦੇਖਭਾਲ**

ਦੁਸ਼ਮਣ ਨਾਲ ਲੜਨਾ ਹੀ ਕਾਫ਼ੀ ਨਹੀਂ ਸਗੋਂ ਸਿੱਖ ਰੈਜੀਮੈਂਟ ਦੀਆਂ ਬਟਾਲੀਅਨਾਂ ਨੇ ਪਾਕਿਸਤਾਨੀ ਧਾੜਵੀਆਂ ਵਲੋਂ ਫੈਲਾਈ ਹਨੇਰਗਰਦੀ ਦਾ ਸੰਤਾਪ ਹੰਢਾਉਣ ਵਾਲੇ ਲੋਕਾਂ ਦੇ ਮੁੜ-ਵਸੇਬੇ ਦੇ ਬਹੁਤ ਸਾਰੇ ਕੰਮ ਅੰਜਾਮ ਦਿੱਤੇ। ਮੁੜ ਵਸੇਬੇ ਦੇ ਇਹ ਕਾਰਜ ਕੁਪਵਾੜਾ, ਉੜੀ, ਸ੍ਰੀਨਗਰ, ਪੁਣਛ ਅਤੇ ਰਾਜੌਰੀ ਤੱਕ ਫੈਲੇ ਹੋਏ ਸਨ। ਬਾਰਾਮੂਲਾ ਦੇ ਆਸ ਪਾਸ ਤਬਾਹ ਕੀਤੇ ਗਏ ਪਿੰਡਾਂ ਵਿਚ ਅਨਾਥ ਬੱਚਿਆਂ ਨੂੰ ਕਰੀਬ 250 ਸਿੱਖਾਂ ਨੇ ਬਚਾਇਆ ਅਤੇ ਇਨ੍ਹਾਂ ਨੂੰ ਸਿੱਖ ਰੈਜੀਮੈਂਟ ਦੇ ਬੱਚਿਆਂ ਵਜੋਂ ਅਪਣਾਇਆ ਗਿਆ। ਇਨ੍ਹਾਂ ਅਨਾਥ ਬੱਚਿਆਂ ਨੂੰ 'ਸਿੱਖ ਬੁਆਇਜ਼ ਕੰਪਨੀ' ਵਿਚ ਗਠਿਤ ਕੀਤਾ ਗਿਆ ਅਤੇ ਉਨ੍ਹਾਂ ਦੀ ਦੇਖਭਾਲ ਅਤੇ ਸਿੱਖਿਆ ਲਈ ਸਬਾਤੂ ਵਿਖੇ ਹੋਸਟਲ ਬਣਾਇਆ ਗਿਆ ਅਤੇ ਬਾਅਦ ਵਿਚ ਇਨ੍ਹਾਂ ਨੂੰ ਸਿੱਖ ਰੈਜੀਮੈਂਟਲ ਸੈਂਟਰ ਵਿਚ ਤਬਦੀਲ ਕੀਤਾ ਗਿਆ। ਇਨ੍ਹਾਂ 'ਚੋਂ ਬਹੁਤ ਸਾਰੇ ਲੜਕੇ ਸਿੱਖ ਰੈਜੀਮੈਂਟ ਵਿਚ ਅਤੇ ਕੁਝ ਹੋਰਨਾਂ ਪੇਸ਼ਿਆਂ ਵਿਚ ਭਰਤੀ ਹੋਏ। ਉਦੋਂ ਤੋਂ ਹੀ ਸ਼ਹੀਦਾਂ ਦੇ ਬੱਚਿਆਂ ਲਈ ਬੁਆਇਜ਼ ਹੋਸਟਲ ਦਾ ਸੰਕਲਪ ਚੱਲ ਰਿਹਾ ਹੈ ਜਿਸ ਨੂੰ 'ਬਾਲ ਭਵਨ' ਦਾ ਨਾਂ ਦਿੱਤਾ ਗਿਆ।

ਬਿਨਾਂ ਸ਼ੱਕ, ਇਹ ਕਰਨਲ ਦੀਵਾਨ ਰਣਜੀਤ ਰਾਏ ਅਤੇ ਏਅਰ ਫੋਰਸ ਦੀ 12 ਸਕੁਐਡਰਨ ਨੇ ਸਿੱਖ ਰੈਜੀਮੈਂਟ ਦੇ ਮਾਟੋ 'ਨਿਸ਼ਚੈ ਕਰ ਅਪਨੀ ਜੀਤ ਕਰੋਂ' ਨੂੰ ਸਾਕਾਰ ਕਰਦਿਆਂ ਕਸ਼ਮੀਰ ਵਾਦੀ ਦੀ ਹਿਫ਼ਾਜ਼ਤ ਕੀਤੀ ਅਤੇ ਇਹ ਯਕੀਨੀ ਬਣਾਇਆ ਕਿ ਇਹ ਭਾਰਤ ਦਾ ਅਟੁੱਟ ਅੰਗ ਬਣ ਸਕੇ। ਅੱਜ ਏਅਰ ਫੋਰਸ ਦੀ 12 ਸਕੁਐਡਰਨ ਸਿੱਖ ਰੈਜੀਮੈਂਟ ਨਾਲ ਜੁੜੀ ਹੋਈ ਹੈ ਅਤੇ 27 ਅਕਤੂਬਰ ਨੂੰ ਥਲ ਸੈਨਾ ਦਿਵਸ ਮਨਾਉਂਦੀ ਆ ਰਹੀ ਹੈ।

**-ਲੈਫ. ਜਨਰਲ ਰਜਿੰਦਰ ਸਿੰਘ ਸੁਜਲਾਨਾ**

# ਮੁਹੱਬਤ ਦੇ ਰੰਗਾਂ ਵਿਚ ਜੀਵੀ ਆਰਜਾ- ਇਮਰੋਜ਼

**ਰਵਿੰਦਰ ਸਿੰਘ ਘੁੰਮਣ**
**ਯੂਨੀਵਰਸਿਟੀ ਕਾਲਜ ਘਨੌਰ**

ਇਮਰੋਜ਼ ਇਕ ਅਜਿਹਾ ਪੰਜਾਬੀ ਹੈ, ਜਿਸ ਨੂੰ ਆਉਣ ਵਾਲਾ ਸਮਾਂ ਹੋਰ ਯਾਦ ਕਰੇਗਾ। ਉਹ ਬਿਹਤਰੀਨ ਚਿੱਤਰਕਾਰ ਹੈ, ਸੂਖਮ ਕਵੀ ਹੈ, ਇਸ ਤੋਂ ਵੀ ਜ਼ਿਆਦਾ ਉਸ ਦੀ ਪਛਾਣ ਇਹ ਹੈ ਕਿ ਉਹ ਇਕ ਇਸ਼ਕ ਵਿਚ ਰੰਗਿਆ ਕੋਮਲ ਜੀਵਨ ਹੈ। ਪੰਜਾਬ ਆਸ਼ਕਾਂ ਦੀ ਧਰਤੀ ਹੈ, ਪਰ ਇਨ੍ਹਾਂ ਆਸ਼ਕਾਂ ਨੂੰ ਉਨ੍ਹਾਂ ਦੇ ਸਮੇਂ ਵਿਚ ਕਿਸੇ ਨੇ ਪਸੰਦ ਨਹੀਂ ਕੀਤਾ। ਇਨ੍ਹਾਂ ਦੀ ਮੁਹੱਬਤ ਨੂੰ ਪ੍ਰਵਾਨ ਹੋਣ ਲਈ ਅਗਲੀਆਂ ਪੀੜ੍ਹੀਆਂ ਦੀ ਉਡੀਕ ਕਰਨੀ ਪਈ। ਇਮਰੋਜ਼ ਦਾ ਜੀਵਨ ਵੀਹਵੀਂ ਸਦੀ ਦੇ ਇਸ਼ਕ ਦਾ ਕਿੱਸਾ ਹੈ। ਉਸਦੇ ਸਮੇਂ ਦੇ ਬਹੁਤੇ ਲੋਕਾਂ ਉਹਦੀ ਕਦਰ ਨਹੀਂ ਪਾਈ ਅਤੇ ਅੱਜ ਵੀ ਉਨ੍ਹਾਂ ਬਾਰੇ ਵਕਤੀ ਟਿੱਪਣੀਆਂ ਅਕਸਰ ਸੋਸ਼ਲ ਮੀਡੀਆ 'ਤੇ ਮਿਲ ਜਾਂਦੀਆਂ ਹਨ। ਅੰਮ੍ਰਿਤਾ ਪ੍ਰੀਤਮ ਨਾਲ ਮੁਹੱਬਤ ਵਿਚ ਗੁਜ਼ਾਰੀ ਉਸਦੀ ਜ਼ਿੰਦਗੀ ਵਿਚ ਇਸ਼ਕ ਮਜਾਜ਼ੀ ਵੀ ਹੈ ਤੇ ਹਕੀਕੀ ਵੀ। ਇਮਰੋਜ਼ ਦੀ ਕਦਰ ਵੀ ਆਉਣ ਵਾਲੇ ਸਮੇਂ ਵਿਚ ਮੁਹੱਬਤ ਕਰਨ ਵਾਲੇ ਲੋਕ ਵਧੇਰੇ ਪਾਉਣਗੇ।

ਇਮਰੋਜ਼ ਬਾਰੇ ਕਿੰਨਾ ਕੁਝ ਸੋਚਿਆ ਜਾ ਸਕਦਾ ਹੈ। ਪਿਛਲੇ ਦਿਨੀਂ ਅੰਤਰ-ਰਾਸ਼ਟਰੀ ਫਿਲਮ ਫੈਸਟੀਵਲ (ਸਿਨੇ ਵੈਸਚਰ) ਚੰਡੀਗੜ੍ਹ ਵਿਚ ਪੰਜਾਬੀ ਫਿਲਮਸਾਜ਼ ਹਰਜੀਤ ਸਿੰਘ ਦੀ ਬਣਾਈ ਡਾਕੂਮੈਂਟਰੀ 'ਇਮਰੋਜ਼' ਦੇਖਣ ਦਾ ਮੌਕਾ ਮਿਲਿਆ। ਇਮਰੋਜ਼ ਦੀ ਜ਼ਿੰਦਗੀ ਦੇ ਕਿੰਨੇ ਹੀ ਆਯਾਮ ਹਨ। ਉਨ੍ਹਾਂ ਸਾਰਿਆਂ ਨੂੰ ਅਦਬ ਨਾਲ ਸਮਝ ਸਕਣ ਲਈ ਆਜ਼ਾਦ ਅਸਤਿੱਤਵੀ ਕਲਪਨਾ ਅਤੇ ਸੰਵੇਦਨਾ ਦੀ ਲੋੜ ਹੈ। ਹਰਜੀਤ ਸਿੰਘ ਇਸ ਬਹੁਰੰਗੇ ਜੀਵਨ ਨੂੰ ਪਰਦੇ 'ਤੇ ਉਤਾਰਨ ਲਈ ਕਿੰਨੇ ਸਾਧਨਾਂ ਦੀ ਸਿਰਜਣਾਤਮਕ ਵਰਤੋਂ ਕਰਦਾ ਹੈ-ਕੈਮਰਾ, ਕਵਿਤਾ, ਸੰਗੀਤ ਤੇ ਬਿਆਨ। ਇਸ ਸ਼ਾਹਕਾਰ ਜੀਵਨ ਦੀਆਂ ਸਿਖਰਾਂ ਨੂੰ ਮਹਿਸੂਸ ਕਰਵਾਉਣ ਲਈ ਉਹ ਬੁੱਲੇ ਅਤੇ ਸ਼ਾਹ ਹੁਸੈਨ ਦੀਆਂ ਕਾਫੀਆਂ ਨੂੰ ਗਵਾਹ ਬਣਾ ਲੈਂਦਾ ਹੈ। ਫਿਲਮ ਦੇ ਪਹਿਲੇ ਦ੍ਰਿਸ਼ ਵਿਚ ਕਿੰਨੇ ਹੀ ਰੰਗ ਆਪਸ ਵਿਚ ਘੁਲਦੇ ਦਿਖਾਈ ਦਿੰਦੇ ਹਨ। ਫਿਲਮ ਇੰਦਰਜੀਤ ਸਿੰਘ ਦੇ ਬਚਪਨ ਤੋਂ ਅੰਮ੍ਰਿਤਾ ਨਾਲ ਇਕ-ਮਿਕ ਹੋ ਜਾਂਦੀਆਂ ਹਨ। 42 ਮਿੰਟਾਂ ਦੀ ਇਸ ਦਸਤਾਵੇਜ਼ੀ ਵਿਚ ਇਮਰੋਜ਼ ਦੀ ਚਿੱਤਰਕਾਰੀ ਦਾ ਕਲਾਤਮਕ ਰੁਤਬਾ ਸਪੱਸ਼ਟ ਹੁੰਦਾ ਹੈ। ਇਮਰੋਜ਼ ਲੰਮਾ ਸਮਾਂ ਦਿੱਲੀ ਤੋਂ ਛਪਦੇ ਪ੍ਰਸਿੱਧ ਉਰਦੂ ਮੈਗਜ਼ੀਨ 'ਸ਼ਮਾਂ' ਲਈ ਚਿੱਤਰਕਾਰੀ ਕਰਦਾ ਰਿਹਾ। ਸ਼ਮਾਂ ਦੀਆਂ ਕਹਾਣੀਆਂ ਅਤੇ ਕਵਿਤਾਵਾਂ ਦੇ ਭਾਵਾਂ ਨੂੰ ਆਪਣੇ ਚਿੱਤਰਾਂ ਵਿਚ ਉਤਾਰ ਕੇ ਉਸ ਨੇ ਇਸ ਮੈਗਜ਼ੀਨ ਨੂੰ ਨਵਾਂ ਹੀ ਰੂਪ ਦੇ ਦਿੱਤਾ। ਸ਼ਮਾਂ ਦੇ ਚਿੱਤਰਾਂ ਤੋਂ ਉਸ ਵੇਲੇ ਦਾ ਪ੍ਰਸਿੱਧ ਫਿਲਮਸਾਜ਼ ਗੁਰੂਦੱਤ ਪ੍ਰਭਾਵਿਤ ਹੋਇਆ ਅਤੇ ਉਸ ਨੇ ਆਪਣੀ ਬਣ ਰਹੀ ਫਿਲਮ ਪਿਆਸਾ ਦੇ ਪੋਸਟਰ ਡਿਜ਼ਾਇਨ ਕਰਨ ਲਈ ਕਿਹਾ। ਉਸ ਦੇ ਇਸ ਕੰਮ ਤੋਂ ਗੁਰੂਦੱਤ ਇੰਨਾ ਪ੍ਰਭਾਵਿਤ ਹੋਏ ਕਿ ਉਸਨੂੰ ਤੁਰੰਤ ਬੰਬਈ ਆ ਜਾਣ ਦਾ ਸੱਦਾ ਦਿੱਤਾ। ਇਮਰੋਜ਼ ਜਾਣ ਲਈ ਅੰਮ੍ਰਿਤਾ ਨੂੰ ਅਲਵਿਦਾ ਕਹਿਣ ਗਿਆ ਪਰ ਉਥੋਂ ਬੰਬਈ ਨਾ ਜਾ ਸਕਿਆ ਅਤੇ ਤਾਉਮਰ ਲਈ ਅੰਮ੍ਰਿਤਾ ਦਾ ਹੋ ਗਿਆ। ਡਾਕੂਮੈਂਟਰੀ ਵਿਚ ਇਮਰੋਜ਼ ਦੱਸਦਾ ਹੈ ਕਿ ਅੰਮ੍ਰਿਤਾ ਨੇ ਉਸਨੂੰ ਕਿਹਾ ਕਿ ਤੂੰ ਪਹਿਲਾਂ ਦੁਨੀਆਂ ਦੇਖ ਆ, ਜੇ ਫੇਰ ਵੀ ਮੈਂ ਤੈਨੂੰ ਚਾਹੀਦੀ ਹੋਈ ਤਾਂ ਆ ਜਾਵੀਂ। ਤਾਂ ਇਮਰੋਜ਼ ਨੇ ਅੰਮ੍ਰਿਤਾ ਦੇ ਕਮਰੇ ਵਿਚ ਕੁਝ ਪੰਜ-ਛੇ ਚੱਕਰ




ਸ਼ੁਰੂ ਹੋ ਕੇ ਇਮਰੋਜ਼ ਹੋ ਜਾਣ ਅਤੇ ਅੰਮ੍ਰਿਤਾ ਪ੍ਰੀਤਮ ਦੇ ਕਾਵਿਕ ਵਾਕਦੇ 'ਮੈਂ ਤੈਨੂੰ ਫੇਰ ਮਿਲਾਂਗੀ' ਵਿਚ ਸਮਾ ਜਾਣ ਤੱਕ ਦੀ ਯਾਤਰਾ ਹੈ।

ਪ੍ਰਤਿਭਾਸ਼ਾਲੀ ਨੌਜਵਾਨ ਗੁਰਮੋਹ ਦੇ ਸੰਗੀਤ ਵਿਚ ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਅੰਮ੍ਰਿਤਾ ਪ੍ਰੀਤਮ ਅਤੇ ਇਮਰੋਜ਼ ਦੀਆਂ ਕਵਿਤਾਵਾਂ ਇਮਰੋਜ਼-

ਲਾਏ ਤੇ ਕਿਹਾ ਕਿ ਮੈਂ ਦੁਨੀਆਂ ਦੇਖ ਆਇਆਂ...। ਫਿਰ ਇਮਰੋਜ਼ ਤੇ ਅੰਮ੍ਰਿਤਾ ਇਸ ਤਰ੍ਹਾਂ ਇਕਮਿਕ ਹੋਏ ਕਿ ਇਮਰੋਜ਼ ਦੇ ਚਿੱਤਰਾਂ ਵਿਚ ਅੰਮ੍ਰਿਤਾ ਰਹੀ ਅਤੇ ਅੰਮ੍ਰਿਤਾ ਦੇ ਨਾਵਲਾਂ, ਕਹਾਣੀਆਂ ਦੇ ਪਾਤਰਾਂ ਵਿਚੋਂ ਇਮਰੋਜ਼ ਦਿਸਦਾ ਰਿਹਾ। ਅੰਮ੍ਰਿਤਾ ਦਾ ਕਹਿਣਾ ਸੀ ਕਿ ਉਸ ਨੇ ਲੰਮਾ ਸਮਾਂ ਆਪਣੀਆਂ ਲਿਖਤਾਂ ਵਿਚ ਇਮਰੋਜ਼ ਨੂੰ ਲਿਖਿਆ ਹੈ। ਇਸੇ ਲਈ ਇਸ ਦਸਤਾਵੇਜ਼ੀ ਦੇ ਬਿਰਤਾਂਤਕਾਰ ਇੰਦਰਜੀਤ ਸਿੰਘ ਪੋਟਲ ਦਾ ਕਹਿਣਾ ਹੈ ਕਿ ਅੰਮ੍ਰਿਤਾ ਦੀਆਂ ਲਿਖਤਾਂ ਇਮਰੋਜ਼ ਨਾਂ ਦੀ ਬੁਝਾਰਤ ਦਾ ਦਰਵਾਜ਼ਾ ਹਨ, ਇਸ ਦਰਵਾਜ਼ੇ ਨੂੰ ਖੋਲ੍ਹਣ ਲਈ ਲਗਾਤਾਰ ਵਹਿ ਰਹੇ ਉਨ੍ਹਾਂ ਰੰਗਾਂ ਦੀ ਤਰਲ ਚਾਬੀ ਦੀ ਲੋੜ ਹੈ, ਜਿਸ ਵਿਚ ਅੰਮ੍ਰਿਤਾ ਨੇ ਕਿੰਨੇ ਹੀ ਪਾਤਰ ਸਿਰਜੇ ਹਨ।

ਹਰਜੀਤ ਸਿੰਘ ਅਤੇ ਉਨ੍ਹਾਂ ਦੀ ਜੀਵਨ ਸਾਥਣ ਤੇਜਿੰਦਰ-ਹਰਜੀਤ ਹੁਰਾਂ ਦੇ ਪਿਆਰ-ਵਿਆਹ ਦੀ ਗਵਾਹੀ ਕਦੇ ਅੰਮ੍ਰਿਤਾ-ਇਮਰੋਜ਼ ਨੇ ਭਰੀ ਸੀ ਤੇ ਹੁਣ ਇਸ ਡਾਕੂਮੈਂਟਰੀ ਨਾਲ ਇਨ੍ਹਾਂ ਦੋਹਾਂ ਨੇ ਇਮਰੋਜ਼ ਦੀ ਖ਼ੂਬਸੂਰਤ ਤੇ ਵਿਲੱਖਣ ਜ਼ਿੰਦਗੀ ਨੂੰ ਪਰਦੇ 'ਤੇ ਸੰਭਾਲ ਲਿਆ ਹੈ। ਸਾਡੇ ਪਾਪੂਲਰ ਗੀਤਾਂ ਤੇ ਫਿਲਮਾਂ ਨੇ ਪਿਆਰ ਦੇ ਸੰਕਲਪ ਨੂੰ ਦੂਸ਼ਿਤ ਕੀਤਾ ਹੈ ਤਾਂ ਇਸ ਦਰਮਿਆਨ ਹਰਜੀਤ ਸਿੰਘ ਨੇ ਮੁਹੱਬਤ ਦੀ ਇਹ ਕਹਾਣੀ ਕਹਿ ਕੇ ਸਾਡੇ ਲਈ ਪਿਆਰ ਦਾ ਇਕ ਉੱਚਾ-ਸੁੱਚਾ ਆਦਰਸ਼ ਜੀਉਂਦਾ ਕੀਤਾ ਹੈ। ਪਿਆਰ ਦੇ ਇਸ ਸੰਕਲਪ ਵਿਚ ਮਰਦ ਹਉਮੈ ਨੂੰ ਤੱਜ ਕੇ 'ਤੂੰ ਹੀ ਤੂੰ' ਦੀ ਹਕੀਕੀ ਉਡਾਰੀ ਹੈ। ਇਹ ਉਡਾਰੀ ਸਿਰਫ ਵਕਤੀ ਨਹੀਂ ਸਗੋਂ ਇਸ ਆਲਮ ਵਿਚ ਉਨ੍ਹਾਂ ਪੂਰੀ ਜ਼ਿੰਦਗੀ ਇਕ ਦੂਜੇ ਦੇ ਪਿਆਰੇ ਸਾਥ ਵਿਚ ਜੀਵੀ ਹੈ। ਸਾਡੀਆਂ ਫਿਲਮਾਂ ਅਤੇ ਗੀਤਾਂ ਦੇ ਉਪਭੋਗੀ ਨੌਜਵਾਨਾਂ ਲਈ ਇਹ ਇਕ ਨਵਾਂ ਸੰਸਾਰ ਹੋਵੇਗਾ। ਇੰਦਰਜੀਤ ਸਿੰਘ ਪੋਟਲ ਦੇ ਬਿਆਨ ਦੀ ਕਾਵਿਕਤਾ, ਅੰਮ੍ਰਿਤਾ-ਇਮਰੋਜ਼ ਤੇ ਉਨ੍ਹਾਂ ਦੀਆਂ ਸਿਰਜਣਾਵਾਂ ਵਿਚ ਵਹਿੰਦੇ ਜ਼ਾਹਰ-ਬਾਤਨ ਰੰਗਾਂ ਨੂੰ ਫੜਨ ਦਾ ਪਿਆਰਾ ਢੰਗ ਹੈ। ਫਿਲਮ ਦਾ ਬਿਰਤਾਂਤ ਅੰਗਰੇਜ਼ੀ ਭਾਸ਼ਾ ਵਿਚ ਹੈ, ਜੇਕਰ ਪੰਜਾਬੀ ਵਿਚ ਹੋ ਜਾਵੇ ਤਾਂ ਆਮ ਪੰਜਾਬੀ ਦਰਸ਼ਕਾਂ ਤੱਕ ਪਿਆਰ ਦਾ ਇਹ ਸੁਪਨਾ ਪਹੁੰਚ ਸਕੇਗਾ।

# ‘ਪੰਜਾਬ ਟਾਈਮਜ਼’ ਦੀ 25ਵੀਂ ਵਰ੍ਹੇਗੰਢ ਦੀਆਂ ਲੱਖ ਲੱਖ ਮੁਬਾਰਕਾਂ !

ਪਿਛਲੇ 25 ਸਾਲਾਂ ਤੋਂ ਪੰਜਾਬ ਟਾਈਮਜ਼, ਭਰੋਸੇਯੋਗ ਖਬਰਾਂ ਦਾ ਦੀਵਾ ਬਣ, ਅਮਰੀਕਾ ਵਿਚ ਪੰਜਾਬੀ ਸੱਭਿਅਤਾ ਦੇ ਮੁਖਾਰਬਿੰਦ ਦਾ ਰੋਲ ਨਿਭਾ ਰਿਹਾ ਹੈ। ਬੇਲਾਗ ਰਿਪੋਰਟਿੰਗ, ਸਚਾਈ ਲਈ ਅਟੱਲ ਵਚਨਬੱਧਤਾ, ਅਤੇ ਸੱਭਿਆਚਾਰਕ ਜਾਗਰੂਕਤਾ ਉੱਤੇ ਜ਼ੋਰ ਕਾਰਨ, ਇਹ ਅਖਬਾਰ ਪੱਤਰਕਾਰੀ ਦੇ ਲੈਂਡਸਕੇਪ ਵਿਚ, ਇੱਕ ਮਿਸਾਲ ਬਣ ਚੁੱਕਾ ਹੈ। ਮੇਰੇ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਮੂਹ ਟੀਮ ਨੂੰ 25ਵੀਂ ਵਰ੍ਹੇਗੰਢ ਦੀਆਂ ਕੋਟਾਨ-ਕੋਟਿ ਮੁਬਾਰਕਾਂ। ਮੈਂ ਆਸ ਕਰਦਾ ਹਾਂ ਕਿ ‘ਪੰਜਾਬ ਟਾਈਮਜ਼’ ਅੱਗੇ ਵੀ ਪੰਜਾਬੀ ਭਾਈਚਾਰੇ ਦੀ ਸੇਵਾ ਕਰਦਾ ਰਹੇਗਾ। ਸ਼ੁਭ ਕਾਮਨਾਵਾਂ।



ਲਖਵੀਰ ਸਿੰਘ ਸਹੋਤਾ

# ‘ਪੰਜਾਬ ਟਾਈਮਜ਼’ ਦੀ 25ਵੀਂ ਵਰ੍ਹੇਗੰਢ ਦੀਆਂ ਵਧਾਈਆਂ !



ਬਲਵਿੰਦਰ ਕੌਰ ਕੰਗ ਅਤੇ ਗੁਰਮੇਲ ਸਿੰਘ ਕੰਗ (ਵਰਜੀਨੀਆ)।

ਸ. ਅਮੋਲਕ ਸਿੰਘ ਜੰਮੂ ਨੇ ਆਪਣੇ ਸਹਿਯੋਗੀਆਂ ਨਾਲ ਰਲ ਕੇ ‘ਪੰਜਾਬ ਟਾਈਮਜ਼’ ਦਾ ਬੂਟਾ ਅੱਜ ਤੋਂ ਪੱਚੀ ਸਾਲ ਪਹਿਲਾਂ ਅਮਰੀਕਾ ਦੀ ਧਰਤੀ ‘ਤੇ ਲਾਇਆ, ਜਿਸ ਨੇ ਬੜੇ ਥੋੜੇ ਸਮੇਂ ਵਿਚ ਹੀ ਆਪਣੀ ਵੱਖਰੀ ਪਛਾਣ ਬਣਾ ਲਈ। ਵੱਖਰੀ ਪਛਾਣ ਬਣਾਉਣ ਲਈ ਸੰਪਾਦਕ ਦਾ ਹਰ ਪੱਖੋਂ ਗਿਆਨਵਾਨ ਹੋਣ ਦੇ ਨਾਲ ਨਿਰਪੱਖ ਹੋਣਾ ਵੀ ਮਹੱਤਵਪੂਰਨ ਮੰਨਿਆ ਜਾਂਦਾ ਹੈ। ਭਾਵੇਂ ਬਹੁਤ ਸਾਰੇ ਆਲੋਚਕਾਂ ਦਾ ਮੰਨਣਾ ਹੈ ਕਿ ਅਖ਼ਬਾਰਾਂ ਕਦੇ ਵੀ ਨਿਰਪੱਖ ਨਹੀਂ ਹੁੰਦੀਆਂ। ਹਮੇਸ਼ਾ ਹੀ ਕਿਸੇ ਨਾ ਕਿਸੇ ਵਿਚਾਰਧਾਰਾ, ਕਿਸੇ ਖ਼ਾਸ ਗਰੁਪ, ਜਾਂ ਰਾਜਸੀ ਪਾਰਟੀਆਂ ਦਾ ਪੱਖ ਪੂਰਦੀਆਂ ਹਨ। ਪਰ ਇਹ ਗੱਲ ‘ਪੰਜਾਬ ਟਾਈਮਜ਼’ ‘ਤੇ ਲਾਗੂ ਨਹੀਂ ਹੁੰਦੀ। ਇਸ ਦੀ ਆਪਣੀ ਵੱਖਰੀ ਆਜ਼ਾਦ ਸੋਚ ਹੈ। ਦੂਜੀ ਗੱਲ ਇਹ ਕਿ ਇਸ ਵਿਚ ਵੰਨ-ਸਵੰਨਤਾ ਦੀ ਸਮੱਗਰੀ ਕਰਕੇ ਪਾਠਕਾਂ ਵਿਚ ਹਰਮਨ-ਪਿਆਰਾ ਹੈ। ਦੇਸ਼-ਵਿਦੇਸ਼ ਵਿਚ ਬੈਠੇ ਪਾਠਕ ਬੜੀ ਬੇਸਬਰੀ ਨਾਲ ਹਰ ਅੰਕ ਦੀ ਉਡੀਕ ਕਰਦੇ ਹਨ। ਖ਼ਾਸ ਕਰਕੇ ਅਮਰੀਕਾ ਵਿਚਲੇ ਆਪਣੇ ਭਾਈਚਾਰੇ ਦੇ ਬਿਜ਼ਨਸਮੈਨ, ਆਪਣੇ ਬਿਜ਼ਨਸ ਦੀ ਮਸ਼ਹੂਰੀ ਲਈ ‘ਪੰਜਾਬ ਟਾਈਮਜ਼’ ਹੀ ਉਨ੍ਹਾਂ ਦੀ ਪਹਿਲੀ ਪੰਸਦ ਹੈ। ਇਸੇ ਕਰਕੇ ਕਿਸੇ ਨੇ ਸੱਚ ਹੀ ਕਿਹਾ ਹੈ ਕਿ ‘ਕੁਝ ਅਖ਼ਬਾਰਾਂ ਵਿਕ ਕੇ ਛਪਦੀਆਂ ਹਨ ਪਰ ਕੁਝ ਛਪ ਕੇ ਵਿਕਦੀਆਂ ਹਨ’। ਸੋ ‘ਪੰਜਾਬ ਟਾਈਮਜ਼’ ਉਹ ਅਖ਼ਬਾਰ ਹੈ ਜੋ ਛਪ ਕੇ ਵਿਕਦਾ ਹੈ ਤੇ ਪੜ੍ਹਿਆ ਵੀ ਜਾਂਦਾ ਹੈ। ਅੱਜ ਇਸ ਸ਼ੁਭ ਵਰ੍ਹੇਗਢ ’ਤੇ ਅਖ਼ਬਾਰ ਦੇ ਸੰਪਾਦਕ ਜਿਨ੍ਹਾਂ ਦੀ ਸੁਯੋਗ ਅਗਵਾਈ ਅਤੇ ਸਮੂਹ ਸਹਿਯੋਗੀ ਸਟਾਫ ਨੂੰ ਅਸੀਂ ਵਧਾਈ ਦਿੰਦੇ ਹਾਂ। ਕਾਮਨਾ ਹੈ ਕਿ ਇਹ ਅਖ਼ਬਾਰ ਇਸੇ ਤਰ੍ਹਾਂ ਪੰਜਾਬੀ ਅਤੇ ਪੰਜਾਬੀਅਤ ਦੀ ਸੇਵਾ ਕਰਦਾ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰਦਾ ਰਹੇ।

ਨਿਰਵਿਘਨ ਪ੍ਰਕਾਸ਼ਨ ਦੇ 25ਵੇਂ ਸਾਲ ’ਚ (ਪਹਿਲੀ ਜਨਵਰੀ 2000-2024)

## ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿੱਲੋਂ, ਗੁਰਿੰਦਰ ਗਿੱਲ ਅਤੇ ਅਯੋਧਿਆ ਸਲਵਾਨ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ

# ‘ਪੰਜਾਬ ਟਾਈਮਜ਼ ਨਾਈਟ’

## 18 ਮਈ 2024 ਸ਼ਨਿਚਰਵਾਰ ਸ਼ਾਮੀ 6:00 ਵਜੇ

**Atlantis Banquets**
1273 N. Rand Road,
Arlington Heights, IL 60004

### ਗੈਸਟ ਆਫ ਆਨਰ



ਮੇਜਰ ਗੁਰਚਰਨ ਸਿੰਘ ਝੱਜ



ਡਾ. ਵਿਕਰਮ ਸਿੰਘ ਗਿੱਲ



ਡਾ. ਦਲਬੀਰ ਸਿੰਘ ਪੰਨੂ

ਯਾਦ ਸਲਾਮਤ ਰਹੇ...



ਸ. ਅਮੋਲਕ ਸਿੰਘ ਜੰਮੂ

### ਗੈਸਟ ਆਫ ਆਨਰ



ਏ ਜੇ ਸੰਧੂ



ਹਰਮਨ ਬਿੰਦ



ਲਵ ਮਿਨਹਾਸ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਡਾ. ਗੁਰਦਿਆਲ ਸਿੰਘ ਬਸਰਾਨ | ਜੈਦੇਵ ਸਿੰਘ ਭੱਠਲ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਮਨਦੀਪ ਸਿੰਘ ਭੂਰਾ | ਰਾਜਿੰਦਰ ਸਿੰਘ ਬੈਂਸ



ਰਘਬੀਰ ਸਿੰਘ ਘੁੰਨ | ਪਰਮਿੰਦਰ ਸਿੰਘ ਵਾਲੀਆ | ਅਮਰੀਕ ਸਿੰਘ | ਜਸਕਰਨ ਸਿੰਘ ਧਾਲੀਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਭੁਪਿੰਦਰ ਸਿੰਘ ਧਾਲੀਵਾਲ | ਗੁਰਦੇਵ ਸਿੰਘ ਜੌੜਾ | ਅੰਮ੍ਰਿਤਪਾਲ ਸਿੰਘ ਸੰਘਾ | ਗੁਰਵੀਰ ਸਿੰਘ ਗਿੱਲ



ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਥਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਹਰਵਿੰਦਰ ਪਾਲ ਸਿੰਘ ਲੈਲ | ਜਗਜੀਤ ਸਿੰਘ ਢੀਂਡਸਾ | ਸਰਵਣ ਸਿੰਘ ਟਿਵਾਣਾ | ਸੁਖਮੇਲ ਸਿੰਘ ਅਟਵਾਲ | ਸ. ਹੈਪੀ ਸਿੰਘ ਹੀਰ | ਅਮੋਲਕ ਸਿੰਘ ਗਾਖਲ | ਜੱਸੀ ਗਿੱਲ


# PUNJAB TIMES NIGHT 2024

## ਵਿਸ਼ੇਸ਼ ਮਹਿਮਾਨ


ਦਰਸ਼ਨ ਸਿੰਘ ਧਾਲੀਵਾਲ (ਚੀਫ਼ ਗੈਸਟ)


ਵਰਿਆਮ ਸਿੰਘ ਸੰਧੂ (ਮੁੱਖ ਬੁਲਾਰਾ)


ਸੁਰਿੰਦਰ ਸਿੰਘ ਸੁੰਨੜ (ਚੀਫ਼ ਗੈਸਟ)


ਸੁੱਖੀ ਬਾਠ (ਚੀਫ਼ ਗੈਸਟ)

## ਪਹੁੰਚ ਰਹੀਆਂ ਅਦਬੀ ਸ਼ਖਸੀਅਤਾਂ



ਡਾ. ਲਖਵਿੰਦਰ ਜੌਹਲ



ਡਾ. ਗੁਰਬਖਸ਼ ਸਿੰਘ ਭੰਡਾਲ


ਡਾ. ਆਤਮਜੀਤ ਸਿੰਘ


ਰਵਿੰਦਰ ਸਹਿਰਾਅ


ਭੁਪਿੰਦਰ ਦੁਲੇ


ਕੁਲਵਿੰਦਰ ਖਹਿਰਾ


ਸੁਰਿੰਦਰ ਸੋਹਲ


ਅਸ਼ੋਕ ਭੌਰਾ


ਅਜੇ ਤਨਵੀਰ


ਬੀਬੀ ਸੁਰਜੀਤ ਕੌਰ ਸੈਕਰਾਮੈਂਟੋ


ਦਵਿੰਦਰ ਕੌਰ ਗੁਰਾਇਆ


ਤਾਹਿਰਾ ਰਿਧਾ


ਪੂਜਾ ਧਾਲੀਵਾਲ



ਰਜਿੰਦਰ ਟਾਂਡਾ


ਜਸਵੰਤ ਸਿੰਘ ਸ਼ਾਦ


ਹਰਜਿੰਦਰ ਕੰਗ


ਇਕਬਾਲ ਜੱਬੋਵਾਲੀਆ


ਆਬਿਦ ਰਸ਼ੀਦ



ਗੁਲਾਮ ਮੁਸਤਫਾ ਅੰਜੁਮ

## ਵਿਸ਼ੇਸ਼ ਸਹਿਯੋਗੀ


ਜੈਰਾਮ ਸਿੰਘ ਕਾਹਲੋਂ


ਡਾ. ਹਰਜਿੰਦਰ ਸਿੰਘ ਖਹਿਰਾ


ਗੁਰਮੁਖ ਸਿੰਘ ਭੁੱਲਰ


ਸੁਰਿੰਦਰ ਸਿੰਘ ਭਾਟੀਆ


ਸੁਖਪਾਲ ਗਿੱਲ


ਜਿਗਰਦੀਪ ਸਿੰਘ ਢਿੱਲੋਂ


ਗੁਰਬਖਸ਼ ਸਿੰਘ ਰਾਹੀ


ਪਾਲ ਧਾਲੀਵਾਲ


ਗੁਰਿੰਦਰ ਕੌਰ ਕਲੇਰ


ਬਨਿੰਦਰ ਕੌਰ ਕਲੇਰ


ਇਮਾਨਪ੍ਰੀਤ ਕੌਰ ਗਿੱਲ

**ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ ਮੌਕੇ 18 ਮਈ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸ਼ਾਇਰ, ਸਾਹਿਤਕਾਰ, ਗੀਤਕਾਰ ਅਤੇ ਗਾਇਕ ਤੁਹਾਡਾ ਮਨੋਰੰਜਨ ਕਰਨਗੇ।**

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਸ਼ਿਕਾਗੋ; ਪੰਜਾਬੀ ਅਮੈਰੀਕਨ ਆਰਗੇਨਾਈਜੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ, ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਪੰਜਾਬ ਸਪੋਰਟਸ ਕਲੱਬ ਐਟਲਾਂਟਾ; ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ, ਸਵੇਰਾ ਇੰਕ।

ਮੀਡੀਆ ਪਾਰਟਨਰ: ਰੇਡੀਓ ਚੰਨ ਪ੍ਰਦੇਸੀ, ਦੇਸੀ ਜੰਕਸ਼ਨ, ਢੋਲ ਰੇਡੀਓ, ਪੀ.ਟੀ.ਸੀ।

ਕਹਾਣੀ

# ਬੇਗਮ

ਐਸ ਸਾਕੀ

ਨੂਰੀ ਦਾ ਨਿਕਾਹ ਨਹੀਂ ਸੀ ਹੁੰਦਾ। ਖਾਸੀ ਉਮਰ ਹੋ ਗਈ ਸੀ। ਅਠਾਈ ਪਾਰ ਕਰ ਗਈ ਸੀ ਉਹ। ਉਸ ਦੀਆਂ ਸਹੇਲੀਆਂ ਵਿੱਚੋਂ ਹੁਣ ਕੋਈ ਵੀ ਬਾਕੀ ਨਹੀਂ ਸੀ ਬਚੀ। ਜ਼ੁਬੈਦਾ, ਹਮੀਸਾ, ਪਰਵੀਨ, ਗੁਲਬਾਨੋ ਸਾਰੀਆਂ ਆਪੋ ਆਪਣੇ ਸਹੁਰੇ ਘਰ ਟੁਰ ਗਈਆਂ ਸਨ। ਨੂਰੀ ਨੂੰ ਧੱਕਾ ਉਦੋਂ ਲੱਗਾ ਜਦੋਂ ਉਸ ਦੀ ਹਮ ਉਮਰ ਸਹੇਲੀ ਜ਼ੋਹਰਾ ਵੀ ਉਸ ਨੂੰ ਇਕੱਲੀ ਛੱਡ ਗਈ, ਜਿਸ ਦਾ ਦੋ ਮਹੀਨੇ ਪਹਿਲਾਂ ਜ਼ਫਰ ਨਾਲ ਮੌਲਵੀ ਨੇ ਨਿਕਾਹ ਪੜ੍ਹ ਦਿੱਤਾ ਸੀ।

ਜਦੋਂ ਵੀ ਮੁਹੱਲੇ ਵਿੱਚ ਜਾਂ ਮੁਹੱਲੇ ਤੋਂ ਦੂਰ ਰਿਸ਼ਤੇਦਾਰੀ ਵਿੱਚ ਕਿਸੇ ਵੀ ਕੁੜੀ ਦਾ ਨਿਕਾਹ ਹੁੰਦਾ ਤਾਂ ਉਨ੍ਹਾਂ ਘਰ ਸੱਦਾ ਪੱਤਰ ਜ਼ਰੂਰ ਆਉਂਦਾ, ਨੂਰੀ ਆਪਣੀ ਅੰਮੀ ਨਾਲ ਹਮੇਸ਼ਾ ਉਥੇ ਜਾਂਦੀ। ਨੂਰੀ ਨਵੇਂ ਕੱਪੜਿਆਂ ਵਿੱਚ ਸਜੀਆਂ ਕੁੜੀਆਂ ਤੇ ਔਰਤਾਂ ਨੂੰ ਵੇਖਦੀ। ਆਪਣੀ ਤੁਲਨਾ ਨਿਕਾਹ ਹੋਣ ਵਾਲੀ ਕੁੜੀ ਨਾਲ ਕਰਦੀ। ਉਸ ਤੋਂ ਵੱਧ ਕੇ ਸੋਹਣੀ ਸੀ ਉਹ..। ਵਿਆਹੀ ਜਾਣ ਵਾਲੀ ਨੂੰ ਵੇਖ ਉਹ ਜਿਵੇਂ ਆਪਣੇ ਆਪ ਨੂੰ ਕਹਿੰਦੀ, 'ਮੇਰਾ ਵਿਆਹ ਕਿਉਂ ਨਹੀਂ ਹੁੰਦਾ? ਮੈਂ ਹਰ ਵਾਰੀ ਨੂਰੀ ਬਣੀ ਰਹਿ ਜਾਂਦੀ ਹਾਂ। ਨਿਕਾਹ ਕਰਵਾ ਕੇ ਨੂਰੀ ਬੇਗਮ ਕਿਉਂ ਨਹੀਂ ਬਣ ਜਾਂਦੀ?' ਕਈ ਸਵਾਲ ਆਉਂਦੇ ਉਹਦੇ ਮਨ ਵਿੱਚ, ਪਰ ਉਸ ਨੂੰ ਉਨ੍ਹਾਂ ਦਾ ਕੋਈ ਠੀਕ ਜਵਾਬ ਨਾ ਲੱਭਦਾ।

ਵਿਆਹ ਵਿੱਚ ਆਈਆਂ ਔਰਤਾਂ ਉਸ ਦੀ ਮਾਂ ਨੂੰ ਪੁੱਛਦੀਆਂ, 'ਨੂਰੀ ਦੀ ਅੰਮੀ, ਤੂੰ ਬੇਟੀ ਨੂੰ ਵਿਆਹ ਦਾ ਜੋੜਾ ਕਦੋਂ ਪਹਿਨਾਵੇਂਗੀ? ਕਦੋਂ ਜਾਵੇਗੀ ਉਹ ਆਪਣੇ ਸਹੁਰੇ ਘਰ?'

ਅਜਿਹੇ ਸਵਾਲਾਂ ਦਾ ਉਹਦੀ ਅੰਮੀ ਰੇਸ਼ਮਾ ਨੂੰ ਜਵਾਬ ਦੇਣਾ ਬਹੁਤ ਔਖਾ ਲੱਗਦਾ। ਉਹ ਉਨ੍ਹਾਂ ਔਰਤਾਂ ਵੱਲ ਵੇਖਦੀ ਹੋਈ ਕਹਿੰਦੀ, 'ਮੈਂ ਤਾਂ ਨਿਕਾਹ ਕਰ ਦੇਵਾਂ ਇਨਸ਼ਾ ਅੱਲਾ। ਮੁੰਡੇ ਵੀ ਬਹੁਤੇਰੇ ਫਿਰਦੇ ਨੇ ਸਾਡੇ ਪਿੱਛੇ। ਕਿੰਨੇ ਹੀ ਰਿਸ਼ਤੇ ਆਉਂਦੇ ਨੇ ਸਾਡੀ ਨੂਰੀ ਨੂੰ। ਕਾਹਦੀ ਕਮੀ ਹੈ ਇਸ ਵਿੱਚ ਕਿ ਪੁੱਛ ਨਾ ਪਵੇ, ਪਰ ਚੱਜ ਦਾ ਮੁੰਡਾ ਤਾਂ ਮਿਲੇ। ਜਿਹੜੇ ਮਿਲਦੇ ਨੇ ਬਸ ਐਵੇਂ ਹੀ, ਸਾਡੀ ਨੂਰੀ ਨੇੜੇ ਤਾਂ ਖੜੋਣ ਜੋਗਾ ਵੀ ਨਹੀਂ ਕੋਈ..।'

ਨੂਰੀ ਦੀ ਅੰਮੀ ਝੂਠ ਬੋਲਦੀ। ਸ਼ਾਇਦ ਰੇਸ਼ਮਾ ਦੀ ਸਾਰੀ ਗੱਲ ਠੀਕ ਨਹੀਂ ਸੀ। ਜਦੋਂ ਨੂਰੀ ਅਠਾਰਵੇਂ ਵਿੱਚ ਲੱਗੀ ਸੀ ਰੇਸ਼ਮਾ ਨੇ ਤਾਂ ਤਦੇ ਉਸ ਦੇ ਨਿਕਾਹ ਬਾਰੇ ਆਪਣੇ ਪਤੀ ਖਾਲਿਦ ਨਾਲ ਗੱਲ ਕੀਤੀ ਸੀ, ਪਰ ਉਸ ਨੇ ਰੇਸ਼ਮਾ ਨੂੰ 'ਅਜੇ ਛੋਟੀ ਹੈ' ਕਹਿ ਕੇ ਗੱਲ ਟਾਲ ਦਿੱਤੀ, ਜਦੋਂ ਕਿ ਗੱਲ ਇਹ ਨਹੀਂ ਸੀ। ਜਦੋਂ ਵੀ ਉਥੇ ਵਿਆਹ ਹੁੰਦੇ ਸਨ ਤਾਂ ਧੀਆਂ ਵਾਲਿਆਂ ਸਾਹਮਣੇ ਮੁੰਡੇ ਵਾਲੇ ਅਕਸਰ ਆਪਣੀ ਮੰਗ ਪਹਿਲਾਂ ਰੱਖ ਦਿੰਦੇ ਸਨ, ਜਿਹੜੀ ਨਿਕਾਹ ਤੋਂ ਪਹਿਲਾਂ ਦੇਣੀ ਹੁੰਦੀ ਸੀ। ਖਾਲਿਦ ਸਾਹਮਣੇ ਵੀ ਇਹੋ ਅੜਚਣ ਸੀ। ਉਸ ਨੇ ਇਸ ਤੋਂ ਪਹਿਲਾਂ ਆਪਣੀ ਵੱਡੀ ਧੀ ਨਫੀਸਾ ਦਾ ਵਿਆਹ ਕੀਤਾ ਸੀ। ਤਦ ਉਸ ਨੇ ਵਿਆਹ ਲਈ ਵਿਆਜੂ ਪੈਸੇ ਫੜੇ ਸਨ ਜਿਹੜੇ ਹੁਣ ਤੱਕ ਉਸੇ ਤਰ੍ਹਾਂ ਸਿਰ 'ਤੇ ਖਲੋਤੇ ਸਨ। ਹਰ ਵਰ੍ਹੇ ਉਸ ਦਾ ਵਿਆਜ ਹੀ ਮੋੜ ਪਾਉਂਦਾ ਸੀ ਉਹ। ਰਕਮ ਉਸ ਕੋਲੋਂ ਨਹੀਂ ਉਤਰਦੀ ਸੀ।

ਖਾਲਿਦ ਪੇਸ਼ੇ ਵੱਲੋਂ ਬੁਣਕਰ ਸੀ। ਉਹ ਸ਼ੁਰੂ ਤੋਂ ਇਸ ਖਾਨਦਾਨੀ ਪੇਸ਼ੇ ਵਿੱਚ ਸੀ। ਪੀੜ੍ਹੀਆਂ ਤੋਂ ਉਹ ਲੋਕ ਕਾਲੀਨ ਬੁਣਨ ਦਾ ਕੰਮ ਕਰਦੇ ਆ ਰਹੇ ਸਨ। ਖਾਲਿਦ ਜਿਹੇ ਕਾਰੀਗਰ ਸਾਰੇ ਕਸ਼ਮੀਰ ਵਿੱਚ ਇਕ-ਦੋ ਸਨ। ਖਾਲਿਦ ਨੇ ਚੰਗਾ ਵਕਤ ਵੇਖਿਆ ਸੀ, ਜਦੋਂ ਸੱਤ ਅੱਠ ਵਰ੍ਹਿਆਂ ਦੀ ਉਮਰੇ ਉਹ ਆਪਣੇ ਅੱਬਾ ਨਾਲ ਇਸ ਪੇਸ਼ੇ ਵਿੱਚ ਪੈ ਗਿਆ ਸੀ। ਉਦੋਂ ਦਿਨ ਵਧੀਆ ਸਨ। ਮਸ਼ੀਨੀ ਯੁੱਗ ਸ਼ੁਰੂ ਨਹੀਂ ਸੀ ਹੋਇਆ। ਕਾਲੀਨ ਤਿਆਰ ਕਰਨ ਲਈ ਸੂਤ ਦਾ ਤਾਣਾ ਬੁਣਿਆ ਜਾਂਦਾ। ਇਕ-ਇਕ ਗੰਢ ਮਾਰ ਕੇ ਫਿਰ ਉਹ ਕਾਲੀਨ ਬੁਣਨ ਲੱਗਦੇ। ਇਸ ਕੰਮ ਵਿੱਚ ਸਾਰਾ ਟੱਬਰ ਹੀ ਲੱਗ ਜਾਂਦਾ, ਕੀ ਵੱਡੇ ਤੇ ਕੀ ਛੋਟੇ। ਛੋਟੀ ਤੋਂ ਛੋਟੀ ਗੰਢ ਮਾਰੀ ਜਾਂਦੀ। ਅਖੀਰ ਇੰਨਾ ਖੂਬਸੂਰਤ ਕਾਲੀਨ ਬਣਦਾ ਕਿ ਘਰ ਦਾ ਮੋਢੀ ਕਿੰਨਾ-ਕਿੰਨਾ ਚਿਰ ਉਸ ਵੱਲ ਇਸ ਤਰ੍ਹਾਂ ਵੇਖਦਾ ਰਹਿੰਦਾ ਜਿਵੇਂ ਕਾਲੀਨ ਨਾ ਹੋ ਕੇ ਉਸ ਦਾ ਜਾਇਆ ਹੋਵੇ। ਜੇ ਵਰ੍ਹੇ ਵਿੱਚ ਇਕ ਕਾਲੀਨ ਤਿਆਰ ਹੁੰਦਾ ਤਾਂ ਉਸ ਨੂੰ ਖਰੀਦਣ ਵਾਲੇ ਰਾਜੇ ਤੋਂ ਇਲਾਵਾ ਹੋਰ ਬਹੁਤ ਸਾਰੇ ਅਮੀਰ ਲੋਕ ਹੁੰਦੇ, ਜਿਹੜੇ ਉਸ ਦੀ ਮੂੰਹ ਮੰਗੀ ਕੀਮਤ ਦੇ ਦਿੰਦੇ। ਜਿਸ ਨਾਲ ਘਰ ਦਾ ਇਕ ਸਾਲ ਦਾ ਖਰਚਾ ਟੁਰਦਾ ਰਹਿੰਦਾ ਸੀ। ਕਦੇ ਵੀ ਉਨ੍ਹਾਂ ਨੂੰ ਤੰਗੀ ਦਾ ਮੂੰਹ ਨਹੀਂ ਸੀ ਵੇਖਣਾ ਪੈਂਦਾ। ਇਹ ਸਾਰਾ ਕੁਝ ਪਤਾ ਨਹੀਂ ਕਿੰਨੀਆਂ ਪੀੜ੍ਹੀਆਂ ਤੋਂ ਚੱਲਿਆ ਆ ਰਿਹਾ ਸੀ।

ਵਕਤ ਬਦਲਿਆ। ਦੇਸ਼ ਨੂੰ ਆਜ਼ਾਦੀ ਮਿਲੀ, ਅੰਗਰੇਜ਼ ਚਲੇ ਗਏ, ਰਾਜਿਆਂ ਦੇ ਰਾਜ ਖਤਮ ਹੋ ਗਏ। ਪੱਛਮੀ ਸੱਭਿਅਤਾ ਹੌਲੀ-ਹੌਲੀ ਮੁਲਕ ਵਿੱਚ ਪਸਰਨ ਲੱਗੀ। ਲੋਕਾਂ ਦੇ ਸ਼ੌਕ ਵਿੱਚ ਪਰਿਵਰਤਨ ਆ ਗਿਆ। ਘਰ ਦੀ ਸਜਾਵਟ ਤਾਂ ਹੁੰਦੀ, ਪਰ ਉਸ ਲਈ ਜਿਹੜਾ ਕਾਲੀਨ ਸਾਰਾ ਟੱਬਰ ਇਕ ਵਰ੍ਹੇ ਵਿੱਚ ਲੱਗ ਕੇ ਤਿਆਰ ਕਰਦਾ, ਮਸ਼ੀਨ ਅਜਿਹੇ ਕਈ ਇਕ ਦਿਨ ਵਿੱਚ ਬੁਣ ਦਿੰਦੀ। ਘਰਾਂ ਵਿੱਚ ਕਾਲੀਨ ਹੁਣ ਵੀ ਵਿਛਾਏ ਜਾਂਦੇ ਸਨ, ਪਰ ਬੁਣਕਰਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਮੁੱਲ ਕੋਈ ਨਾ ਦਿੰਦਾ। ਮੁਨਾਫਾ ਕਾਰੀਗਰਾਂ ਦੇ ਹੱਥਾਂ 'ਚੋਂ ਨਿਕਲ ਉਨ੍ਹਾਂ ਲੋਕਾਂ ਕੋਲ ਚਲਾ ਗਿਆ ਜਿਹੜੇ ਪਹਿਲਾਂ ਤੋਂ ਹੀ ਪੈਸੇ ਵਾਲੇ ਸਨ। ਜਿਹੜੇ ਕਾਲੀਨ ਬੁਣਨ ਲਈ ਕਾਰੀਗਰਾਂ ਨੂੰ ਮਾਲ ਦਿੰਦੇ ਸਨ। ਉਧਾਰ ਦਿੱਤੇ ਮਾਲ 'ਤੇ ਵਿਆਜ ਲਾਉਂਦੇ ਸਨ। ਤਿਆਰ ਕੀਤੇ ਕਾਲੀਨ ਨੂੰ ਸਸਤਾ ਖਰੀਦ ਕੇ ਵੱਡੇ-ਵੱਡੇ ਸ਼ੋਅਰੂਮਾਂ ਵਿੱਚ ਮੂੰਹ ਮੰਗੇ ਮੁੱਲ 'ਤੇ ਵੇਚਦੇ ਸਨ। ਬਾਹਰ ਦੇ ਮੁਲਕਾਂ ਵਿੱਚ ਭੇਜ ਦਿੰਦੇ ਸਨ। ਬੁਣਕਰ ਫਿਰ ਭੁੱਖੇ ਦੇ ਭੁੱਖੇ ਹੀ ਰਹਿ ਜਾਂਦੇ ਸਨ।

ਉਨ੍ਹਾਂ ਬੁਣਕਰਾਂ ਵਿੱਚ ਖਾਲਿਦ ਵੀ ਸੀ। ਸੱਠਾਂ ਦੀ ਉਮਰ ਦਾ, ਜਿਸ ਦੇ ਘਰ ਵਿੱਚ ਤਿੰਨ ਧੀਆਂ ਪੈਦਾ ਹੋਈਆਂ। ਜਿਨ੍ਹਾਂ ਵਿੱਚੋਂ ਇਕ ਉਸ ਨੇ ਵਿਆਹ ਦਿੱਤੀ ਸੀ। ਦੂਜੀ ਅਠਾਈ ਵਰ੍ਹਿਆਂ ਦੀ ਨੂਰੀ ਅਜੇ ਉਸ ਦੀ ਚੌਖਟ 'ਤੇ ਕਿੱਲ ਵਾਂਗ ਗੱਡੀ ਹੋਈ ਸੀ। ਉਸ ਨੇ ਕਈ ਵਾਰ ਕੋਸ਼ਿਸ਼ ਕੀਤੀ ਉਸ ਕਿੱਲ ਨੂੰ ਪੁੱਟ ਘਰੋਂ ਬਾਹਰ ਸੁੱਟ ਦੇਵੇ, ਪਰ ਹਰ ਵਾਰ ਘਰ ਦੀ ਤੰਗੀ ਵਿਚਕਾਰ ਆ ਖਲੋਂਦੀ। ਜਦੋਂ ਖਾਲਿਦ ਦਾ ਨਿਕਾਹ ਹੋਇਆ ਸੀ ਤਾਂ ਉਸ ਦੇ ਅੱਬਾ ਨੇ ਰੇਸ਼ਮਾ ਦੇ ਅੱਬਾ ਕੋਲੋਂ ਇਕ ਪੈਸਾ ਵੀ ਨਕਦ ਨਹੀਂ ਸੀ ਲਿਆ, ਪਰ ਹੁਣ ਰੀਤ ਬਦਲ ਗਈ ਸੀ। ਮੁੰਡਿਆਂ ਦੇ ਸੌਦੇ ਹੋਣ ਲੱਗੇ ਸਨ। ਮੁੰਡੇ ਵਾਲੇ ਹੈਸੀਅਤ ਵਿੱਚ ਜਿੰਨੇ ਤਕੜੇ ਹੁੰਦੇ ਸਨ, ਉਨੇ ਹੀ ਉਨ੍ਹਾਂ ਦੇ ਮੂੰਹ ਵੱਧ ਅੱਡੇ ਹੁੰਦੇ ਸਨ।

ਨੂਰ ਜੁਆਨ ਹੋ ਗਈ ਸੀ। ਇਹ ਖਾਲਿਦ ਨੂੰ ਵੀ ਪਤਾ ਸੀ, ਪਰ ਬਹੁਤ ਕੋਸ਼ਿਸ਼ ਕਰਨ 'ਤੇ ਵੀ ਉਹ ਕੋਈ ਮੁੰਡਾ ਉਸ ਲਈ ਨਹੀਂ ਸੀ ਲੱਭ ਸਕਿਆ। ਉਸ ਨੂੰ ਕਈ ਵਾਰ ਨੂਰੀ ਦਾ ਖਿਆਲ ਆਉਂਦਾ, ਜਿਹੜੀ ਹਰ ਪਾਸੇ ਤੋਂ ਗੁਣੀ ਸੀ। ਰੱਜ ਕੇ ਖੂਬਸੂਰਤ ਸੀ ਉਹ। ਕੰਮ ਵਿੱਚ ਨਿਪੁੰਨ ਸੀ। ਉਹ ਬੁਣੇ ਜਾ ਰਹੇ ਕਾਲੀਨ ਵਿੱਚ ਕਈ ਵਾਰ ਅਜਿਹਾ ਡਿਜ਼ਾਈਨ ਪਾ ਦਿੰਦੀ ਕਿ ਖਾਲਿਦਾ ਵੇਖਦਾ ਰਹਿ ਜਾਂਦਾ ਸੀ। ਖਾਲਿਦ ਦਾ ਮਨ ਕਰਦਾ ਕਿ ਨੂਰੀ ਅਜਿਹੇ ਘਰ ਜਾਵੇ, ਜਿਥੋਂ ਦੇ ਬੁਣੇ ਕਾਲੀਨ ਵੱਡੇ-ਵੱਡੇ ਘਰਾਂ ਦੀ ਸ਼ੋਭਾ ਬਣਦੇ ਹੋਣ, ਪਰ ਉਨ੍ਹਾਂ ਘਰਾਂ ਦੇ ਮੁੰਡਿਆਂ ਨੂੰ ਦੇਣ ਲਈ ਉਸ ਕੋਲ ਕੁਝ ਨਹੀਂ ਸੀ।

ਇਕ ਦਿਨ ਦੂਰ ਦੇ ਰਿਸ਼ਤੇਦਾਰ ਨੇ ਨਾਲ ਦੇ ਪਿੰਡ ਕਿਸੇ ਮੁੰਡੇ ਦੀ ਦੱਸ ਪਾਈ। ਖਾਲਿਦ ਨੇ ਅਗਲੇ ਦਿਨ ਸਵੇਰੇ ਉਠ ਨਮਾਜ਼ ਅਦਾ ਕੀਤੀ ਤੇ ਤਿਆਰ ਹੋ ਕੇ ਉਸ ਪਿੰਡ ਵੱਲ ਟੁਰ ਪਿਆ। ਭਾਵੇਂ ਉਸ ਨੇ ਆਪਣੀ ਪਤਨੀ ਰੇਸ਼ਮਾ ਨਾਲ ਹੀ ਇਸ ਬਾਰੇ ਗੱਲ ਕੀਤੀ ਸੀ, ਪਰ ਉਨ੍ਹਾਂ ਨੂੰ ਹੌਲੀ-ਹੌਲੀ ਕਿਸੇ ਮੁੰਡੇ ਬਾਰੇ ਬੋਲਦਿਆਂ ਨੂਰੀ ਨੇ ਵੀ ਸੁਣ ਲਿਆ ਸੀ।

ਅੱਬਾ ਦੇ ਘਰੋਂ ਬਾਹਰ ਚਲੇ ਜਾਣ 'ਤੇ ਉਹਦੇ ਮਨ 'ਚ ਆਇਆ ਕਿ ਉਹ ਅੰਮੀ ਨਾਲ ਗੱਲ ਕਰੇ, ਪਰ ਉਸ ਨੇ ਚੁੱਪ ਰਹਿਣਾ ਬਿਹਤਰ ਸਮਝਿਆ। ਜਦੋਂ ਦਾ ਉਸ ਦੀ ਸਹੇਲੀ ਜ਼ੋਹਰਾ ਦਾ ਵਿਆਹ ਹੋਇਆ ਸੀ ਉਸ ਨੇ ਸ਼ੀਸ਼ਾ ਵੇਖਣਾ ਬੰਦ ਕਰ ਦਿੱਤਾ ਸੀ। ਉਹ ਸੋਚਦੀ, 'ਕਿਸ ਲਈ ਵੇਖਾਂ ਮੈਂ ਸ਼ੀਸ਼ਾ? ਕੌਣ ਪਾਵੇਗਾ ਮੇਰੀ ਕਦਰ? ਮੈਨੂੰ ਕਿਸੇ ਨੇ ਬੇਗਮ ਬਣਾਉਣਾ ਹੀ ਨਹੀਂ। ਮੈਂ ਤਾਂ ਸਾਰੀ ਉਮਰ ਆਪਣੇ ਅੱਬਾ ਦੀ ਚੌਖਟ 'ਚ ਬੈਠੀ ਰਹਾਂਗੀ।' ਪਰ ਅੱਜ..।

ਪਤਾ ਨਹੀਂ ਕੀ ਸੋਚ ਕੇ ਉਹ ਸ਼ੀਸ਼ੇ ਵਿੱਚ ਆਪਣੀ ਸ਼ਕਲ ਵੇਖਣ ਲੱਗੀ। ਉਸ ਦੇ ਮਨ ਵਿੱਚ ਇਕ ਖੂਬਸੂਰਤ ਮੁੰਡੇ ਦਾ ਵਜੂਦ ਸੀ, ਜਿਹੜਾ ਨਵੇਂ ਕੱਪੜੇ ਪਹਿਨ ਉਸ ਦੇ ਘਰ ਆਵੇਗਾ। ਪਰਦੇ ਪਿੱਛੇ ਬੈਠੀ ਤੋਂ ਮੌਲਵੀ ਜੀ ਪੁੱਛਣਗੇ, 'ਬੀਬੀ ਨੂਰੀ ਤੇਰਾ ਨਿਕਾਹ ਹਫੀਜ਼ ਮੀਆਂ ਦੇ ਪੁੱਤਰ ਰੁਸਤਮ ਨਾਲ ਹੋ ਰਿਹੈ, ਕੀ ਤੂੰ ਇਸ ਨਿਕਾਹ ਲਈ ਰਾਜ਼ੀ ਹੈ?' ਜਦੋਂ ਉਹ ਹਾਂ ਕਹੇਗੀ, ਘਰ ਖੁਸ਼ੀਆਂ ਨਾਲ ਭਰ ਜਾਵੇਗਾ। ਅੰਮੀ ਅਜਿਹਾ ਹੋਣ 'ਤੇ ਉਸ ਦਾ ਮੱਥਾ ਚੁੰਮ ਉਸ ਨੂੰ ਸੀਨੇ ਨਾਲ ਲਾ ਲਵੇਗੀ। ਉਸ ਦੇ ਅੱਬਾ ਦੇ ਘਰ ਦੀ ਚੌਖਟ 'ਤੇ ਕਿੰਨੇ ਵਰ੍ਹਿਆਂ ਦੀ ਗੱਡੀ ਕਿਲ ਉਖੜ, ਘਰ ਅੰਦਰ ਜਾਣ ਦਾ ਰਾਹ ਮੋਕਲਾ ਹੋ ਜਾਵੇਗਾ।

ਦਿਨ ਹੌਲੀ-ਹੌਲੀ ਟੁਰਨ ਲੱਗਾ। ਸਾਰੇ ਦਿਨ ਵਿੱਚ ਨੂਰੀ ਨੇ ਠੀਕ ਤਰ੍ਹਾਂ ਰੋਟੀ ਵੀ ਨਹੀਂ ਖਾਧੀ। ਉਹ ਤਾਂ ਕਿਤੇ ਬਾਹਰ ਵੀ ਨਹੀਂ ਗਈ। ਬੱਸ ਉਸ ਨੂੰ ਉਡੀਕ ਸੀ ਆਪਣੇ ਅੱਬਾ ਦੀ ਜਿਹੜਾ ਖੁਸ਼ੀ ਦਾ ਪੈਗਾਮ ਲੈ ਕੇ ਆਵੇਗਾ।



ਅਜੇ ਚੰਗੀ ਤਰ੍ਹਾਂ ਧੁੱਪ ਨਹੀਂ ਸੀ ਚੜ੍ਹੀ ਕਿ ਖਾਲਿਦ ਉਸ ਪਿੰਡ ਪਹੁੰਚ ਗਿਆ ਸੀ ਤੇ ਫਿਰ ਮੁੰਡੇ ਦੇ ਘਰ ਨੇੜੇ..! ਉਹ ਪਿੰਡ ਦੀਆਂ ਜਿਹੜੀਆਂ ਗਲੀਆਂ ਰਾਹੀਂ ਲੰਘ ਰਿਹਾ ਸੀ ਉਹ ਇੰਨੀਆਂ ਸਾਫ ਨਹੀਂ ਸਨ। ਗੰਦੀਆਂ-ਗੰਦੀਆਂ ਸਨ, ਉਸ ਦੇ ਪਿੰਡ ਦੀਆਂ ਗਲੀਆਂ ਤੋਂ ਵੀ ਵੱਧ। ਘਰ ਵੀ ਐਵੇਂ ਟੁੱਟੇ ਭੱਜੇ ਸਨ, ਜਿਨ੍ਹਾਂ ਦੇ ਬੂਹਿਆਂ 'ਤੇ ਟਾਟ ਲਮਕ ਰਹੇ ਸਨ। ਖਾਲਿਦ ਦਾ ਦਿਲ ਛੋਟਾ ਹੁੰਦਾ ਜਾ ਰਿਹਾ ਸੀ। ਉਹ ਮਨੋ ਮਨ ਅੱਲ੍ਹਾ ਅੱਗੇ ਜਿਵੇਂ ਫਰਿਆਦ ਕਰ ਰਿਹਾ ਸੀ ਕਿ ਉਸ ਦੀ ਧੀ ਲਈ ਜਿਹੜਾ ਘਰ ਉਹ ਵੇਖਣ ਜਾ ਰਿਹਾ ਹੈ, ਕਿਤੇ ਇਸੇ ਤਰ੍ਹਾਂ ਦਾ ਟੁੱਟਿਆ ਭੱਜਿਆ ਨਾ ਹੋਵੇ।

ਅੱਲ੍ਹਾ ਨੇ ਉਸ ਦੀ ਨਹੀਂ ਸੁਣੀ। ਗਲੀ ਦੇ ਸਿਰੇ 'ਤੇ ਇਕ ਮੁੰਡੇ ਕੋਲੋਂ ਘਰ ਦਾ ਪਤਾ ਪੁੱਛਿਆ ਤਾਂ ਉਸ ਨੂੰ ਉਸੇ ਤਰ੍ਹਾਂ ਦਾ ਟੁੱਟਿਆ ਭੱਜਿਆ ਘਰ ਦਿਸਿਆ, ਜਿਸ ਦੇ ਬੂਹੇ 'ਤੇ ਦੂਜੇ ਘਰਾਂ ਵਾਂਗ ਟਾਟ ਲਮਕ ਰਿਹਾ ਸੀ। ਘਰ ਮੂਹਰੇ ਕੁਝ ਚਿਰ ਲਈ ਖਾਲਿਦ ਚੁੱਪ ਖਲੋਤਾ ਰਿਹਾ। ਫਿਰ ਉਸ ਨੇ ਹਫੀਜ਼ ਮੀਆਂ ਕਹਿ ਕੇ ਆਵਾਜ਼ ਲਾਈ। ਕੁਝ ਚਿਰ ਬਾਅਦ ਟਾਟ ਦਾ ਪਰਦਾ ਹਟਾ ਉਸ ਘਰ ਜਿਹਾ ਹੀ ਕੋਈ ਸੱਠਾਂ ਦੇ ਗੇੜ ਦਾ ਟੁੱਟਿਆ ਭੱਜਿਆ ਬੰਦਾ ਬਾਹਰ ਨਿਕਲਿਆ। 'ਅਸਲਾਮਾ ਲੇਕਮ', ਖਾਲਿਦ ਨੇ ਉਸ ਨੂੰ ਵੇਖ ਕੇ ਆਖਿਆ। ਜਵਾਬ ਵਿੱਚ ਉਸ ਸ਼ਖਸ ਨੇ ਵੀ 'ਵਾਅਲੈਕੁਮ-ਸਲਾਮ' ਕਿਹਾ, ਪਰ ਇਹ ਕਹਿੰਦਿਆਂ ਉਸ ਨੇ ਖਾਲਿਦ ਵੱਲ ਇਸ ਤਰ੍ਹਾਂ ਵੇਖਿਆ ਜਿਵੇਂ ਅੱਖਾਂ ਰਾਹੀਂ ਪੁੱਛਿਆ ਹੋਵੇ, ਕੌਣ ਹੈ ਤੂੰ..? ਖਾਲਿਦ ਨੇ ਆਪਣੀ ਜਾਣ ਪਛਾਣ ਕਰਵਾਈ, ਆਪਣੇ ਆਉਣ ਦਾ ਮਕਸਦ ਵੀ ਦੱਸਿਆ। ਹਫੀਜ਼ ਮੀਆਂ ਟਾਟ ਦਾ ਪਰਦਾ ਚੁੱਕ ਫਿਰ ਅੰਦਰ ਚਲਾ ਗਿਆ ਅਤੇ ਛੋਟੀ ਜਿਹੀ ਮੰਜੀ ਬਾਹਰ ਲੈ ਆਇਆ ਜਿਸ ਦੀ ਦੌਣ ਢਿੱਲੀ ਸੀ ਅਤੇ ਇਕ ਪਾਵੇ ਨੇ ਇੰਜ ਟੰਗ ਉਪਰ ਚੁੱਕੀ ਹੋਈ ਸੀ, ਜਿਵੇਂ ਕੋਈ ਛੋਟੀ ਟੰਗ ਵਾਲਾ ਸ਼ਖਸ ਹੋਵੇ।

ਖਾਲਿਦ ਨੇ ਨੂਰੀ ਦੀ ਗੱਲ ਟੋਰੀ, 'ਭਾਈ ਜਾਨ ਰਿਸ਼ਤੇ ਤਾਂ ਸਾਡੇ ਰੁਸਤਮ ਲਈ ਬਹੁਤ ਆਉਂਦੇ ਨੇ। ਇਕੋ ਇਕ ਔਲਾਦ ਹੈ ਸਾਡੀ। ਮੇਰੇ ਮਰਨ ਤੋਂ ਬਾਅਦ ਸਭ ਕਾਸੇ ਦਾ ਮਾਲਕ ਉਹੀ ਹੋਵੇਗਾ।' ਹਫੀਜ਼ ਮੀਆਂ ਅਜੇ ਪੁੱਤ ਬਾਰੇ ਦੱਸ ਹੀ ਰਿਹਾ ਸੀ ਕਿ ਖਾਲਿਦ ਦੀ ਨਜ਼ਰ ਇਕ ਵਾਰੀ ਫਿਰ ਖੰਡਰਨੁਮਾ ਉਸ ਘਰ ਵੱਲ ਚਲੀ ਗਈ, ਜਿਸ ਦੀ ਮਲਕੀਅਤ ਉਸ ਸਾਹਮਣੇ ਬੈਠੇ ਟੁੱਟੇ ਭੱਜੇ ਘਰ ਜਿਹੇ ਬੰਦੇ ਦੇ ਪੁੱਤ ਹਿੱਸੇ ਆਉਂਦੀ ਸੀ।

ਉਹ ਸ਼ਖਸ ਬੋਲਦਾ ਗਿਆ ਅਤੇ ਖਾਲਿਦ ਸੁਣਦਾ ਰਿਹਾ। ਅਖੀਰ ਉਸ ਬੰਦੇ ਨੇ ਪੱਚੀ ਹਜ਼ਾਰ ਦੀ ਮੰਗ ਖਾਲਿਦ ਮੂਹਰੇ ਰੱਖ ਦਿੱਤੀ। ਪੱਚੀ ਹਜ਼ਾਰ ਆਖ ਉਹ ਖਾਲਿਦ ਦੇ ਚਿਹਰੇ ਵੱਲ ਵੇਖਣ ਲੱਗਾ, ਸਿਰਫ ਇਹ ਜਾਣਨ ਲਈ ਕਿ ਉਸ ਦੀ ਗੱਲ ਦਾ ਕਿੰਨਾ ਤੇ ਕਿਹਾ ਅਸਰ ਹੋਇਆ। ਚੁੱਪ ਬੈਠਾ ਖਾਲਿਦ ਮਨੋ ਮਨ ਹਿਸਾਬ ਲਾਉਣ ਲੱਗਾ ਕਿ ਕੀ ਨਵਾਂ ਕਾਲੀਨ ਬੁਣ ਕੇ ਉਹ ਪੱਚੀ ਹਜ਼ਾਰ ਕਮਾ ਲਵੇਗਾ? ਗੱਲ ਪੰਦਰਾਂ ਹਜ਼ਾਰ 'ਤੇ ਆ ਕੇ ਖੜੋ ਗਈ।

'ਦੇਖੋ ਭਾਈ ਜਾਨ, ਇਕ ਗੱਲ ਹੁਣੇ ਸਾਫ ਕਰ ਦਿੰਦਾ ਹਾਂ ਇਹ ਪੰਦਰਾਂ ਹਜ਼ਾਰ ਨਕਦ ਤੇ ਨਿਕਾਹ ਤੋਂ ਪਹਿਲਾਂ ਦੇਣੇ ਪੈਣਗੇ। ਬਰਾਤ ਫਿਰ ਤੁਹਾਡੇ ਬੂਹੇ ਪਹੁੰਚੇਗੀ। ਦੂਜਾ ਇਹ ਨਿਕਾਹ ਦਸ ਮਹੀਨੇ ਬਾਅਦ ਹੋਵੇਗਾ। ਬਕਰੀਦ ਤੋਂ ਦੋ ਮਹੀਨੇ ਬਾਅਦ। ਅਸੀਂ ਹੁਣੇ ਤਰੀਕ ਪੱਕੀ ਕਰ ਲੈਂਦੇ ਹਾਂ। ਮੈਂ ਇਸ ਤੋਂ ਨਾ ਇਕ ਦਿਨ ਵੱਧ ਦੇਵਾਂਗਾ ਅਤੇ ਨਾ ਹੀ ਘੱਟ ਕਰਾਂਗਾ। ਜੇ ਰਕਮ ਚੁੱਕਾ ਦਿੱਤੀ ਤਾਂ ਨਿਕਾਹ ਪੱਕਾ, ਨਹੀਂ ਤੁਸੀਂ ਆਪਣੀ ਥਾਂ ਅਤੇ ਅਸੀਂ ਆਪਣੀ ਥਾਂ..ਫਿਰ ਮੇਰੀ ਮਰਜ਼ੀ ਹੋਵੇਗੀ ਮੈਂ ਕਿਵੇਂ ਵੀ ਕਰਾਂ।' ਖਾਲਿਦ ਨੂੰ ਦਸ ਮਹੀਨੇ ਥੋੜ੍ਹੇ ਲੱਗੇ, ਪਰ ਉਸ ਨੂੰ ਆਪਣੇ ਆਪ 'ਤੇ ਭਰੋਸਾ ਸੀ ਕਿ ਪੰਦਰਾਂ ਹਜ਼ਾਰ ਉਹ ਦਸ ਮਹੀਨਿਆਂ ਵਿੱਚ ਕਾਲੀਨ ਪੂਰੀ ਕਰਕੇ ਜ਼ਰੂਰ ਕਮਾ ਲਵੇਗਾ।

ਅਜੇ ਉਨ੍ਹਾਂ ਦੀਆਂ ਗੱਲਾਂ ਚੱਲ ਰਹੀਆਂ ਸਨ ਕਿ ਖਾਲਿਦ ਦਾ ਹੋਣ ਵਾਲਾ ਦਾਮਾਦ ਕਿਤੇ ਬਾਹਰੋਂ ਆ ਗਿਆ ਸੀ। ਜਦੋਂ ਹਫੀਜ਼ ਮੀਆਂ ਨੇ ਆਪਣੇ ਪੁੱਤ ਰੁਸਤਮ ਦੀ ਜਾਣ ਪਛਾਣ ਖਾਲਿਦ ਨਾਲ ਕਰਾਈ ਤਾਂ ਉਸ ਨੇ ਉਸੇ ਤਰ੍ਹਾਂ ਦੇਖ ਕੇ ਖਾਲਿਦ ਨੂੰ ਸਲਾਮ ਕਿਹਾ। ਮੁੰਡੇ ਦੇ ਆਉਣ ਤੋਂ ਪਹਿਲਾਂ ਖਾਲਿਦ ਨੇ ਉਸ ਦੇ ਪਿਉ ਨੂੰ ਵੇਖ ਕੇ ਅੰਦਾਜ਼ਾ ਲਾ ਲਿਆ ਸੀ ਉਸ ਦਾ ਪੁੱਤ ਕਿਹੋ ਜਿਹਾ ਹੋਵੇਗਾ। ਉਹ ਉਸੇ ਤਰ੍ਹਾਂ ਦਾ ਸੀ ਜਿਹਾ ਖਾਲਿਦ ਨੇ ਸੋਚਿਆ ਸੀ। ਭਾਵੇਂ ਮੁੰਡੇ ਨੂੰ ਵੇਖ ਬਹੁਤ ਖੁਸ਼ ਨਹੀਂ ਸੀ ਖਾਲਿਦ, ਤਾਂ ਵੀ ਉਹਨੇ ਉਹਦੇ ਹੱਥ ਵਿੱਚ ਵੀਹ ਰੁਪਏ ਫੜਾਏ ਅਤੇ ਗੱਲ ਪੱਕੀ ਕਰਕੇ ਆਪਣੇ ਘਰ ਵੱਲ ਟੁਰ ਪਿਆ।

ਸੂਰਜ ਨੀਵਾਂ ਹੁੰਦਾ ਜਾ ਰਿਹਾ ਸੀ। ਖਾਲਿਦ ਦੇ ਪੈਰਾਂ ਵਿੱਚ ਇਸ ਵੇਲੇ ਜਿਵੇਂ ਕਾਹਲ ਸੀ। ਉਹ ਇਹ ਖੁਸ਼ੀ ਭਰੀ ਖਬਰ ਛੇਤੀ ਤੋਂ ਛੇਤੀ ਰੇਸ਼ਮਾ ਨੂੰ ਸੁਣਾਉਣਾ ਚਾਹੁੰਦਾ ਸੀ। ਜਦੋਂ ਉਹ ਘਰ ਪਹੁੰਚਿਆ ਤਾਂ ਹਨੇਰਾ ਹੋ ਚਲਿਆ ਸੀ। ਘਰ ਦੇ ਤਿੰਨੇ ਜੀਅ ਖਾਲਿਦ ਦੀ ਉਡੀਕ ਕਰ ਰਹੇ ਸਨ। ਜਦੋਂ ਉਸ ਨੇ ਜਾਂਦਿਆਂ ਸਾਰ ਆਪਣੀ ਬੇਗਮ ਰੇਸ਼ਮਾ ਨੂੰ ਇਹ ਖੁਸ਼ਖਬਰੀ ਸੁਣਾਈ ਤਾਂ ਉਸ ਨੇ ਉਠ ਕੇ ਨੂਰੀ ਦਾ ਮੱਥਾ ਚੁੰਮ ਲਿਆ। ਉਹ ਸਾਰੀ ਰਾਤ ਖਾਲਿਦ ਦੀਆਂ ਅੱਖਾਂ ਥਾਈਂ ਲੰਘ ਗਈ। ਭਾਵੇਂ ਖਾਲਿਦ ਦੀ ਬੇਗਮ ਅਤੇ ਦੋਵੇਂ ਧੀਆਂ ਆਰਾਮ ਨਾਲ ਸੌਂ ਗਈਆਂ, ਪਰ ਖਾਲਿਦ ਸਾਰੀ ਰਾਤ ਇਹੋ ਹਿਸਾਬ ਲਾਉਂਦਾ ਰਿਹਾ ਕਿ ਉਹ ਕਿੰਨੇ ਆਕਾਰ ਦਾ ਕਾਲੀਨ ਸ਼ੁਰੂ ਕਰੇ, ਜਿਸ ਨਾਲ ਉਸ ਨੂੰ ਪੰਦਰਾਂ ਹਜ਼ਾਰ ਰੁਪਏ ਦੀ ਬੱਚਤ ਤਾਂ ਹੋਵੇ, ਨਾਲ ਘਰ ਦਾ ਦਸ ਮਹੀਨਿਆਂ ਦਾ ਖਰਚ ਵੀ ਨਿਕਲੇ।

ਜਦੋਂ ਸਵੇਰੇ ਚਾਰ ਵਜੇ ਉਸ ਦੀ ਅੱਖ ਲੱਗੀ, ਉਦੋਂ ਤੀਕ ਉਸ ਨੇ ਸਾਰਾ ਹਿਸਾਬ ਲਾ ਕੇ ਕਾਲੀਨ ਦਾ ਡਿਜ਼ਾਈਨ ਵੀ ਮਨ ਵਿੱਚ ਸੋਚ ਲਿਆ ਸੀ। ਉਹ ਸਵੇਰੇ ਸ਼ਾਹੂਕਾਰ ਤੋਂ ਮਾਲ ਲਿਆ ਕੇ ਛੇਤੀ ਕੰਮ ਸ਼ੁਰੂ ਕਰਨਾ ਚਾਹੁੰਦਾ ਸੀ। ਭਾਵੇਂ ਉਹ ਸਾਰੀ ਰਾਤ ਜਾਗਦਾ ਰਿਹਾ ਸੀ, ਤਾਂ ਵੀ ਉਸ ਸਵੇਰੇ ਸਦੇਹਾਂ ਹੀ ਉਠ ਖਲੋਤਾ। ਉਹ ਰੋਜ਼ ਵਾਂਗ ਨਹਾਤਾ। ਸਵੇਰ ਦੀ ਨਮਾਜ਼ ਅਦਾ ਕੀਤੀ। ਚਾਹ ਦਾ ਕੱਪ ਪੀਤਾ ਅਤੇ ਦਸ ਵੱਜਣ ਦਾ ਇੰਤਜ਼ਾਰ ਕਰਨ ਲੱਗਾ।

ਦੁਕਾਨ ਖੁੱਲ੍ਹਦਿਆਂ ਹੀ ਉਹ ਬਾਜ਼ਾਰ ਨੂੰ ਤੁਰ ਪਿਆ। ਦੋ ਦਿਨਾਂ ਵਿੱਚ ਉਸ ਨੇ ਕਾਲੀਨ ਦਾ ਸਾਰਾ ਤਾਣਾ ਤਿਆਰ ਕਰ ਲਿਆ। ਐਡਾ ਵੱਡਾ ਕਾਲੀਨ ਤਾਂ ਇਸ ਤੋਂ ਪਹਿਲਾਂ ਉਸ ਨੇ ਕਦੇ ਵੀ ਨਹੀਂ ਸੀ ਬੁਣਿਆ। ਭਾਵੇਂ ਇਕ ਵਾਰੀ ਨੂਰੀ ਦੇ ਮਨ 'ਚ ਆਇਆ; ਅੱਬਾ ਨੂੰ ਪੁੱਛੇ ਕਿ ਕੀ ਦਸ ਮਹੀਨਿਆਂ ਵਿੱਚ ਉਹ ਇੰਨਾ ਵੱਡਾ ਕਾਲੀਨ ਤਿਆਰ ਕਰ ਲੈਣਗੇ, ਪਰ ਉਸ ਨੇ ਇਸ ਤਰ੍ਹਾਂ ਨਹੀਂ ਕੀਤਾ। ਕਾਲੀਨ ਬੁਣਨਾ ਸ਼ੁਰੂ ਕਰ ਦਿੱਤਾ ਗਿਆ। ਖਾਲਿਦ ਰੇਸ਼ਮਾ, ਨੂਰੀ ਤੇ ਬਾਨੋ ਸਾਰੇ ਸਵੇਰੇ ਹੀ ਦੀਵਾ ਬਾਲ ਕੇ ਕੰਮ 'ਤੇ ਬਹਿ ਜਾਂਦੇ। ਉਹ ਛੋਟੀਆਂ-ਛੋਟੀਆਂ ਗੰਢਾਂ ਮਾਰ ਕੇ ਨਵੇਂ-ਨਵੇਂ ਡਿਜ਼ਾਈਨ ਪਾਉਣ ਲੱਗਦੇ। ਪਤਾ ਹੀ ਨਾ ਚੱਲਦਾ, ਕਦੋਂ ਦਿਨ ਚੜਦਾ, ਕਦੋਂ ਦੁਪਹਿਰ ਹੁੰਦੀ, ਪਤਾ ਨਾ ਚਲਦਾ ਕਦੋਂ ਸ਼ਾਮ ਢਲਦੀ ਤੇ ਕਦੋਂ ਰਾਤ ਆਉਂਦੀ। ਉਂਗਲਾਂ ਸਾਰਾ ਦਿਨ ਛੋਟੀਆਂ-ਛੋਟੀਆਂ ਗੰਢਾਂ ਮਾਰਦੀਆਂ ਜਿਵੇਂ ਹੰਭ ਜਾਂਦੀਆਂ, ਪਰ ਕੰਮ ਨਾ ਰੁਕਦਾ। ਉਨ੍ਹਾਂ ਤਿੰਨਾਂ ਵਿੱਚੋਂ ਕੋਈ ਵੀ ਘਰ ਦਾ ਕੰਮ ਕਰਨ ਲੱਗ ਜਾਂਦਾ, ਪਰ ਖਾਲਿਦ ਨਾ ਉਠਦਾ। ਕਦੋਂ ਰੋਟੀ ਪੱਕਦੀ, ਕਦੋਂ ਉਹ ਖਾ ਲੈਂਦੇ, ਉਨ੍ਹਾਂ ਨੂੰ ਪਤਾ ਨਾ ਲੱਗਦਾ। ਦੇਰ ਰਾਤ ਗਈ ਤੱਕ ਉਹ ਸਾਰੇ ਮਿਲ ਕੇ ਦੀਵੇ ਦੀ ਲੋਅ ਵਿੱਚ ਕੰਮ ਕਰਦੇ ਰਹਿੰਦੇ। ਥੱਕ ਜਾਣ 'ਤੇ ਵੀ ਕੋਈ ਇਕ ਦੂਜੇ ਨੂੰ ਇਹ ਨਾ ਦਰਸਾਉਂਦਾ ਕਿ ਉਸ ਤੋਂ ਹੋਰ ਕੰਮ ਨਹੀਂ ਹੋਵੇਗਾ। ਸਾਰਿਆਂ ਦੇ ਮਨ ਵਿੱਚ ਬੱਸ ਇਕੋ ਗੱਲ, ਇਕੋ ਉਦੇਸ਼ ਸੀ ਕਿ ਵਕਤ 'ਤੇ ਕਾਲੀਨ ਤਿਆਰ ਹੋ ਜਾਵੇ ਅਤੇ ਨੂਰੀ ਆਪਣੇ ਸਹੁਰੇ ਘਰ ਚਲੀ ਜਾਵੇ।

ਪੈਸੇ ਬਚਾਉਣ ਲਈ ਇਕ ਕਿਲੋ ਦੀ ਥਾਂ ਅੱਧਾ ਕਿਲੋ ਦੁੱਧ ਕਰ ਦਿੱਤਾ ਗਿਆ। ਖਾਲਿਦ ਜਿਹੜਾ ਕੰਮ ਕਰਦਿਆਂ ਦਿਨ ਵਿੱਚ ਚਾਰ ਵਾਰੀ ਚਾਹ ਪੀਂਦਾ ਸੀ, ਉਸ ਨੇ ਇਕ ਵਾਰੀ ਚਾਹ ਪੀਣੀ ਸ਼ੁਰੂ ਕਰ ਦਿੱਤੀ ਸੀ। ਅੱਗੇ ਉਨ੍ਹਾਂ ਦੇ ਘਰ ਮਹੀਨੇ 'ਚ ਤਿੰਨ ਵਾਰੀ ਗੋਸ਼ਤ ਪੱਕਦਾ ਸੀ, ਹੁਣ ਪਿਛਲੇ ਅੱਠ ਮਹੀਨਿਆਂ ਤੋਂ ਉਨ੍ਹਾਂ ਗੋਸ਼ਤ ਦਾ ਸੁਆਦ ਵੀ ਨਹੀਂ ਸੀ ਚੱਖਿਆ। ਕੋਈ ਨਵੀਂ ਚੀਜ਼ ਘਰ ਵਿੱਚ ਨਹੀਂ ਲਿਆਂਦੀ ਗਈ। ਕੀ ਖਾਲਿਦ, ਕੀ ਰੇਸ਼ਮਾ, ਕੀ ਨੂਰੀ ਜਾਂ ਬਾਨੋ ਹਰ ਪਾਸੇ ਤੋਂ ਪੈਸਾ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਕਿ ਉਨ੍ਹਾਂ ਰਾਹੀਂ ਬਚਾਇਆ ਪੈਸਾ ਨਿਕਾਹ ਵੇਲੇ ਕੰਮ ਆ ਸਕੇ ਜਿਹੜਾ ਉਨ੍ਹਾਂ ਨੂੰ ਕਾਲੀਨ ਪੂਰਾ ਹੋਣ 'ਤੇ ਮਿਲਣਾ ਸੀ।

ਅੱਠ ਮਹੀਨਿਆਂ ਬਾਅਦ ਈਦ ਆ ਗਈ। ਅੱਗੇ ਜਿੰਨੀਆਂ ਵੀ ਈਦਾਂ ਲੰਘੀਆਂ ਸਨ, ਭਾਵੇਂ ਕਿੰਨੀ ਤੰਗੀ ਦੇ ਦਿਨ ਆਏ, ਖਾਲਿਦ ਆਪਣੇ ਤੇ ਘਰ ਦੇ ਜੀਆਂ ਲਈ ਹਮੇਸ਼ਾਂ ਨਵੇਂ ਕੱਪੜੇ ਸਿਲਵਾਇਆ ਕਰਦਾ ਸੀ। ਘਰ ਵਿੱਚ ਕੁਰਬਾਨੀ ਦਿੱਤੀ ਜਾਂਦੀ ਸੀ, ਪਰ ਇਸ ਵਾਰੀ..? ਉਨ੍ਹਾਂ ਦੋ ਦਿਨ ਪਹਿਲਾਂ ਆਪਣੇ ਪੁਰਾਣੇ ਕੱਪੜੇ ਧੋ ਕੇ ਈਦ ਲਈ ਤਿਆਰ ਕਰ ਲਏ ਸਨ। ਖਾਲਿਦ ਵੱਡੀ ਮਸੀਤ 'ਚ ਨਮਾਜ਼ ਪੜ੍ਹਨ ਗਿਆ। ਉਸ ਨੇ ਬਹੁਤ ਮਨ ਨਾਲ ਨਮਾਜ਼ ਅਦਾ ਕੀਤੀ। ਅੱਲ੍ਹਾ ਅੱਗੇ ਦਿਲੋਂ ਦੁਆ ਕੀਤੀ, 'ਹੇ ਅੱਲ੍ਹਾ! ਤੂੰ ਮੇਰੀ ਨੂਰੀ ਦਾ ਕਾਰਜ ਸਿਰੇ ਚਾੜ੍ਹ ਦੇ, ਉਹ ਆਪਣੇ ਘਰ ਚਲੀ ਜਾਵੇ।'

ਰੁਸਤਮ ਦੇ ਪਿਉ ਹਫੀਜ਼ ਮੀਆਂ ਵੱਲੋਂ ਦਿੱਤੇ ਦਿਨਾਂ ਦੀ ਗਿਣਤੀ ਘਟਦੀ ਜਾ ਰਹੀ ਸੀ। ਉਹਦੀ ਸ਼ਰਤ ਅਨੁਸਾਰ ਜੇ ਵਕਤ 'ਤੇ ਨਿਕਾਹ ਵਾਲੀ ਰਕਮ ਦੇ ਪੰਦਰਾਂ ਹਜ਼ਾਰ ਉਸ ਨੂੰ ਨਾ ਦਿੱਤੇ ਗਏ ਤਾਂ ਉਹ ਰਿਸ਼ਤਾ ਤੋੜ ਲਵੇਗਾ।

ਹੁਣ ਤਾਂ ਸਾਰੀ ਰਾਤ ਨਾ ਖਾਲਿਦਾ ਸੌਂਦਾ ਅਤੇ ਨਾ ਨੂਰੀ ਸੌਂਦੀ। ਉਹ ਜਾਣਦੇ ਸਨ ਨਿਕਾਹ ਵਿੱਚ ਕੇਵਲ ਇਕ ਮਹੀਨਾ ਬਾਕੀ ਸੀ ਤੇ ਕਾਲੀਨ ਪੂਰਾ ਹੋਣ ਲਈ ਅਜੇ ਤਿੰਨ ਮਹੀਨੇ ਮੰਗਦਾ ਸੀ। ਫਿਰ ਵੀ ਉਹ ਉਸ ਨੂੰ ਇਕ ਮਹੀਨੇ ਵਿੱਚ ਪੂਰਾ ਕਰ ਦੇਣਾ ਚਾਹੁੰਦੇ ਸਨ। ਵਕਤ ਮੁੱਠੀ ਵਿਚਲੀ ਰੇਤ ਵਾਂਗ ਕਿਰਦਾ ਵੇਖ ਇਕ ਦਿਨ ਰੇਸ਼ਮਾ ਨੇ ਪਤੀ ਨੂੰ ਸਲਾਹ ਦਿੱਤੀ ਕਿ ਉਹ ਸ਼ਾਹੂਕਾਰ ਕੋਲੋਂ ਨਿਕਾਹ ਲਈ ਐਡਵਾਂਸ ਪੈਸੇ ਮੰਗ ਲਵੇ। ਜਦੋਂ ਖਾਲਿਦ ਸ਼ਾਹੂਕਾਰ ਕੋਲ ਗਿਆ ਤਾਂ ਉਸ ਨੇ ਇਹ ਆਖ ਮਨ੍ਹਾਂ ਕਰ ਦਿੱਤਾ ਕਿ ਸਾਡੇ ਕਾਰੋਬਾਰ ਵਿੱਚ ਇਸ ਤਰ੍ਹਾਂ ਕਰਨਾ ਨਹੀਂ ਲਿਖਿਆ ਹੋਇਆ।

ਨਿਕਾਹ ਵਿੱਚ ਕੁਝ ਦਸ ਦਿਨ ਬਾਕੀ ਸਨ। ਉਨ੍ਹਾਂ ਨੂੰ ਸਾਫ ਦਿਸਣ ਲੱਗਾ ਕਿ ਕਾਲੀਨ ਪੂਰਾ ਹੋਣ ਲਈ ਅਜੇ ਵੀ ਮਹੀਨੇ ਤੋਂ ਵੱਧ ਵਕਤ ਲੱਗ ਜਾਵੇਗਾ। ਅਖੀਰ ਇਕ ਦਿਨ ਫਿਰ ਰੇਸ਼ਮਾ ਨੇ ਪਤੀ ਨੂੰ ਮੁੰਡੇ ਵਾਲਿਆਂ ਕੋਲੋਂ ਹੋਰ ਦੋ ਮਹੀਨੇ ਦਾ ਵਕਤ ਮੰਗਣ ਲਈ ਆਖਿਆ। 'ਸਾਡੀ ਨੂਰੀ ਇੰਨੀ ਸੋਹਣੀ ਹੈ ਕਿ ਉਹ ਮਨ੍ਹਾਂ ਨਹੀਂ ਕਰਨਗੇ।' ਇਹ ਤੁਰਨ ਲੱਗੇ ਖਾਲਿਦ ਨੂੰ ਰੇਸ਼ਮਾ ਨੇ ਕਿਹਾ ਸੀ। ਸੂਰਜ ਚੜ੍ਹਨ ਤੋਂ ਪਹਿਲਾਂ ਖਾਲਿਦ ਉਸ ਪਿੰਡ ਵੱਲ ਪੈਦਲ ਤੁਰ ਪਿਆ। ਜਦੋਂ ਉਹ ਹਫੀਜ਼ ਮੀਆਂ ਦੇ ਘਰ ਪਹੁੰਚਿਆ ਤਾਂ ਦਿਨ ਚੜ੍ਹ ਆਇਆ ਸੀ। ਉਸ ਨੇ ਪਹਿਲਾਂ ਵਾਂਗ ਗਲੀ 'ਚ ਖਲੋ ਹਫੀਜ਼ ਮੀਆਂ ਕਹਿ ਕੇ ਆਵਾਜ਼ ਲਾਈ। ਪਹਿਲਾਂ ਵਾਂਗ ਹੀ ਟਾਟ ਦਾ ਪਰਦਾ ਹਟਿਆ ਅਤੇ ਉਸ ਪਿਛੋਂ ਫਿਰ ਟੁੱਟਿਆ ਭੱਜਿਆ ਬੰਦਾ ਬਾਹਰ ਨਿਕਲਿਆ, ਉਹ ਹਫੀਜ਼ ਮੀਆਂ ਹੀ ਸੀ।

'ਕੀ ਪੈਸੇ ਦੇਣ ਆਏ ਹੋ?' ਉਸ ਨੇ ਇਸ ਵਾਰੀ ਸਾਹਿਬ ਸਲਾਮ ਵੀ ਨਹੀਂ ਕੀਤਾ, ਸਗੋਂ ਖਾਲਿਦ ਪਾਸੋਂ ਸਿੱਧੇ ਪੈਸੇ ਮੰਗ ਲਏ। ਜਦੋਂ ਖਾਲਿਦ ਨੇ ਆਪਣੀ ਮਜਬੂਰੀ ਦੱਸਦਿਆਂ ਦੋ ਮਹੀਨਿਆਂ ਦਾ ਵਕਤ ਮੰਗਿਆ ਤਾਂ ਉਸ ਨੇ ਸਾਫ ਇਨਕਾਰ ਕਰ ਦਿੱਤਾ, ਕਿਉਂਕਿ ਇਸ ਦਸ ਮਹੀਨੇ ਦੇ ਅਰਸੇ ਵਿੱਚ ਉਸ ਨੂੰ ਇਕ ਹੋਰ ਕੁੜੀ ਵਾਲੇ ਮਿਲ ਗਏ ਸਨ ਜਿਹੜੇ ਨਿਕਾਹ ਪੱਚੀ ਹਜ਼ਾਰ ਵਿੱਚ ਕਰਨ ਲਈ ਤਿਆਰ ਸਨ।

*(ਬਾਕੀ ਅਗਲੇ ਸਫੇ 'ਤੇ)*

# ਮਨੁੱਖੀ ਜੀਵਨ ਵਿਕਾਸ ਦੇ ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ ਕਰਦੀਆਂ ਕਹਾਣੀਆਂ

## (ਗੱਲਾਂ ਕਰਨ ਕਹਾਣੀਆਂ : ਸੰਨ 2023 ਦੀਆਂ ਮੇਰੀਆਂ ਮਨ ਪਸੰਦ ਕਹਾਣੀਆਂ )

## ਪੁਸਤਕ ਸਮੀਖਿਆ

ਸੰਪਾਦਕ - ਪ੍ਰੇਮ ਮਾਨ
ਪੰਨੇ- 144 ਮੁੱਲ- 240 ਰੁਪਏ
ਸਪਤਰਿਸ਼ੀ ਪਬਲੀਕੇਸ਼ਨਜ਼ , ਚੰਡੀਗੜ੍ਹ

ਇੱਕ ਸਾਲ ਦੀਆਂ ਸਰਵੋਤਮ, ਚੋਣਵੀਆਂ ਜਾਂ ਮਨਪਸੰਦ ਕਹਾਣੀਆਂ ਦੀ ਚੋਣ ਕਰਨ ਦੇ ਵਿਕਸਿਤ ਹੋਏ ਰੁਝਾਨ ਨੇ ਨਾ ਸਿਰਫ਼ ਪੰਜਾਬੀ ਕਹਾਣੀ ਦੇ ਪਾਠਕੀ ਘੇਰੇ ਨੂੰ ਵੱਡਾ ਕੀਤਾ ਹੈ ਸਗੋਂ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਵੀ ਇਸ ਦੇ ਮਾਣ-ਸਨਮਾਨ ਵਿਚ ਵਾਧਾ ਕੀਤਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਇਕ ਸਾਲ ਦੀਆਂ ਚੋਣਵੀਆਂ ਕਹਾਣੀਆਂ ਨੂੰ ਲੈ ਕੇ ਸੰਪਾਦਿਤ ਹੋਈਆਂ ਪੁਸਤਕਾਂ ਕਹਾਣੀਆਂ ਦੀ ਨਿਰਪੱਖ ਚੋਣ ਨੂੰ ਲੈ ਕੇ ਪਾਠਕੀ ਵਿਸ਼ਵਾਸ ਜਿੱਤਣ ਵਿਚ ਕਾਮਯਾਬ ਵੀ ਹੋਈਆਂ ਹਨ ਤੇ ਚਰਚਾ ਵਿਚ ਵੀ ਰਹੀਆਂ ਹਨ। ਇਸ ਲੜੀ ਵਿਚ ਪਰਵਾਸੀ ਕਹਾਣੀਕਾਰ ਤੇ ਸਾਹਿਤ ਚਿੰਤਕ ਪ੍ਰੇਮ ਮਾਨ ਵੱਲੋਂ

**ਨਿਰੰਜਣ ਬੋਹਾ**
**ਫੋਨ: +91-89682-82700**

ਸੰਨ 2023 ਦੀਆਂ ਆਪਣੀਆਂ ਮਨਪਸੰਦ ਗਿਆਰਾਂ ਕਹਾਣੀਆਂ ਦੇ ਸੰਪਾਦਿਤ ਸੰਗ੍ਰਹਿ 'ਗੱਲਾਂ ਕਰਨ ਕਹਾਣੀਆਂ' ਦੀ ਗੱਲ ਵੀ ਸਾਹਿਤਕ ਹਲਕਿਆਂ ਵਿਚ ਪ੍ਰਭਾਵੀ ਰੂਪ ਵਿਚ ਤੁਰੀ ਹੈ। ਭਾਵੇਂ ਕਹਾਣੀਆਂ ਦੀ ਚੋਣ ਉਸਦੀ ਆਪਣੀ ਨਿੱਜੀ ਪਸੰਦ 'ਤੇ ਹੀ ਆਧਾਰਿਤ ਹੈ ਪਰ ਇਹ ਪਸੰਦ ਲਿਹਾਜ਼ਦਾਰੀ ਤੋਂ ਪੂਰੀ ਤਰ੍ਹਾਂ ਮੁਕਤ ਤੇ ਇਨਸਾਫ਼ ਪਸੰਦ ਵਿਖਾਈ ਦਿੰਦੀ ਹੈ। ਕਹਾਣੀਆਂ ਦੀ ਚੋਣ ਕਰਨ ਵੇਲੇ ਉਸ ਪਾਠਕੀ ਬਿਰਤੀਆਂ ਨਾਲ ਨਿਆਂ ਕਰਦੇ ਸੰਪਾਦਨ ਦੇ ਕੁਝ ਪ੍ਰਚੱਲਿਤ ਮਾਪਦੰਡਾਂ ਦਾ ਵੀ ਪੂਰਾ ਧਿਆਨ ਰੱਖਿਆ ਹੈ। ਇਹ ਸਾਰੀਆਂ ਕਹਾਣੀਆਂ ਮਨੁੱਖੀ ਜੀਵਨ ਵਿਕਾਸ ਦੇ ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ ਕਰਨ ਵੱਲ ਸੇਧਤ ਹਨ।

ਸੰਗ੍ਰਹਿ ਵਿਚ ਸ਼ਾਮਲ ਪ੍ਰੌਢ ਕਥਾਕਾਰ ਜਗਜੀਤ ਬਰਾੜ ਦੀ ਕਹਾਣੀ 'ਚਿੱਟੀ ਤਿਤਲੀ ਦਾ ਸਿਰਨਾਵਾਂ' ਮਨੁੱਖ ਦੀਆਂ ਨਿੱਜੀ ਲਾਲਸਾਵਾਂ ਤੇ ਪਰਿਵਾਰਕ ਫਰਜ਼ਾਂ ਵਿਚਲੇ ਦਵੰਦ ਦੀਆਂ ਮਹੀਨ ਤੰਦਾਂ ਰਾਹੀਂ ਆਪਣੀ ਕਥਾ ਬੁਣਤ ਬੁਣਦੀ ਹੈ। ਕਹਾਣੀ ਦਾ ਪਾਤਰ ਰਾਜਬੀਰ ਕਿਸੇ ਗੋਰੀ ਕੁੜੀ ਦਾ ਸਾਥ ਪ੍ਰਾਪਤ ਕਰਨ ਦੀ ਲਾਲਸਾ ਅਧੀਨ ਅਮਰੀਕਾ ਪਹੁੰਚ ਕੇ ਵੀ ਬਾਰਾਂ ਸਾਲ ਤੱਕ ਵਿਆਹ ਨਹੀਂ ਕਰਾਉਂਦਾ। ਜਦੋਂ ਉਸਦੀ ਇਸ ਲਾਲਸਾ ਦੀ ਪੂਰਤੀ ਦੇ ਆਸਾਰ ਬਣਦੇ ਹਨ ਤਾਂ ਉਦੋਂ ਉਹ ਹਸਪਤਾਲ ਵਿਚ ਅੰਤਿਮ ਸਾਹ ਗਿਣ ਰਹੀ ਆਪਣੀ ਭੈਣ ਕੋਲ ਜਾ ਰਿਹਾ ਹੁੰਦਾ ਹੈ। ਇਕ ਪਾਸੇ ਉਹ ਖਰਾਬ ਮੌਸਮ ਦਾ ਖਤਰਾ ਉਠਾ ਕੇ ਵੀ ਆਪਣੀ ਭੈਣ ਕੋਲ ਬਿਨਾਂ ਦੇਰੀ ਤੋਂ ਪਹੁੰਚਣ ਲਈ ਯਤਨਸ਼ੀਲ ਹੈ ਤੇ ਦੂਜੇ ਪਾਸੇ ਗੋਰੀ ਕੁੜੀ ਜੈਨੀਫ਼ਰ ਨਾਲ ਵੱਧ ਸਮਾਂ ਬਿਤਾਉਣ ਦਾ ਲਾਲਚ ਉਸ ਤੋਂ ਤਿਆਗਿਆ ਨਹੀਂ ਜਾ ਰਿਹਾ। ਭਾਵੇਂ ਉਸ ਦੀਆਂ ਨਿੱਜੀ ਲਾਲਸਾਵਾਂ ਉਸਦੇ ਪਰਿਵਾਰਕ ਫਰਜ਼ਾਂ 'ਤੇ ਭਾਰੂ ਪਈਆਂ ਵਿਖਾਈ ਦਿੰਦੀਆਂ ਹਨ ਪਰ ਅਜਿਹੀ ਅੰਤਰ ਦਵੰਦੀ ਮਾਨਸਿਕਤਾ ਅੱਜ ਦੇ ਆਧੁਨਿਕ ਮਨੁੱਖ ਦੀ ਹੋਣੀ ਵੀ ਹੈ ਅੱਜ ਦੀ ਕਹਾਣੀ ਦਾ ਵਿਸ਼ੇਸ਼ ਹਾਸਲ ਵੀ।

ਨੌਜਵਾਨ ਕਹਾਣੀਕਾਰ ਆਗ਼ਾਜ਼ਬੀਰ ਦੀ ਕਹਾਣੀ 'ਚੈਪਟਰ ਕਲੋਜ਼' ਮਨੁੱਖ ਅੰਦਰਲੀ ਫਿਰਕੂ ਜ਼ਹੀਨੀਅਤ ਦਾ ਚੈਪਟਰ ਕਲੋਜ਼ ਕਰਨ ਦੀ ਸਦਭਾਵੀ ਇੱਛਾ ਨਾਲ ਜੁੜੀ ਹੋਈ ਹੈ। ਕਹਾਣੀ ਦਾ 'ਮੈਂ' ਪਾਤਰ ਤੇ ਉਸਦੀ ਭੈਣ ਕਮਲਜੀਤ ਦੇ ਅਵਚੇਤਨ ਵਿਚ ਪਿਆ ਇਹ ਗੁੱਸਾ ਉਨ੍ਹਾਂ ਨੂੰ ਹਮੇਸ਼ਾ ਬੇ-ਚੈਨ ਰੱਖਦਾ ਹੈ ਕਿ ਉਨ੍ਹਾਂ ਦੀ ਮਾਂ ਨੇ ਸਰਕਾਰੀ ਨੌਕਰੀ ਵਿਚ ਤਰੱਕੀ ਹਾਸਿਲ ਕਰਨ ਲਈ ਦੂਜੇ ਫਿਰਕੇ ਦੇ ਅੰਕਲ ਅਫ਼ਜ਼ਲ ਨਾਲ ਸਬੰਧ ਬਣਾਏ ਹੋਏ ਸਨ। 'ਮੈਂ' ਪਾਤਰ ਦੇ ਬਚਪਨ ਵਿਚ ਇਸ ਫਿਰਕੇ ਦੇ ਮੌਲਵੀ ਵੱਲੋਂ ਉਸਦੇ ਮੂੰਹ 'ਤੇ ਮਾਰੀ ਥੁੱਕ ਦੀ ਪਿਚਕਾਰੀ ਦੀ ਕਚਿਆਣ ਵੀ ਉਸਦੇ ਅਵਚੇਤਨ ਵਿਚ ਪਈ ਹੈ। ਜਦੋਂ ਉਸਨੂੰ ਇਸ ਗੱਲ ਦਾ ਪਤਾ ਚਲਦਾ ਹੈ ਕਿ ਉਸਦੀ ਅਮਰੀਕਾ ਗਈ ਭੈਣ ਨੇ ਵੀ ਇਸੇ ਫਿਰਕੇ ਦੇ ਇਕ ਨੌਜਵਾਨ ਰਫੀਕ ਨਾਲ ਵਿਆਹ ਕਰਵਾ ਲਿਆ ਹੈ ਤਾਂ ਇਸਦੇ ਪ੍ਰਤੀਕਰਮ ਵਜੋਂ ਪੈਦਾ ਹੋਇਆ ਰੋਸ ਉਸ ਨੂੰ ਇਕ ਵਾਰ ਫਿਰ ਤੋਂ ਅਸ਼ਾਂਤ ਕਰ ਦਿੰਦਾ ਹੈ। ਕਹਾਣੀ ਆਪਣੇ ਮੰਤਵੀ ਉਦੇਸ਼ ਨੂੰ ਉਸ ਵੇਲੇ ਹਾਸਿਲ ਕਰਦੀ ਹੈ ਜਦੋਂ ਉਹ ਆਪਣੇ ਜੀਜੇ ਅੰਦਰਲੀ ਮਨੁੱਖਤਾ ਹਿਤੈਸ਼ੀ ਸੋਚ ਦਾ ਕਾਇਲ ਹੋ ਜਾਂਦਾ ਹੈ। ਕਹਾਣੀ ਦੇ ਅੰਤ 'ਤੇ ਜੀਜੇ ਸਾਲੇ ਦੀ ਪਈ ਗਲਵੱਕੜੀ ਵਿਚੋਂ ਇਤਰ ਦੀ ਸੁਗੰਧ ਆਉਣ ਦੀ ਅਨੁਭੂਤੀ ਮਾਨਵਤਾਵਾਦੀ ਮਾਨਵੀ ਸੋਚ ਦੇ ਦਾਇਰੇ ਨੂੰ ਹੋਰ ਵੀ ਵਿਆਕਪਤਾ ਪ੍ਰਦਾਨ ਕਰਨ ਵਾਲੀ ਹੈ।

ਅਨੇਮਨ ਸਿੰਘ ਦੀ ਕਹਾਣੀ 'ਮਾਰੂਥਲ' ਅਧੇੜ ਉਮਰ ਦੀ ਕਿਸੇ ਵਿਧਵਾ ਔਰਤ ਵੱਲੋਂ ਕੀਤੇ ਜਾਣ ਵਾਲੀ ਸਰੀਰਕ ਤੇ ਮਾਨਸਿਕ ਲੋੜਾਂ ਦੀ ਪੂਰਤੀ ਨੂੰ ਅਪਰਾਧ ਬੋਧ ਨਾਲੋਂ ਨਿਖੇੜ ਕੇ ਉਸਦੀ ਕੁਦਰਤੀ ਲੋੜ ਤੇ ਹੱਕ ਵਜੋਂ ਮਾਨਤਾ ਦਿੰਦੀ ਹੈ। ਕਹਾਣੀ ਦੀ ਪਾਤਰ ਕਿਰਨਾ ਆਪਣੇ ਪੁਲਿਸ ਮੁਲਾਜ਼ਮ ਪਤੀ ਦੀ ਭੇਦ ਭਰੀ ਹਾਲਤ ਵਿਚ ਹੋਈ ਮੌਤ ਤੋਂ ਬਾਅਦ ਆਪਣੇ ਇਕਲੌਤੇ ਪੁੱਤਰ ਲਈ ਮਾਂ ਤੇ ਬਾਪ ਹੋਣ ਦੀਆਂ ਦੋਵਾਂ ਤਰ੍ਹਾਂ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੀ ਹੈ। ਇਸ ਸਮੇਂ ਦੌਰਾਨ ਉਸਦੇ ਪਤੀ ਦਾ ਦੋਸਤ ਰਿਹਾ ਹੌਲਦਾਰ ਗੁਰਮੇਲ ਸਿੰਘ ਹਰ ਸੁੱਖ-ਦੁੱਖ ਵਿਚ ਉਸ ਤੇ ਉਸਦੇ ਬੱਚਿਆਂ ਨਾਲ ਖੜ੍ਹਦਾ ਹੈ। ਗੁਰਮੇਲ ਦੀ ਆਪਣੀ ਪਤਨੀ ਉਸਨੂੰ ਪੱਕੇ ਤੌਰ 'ਤੇ ਛੱਡ ਕੇ ਵਿਦੇਸ਼ ਜਾ ਚੁੱਕੀ ਹੈ, ਇਸ ਲਈ ਦੋਵਾਂ ਦੀ ਇਕੱਲਤਾ ਉਨ੍ਹਾਂ ਨੂੰ ਇੱਕ ਦੂਜੇ ਦੇ ਨੇੜੇ ਲੈ ਆਉਂਦੀ ਹੈ। ਕਹਾਣੀ ਇਸ ਲੁਕਵੀਂ ਨੇੜਤਾ ਨੂੰ ਸਮਾਜਿਕ ਪ੍ਰਵਾਨਗੀ ਦਿਵਾਉਣ ਦੇ ਮਕਸਦ ਨਾਲ ਅੱਗੇ ਵਧਦੀ ਹੈ ਤਾਂ ਉਸਦਾ ਅਗਾਂਹਵਧੂ ਸੋਚ ਵਾਲਾ ਵਿਆਹਿਆ-ਵਰ੍ਹਿਆ ਪੁੱਤਰ ਸੰਸਕਾਰਗਤ ਰੂੜ੍ਹੀਆਂ ਤੋਂ ਉਪਰ ਉੱਠ ਕੇ ਖੁੱਲ੍ਹੇ ਮਨ ਨਾਲ ਆਖਦਾ ਹੈ, "ਮਾਂ ਤੂੰ ਗੁਰਮੇਲ ਅੰਕਲ ਨਾਲ ਵਿਆਹ ਕਰਵਾ ਲੈ ...ਰਾਸ਼ੀ ਨੂੰ ਮੈਨ ਆਪੇ ਮਨਾਂ ਲਵਾਂਗਾ।"

ਪ੍ਰੇਮ ਮਾਨ ਦੀ ਕਹਾਣੀ 'ਹਕੀਕਤ' ਇਸ ਵਿਸ਼ੇ ਦੇ ਨਵੇਂ ਵਿਸਥਾਰ ਤਲਾਸ਼ ਕਰਨ ਦੇ ਨਾਲ ਨਾਲ ਰਿਸ਼ਤਿਆਂ ਦੇ ਬਣ ਸਕਦੇ ਨਵੇਂ ਸਮੀਕਰਨਾਂ ਦੀ ਸ਼ਨਾਖ਼ਤ ਵੀ ਕਰਦੀ ਹੈ। ਕੈਨੇਡਾ ਵਰਗੇ ਮੁਲਕ ਵਿਚ ਜੰਮੇ ਪਲੇ ਹੋਣ ਕਾਰਨ ਇਸ ਕਹਾਣੀ ਵਿਚਲਾ ਪੁੱਤਰ ਆਪਣੀ ਵਿਧਵਾ ਮਾਂ ਦੇ ਆਪਣੇ ਪਿਤਾ ਦੇ ਦੋਸਤ ਸ਼ਿਗਾਰਾ ਸਿੰਘ ਨਾਲ ਰਹੇ ਸਰੀਰਕ ਸਬੰਧਾਂ ਨੂੰ ਜੀਵਨ ਦੇ ਸਹਿਜ ਵਰਤਾਰੇ ਵਜੋਂ ਵੀ ਸਵੀਕਾਰਦਾ ਹੈ। ਜਿਨਸੀ ਰਿਸ਼ਤਿਆਂ ਪ੍ਰਤੀ ਪੂਰਬੀ ਤੇ ਪੱਛਮੀ ਨਜ਼ਰੀਏ ਵਿਚਲਾ ਫਰਕ ਉਦੋਂ ਹੋਰ ਵੀ ਸਪਸ਼ਟ ਹੁੰਦਾ ਹੈ ਜਦੋਂ ਮੁੱਖ ਪਾਤਰ ਨੂੰ ਇਸ ਗੱਲ ਦਾ ਪਤਾ ਚਲਦਾ ਹੈ ਕਿ ਉਸਦੀ ਮਾਂ ਤੇ ਅੰਕਲ ਸਿੰਗਾਰੇ ਦੇ ਸਰੀਰਕ ਸਬੰਧ ਉਸਦੇ ਪਿਤਾ ਦੇ ਜਿਉਂਦੇ ਜੀਅ ਬਣ ਗਏ ਸਨ ਤੇ ਖੂਨ ਦੇ ਰਿਸ਼ਤੇ ਵਜੋਂ ਉਸਦਾ ਇਹ ਅੰਕਲ ਹੀ ਉਸਦਾ ਅਸਲ ਪਿਤਾ ਹੈ। ਅਨੇਮਨ ਸਿੰਘ ਦੀ ਕਹਾਣੀ ਦਾ ਕਥਾਨਕ ਪੂਰਬੀ ਧਰਾਤਲ ਨਾਲ ਸਬੰਧਤ ਹੋਣ ਕਾਰਨ ਜਿਹੜੀ ਗੱਲ ਅਜੇ ਵੀ ਜੀਵਨ ਦਾ ਅਪਵਾਦ ਲੱਗਦੀ ਹੈ, ਉਹੀ ਗੱਲ ਪੱਛਮੀ ਧਰਾਤਲ 'ਤੇ ਜੀਵਨ ਦੇ ਸਹਿਜ ਯਥਾਰਥ ਵਜੋਂ ਸਵੀਕਾਰੀ ਜਾਂਦੀ ਹੈ। ਪਿਉ ਪੁੱਤਰਾਂ ਦੀ ਪਈ ਗਲਵੱਕੜੀ ਪੱਛਮੀ ਸੋਚ ਵਿਚਲੇ ਖੁੱਲ੍ਹੇਪਣ ਦੀ ਵੀ ਪ੍ਰਤੀਕ ਹੈ ਤੇ ਮਨੁੱਖੀ ਜੀਵਨ ਤੋਰ ਨੂੰ ਅੱਗੇ ਲਿਜਾਣ ਵਾਲੀ ਵੀ ਹੈ।

ਸਿਮਰਨ ਧਾਲੀਵਾਲ ਦੀ ਕਹਾਣੀ 'ਝਾਂਜਰਾਂ ਦਾ ਜੋੜਾ' ਮਨੁੱਖੀ ਸੋਚਾਂ ਵਿਚ ਟੁੱਟਦੇ ਤੇ ਉਸਰਦੇ ਘਰ ਦਾ ਬਿਰਤਾਂਤ ਪੇਸ਼ ਕਰਦਿਆਂ ਇਸ ਮਨੋਵਿਗਿਆਨਕ ਨੁਕਤੇ ਨੂੰ ਉਚੇਚੇ ਰੂਪ ਵਿਚ ਉਭਾਰਦੀ ਹੈ ਕਿ ਮਨੁੱਖ ਆਪਣੇ ਘਰ ਤੋਂ ਕੁਝ ਸਮੇਂ ਲਈ ਦੂਰ ਤਾਂ ਜਾ ਸਕਦਾ ਹੈ ਪਰ ਪੂਰੀ ਤਰ੍ਹਾਂ ਟੁੱਟ ਨਹੀਂ ਸਕਦਾ। ਕਹਾਣੀ ਦੀ ਪਾਤਰ ਆਸ਼ਾ ਦੋ ਬੱਚਿਆਂ ਦੀ ਮਾਂ ਬਣਨ ਤੋਂ ਬਾਅਦ ਧਾਰਮਿਕ ਆਸਥਾ ਨਾਲ ਜੁੜ ਕੇ ਆਪਣੇ ਅਧੇੜ ਪਤੀ ਦੀਆਂ ਸਰੀਰਕ ਤੇ ਮਾਨਸਿਕ ਲੋੜਾਂ ਨੂੰ ਨਜ਼ਰ-ਅੰਦਾਜ਼ ਕਰਨ ਲੱਗ ਪੈਂਦੀ ਹੈ ਤਾਂ ਘਰ ਦੇ ਟੁੱਟਣ ਦੀ ਵੀ ਸ਼ੁਰੂਆਤ ਹੋ ਜਾਂਦੀ ਹੈ। ਇਸ ਸਥਿਤੀ ਵਿਚ ਪਤੀ ਵੱਲੋਂ ਆਪਣੀ ਦਫ਼ਤਰ ਦੀ ਕੁਲੀਗ ਨੂੰ ਭੇਟ ਕੀਤਾ ਝਾਂਜਰਾਂ ਦਾ ਜੋੜਾ ਇਸ ਟੁੱਟਣ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਦੇ ਪ੍ਰਤੀਕ ਵਜੋਂ ਪਛਾਣ ਹਾਸਲ ਕਰਦਾ ਹੈ। ਜਦੋਂ ਉਹ ਆਪਣੀ ਕੁਲੀਗ ਗੀਤਾ ਨਾਲ ਡੇਟ 'ਤੇ ਜਾਣ ਵੇਲੇ ਇਹ ਮਹਿਸੂਸ ਕਰਦਾ ਹੈ ਕਿ ਉਹ ਵੀ ਅਜੇ ਆਪਣੇ ਪਤੀ ਨਾਲ ਮਾਨਸਿਕ ਲਗਾਅ ਰੱਖਦੀ ਹੈ ਤਾਂ ਉਸਦੇ ਬਾਹਰ ਵੱਲ ਵਧੇ ਕਦਮ ਫਿਰ ਘਰ ਵੱਲ ਪਰਤ ਆਉਂਦੇ ਹਨ। ਘਰ ਵਾਪਸੀ ਸਮੇਂ ਉਸ ਵੱਲੋਂ ਆਪਣੀ ਪਤਨੀ ਲਈ ਖਰੀਦਿਆ ਝਾਂਜਰਾਂ ਦਾ ਨਵਾਂ ਜੋੜਾ ਹੁਣ ਘਰ ਨੂੰ ਤੋੜਨ ਦੀ ਬਜਾਇ ਜੋੜਨ ਦੇ ਨਵੇਂ ਅਰਥ ਗ੍ਰਹਿਣ ਕਰ ਲੈਂਦਾ ਹੈ।

ਜਸਪਾਲ ਕੌਰ ਦੀ ਕਹਾਣੀ 'ਓਹਲਿਆਂ ਦੇ ਆਰ ਪਾਰ' ਵੀ ਔਰਤ ਨੂੰ ਉਸਦੇ ਘਰ ਦੀ ਅਹਿਮੀਅਤ ਦੀ ਹੀ ਪਛਾਣ ਕਰਾਉਂਦੀ ਹੈ। ਕਹਾਣੀ ਦੀ ਮੁੱਖ ਪਾਤਰ ਆਪਣੇ ਪਤੀ ਦੇ ਗੁੱਸੇਖੋਰ ਤੇ ਹੈਂਕੜੀ ਸੁਭਾਅ ਕਾਰਨ ਬਹੁਤ ਪ੍ਰੇਸ਼ਾਨ ਤੇ ਦੁਖੀ ਹੈ। ਭਾਵੇਂ ਪਤੀ ਦਾ ਐਕਸੀਡੈਂਟ ਹੋਣ 'ਤੇ ਉਹ ਉਸਦੀ ਪੂਰੀ ਸੇਵਾ ਸੰਭਾਲ ਕਰਦੀ ਹੈ ਪਰ ਆਪਣੀ ਸਰੀਰਕ ਤ੍ਰਿਪਤੀ ਲਈ ਉਹ ਆਪਣੇ ਜਾਣਕਾਰ ਸੁਰਜੀਤ ਨਾਲ ਵੀ ਸਰੀਰਕ ਨੇੜਤਾ ਬਣਾ ਲੈਂਦੀ ਹੈ। ਸਮਾਜਿਕ ਓਹਲੇ ਵਿਚ ਸੁਰਜੀਤ ਨੂੰ ਆਪਣਾ ਆਪ ਸੌਂਪਣ ਨੂੰ ਪਹਿਲਾਂ ਉਹ ਆਪਣੀ ਜਿੱਤ ਮੰਨਦੀ ਹੈ, ਪਰ ਆਪਣੇ ਪਤੀ ਦੀ ਮੌਤ ਉਸਨੂੰ ਇਸ ਗੱਲ ਦਾ ਤੀਬਰ ਅਹਿਸਾਸ ਕਰਾਉਂਦੀ ਹੈ ਕਿ ਹੁਣ ਤੱਕ ਉਹ ਮ੍ਰਿਗਤ੍ਰਿਸ਼ਣੀ ਦੌੜ ਹੀ ਦੌੜਦੀ ਰਹੀ ਹੈ। ਜਦੋਂ ਉਹ ਆਪਣੀ ਸਰੀਰਕ ਸੁੰਦਰਤਾ ਦੀ ਪ੍ਰਭਾਵੀ ਸਮਰੱਥਾ ਘਟਣ 'ਤੇ ਸਮਾਜਿਕ ਓਹਲਿਆਂ ਦੇ ਆਰ ਪਾਰ ਵੇਖਦੀ ਹੈ ਤਾਂ ਉਸਨੂੰ ਸੁਰਜੀਤ ਨਾਲੋਂ ਆਪਣੇ ਪਤੀ ਨਾਲ ਨਿਭਾਇਆ ਰਿਸ਼ਤਾ ਹੀ ਵੱਧ ਹੰਢਣਸਾਰ ਤੇ ਟਿਕਾਊ ਮਹਿਸੂਸ ਹੋਣ ਲੱਗਦਾ ਹੈ।


ਸੁਰਿੰਦਰ ਨੀਰ ਦੀ ਕਹਾਣੀ 'ਟੌਫੀਆਂ ਦਾ ਹਾਰ' ਮਨੁੱਖੀ ਮਾਨਸਿਕਤਾ ਵਿਚਲੇ ਉਸ ਉਲਾਰਪਣ ਨੂੰ ਆਪਣੇ ਕੇਂਦਰ ਵਿਚ ਰੱਖਦੀ ਹੈ ਜੋ ਸਾਡੇ ਸਮਾਜਿਕ ਤੇ ਪਰਿਵਾਰਕ ਰਿਸ਼ਤਿਆਂ ਵਿਚਲਾ ਤਵਾਜ਼ਨ ਵਿਗਾੜਣ ਦੀ ਪੂਰੀ ਸਮਰੱਥਾ ਰੱਖਦਾ ਹੈ। ਭਾਵੇਂ ਸਮਾਜ ਦੀ ਮਰਦ ਪ੍ਰਧਾਨ ਬਣਤਰ ਵਿਚਲਾ ਉਲਾਰਪਣ ਵਧੇਰੇ ਕਰਕੇ ਪੁੱਤਰ ਦੇ ਮੁਕਾਬਲੇ ਧੀ ਨੂੰ ਵੱਧ ਅਹਿਮੀਅਤ ਦਿੰਦਾ ਹੈ ਪਰ ਇਸ ਤੋਂ ਉਲਟ ਕੁਝ ਲੋਕ ਧੀ ਨੂੰ ਵੱਧ ਅਹਿਮੀਅਤ ਦੇ ਕੇ ਰਿਸ਼ਤਿਆਂ ਦਾ ਸਮਤੋਲ ਵਿਗਾੜ ਦਿੰਦੇ ਹਨ। ਅਜਿਹੀ ਹੀ ਉਲਾਰ ਪ੍ਰਵਿਰਤੀ ਰੱਖਣ ਵਾਲੀ ਇਸ ਕਹਾਣੀ ਦੀ ਪਾਤਰ ਰਾਣੀ ਧੀਆਂ ਦੀ ਲੋਹੜੀ ਮਨਾਉਣ ਦੇ ਮੁਕਾਬਲੇ ਦਾ ਇਨਾਮ ਜਿੱਤਣ ਲਈ ਆਪਣੇ ਮਾਸੂਮ ਪੁੱਤਰ ਸੰਜਮ ਦੀਆਂ ਮਾਨਸਿਕ ਲੋੜਾਂ ਨੂੰ ਨਜ਼ਰ-ਅੰਦਾਜ਼ ਕਰਨ ਲੱਗਦੀ ਹੈ। ਬੀਤੇ ਵਿਚ ਸੰਜਮ ਦੀ ਦਾਦੀ ਆਪਣੇ ਛੋਟੇ ਪੁੱਤਰ ਦੇ ਧੀ ਦਾ ਭਵਿੱਖ ਸੁਆਰਨ ਪ੍ਰਤੀ ਏਨੀ ਉਲਾਰ ਸੋਚ ਰੱਖਦੀ ਰਹੀ ਹੈ ਕਿ ਸੰਜਮ ਦੇ ਪਿਤਾ ਅਰਜੁਨ ਅੰਦਰ ਪੈਦਾ ਹੋਈ ਹੀਣ ਭਾਵਨਾ ਉਸਨੂੰ ਦੱਬੂ ਵਿਅਕਤੀ ਬਣਾ ਦਿੰਦੀ ਹੈ। ਜਦੋਂ ਉਹ ਆਪਣੇ ਪੁੱਤਰ ਨੂੰ ਵੀ ਆਪਣੇ ਵਾਂਗ ਹੀ ਕਮਤਰੀ ਦੇ ਅਹਿਸਾਸ ਦਾ ਸ਼ਿਕਾਰ ਬਣਿਆ ਵੇਖਦਾ ਹੈ ਤਾਂ ਇਹ ਦਲੇਰ ਫੈਸਲਾ ਲੈਣ ਵਿਚ ਸਫਲ ਹੋ ਜਾਂਦਾ ਹੈ ਕਿ ਉਹ ਸੰਜਮ ਨਾਲ ਉਹ ਅਨਿਆਂ ਨਹੀਂ ਹੋਣ ਦੇਵੇਗਾ, ਜੋ ਉਸਦੀ ਮਾਂ ਨੇ ਉਸ ਨਾਲ ਕੀਤਾ ਹੈ। ਕਹਾਣੀ ਵੱਲੋਂ ਦਿੱਤਾ ਧੀ ਜਾਂ ਪੁੱਤਰ ਦੀ ਬਜਾਇ ਬੱਚਿਆਂ ਦੀ ਲੋਹੜੀ ਮਨਾਉਣ ਦਾ ਸੁਨੇਹਾ ਭਾਵਪੂਰਤ ਵੀ ਹੈ ਤੇ ਸਮੇਂ ਦੇ ਹਾਣ ਦਾ ਵੀ ਹੈ।


ਜਤਿੰਦਰ ਹਾਂਸ ਦੀ ਕਹਾਣੀ 'ਓਹਦੀਆਂ 'ਅੱਖਾਂ 'ਚ ਸੂਰਜ ਹੈ' ਹਰ ਉਸ ਸ਼ਖਸ ਦੀਆਂ ਅੱਖਾਂ ਵਿਚ ਮਾਨਵਤਾ ਦੇ ਸੂਰਜ ਦਾ ਵਾਸਾ ਹੋਇਆ ਵੇਖਦੀ ਹੈ ਜੋ ਸਮਾਜਿਕ ਤੌਰ 'ਤੇ ਅਕਹਿ ਜਬਰ ਜ਼ੁਲਮ ਸਹਿਣ ਕਰ ਕੇ ਵੀ ਆਪਣੇ ਅੰਦਰਲੀ ਮਾਨਵੀ ਸੰਵੇਦਨਾ ਨੂੰ ਮੂਰਛਿਤ ਨਹੀਂ ਹੋਣ ਦਿੰਦਾ। ਕਹਾਣੀ ਦੀ ਬਿਰਤਾਂਤਕਾਰ ਪਾਤਰ ਨੂੰ ਆਪਣੇ ਬਚਪਨ ਤੋਂ ਲੈ ਕੇ ਹੁਣ ਤੱਕ ਬਹੁਤ ਸਾਰੀਆਂ ਸਮਾਜਿਕ ਵਧੀਕੀਆਂ ਦਾ ਸਾਹਮਣਾ ਕਰਨਾ ਪਿਆ ਹੈ। ਆਪਣੇ ਨਸ਼ੇੜੀ ਤੇ ਨਿਖੱਟੂ ਪਤੀ ਨਾਲ ਜੀਵਨ ਬਸਰ ਕਰ ਰਹੀ ਇਸ ਪਾਤਰ ਦੀ ਸਮਾਜਿਕ ਸਥਿਤੀ ਘਰ ਵਿਚੋਂ ਡੰਡੇ ਮਾਰ ਕੇ ਭਜਾਈ ਗਈ ਫੰਡਰ ਗਾਂ ਤੋਂ ਬਿਹਤਰ ਨਹੀਂ ਹੈ। ਕਹਾਣੀ ਉਸ ਵੇਲੇ ਪਾਠਕੀ ਮਾਨਸਿਕਤਾ ਨੂੰ ਝੰਜੋੜਨ ਵਾਲੀ ਦਿਸ਼ਾ ਗ੍ਰਹਿਣ ਕਰਦੀ ਹੈ ਜਦੋਂ ਧਰਮ ਦੇ ਕਥਿਤ ਠੇਕੇਦਾਰਾਂ ਵੱਲੋਂ ਦਿੱਤੇ ਜ਼ਖ਼ਮਾਂ ਦਾ ਇਲਾਜ ਕਰਾਉਣ ਦੀ ਬਜਾਇ ਉਹ ਨੰਬਰਦਾਰਾਂ ਦੀ ਨੂੰਹ ਦਾ ਜਾਪਾ ਕਰਾਉਣ ਨੂੰ ਪਹਿਲ ਦਿੰਦਿਆਂ ਆਖਦੀ ਹੈ "ਚੱਲ ਭਾਈ ਪਹਿਲਾਂ ਤੇਰਾ ਕੰਮ ਕਰ ਆਉਣੀ ਆਂ, ਜੇ ਐਂ ਮੈਂ ਹਸਪਤਾਲ ਚਲੀ ਗਈ ਤਾਂ ਮੇਰੀ ਰੂਹ ਨੂੰ ਚੈਨ ਨ੍ਹੀ ਆਉਣਾ।"

ਬਲਵੰਤ ਫਰਵਾਲੀ ਦੀ ਕਹਾਣੀ 'ਡੌਂਕੀ' ਪੰਜਾਬ ਵਿਚ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਦੇ ਨਾਂ 'ਤੇ ਪੰਜਾਬੀ ਨੌਜਵਾਨਾਂ ਦੀ ਹਰ ਜਾਇਜ਼ ਜਾਂ ਨਾਜਾਇਜ਼ ਡੰਗ ਨਾਲ ਵਿਦੇਸ਼ ਜਾਣ ਦੀ ਲੱਗੀ ਦੌੜ ਦੇ ਹਵਾਲੇ ਨਾਲ ਇਹ ਸੰਵਾਦਕ ਚਰਚਾ ਛੇੜਦੀ ਹੈ। ਕਹਾਣੀ ਵੱਲੋਂ ਪੈਦਾ ਕੀਤਾ ਵੱਡਾ ਸਵਾਲ ਇਹ ਹੈ ਕਿ ਕੀ ਪੰਜਾਬ ਵਿਚ ਰੁਜ਼ਗਾਰ ਦੇ ਮੌਕੇ ਸੱਚਮੁੱਚ ਘਟ ਰਹੇ ਹਨ ਜਾਂ ਸਾਡੇ ਨੌਜਵਾਨਾਂ ਅੰਦਰ ਉਪਲਬਧ ਮੌਕਿਆਂ ਦਾ ਫਾਇਦਾ ਚੁੱਕਣ ਸਬੰਧੀ ਸੁਚੇਤਤਾ ਦੀ ਘਾਟ ਹੈ। ਇਹ ਨੌਜਵਾਨ ਵਿਦੇਸ਼ ਵਿਚ ਪਹੁੰਚ ਕੇ ਹਰ ਉਹ ਕੰਮ ਕਰਨ ਲਈ ਤਿਆਰ ਹਨ, ਜਿਸਨੂੰ ਪੰਜਾਬ ਵਿਚ ਰਹਿੰਦਿਆਂ ਉਹ ਨੀਵਾਂ ਕੰਮ ਸਮਝਦੇ ਹਨ। ਆਰਥਿਕਤਾ ਦੀ ਚੱਕੀ ਵਿਚ ਪਿਸ ਰਹੇ ਸ਼ਿੰਦੇ ਤੇ ਉਸਦੇ ਮਾਪਿਆਂ ਨੂੰ ਆਪਣੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਉਸਦੇ ਡੌਂਕੀ ਲਾ ਕੇ ਅਮਰੀਕਾ ਪਹੁੰਚਣ ਵਿਚ ਵਿਖਾਈ ਦਿੰਦਾ ਹੈ। ਇਸ ਭਰਮ ਜਾਲ ਵਿਚ ਫਸ ਕੇ ਉਹ ਏਜੰਟ ਨੂੰ ਚਾਲੀ ਲੱਖ ਦੇਣ ਲਈ ਟਰੈਕਟਰ, ਬੁਲਟ ਮੋਟਰਸਾਈਕਲ ਤੇ ਪਸ਼ੂ ਧਨ ਵੇਚ ਕੇ ਆਪਣੇ ਆਰਥਿਕ ਸੰਕਟ ਨੂੰ ਹੋਰ ਵੀ ਗਹਿਰਾ ਕਰ ਲੈਂਦਾ ਹੈ। ਪਤਨੀ ਤੇ ਪੁੱਤਰ ਤੇ ਮਾਪਿਆਂ ਨਾਲ ਵਿਛੋੜੇ ਦੇ ਅੰਤਿਮ ਪਲਾਂ ਵਿਚ ਉਸਨੂੰ ਇਹ ਅਹਿਸਾਸ ਹੁੰਦਾ ਹੈ ਕਿ ਜਾਨ ਨੂੰ ਜ਼ੋਖਮ ਵਿਚ ਪਾ ਕੇ ਵਿਦੇਸ਼ ਵਿਚ ਪਹੁੰਚਣ ਵਾਲੀ ਡੌਂਕੀ ਸਿਰਫ ਉਹ ਹੀ ਨਹੀਂ ਲਾਵੇਗਾ ਸਗੋਂ ਉਸਦੇ ਸਾਰੇ ਪਰਿਵਾਰ ਖਾਸ ਤੌਰ 'ਤੇ ਉਸਦੀ ਪਤਨੀ ਨੂੰ ਵੀ ਇਹ ਡੌਂਕੀ ਲਾਉਣੀ ਪੈਣੀ ਹੈ। ਇਸ ਸਥਿਤੀ ਵਿਚ ਉਹ ਸਿਰਫ ਵਿਦੇਸ਼ ਜਾਣ ਦੇ ਫੈਸਲੇ 'ਤੇ ਪੁਨਰ ਵਿਚਾਰ ਕਰਨ ਲਈ ਹੀ ਤਿਆਰ ਨਹੀਂ ਹੁੰਦਾ ਸਗੋਂ ਆਪਣੀ ਪਤਨੀ ਦੇ ਸੁਝਾਅ ਅਨੁਸਾਰ ਜਰਨੈਲੀ ਸੜਕ 'ਤੇ ਨਾਲ ਲੱਗਦੀ ਜ਼ਮੀਨ 'ਤੇ ਢਾਬਾ ਖੋਲ੍ਹਣ ਲਈ ਹੀ ਹਾਂ ਭਰ ਦਿੰਦਾ ਹੈ।

ਰਮਨਦੀਪ ਵਿਰਕ ਦੀ ਕਹਾਣੀ 'ਐਨ ਅਫੇਅਰ' ਵਿਆਹ ਸੰਸਥਾ ਤੋਂ ਬਾਹਰ ਦੇ ਸਰੀਰਕ ਸਬੰਧਾਂ ਨੂੰ ਸਮੇਂ ਦੀ ਕਸਵੱਟੀ 'ਤੇ ਪਰਖਦੀ ਹੈ ਤਾਂ ਇਹ ਸਿੱਟਾ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਇਨ੍ਹਾਂ ਦਾ ਸਬੰਧ ਪਲ ਛਿਣ ਦਾ ਭੁਲੇਖੇ ਵਰਗਾ ਸੁੱਖ ਦੇ ਕੇ ਮਨੁੱਖ ਨੂੰ ਸਦੀਵੀ ਭਟਕਣਾ ਦਾ ਸ਼ਿਕਾਰ ਬਣਾ ਦਿੰਦੇ ਹਨ। ਕਹਾਣੀ ਦੇ ਮਰਦ ਤੇ ਔਰਤ ਦੋਵੇਂ ਹੀ ਤਰ੍ਹਾਂ ਦੇ ਪਾਤਰ ਇਸ ਭਟਕਣਾ ਦਾ ਸ਼ਿਕਾਰ ਹਨ ਤੇ ਕਦਮ ਦਰ ਕਦਮ ਆਪਣੇ ਵਿਨਾਸ਼ ਵੱਲ ਵਧ ਰਹੇ ਹਨ।

ਸਾਰੀਆਂ ਕਹਾਣੀਆਂ ਪੰਜਾਬੀ ਦੇ ਨਾਮਵਰ ਪਰਚਿਆਂ ਵਿਚ ਛਪ ਕੇ ਪ੍ਰੇਮ ਮਾਨ ਦੀਆਂ ਨਜ਼ਰਾਂ ਵਿਚ ਪ੍ਰਵਾਨ ਚੜ੍ਹੀਆਂ ਹਨ। ਕੋਈ ਵੀ ਸੰਪਾਦਿਤ ਕਹਾਣੀਆਂ ਦੀ ਚੋਣ ਆਪਣੇ ਵਿਸ਼ੇਸ਼ ਵਿਚਾਰਧਾਰਕ ਨਜ਼ਰੀਏ ਅਨੁਸਾਰ ਹੀ ਕਰਦਾ ਹੈ ਤੇ ਇਨ੍ਹਾਂ ਕਹਾਣੀਆਂ ਵਿਚਲਾ ਵਿਚਾਰਧਾਰਕ ਨਜ਼ਰੀਆ ਮਨੁੱਖ ਮਨੁੱਖਤਾ ਤੇ ਮਨੁੱਖੀ ਕਦਰਾਂ ਕੀਮਤਾਂ ਦਾ ਪੂਰਕ ਹੈ। ਇਹ ਨਜ਼ਰੀਆ ਪੂਰਬੀ ਤੇ ਪੱਛਮੀ ਜੀਵਨ ਜਾਚ ਦੀਆਂ ਹਾਂ-ਪੱਖੀ ਤਰਜੀਹਾਂ ਦੇ ਸੁਮੇਲ ਸਿਰਜ ਕੇ ਮਨੁੱਖੀ ਸੋਚ ਵਿਚ ਹੋਰ ਵਿਸ਼ਾਲਤਾ ਲਿਆਉਣ ਦਾ ਦਮ ਵੀ ਭਰਦਾ ਹੈ। ਸੰਗ੍ਰਹਿ ਵਿਚ ਮੇਰੀ ਆਪਣੀ ਕਹਾਣੀ 'ਨਰ ਬੰਦਾ' ਵੀ ਸ਼ਾਮਿਲ ਹੈ ਪਰ ਆਪਣੀ ਕਹਾਣੀ ਬਾਰੇ ਆਪ ਕੋਈ ਟਿੱਪਣੀ ਕਰਨਾ ਸਮੀਖਿਆ ਮਾਪਦੰਡਾਂ ਦਾ ਉਲੰਘਣ ਹੋਵੇਗਾ। ਸਾਰੇ ਕਹਾਣੀਕਾਰਾਂ ਵੱਲੋਂ ਸਵੈ ਕਥਨ ਦੇ ਰੂਪ ਵਿਚ ਦਿੱਤੀ ਆਪਣੇ ਸਾਹਿਤਕ ਸਫਰ ਬਾਰੇ ਜਾਣਕਾਰੀ ਪੁਸਤਕ ਦੀ ਪੜ੍ਹਨ ਯੋਗਤਾ ਵਿਚ ਹੋਰ ਵਾਧਾ ਕਰਨ ਵਾਲੀ ਹੈ।






*ਕਿਤਾਬ ਦੇ ਸੰਪਾਦਕ ਪ੍ਰੇਮ ਮਾਨ ਅਤੇ ਕਿਤਾਬ ਗੱਲਾਂ ਕਰਨ ਕਹਾਣੀਆਂ ਦਾ ਸਰਵਰਕ।*

---

*(ਪਿਛਲੇ ਸਫੇ ਦੀ ਬਾਕੀ)*

ਖਾਲਿਦ ਨੇ ਹਫੀਜ਼ ਮੀਆਂ ਅੱਗੇ ਹੱਥ ਜੋੜੇ, ਉਸ ਦੇ ਬਹੁਤ ਤਰਲੇ ਕੱਢੇ, ਪਰ ਉਹ ਤਾਂ ਟੱਸ ਤੋਂ ਮਸ ਨਹੀਂ ਹੋਇਆ। ਨਿਰਾਸ਼ ਹੋਇਆ ਖਾਲਿਦ ਆਪਣੇ ਘਰ ਵੱਲ ਤੁਰ ਪਿਆ। ਉਹ ਪੈਂਡਾ ਜਿਹੜਾ ਉਸ ਨੇ ਨੂਰੀ ਦਾ ਰਿਸ਼ਤਾ ਹੋਣ 'ਤੇ ਖੁਸ਼ੀ 'ਚ ਭਰਿਆਂ ਤੈਅ ਕੀਤਾ ਸੀ, ਹੁਣ ਜਿਵੇਂ ਕੋਹਾਂ ਦੀ ਵਾਟ ਹੋ ਗਿਆ ਸੀ। ਉਸ ਦੇ ਪੈਰ ਮਣ-ਮਣ ਭਾਰੇ ਹੋ ਗਏ ਸਨ। ਉਸ ਨੂੰ ਪੈਰ ਚੁੱਕ ਕੇ ਡਿੰਘ ਪੁੱਟਣੀ ਵੀ ਔਖੀ ਲੱਗ ਰਹੀ ਸੀ। ਉਹਦੇ ਮਨ ਵਿੱਚ ਉਸ ਵੇਲੇ ਸਿਵਾਏ ਨੂਰੀ ਦੇ ਹੋਰ ਕੋਈ ਨਹੀਂ ਸੀ। ਉਹ ਥੋੜ੍ਹੀ ਦੂਰ ਤੁਰਦਾ ਅਤੇ ਜਿਵੇਂ ਹੰਭ ਜਾਂਦਾ। ਸਹਾਰਾ ਲੈਣ ਲਈ ਕਿਸੇ ਰੁੱਖ ਹੇਠ ਪੱਥਰ 'ਤੇ ਬਹਿ ਜਾਂਦਾ ਅਤੇ ਕੁਝ ਚਿਰ ਬਾਅਦ ਫਿਰ ਤੁਰਨ ਲੱਗਦਾ। ਇਸ ਤਰ੍ਹਾਂ ਕਰਦਿਆਂ ਤਰਕਾਲਾਂ ਢਲ ਗਈਆਂ ਸਨ। ਨੂਰੀ, ਰੇਸ਼ਮਾ ਤੇ ਬਾਨੋ ਉਸ ਦੀ ਉਡੀਕ ਕਰ ਰਹੀਆਂ ਸਨ। ਨੂਰੀ ਨੂੰ ਤਾਂ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਜ਼ਰੂਰ ਕੁਝ ਮਾੜਾ ਹੋ ਗਿਆ ਹੋਵੇਗਾ।

ਖਾਲਿਦ ਘਰ ਪਹੁੰਚ ਕੇ ਕੁਝ ਨਹੀਂ ਬੋਲਿਆ। ਕਿਸੇ ਨੇ ਵੀ ਉਸ ਨੂੰ ਕੁਝ ਨਾ ਪੁੱਛਿਆ। ਉਸ ਦੀ ਸ਼ਕਲ ਨੇ ਹੀ ਜਿਵੇਂ ਉਨ੍ਹਾਂ ਨੂੰ ਸਭ ਕੁਝ ਦੱਸ ਦਿੱਤਾ ਸੀ।

ਰੁਸਤਮ ਦੇ ਪਿਓ ਹਫੀਜ਼ ਮੀਆਂ ਨੂੰ ਨਿਕਾਹ ਲਈ ਨਾਂਹ ਕੀਤਿਆਂ ਅੱਜ ਇਕ ਹਫਤਾ ਹੋ ਚੱਲਿਆ ਸੀ। ਖਾਲਿਦ ਦੇ ਘਰ ਜਿਵੇਂ ਕਿਸੇ ਦੀ ਮੌਤ ਹੋ ਗਈ ਸੀ ਅਤੇ ਸਾਰੇ ਉਸ ਦਾ ਸੋਗ ਮਨਾ ਰਹੇ ਸਨ। ਇਨ੍ਹਾਂ ਸੱਤ ਦਿਨਾਂ ਵਿੱਚ ਕਿਸੇ ਨੇ ਠੀਕ ਤਰ੍ਹਾਂ ਨਾਲ ਰੋਟੀ ਵੀ ਨਹੀਂ ਸੀ ਖਾਧੀ। ਕਿਸੇ ਨੇ ਵੀ ਕੋਈ ਕੰਮ ਨਹੀਂ ਸੀ ਕੀਤਾ। ਜਿੰਨੀਆਂ ਗੰਢਾਂ ਕਾਲੀਨ ਵਿੱਚ ਪਾਈਆਂ ਹੋਈਆਂ ਸਨ, ਉਨੀਆਂ ਹੀ ਰਹਿ ਗਈਆਂ। ਕਿਸੇ ਨੇ ਕਾਲੀਨ ਨਹੀਂ ਬੁਣਿਆ, ਹੱਥ ਤੀਕ ਨਹੀਂ ਲਾਇਆ ਉਸ ਨੂੰ। ਨੂਰੀ ਨੇ ਵੀ ਹੁਣ ਆਪਣੇ ਅੱਬਾ ਨੂੰ ਕਾਲੀਨ ਵਿੱਚ ਕੋਈ ਨਵਾਂ ਡਿਜ਼ਾਈਨ ਪਾਉਣ ਦੀ ਸਲਾਹ ਨਹੀਂ ਸੀ ਦਿੱਤੀ, ਕਿਉਂਕਿ ਉਨ੍ਹਾਂ ਨੂੰ ਹੁਣ ਵਧੀਆ ਕਾਲੀਨ ਤਿਆਰ ਕਰਨ ਦੀ ਕਾਹਲ ਨਹੀਂ ਸੀ।

ਘਰ ਵਿੱਚ ਇਕ ਨੂਰੀ ਸੀ, ਜਿਹੜੀ ਇਸ ਵਾਰੀ ਵੀ ਕਿਸੇ ਦੀ ਬੇਗਮ ਬਣਨ ਤੋਂ ਰਹਿ ਗਈ ਸੀ।

# ਫੁੱਟਬਾਲ ਦਾ ਜਰਨੈਲ ਸੀ ਜਰਨੈਲ ਸਿੰਘ ਪਨਾਮੀਆ

## ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com


ਜਰਨੈਲ ਸਿੰਘ ਸੱਚਮੁੱਚ ਫੁੱਟਬਾਲ ਦਾ ਜਰਨੈਲ ਸੀ। ਉਹ ਦੋ ਵਾਰ ਏਸ਼ੀਅਨ ਆਲ ਸਟਾਰਜ਼ ਫੁੱਟਬਾਲ ਟੀਮਾਂ ਦਾ ਕਪਤਾਨ ਰਿਹਾ। ਤਿੰਨ ਸਾਲ ਭਾਰਤੀ ਫੁੱਟਬਾਲ ਟੀਮਾਂ ਦੀ ਕਪਤਾਨੀ ਕੀਤੀ ਤੇ ਜਕਾਰਤਾ ਤੋਂ ਏਸ਼ਿਆਈ ਖੇਡਾਂ ਦਾ ਗੋਲਡ ਮੈਡਲ ਜਿੱਤਿਆ। ਉਹ ਦਸ ਸਾਲ ਭਾਰਤ ਦਾ ਸਰਬੋਤਮ ਫੁੱਟਬਾਲ ਖਿਡਾਰੀ ਮੰਨਿਆ ਜਾਂਦਾ ਰਿਹਾ। 1960 ਦੀਆਂ ਓਲੰਪਿਕ ਖੇਡਾਂ 'ਚ ਉਹ ਬਿਹਤਰੀਨ ਫੁੱਲਬੈਕ ਖਿਡਾਰੀ ਸਾਬਤ ਹੋਇਆ ਤੇ ਉਸ ਨੂੰ ਵਰਲਡ ਫੁੱਟਬਾਲ ਇਲੈਵਨ ਦਾ ਸੈਂਟਰ ਫੁੱਲ ਬੈਕ ਨਾਮਜ਼ਦ ਕੀਤਾ ਗਿਆ। ਕੁਆਲਾਲੰਪੁਰ ਦੇ ਮਰਦੇਕਾ ਟੂਰਨਾਮੈਂਟ 'ਚ ਫੀਫਾ ਦੇ ਪ੍ਰਧਾਨ ਸਰ ਸਟੈਨਲੇ ਰਾਊਜ਼ ਨੇ ਏਸ਼ੀਆ ਦੇ ਫੁੱਟਬਾਲ ਅਧਿਕਾਰੀਆਂ ਨੂੰ ਕਿਹਾ ਸੀ, "ਤੁਹਾਡੇ ਪਾਸ ਜਰਨੈਲ ਸਿੰਘ ਐਸਾ ਖਿਡਾਰੀ ਹੈ ਜਿਹੜਾ ਦੁਨੀਆ ਦੀ ਕਿਸੇ ਵੀ ਟੀਮ ਵਿਚ ਚੁਣੇ ਜਾਣ ਦੇ ਯੋਗ ਹੈ।"

ਉਹ ਅਫ਼ਰੀਕਾ 'ਚ ਖੇਡਿਆ ਤਾਂ ਅਫ਼ਰੀਕਨਾਂ ਨੇ ਉਸ ਨੂੰ 'ਸਿੰਘਾ ਸ਼ੀਬਾ' ਯਾਨੀ ਸਿੰਘ ਸ਼ੇਰ ਕਹਿ ਕੇ ਵਡਿਆਇਆ। ਜਿੰਨੇ ਸਾਲ ਉਹ ਕਲਕੱਤੇ ਦੀ ਮੋਹਨ ਬਾਗਾਨ ਕਲੱਬ ਵਿਚ ਖੇਡਿਆ ਉਸ ਨੂੰ ਪੈਸੇ ਵੀ ਸਭ ਤੋਂ ਵੱਧ ਮਿਲੇ ਤੇ ਪ੍ਰਸੰਸਾ ਵੀ ਸਭ ਤੋਂ ਵੱਧ। ਸ਼ਾਇਦ ਹੀ ਕੋਈ ਬੰਗਾਲੀ ਹੋਵੇ ਜਿਹੜਾ ਜਰਨੈਲ ਸਿੰਘ ਦੇ ਨਾਂ ਤੋਂ ਵਾਕਫ਼ ਨਾ ਹੋਵੇ। ਉਸ ਦੀ ਬੇਵਕਤ ਮੌਤ ਉਤੇ ਸਭ ਤੋਂ ਵੱਧ ਹੰਝੂ ਬੰਗਾਲੀਆਂ ਨੇ ਵਹਾਏ।

ਉਸ ਦਾ ਪਿਛੋਕੜ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮੁਜਾਰਾ ਡੀਂਗਰੀਆਂ ਦਾ ਸੀ। ਉਹ ਚੋਆਂ ਦਾ ਇਲਾਕਾ ਸੀ ਜਿਥੇ ਹੜ੍ਹਾਂ 'ਚ ਫਸਲਾਂ ਰੁੜ੍ਹ ਜਾਂਦੀਆਂ। ਚੋਆਂ ਦੇ ਸਤਾਏ ਉਹਦੇ ਬਾਬੇ ਬਾਰ ਵਿਚ ਜਾ ਆਬਾਦ ਹੋਏ ਸਨ। ਬਾਰ ਦੀ ਬੰਜਰ ਭੋਇੰ 'ਚ ਨਹਿਰੀ ਪਾਣੀ ਨੇ ਲਹਿਰਾਂ ਲਾ ਦਿੱਤੀਆਂ ਸਨ। ਨਹਿਰੀ ਮੋਘੇ ਦਾ ਨੰਬਰ ਹੀ ਚੱਕ ਦਾ ਨਾਂ ਹੁੰਦਾ ਸੀ। ਕਈਆਂ ਨੇ ਚੱਕਾਂ ਦੇ ਨੰਬਰਾਂ ਨਾਲ ਆਪਣੇ ਪਿਛਲੇ ਪਿੰਡਾਂ ਦੇ ਨਾਂ ਵੀ ਜੋੜ ਲਏ ਸਨ। ਉਹਦੇ ਵਡੇਰਿਆਂ ਦਾ ਚੱਕ ਵੀ ਮੁਜਾਰਾ ਡੀਂਗਰੀਆਂ ਵੱਜਦਾ ਸੀ। ਉਸ ਦਾ ਜਨਮ ਜ਼ਿਲ੍ਹਾ ਤੇ ਤਹਿਸੀਲ ਲਾਇਲਪੁਰ ਦੇ ਚੱਕ ਨੰਬਰ 272 ਵਿਚ ਉਜਾਗਰ ਸਿੰਘ ਢਿੱਲੋਂ ਦੇ ਘਰ ਮਾਤਾ ਗੁਰਚਰਨ ਕੌਰ ਦੀ ਕੁੱਖੋਂ 20 ਫਰਵਰੀ 1936 ਨੂੰ ਹੋਇਆ ਸੀ। ਅੰਗਰੇਜ਼ਾਂ ਦੇ ਰਾਜ ਸਮੇਂ ਬਾਰ ਦੇ ਫੌਜੀ ਆਬਾਦਕਾਰਾਂ ਵਿਚ 'ਜਰਨੈਲ' ਚੋਟੀ ਦਾ ਨਾਂ ਸੀ ਜੋ ਢਿੱਲੋਂ ਪਰਿਵਾਰ ਨੇ ਆਪਣੇ ਪਲੇਠੇ ਬੱਚੇ ਦਾ ਰੱਖਿਆ। ਹੋ ਸਕਦੈ ਮਾਪਿਆਂ ਨੇ ਉਸ ਨੂੰ ਫੌਜ ਦਾ ਜਰਨੈਲ ਬਣਾਉਣਾ ਚਿਤਵਿਆ ਹੋਵੇ ਪਰ ਸਮੇਂ ਨੇ ਉਸ ਨੂੰ ਫੁੱਟਬਾਲ ਦਾ ਜਰਨੈਲ ਬਣਾਇਆ।

ਮੁੱਢਲੀ ਸਿੱਖਿਆ ਉਸ ਨੇ ਆਪਣੇ ਚੱਕ ਦੇ ਪ੍ਰਾਇਮਰੀ ਸਕੂਲ ਤੋਂ ਹਾਸਲ ਕੀਤੀ। ਫਿਰ ਉਹ ਚਾਰ ਮੀਲ ਦੂਰ ਚੱਕ 48 ਦੇ ਬਾਰ ਖ਼ਾਲਸਾ ਹਾਈ ਸਕੂਲ ਵਿਚ ਪੜ੍ਹਨ ਲੱਗਾ। ਉਸ ਸਕੂਲ ਵਿਚ ਫੁੱਟਬਾਲ ਖੇਡਣ ਦਾ ਵਧੀਆ ਮਾਹੌਲ ਸੀ ਜਿਥੇ ਫੁੱਟਬਾਲ ਖੇਡਣ ਦੀ ਚੇਟਕ ਲੱਗੀ। ਉਹ ਛੇਵੀਂ 'ਚ ਪੜ੍ਹਦਾ ਸੀ ਜਦੋਂ ਦੇਸ਼ ਦੀ ਵੰਡ ਹੋ ਗਈ। ਜਰਨੈਲ ਦੀ ਮਾਸੀ ਦਾ ਪੁੱਤ ਫੌਜ ਵਿਚ ਭਰਤੀ ਸੀ। ਉਸ ਨੇ ਢਿੱਲੋਂ ਪਰਿਵਾਰ ਨੂੰ ਧਾੜਵੀਆਂ ਦੀ ਮਾਰ 'ਚੋਂ ਕੱਢ ਕੇ ਸ਼ਰਨੀ ਕੈਂਪ 'ਚ ਲਿਆਂਦਾ। ਅੱਗੇ ਕੈਂਪ ਵਿਚ ਵੀ ਖ਼ਤਰਾ ਮੰਡਰਾਅ ਰਿਹਾ ਸੀ। ਗੋਲੀਆਂ ਦੀ ਠਾਹ ਠੂਹ ਆਮ ਹੀ ਸੁਣਦੀ। ਮਾਰੇ ਗਿਆਂ ਦੀਆਂ ਖ਼ਬਰਾਂ ਨਿੱਤ ਆਉਂਦੀਆਂ।

ਫੌਜੀ ਮਸੇਰ ਦੀ ਮਦਦ ਨਾਲ ਔਰਤਾਂ ਤੇ ਬੱਚੇ ਫੌਜੀ ਦਸਤੇ ਦੀ ਰਖਵਾਲੀ ਵਿਚ 'ਵਤਨ' ਨੂੰ ਰਵਾਨਾ ਕਰ ਦਿੱਤੇ ਗਏ। ਰਸਤੇ 'ਚ ਕਈ ਥਾਈਂ ਟਰੱਕਾਂ ਉਤੇ ਗੋਲੀਆਂ ਚੱਲੀਆਂ। ਟਾਇਰ ਪੈਂਚਰ ਹੋ ਜਾਂਦੇ, ਕਾਫ਼ਲਾ ਰੁਕ ਜਾਂਦਾ। ਜਰਨੈਲ ਤਰਪਾਲ ਦੀਆਂ ਵਿਰਲਾਂ ਵਿਚੋਂ ਬਾਹਰ ਵੇਖਣ ਲਈ ਅਹੁਲਦਾ ਤਾਂ ਜਨਾਨੀਆਂ ਉਹਨੂੰ ਬਾਹੋਂ ਫੜ ਕੇ ਭੁੰਜੇ ਬਿਠਾ ਲੈਂਦੀਆਂ। ਬਾਹਰ ਅੱਗ ਸੀ, ਲਹੂ ਸੀ, ਲਾਸ਼ਾਂ ਸਨ। ਗੋਲੀਆਂ ਚੱਲ ਰਹੀਆਂ ਸਨ ਤੇ ਕਹਿਰ ਵਰਤ ਰਿਹਾ ਸੀ। ਸੜਦੇ ਘਰਾਂ 'ਚੋਂ ਲਾਟਾਂ ਤੇ ਧੂੰਆਂ ਉਠ ਰਿਹਾ ਸੀ। ਤੇਰਾਂ ਚੌਦਾਂ ਸਾਲ ਦੇ ਜਰਨੈਲ ਸਿੰਘ ਨੇ ਉਹ ਦਿਲ ਦਹਿਲਾਅ ਦੇਣ ਵਾਲੇ ਭਿਆਨਕ ਦ੍ਰਿਸ਼ ਆਪਣੀ ਅੱਖੀਂ ਵੇਖੇ ਜੋ ਸਾਰੀ ਉਮਰ ਨਾ ਭੁੱਲੇ। ਅਖ਼ੀਰ ਅਰਦਾਸਾਂ ਕਰਦੇ ਅੰਮ੍ਰਿਤਸਰ ਪਹੁੰਚੇ ਤੇ ਮਾਲ ਗੱਡੀ ਉਤੇ ਚੜ੍ਹ ਕੇ ਫਗਵਾੜੇ ਵੱਲ ਦੀ ਆਪਣੇ ਪੁਰਾਣੇ ਪਿੰਡ ਮਜਾਰਾ ਡੀਂਗਰੀਆਂ ਪੁੱਜੇ। ਮਾਪਿਆਂ ਦੇ ਆਉਣ ਤਕ ਜਰਨੈਲ ਸਕੇ ਸੰਬੰਧੀਆਂ ਕੋਲ ਰਿਹਾ। ਫਿਰ ਉਨ੍ਹਾਂ ਨੂੰ ਗੜ੍ਹਸ਼ੰਕਰ ਲਾਗੇ ਪਿੰਡ ਪਨਾਮ ਵਿਚ ਜ਼ਮੀਨ ਅਲਾਟ ਹੋਈ ਜਿਥੇ ਜੀਵਨ ਨਵੇਂ ਸਿਰਿਓਂ ਸ਼ੁਰੂ ਹੋਇਆ।




ਉਹ ਗੌਰਮਿੰਟ ਹਾਈ ਸਕੂਲ ਗੜ੍ਹਸ਼ੰਕਰ ਵਿਚ ਪੜ੍ਹਨ ਲੱਗਾ। ਉਥੇ ਪੜ੍ਹਦਿਆਂ ਉਸ ਨੂੰ ਫਿਰ ਫੁੱਟਬਾਲ ਖੇਡਣ ਦਾ ਮਾਹੌਲ ਮਿਲ ਗਿਆ। ਜਰਨੈਲ ਸਿੰਘ ਦਾ ਵਿਆਹ ਬੀਬੀ ਇਕਬਾਲ ਕੌਰ ਨਾਲ ਅੱਠਵੀਂ ਜਮਾਤ ਵਿਚ ਪੜ੍ਹਦੇ ਦਾ ਹੀ ਹੋ ਗਿਆ। ਨੌਵੀਂ ਦਸਵੀਂ ਜਮਾਤ ਉਸ ਨੇ ਸਰਹਾਲ ਮੁੰਡੀ ਦੇ ਸਕੂਲ ਤੋਂ ਪਾਸ ਕੀਤੀ। ਉਸ ਸਕੂਲ ਦਾ ਪੀਟੀ ਹਰਬੰਸ ਸਿੰਘ ਸ਼ਾਹੀ ਸੀ ਜਿਸ ਨੂੰ ਜਰਨੈਲ ਦਾ ਪਹਿਲਾ ਕੋਚ ਕਿਹਾ ਜਾ ਸਕਦੈ। ਉਸ ਨੇ ਜਰਨੈਲ ਸਿੰਘ ਨੂੰ ਫੁੱਟਬਾਲ ਖੇਡਣ ਦੇ ਮੁੱਢਲੇ ਗੁਰ ਸਿਖਾਏ। 1952 'ਚ ਉਹ ਆਰੀਆ ਕਾਲਜ ਨਵਾਂਸ਼ਹਿਰ ਦਾਖਲ ਹੋਇਆ। ਪਨਾਮ ਤੋਂ ਕਦੇ ਸਾਈਕਲ ਤੇ ਕਦੇ ਦੌੜ ਕੇ ਹੀ ਕਾਲਜ ਚਲਾ ਜਾਂਦਾ। ਕਾਲਜੋਂ ਮੁੜ ਕੇ ਪਿਤਾ ਨਾਲ ਖੇਤੀਬਾੜੀ ਦੇ ਕੰਮਾਂ 'ਚ ਹੱਥ ਵਟਾਉਂਦਾ। ਉਸ ਦਾ ਪਿਤਾ ਬੇਸ਼ੱਕ ਅਨਪੜ੍ਹ ਸੀ ਪਰ ਉਸ ਦੇ ਮਨ 'ਚ ਸੀ ਕਿ ਪੁੱਤ ਨੂੰ ਪੜ੍ਹਾਉਣਾ ਵੀ ਹੈ ਤੇ ਖਿਡਾਉਣਾ ਵੀ।

ਜਦੋਂ ਜਰਨੈਲ ਸਿੰਘ ਨਵਾਂਸ਼ਹਿਰ ਦੇ ਆਰੀਆ ਕਾਲਜ ਵਿਚ ਪੜ੍ਹਨ ਲੱਗਾ ਤਾਂ ਖ਼ਾਲਸਾ ਕਾਲਜ ਮਾਹਿਲਪੁਰ ਦਾ ਡੀਪੀਈ ਹਰਦਿਆਲ ਸਿੰਘ, ਜਰਨੈਲ ਸਿੰਘ ਦਾ ਪਿੱਛਾ ਕਰਨ ਲੱਗਾ। ਐੱਫਏ ਦੇ ਦੂਜੇ ਸਾਲ ਉਹ ਉਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਮਾਹਿਲਪੁਰ ਲੈ ਗਿਆ। ਉਥੋਂ ਦੇ ਪ੍ਰਿੰਸੀਪਲ ਹਰਭਜਨ ਸਿੰਘ ਖੇਡਾਂ ਖ਼ਾਸ ਕਰ ਫੁੱਟਬਾਲ ਦੇ ਆਸ਼ਕ ਸਨ। ਪ੍ਰਿੰਸੀਪਲ ਸਾਹਿਬ ਨੇ ਉਸ ਨੂੰ ਖੇਡਦੇ ਵੇਖਿਆ ਤਾਂ ਪ੍ਰਸੰਨ ਹੋ ਕੇ ਕਾਲਜ ਵੱਲੋਂ ਰੋਜ਼ਾਨਾ ਦੋ ਸੇਰ ਦੁੱਧ ਦੀ ਸਪੈਸ਼ਲ ਡਾਈਟ ਲਾ ਦਿੱਤੀ। ਉਸ ਨੂੰ ਕਿਤਾਬਾਂ ਲੈ ਦਿੱਤੀਆਂ ਤੇ ਫੀਸ ਮਾਫੀ ਨਾਲ ਰਿਹਾਇਸ਼ ਵੀ ਦੇ ਦਿੱਤੀ। ਗੱਲ ਕੀ ਕਾਲਜ ਦੀ ਪੜ੍ਹਾਈ ਮੁਫ਼ਤ ਕਰ ਦਿੱਤੀ।

ਕਾਲਜ ਪੜ੍ਹਦਿਆਂ ਹੀ 1958 ਦੇ ਆਰੰਭ ਵਿਚ ਉਹ ਪੰਜਾਬ ਰਾਜ ਦੀ ਟੀਮ ਵਿਚ ਚੁਣਿਆ ਗਿਆ। ਨੈਸ਼ਨਲ ਚੈਂਪੀਅਨਸ਼ਿਪ ਤ੍ਰੀਵੇਂਦਰਮ ਹੋਈ ਜਿਥੇ ਪੰਜਾਬ ਦੀ ਟੀਮ ਨੇ ਪਹਿਲੀ ਵਾਰ ਪਹਿਲਾ ਮੈਚ ਜਿੱਤਿਆ। ਉਸ ਤੋਂ ਪਹਿਲਾਂ ਪੰਜਾਬ ਦੀ ਟੀਮ ਪਹਿਲੇ ਮੈਚ ਵਿਚ ਹੀ ਹਾਰ ਜਾਂਦੀ ਸੀ। ਉਸੇ ਸਾਲ ਉਹ ਖ਼ਾਲਸਾ ਸਪੋਰਟਿੰਗ ਕਲੱਬ ਦਾ ਮੈਂਬਰ ਬਣ ਕੇ ਪਾਕਿਸਤਾਨ ਖੇਡਣ ਗਿਆ। ਲਾਹੌਰ, ਮਿੰਟਗੁਮਰੀ ਤੇ ਲਾਇਲਪੁਰ ਖੇਡਿਆ ਜੋ ਉਸ ਦੀ ਜਨਮ ਭੂਮੀ ਸੀ। ਉਸ ਦੀ ਖੇਡ ਨੂੰ ਪਾਕਿਸਤਾਨੀਆਂ ਨੇ ਸਲਾਹਿਆ ਤੇ ਉਹਦਾ ਹੌਂਸਲਾ ਵਧਾਇਆ। ਫਿਰ ਉਹ ਦਿੱਲੀ ਦਾ ਡੀਸੀਐੱਮ ਫੁੱਟਬਾਲ ਟੂਰਨਾਮੈਂਟ ਖੇਡਿਆ ਜਿਸ ਨਾਲ ਉਹਦੀ ਖੇਡ ਨੈਸ਼ਨਲ ਪੱਧਰ 'ਤੇ ਪਛਾਣੀ ਜਾਣ ਲੱਗੀ। 1960 'ਚ ਉਸ ਨੇ ਭਾਰਤੀ ਟੀਮ ਵੱਲੋਂ ਓਲੰਪਿਕ ਖੇਡਾਂ 'ਚ ਭਾਗ ਲਿਆ ਜਿਥੇ ਉਹਦੀ ਗੁੱਡੀ ਅਸਮਾਨੇ ਚੜ੍ਹ ਗਈ ਤੇ ਜਰਨੈਲ ਜਰਨੈਲ ਹੋ ਗਈ।

1962 ਦੀਆਂ ਏਸ਼ਿਆਈ ਖੇਡਾਂ ਜਕਾਰਤਾ 'ਚ ਹੋਈਆਂ। ਭਾਰਤ ਦਾ ਥਾਈਲੈਂਡ ਵਿਰੁਧ ਮੈਚ ਮੁੱਕਣ ਹੀ ਵਾਲਾ ਸੀ ਕਿ ਜਰਨੈਲ ਸਿੰਘ ਦੇ ਸਿਰ 'ਤੇ ਸਖ਼ਤ ਸੱਟ ਲੱਗ ਗਈ। ਉਸ ਨੂੰ ਖੇਡ ਮੈਦਾਨ ਤੋਂ ਬਾਹਰ ਲਿਜਾਣਾ ਪਿਆ। ਬਚਦੇ ਦੋ ਤਿੰਨ ਮਿੰਟਾਂ 'ਚ ਥਾਈਲੈਂਡ ਇਕ ਗੋਲ ਲਾਹੁਣ ਦੇ ਬਾਵਜੂਦ ਹਾਰ ਗਿਆ। ਜਰਨੈਲ ਸਿੰਘ ਦੇ ਸਿਰ ਦਾ ਜ਼ਖ਼ਮ ਸਿਊਣ ਲਈ ਸੱਤ ਟਾਂਕੇ ਲੱਗੇ। ਭਾਰਤੀ ਟੀਮ ਜਪਾਨ ਵਿਰੁੱਧ ਅਗਲਾ ਮੈਚ ਮਸੀਂ 1-0 ਨਾਲ ਜਿੱਤ ਸਕੀ। ਚੌਥੇ ਦਿਨ ਸੈਮੀ ਫਾਈਨਲ ਮੈਚ ਵੀਅਤਨਾਮ ਵਿਰੁੱਧ ਸੀ। ਡਾਕਟਰ ਨੇ ਜਰਨੈਲ ਸਿੰਘ ਨੂੰ ਖੇਡਣ ਤੋਂ ਮਨ੍ਹਾ ਕੀਤਾ ਸੀ। ਪਰ ਇਸ ਸਟੇਜ 'ਤੇ ਭਾਰਤੀ ਟੀਮ ਹਾਰ ਜਾਂਦੀ ਤਾਂ ਉਹ ਟੂਰਨਾਮੈਂਟ ਤੋਂ ਹੀ ਬਾਹਰ ਹੋ ਜਾਣੀ ਸੀ।

ਸੈਮੀ ਫਾਈਨਲ ਮੈਚ ਦੇ ਮਹੱਤਵ ਨੂੰ ਵੇਖਦਿਆਂ ਕੋਚ ਰਹੀਮ ਚਾਹੁੰਦਾ ਸੀ ਕਿ ਜਰਨੈਲ ਸਿੰਘ ਇਸ ਮੈਚ ਵਿਚ ਜ਼ਰੂਰ ਹਾਜ਼ਰ ਹੋਵੇ। ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਜਰਨੈਲ ਜ਼ਖਮੀ ਸ਼ੇਰ ਵਾਂਗ ਮੈਦਾਨ 'ਚ ਨਿਤਰਿਆ। ਫੁੱਲ ਬੈਕ ਲਈ ਸਿਰ ਨਾਲ ਖੇਡਣਾ ਜ਼ਰੂਰੀ ਹੋ ਜਾਂਦਾ ਹੈ। ਸਿਰ ਜ਼ਖ਼ਮੀ ਸੀ, ਇਸ ਲਈ ਉਹ ਸੈਂਟਰ ਫਾਰਵਰਡ ਖੇਡਿਆ। ਅੱਗੇ ਖੇਡਦਿਆਂ ਉਸ ਨੇ ਪਹਿਲਾ ਗੋਲ ਕੀਤਾ ਤੇ ਭਾਰਤੀ ਟੀਮ 3-1 ਗੋਲਾਂ ਨਾਲ ਫਾਈਨਲ ਵਿਚ ਪੁੱਜ ਗਈ। ਫਾਈਨਲ ਮੈਚ ਦੱਖਣੀ ਕੋਰੀਆ ਦੀ ਬੜੀ ਤਕੜੀ ਟੀਮ ਵਿਰੁੱਧ ਸੀ। ਜਰਨੈਲ ਸਿੰਘ ਦੇ ਜ਼ਖਮੀ ਹੋਣ ਕਾਰਨ ਕੋਰੀਆ ਸਮਝਦਾ ਸੀ ਕਿ ਉਹ ਫਾਈਨਲ ਜਿੱਤ ਲਵੇਗਾ। ਪਹਿਲੇ ਅੱਧ ਤਕ ਮੈਚ ਬਰਾਬਰ ਚੱਲਦਾ ਰਿਹਾ। ਦੂਜੇ ਅੱਧ 'ਚ ਮੌਕਾ ਮਿਲਿਆ ਤਾਂ ਜਰਨੈਲ ਸਿੰਘ ਨੇ ਹੀ ਆਪਣੇ ਜ਼ਖਮੀ ਸਿਰ ਨਾਲ ਜੇਤੂ ਗੋਲ ਕੀਤਾ। ਉਂਜ ਵੀ ਉਹ ਸਿਰ ਯਾਨੀ ਦਿਮਾਗ਼ ਨਾਲ ਖੇਡਦਾ ਸੀ। ਉਹਦੇ ਇਸ ਗੋਲ ਨਾਲ ਸਾਰੇ ਏਸ਼ੀਆ ਵਿਚ ਫਿਰ ਉਹਦੀ ਧੰਨ ਧੰਨ ਹੋ ਗਈ।

ਖੇਡ ਪੱਤਰਕਾਰਾਂ ਨੇ ਉਸ ਨੂੰ ਦੇਸ਼ ਦਾ ਸਰਬੋਤਮ ਖਿਡਾਰੀ ਐਲਾਨਿਆ ਤੇ ਭਾਰਤ ਸਰਕਾਰ ਨੇ ਅਰਜਨਾ ਐਵਾਰਡ ਨਾਲ ਸਨਮਾਨਿਆ। 1965, 66 ਤੇ 67 ਵਿਚ ਉਹ ਭਾਰਤੀ ਫੁੱਟਬਾਲ ਟੀਮਾਂ ਦਾ ਕਪਤਾਨ ਬਣਦਾ ਰਿਹਾ। 1966 ਤੇ 67 ਵਿਚ ਉਸ ਨੂੰ ਏਸ਼ੀਅਨ ਆਲ ਸਟਾਰਜ਼ ਟੀਮ ਦੀ ਕਪਤਾਨੀ ਸੌਂਪੀ ਗਈ। 1970 ਵਿਚ ਪੰਜਾਬ ਨੇ ਨੈਸ਼ਨਲ ਚੈਂਪੀਅਨਸ਼ਿਪ ਦੀ ਸੰਤੋਸ਼ ਟਰਾਫੀ ਪਹਿਲੀ ਵਾਰ ਜਿੱਤੀ। ਉਦੋਂ ਜਰਨੈਲ ਸਿੰਘ ਹੀ ਪੰਜਾਬ ਦੀ ਟੀਮ ਦਾ ਕਪਤਾਨ ਸੀ। 1974 'ਚ ਪੰਜਾਬ ਨੇ ਸੰਤੋਸ਼ ਟਰਾਫੀ ਦੇ ਫਾਈਨਲ ਮੈਚ ਵਿਚ ਬੰਗਾਲ ਦੀ ਟੀਮ ਨੂੰ 6-0 ਗੋਲਾਂ ਉਤੇ ਹਰਾਇਆ। ਜਰਨੈਲ ਸਿੰਘ ਨੂੰ ਸੀਨੀਅਰ ਕੋਚ ਤੋਂ ਸੀਨੀਅਰ ਡਿਪਟੀ ਡਾਇਰੈਕਟਰ ਬਣਾ ਦਿੱਤਾ ਗਿਆ। ਫਿਰ ਉਹ ਪੰਜਾਬ ਖੇਡ ਵਿਭਾਗ ਦਾ ਐਡੀਸ਼ਨਲ ਡਾਇਰੈਕਟਰ ਬਣਿਆ। ਕੁਝ ਸਮਾਂ ਕਾਰਜਕਾਰੀ ਡਾਇਰੈਕਟਰੀ ਕੀਤੀ ਤੇ 1994 ਵਿਚ ਸੇਵਾ ਮੁਕਤ ਹੋਇਆ।

1980 ਦੇ ਆਸ-ਪਾਸ ਹੋਈ ਮੁਲਾਕਾਤ ਸਮੇਂ ਮੈਂ ਉਹਦੀਆਂ ਜੁਆਨੀ ਵੇਲੇ ਦੀਆਂ ਫੋਟੋਆਂ ਵੇਖ ਕੇ ਕਿਹਾ ਸੀ, "ਭਾਅ ਜੀ, ਤੁਹਾਡੀਆਂ ਫੋਟੋਆਂ ਤਾਂ ਸਾਹ ਲੈਂਦੀਆਂ ਲੱਗਦੀਆਂ ਨੇ।" ਜਰਨੈਲ ਸਿੰਘ ਮਿੰਨ੍ਹਾ ਜਿਹਾ ਮੁਸਕਰਾਉਂਦਿਆਂ ਉਚਰਿਆ ਸੀ, "ਹੁਣ ਦਾ ਤਾਂ ਪਤਾ ਨਹੀਂ, ਪਰ ਜਦੋਂ ਮੈਂ ਨਾ ਰਿਹਾ, ਉਦੋਂ ਜ਼ਰੂਰ ਸਾਹ ਲੈਂਦੀਆਂ ਨਜ਼ਰ ਆਉਣਗੀਆਂ!"

ਮੈਂ ਆਖ਼ਰੀ ਗੱਲ ਪੁੱਛੀ ਸੀ, "ਨਵੀਂ ਪੀੜ੍ਹੀ ਨੂੰ ਕੋਈ ਸੁਖ ਸੁਨੇਹਾ, ਕੋਈ ਸੰਦੇਸ਼?"

ਉਸ ਨੇ ਗੰਭੀਰ ਹੁੰਦਿਆਂ ਕਿਹਾ ਸੀ, "ਮੇਰੇ ਵੱਲੋਂ ਮਿਹਨਤ ਦਾ ਸੰਦੇਸ਼ ਦੇਣਾ। ਚੋਟੀ ਦੇ ਖਿਡਾਰੀ ਬਣਨ ਲਈ ਮਿਹਨਤ ਤੋਂ ਬਿਨਾਂ ਕੋਈ ਸ਼ਾਰਟ ਕੱਟ ਰਸਤਾ ਨਹੀਂ। ਨਵੇਂ ਮੁੰਡਿਆਂ ਨੂੰ ਮਿਹਨਤ ਕਰਨੀ ਚਾਹੀਦੀ ਹੈ, ਅਦਬ ਸਿੱਖਣਾ ਚਾਹੀਦੈ। ਜ਼ਬਤ, ਨਿਮਰਤਾ ਤੇ ਵਕਤ ਦੀ ਪਾਬੰਦੀ, ਸਾਰੇ ਗੁਣ ਗ੍ਰਹਿਣ ਕਰਨੇ ਚਾਹੀਦੇ ਆ। ਜਿਹੜਾ ਕੋਈ ਕਸਰਤ ਤੇ ਖੇਡ ਅਭਿਆਸ ਕਰਦਿਆਂ ਦੁੱਖ-ਦਰਦ ਨਾਲ ਘੁਲਦਾ ਉਹਨੂੰ ਫਤਿਹ ਜ਼ਰੂਰ ਨਸੀਬ ਹੁੰਦੀ ਆ। ਖਿਡਾਰੀ ਦਾ ਮਨ ਨੀਵਾਂ ਹੋਣਾ ਚਾਹੀਦੈ। ਖ਼ਾਲੀ ਭਾਂਡੇ 'ਚ ਤਾਂ ਕੁਛ ਪੈ-ਜੂ, ਭਰੇ ਨੂੰ ਕੋਈ ਕੀ ਭਰੂ? ਏਥੇ ਟੇਲੈਂਟ ਦੀ ਕੋਈ ਘਾਟ ਨਹੀਂ। ਪਰ ਟੇਲੈਂਟ ਨੂੰ ਸਾਣ ਚਾੜ੍ਹਨ ਦੀ ਲੋੜ ਐ। ਨਵੀਂ ਪੀੜ੍ਹੀ ਲਈ ਮੈਦਾਨ ਖੁੱਲ੍ਹਾ ਪਿਐ। ਉਹ ਸਮਾਂ ਸੰਭਾਲੇ, ਸਮਾਂ ਅਜਾਈਂ ਨਾ ਗੁਆਵੇ ਕਿਉਂਕਿ ਸਮਾਂ ਕਿਸੇ ਨੂੰ ਨਹੀਂ ਬਖਸ਼ਦਾ। ਖਿਡਾਰੀ ਚੰਗਿਆਂ ਦੀ ਸੰਗਤ ਕਰਨ। ਦੋਸਤੀ ਉਨ੍ਹਾਂ ਨਾਲ ਪਾਉਣ ਜੋ ਉਨ੍ਹਾਂ ਦੇ ਮਿਸ਼ਨ ਨੂੰ ਕਾਮਯਾਬ ਕਰਨ। ਮਨ ਨੂੰ ਬੁਰਾਈਆਂ ਤੋਂ ਬਚਾ ਕੇ ਰੱਖਣ, ਪ੍ਰਮਾਤਮਾ ਤੋਂ ਨਿਉਂ ਕੇ ਬਲ ਮੰਗਣ, ਉਹਦੇ ਕੋਲ ਕਿਸੇ ਚੀਜ਼ ਦਾ ਘਾਟਾ ਨਹੀਂ। ਇਉਂ ਹਰ ਮੈਦਾਨ ਫਤਿਹ ਮਿਲ ਸਕਦੀ ਐ।"

ਜਰਨੈਲ ਸਿੰਘ 'ਤੇ ਦੁੱਖ ਦੇ ਪਹਾੜ ਵੀ ਟੁੱਟੇ। ਉਸ ਦਾ ਜੁਆਈ ਤੇ ਵੱਡਾ ਪੁੱਤਰ ਜੁਆਨੀ 'ਚ ਚੱਲ ਵਸੇ। ਉਸ ਦੀ ਜੀਵਨ ਸਾਥਣ ਵੀ ਸਮੇਂ ਤੋਂ ਪਹਿਲਾਂ ਗੁਜ਼ਰ ਗਈ। ਉਤੋੜਤੀ ਹੋਈਆਂ ਮੌਤਾਂ ਨੇ ਤਕੜੇ ਦਿਲ ਗੁਰਦੇ ਵਾਲੇ ਜੋਧੇ ਖਿਡਾਰੀ ਨੂੰ ਧੁਰ ਅੰਦਰ ਤਕ ਹਿਲਾ ਦਿੱਤਾ ਜਿਸ ਨਾਲ ਉਹਦਾ ਜਿਉਂਦਿਆਂ ਮਰਨ ਹੋ ਗਿਆ। ਜੁਆਨ ਪੁੱਤਰ, ਜੁਆਈ ਤੇ ਪਤਨੀ ਦੇ ਗੁਜ਼ਰ ਜਾਣ ਪਿੱਛੋਂ ਉਸ ਨੇ ਆਪਣੇ ਆਪ ਨੂੰ ਸੰਭਾਲਣ ਦੀ ਕੋਸ਼ਿਸ਼ ਤਾਂ ਬਥੇਰੀ ਕੀਤੀ ਪਰ ਕਾਮਯਾਬ ਨਾ ਹੋ ਸਕਿਆ। ਮਰਨ ਤੋਂ ਕੁਝ ਮਹੀਨੇ ਪਹਿਲਾਂ ਉਹ ਆਪਣੇ ਕੈਨੇਡਾ ਰਹਿੰਦੇ ਇਕਲੌਤੇ ਪੁੱਤਰ ਹਰਸ਼ਮੋਹਣ ਪਾਸ ਚਲਾ ਗਿਆ। ਉਥੇ ਉਹ ਪੋਤੇ ਪੋਤੀ ਨਾਲ ਖੇਡਦਾ ਤੇ ਉਨ੍ਹਾਂ ਨਾਲ ਦਿਲ ਲਾਉਣ ਦਾ ਯਤਨ ਕਰਦਾ। ਪਰ ਦਮੇ ਦਾ ਮਰੀਜ਼ ਹੋਣ ਕਰਕੇ ਸਾਹ ਪੱਟਿਆ ਜਾਂਦਾ ਤੇ ਉਹ ਹੱਥਾਂ ਪੈਰਾਂ 'ਚ ਆ ਜਾਂਦਾ। ਪਨਾਮ ਲਈ ਉਹ ਫਿਰ ਵੈਰਾਗ ਜਾਂਦਾ। ਉਹਦੇ ਕੈਨੇਡਾ ਤੋਂ ਪਨਾਮ ਪਰਤਣ ਲਈ 4 ਨਵੰਬਰ 2000 ਦੀ ਹਵਾਈ ਜਹਾਜ਼ ਚੜ੍ਹਨ ਦੀ ਟਿਕਟ ਬੁੱਕ ਕਰਵਾਈ ਗਈ। ਪਰ 13 ਅਕਤੂਬਰ 2000 ਨੂੰ ਅਜਿਹਾ ਦੌਰਾ ਪਿਆ ਕਿ ਪ੍ਰਾਣ-ਪੰਖੇਰੂ ਨਾਲ ਹੀ ਉਡਾ ਕੇ ਲੈ ਗਿਆ।

'ਏਸ਼ੀਆ ਦਾ ਜਰਨੈਲ' ਜਿੱਤਾਂ ਜਿੱਤਦਾ ਆਖ਼ਰ ਮੌਤ ਹੱਥੋਂ ਹਾਰ ਹੀ ਗਿਆ। ਉਹਦੀ ਅੰਤਮ ਇੱਛਾ ਅਨੁਸਾਰ ਮ੍ਰਿਤਕ ਦੇਹ ਪਿੰਡ ਪਨਾਮ ਲਿਆਂਦੀ ਗਈ। ਹਰਸ਼ਮੋਹਨ ਦੇਹ ਲੈ ਕੇ ਦਿੱਲੀ ਦੇ ਹਵਾਈ ਅੱਡੇ 'ਤੇ ਉਤਰਿਆ ਤਾਂ ਭਾਰਤ ਦੇ ਉੱਚ ਖੇਡ ਅਧਿਕਾਰੀ ਤੇ ਖੇਡ ਪ੍ਰੇਮੀ ਵੱਡੀ ਗਿਣਤੀ ਵਿਚ ਮੌਜੂਦ ਸਨ। ਫਿਰ ਸੋਗਵਾਰ ਲੋਕ ਮਾਹਿਲਪੁਰ ਆਏ। ਖ਼ਾਲਸਾ ਕਾਲਜ ਮਾਹਿਲਪੁਰ ਦੇ ਜਿਸ ਮੈਦਾਨ ਨੂੰ ਉਸ ਨੇ ਮੁੜ੍ਹਕੇ ਨਾਲ ਸਿੰਜਿਆ ਸੀ ਉਥੇ ਉਸ ਦੀ ਦੇਹ ਦੇ ਅੰਤਮ ਦਰਸ਼ਨ ਕਰਵਾਏ ਗਏ। ਪਨਾਮ ਦੇ ਸਿਵਿਆਂ ਵਿਚ ਦਾਹ ਸੰਸਕਾਰ ਕੀਤਾ ਗਿਆ ਤੇ ਉਹਦੇ ਖੇਤ ਵਿਚ ਵੱਡਾ ਪੰਡਾਲ ਲਾ ਕੇਖੇਡ ਪ੍ਰੇਮੀਆਂ ਵੱਲੋਂ ਭਾਵ ਭਿੰਨੀਆਂ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਫਿਰ ਉਹਦੀ ਯਾਦ ਵਿਚ ਗੜ੍ਹਸ਼ੰਕਰ ਵਿਖੇ ਓਲੰਪੀਅਨ ਜਰਨੈਲ ਸਿੰਘ ਸਟੇਡੀਅਮ ਬਣਾਇਆ ਗਿਆ ਜਿਥੇ ਹਰ ਸਾਲ ਜਰਨੈਲ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਹੁੰਦੈ। ਉਥੇ ਹਰ ਸਾਲ ਮਹਿਸੂਸ ਹੁੰਦੈ ਜਿਵੇਂ ਏਸ਼ੀਆ ਦਾ ਜਰਨੈਲ ਅਜੇ ਵੀ ਖੇਡ ਰਿਹਾ ਹੋਵੇ!

---

# ਕਾਵਿ-ਜਗਤ

## ਚਲੰਤ ਹਾਲਾਤ

ਕੋਈ ਕੁੰਡਾ ਖੜਕਾਉਂਦਾ ਅੱਧੀ ਰਾਤ ਨੂੰ,
ਮੈਨੂੰ ਆਣ ਜਗਾਉਂਦਾ ਅੱਧੀ ਰਾਤ ਨੂੰ।
ਚੜ੍ਹਾ ਕੇ ਹੱਥੀਂ ਆਪਣਾ ਕੰਤ ਪ੍ਰਦੇਸ ਨੂੰ,
ਚੰਚਲ ਮਨ ਪਛਤਾਉਂਦਾ ਅੱਧੀ ਰਾਤ ਨੂੰ।

ਗਿੱਟੀਆਂ ਤਾਰੇ ਗਿਣਦੀ ਰਹਿੰਦੀ ਝੂਰਦੀ,
ਉੱਠ ਕੇ ਕਾਂ ਉਡਾਉਂਦੀ ਨਿੱਤ ਪ੍ਰਭਾਤ ਨੂੰ।
ਪਾਉਂਦੀ ਰਹਿੰਦੀ ਔਂਸੀਆਂ ਸੰਝ ਸਵੇਰੇ,
ਮਿਲੇ ਨਾ ਰਾਹ ਹੁੰਗਾਰਾ ਤੱਤੜੀ ਬਾਤ ਨੂੰ।

ਵੇਖ ਪਰਾਈ ਚੋਪੜੀ ਨਾ ਤੂੰ ਜੀ ਤਰਸਾ,
ਏਹਾ ਹੁਕਮ ਸੁਣਾਉਂਦਾ ਹੁਸਨ ਸੌਗਾਤ ਨੂੰ।
ਜਿਸਮਾਂ ਦੀ ਤਲਬ
ਡਾਲਰ ਨਹੀਂ ਮਿਟਾ ਸਕਦੇ,
ਵੱਢੀ ਜਾਓ ਚੱਕ ਸੋਨੇ ਦੀ ਧਾਤ ਨੂੰ।

ਆਪਣੇ ਪੈਰੀਂ ਆਪੇ ਕੁਹਾੜਾ ਮਾਰਿਆ,
ਪੌਂਡਾਂ ਸੰਗ ਵਿਹਾਜ ਕੇ ਹਿਜਰ ਸੰਤਾਪ ਨੂੰ।
ਸ਼ਰੀਕ ਮੁਸ਼ਟੰਡੇ ਕੱਢਦੇ ਰਹਿੰਦੇ ਗੇੜੀਆਂ,
ਲੀਚੜ ਦੇਣ ਵੰਗਾਰ ਮੇਰੀ ਔਕਾਤ ਨੂੰ।
ਚੋਂਦੀ ਕੱਚੀ ਛੱਤ ਚਮਕਣ ਬਿਜਲੀਆਂ,
ਰੀਝਾਂ ਤ੍ਰਿਪ ਤ੍ਰਿਪ ਰੋਂਦੀਆਂ ਬਰਸਾਤ ਨੂੰ।
ਅੱਖਾਂ ਵਿਚੋਂ ਹੰਝੂ ਟਪਕਣ ਲੱਗ ਪੈਂਦੇ,
ਗਿੱਲੇ ਗੋਹੇ ਫੂਕਾਂ ਮਾਰਾਂ ਕੋਸਦੀ ਸਬਾਤ ਨੂੰ।

ਤੰਗੀ ਤੁਰਸ਼ੀ ਨਾਲ ਜਿਊਣਾ ਸਿੱਖ ਲਿਆ,
ਕੀ ਜਾਣੇ ਕੋਈ ਓਭੜ ਸਤਵੰਤੀ ਜਾਤ ਨੂੰ।
ਹੱਸਦਾ ਵੱਸਦਾ ਰਹਿ ਮਿੱਤਰਾ ਦੂਰ ਦਿਆ,
ਤਰਸ ਰਹੇ ਨੇ ਨੈਣ ਤੇਰੀ ਇਕ ਝਾਤ ਨੂੰ।

ਲਿਖਣ ਪੜ੍ਹਨ ਦਾ ਕੰਮ ਫ਼ੋਨ ਹੀ ਕਰ ਦਿੰਦਾ,
ਲਾ ਦਿੱਤਾ ਹੁਣ ਨੁੱਕਰੇ ਕਲਮ ਦਵਾਤ ਨੂੰ।
ਮਿਲ ਜਾਂਦੇ ਪੀਜ਼ਾ ਬਰਗਰ ਫਾਸਟ ਫੂਡ,
ਬਣਾ ਲਿਆ ਪੰਨੂ ਆੜੀ ਚਲੰਤ ਹਾਲਾਤ ਨੂੰ।
***-ਚਰਨਜੀਤ ਸਿੰਘ ਪੰਨੂ ਸਖੀਰਾ***
***ਕੈਲੀਫੋਰਨੀਆ***

## ਚੋਣਾਂ ਦਾ ਮੌਸਮ

ਨੇਤਾਵਾਂ ਨੂੰ ਪਈ ਹੈ ਕਾਹਲ਼ੀ,
ਕਾਵਾਂ ਰੌਲ਼ੀ ਪਈ ਹੈ ਬਾਹਲ਼ੀ।
ਰੋਜ਼ ਨਵੀਂ ਹੈ ਪਾਰਟੀ ਬਣਦੀ,
ਆਪੋ 'ਚ ਖਹਿਬਾਜ਼ੀ ਤਣਦੀ।

ਕਲਾਬਾਜ਼ ਕਈ ਪਲਟੀ ਮਾਰੂ,
ਗੱਲੀਬਾਤੀਂ ਹੁਣ ਸਭਦਾ ਸਾਰੂ।
ਦੇਖ ਕੇ ਖ਼ਬਰ ਨਹੀਂ ਹੈ ਅੱਛੀ,
ਟਿਕਟ ਲਈ ਹੁੰਦੇ ਤਰਲੋਮੱਛੀ।

ਜਲਦੀ ਜਲਦੀ ਬਦਲਦੇ ਰੰਗ,
ਦੇਖ ਤਮਾਸ਼ਾ ਲੋਕ ਰਹੇ ਦੰਗ।
ਝੱਟ ਪੱਗ ਨਾਲ਼ ਪੱਗ ਵਟਾਈ,
ਭੁੱਲਕੇ ਪਿੱਛਾ ਬਣੇ ਗੁਰਭਾਈ।

ਨਹੀਂ ਹੈ ਕਿਸੇ ਦੇ ਸਕੇ ਸਕੀਰੀ,
ਮੌਕਾਪ੍ਰਸਤ ਰਲ਼ ਖਾਣ ਪੰਜੀਰੀ।
ਜੰਮ ਪੈਂਦੇ ਜਿਵੇਂ ਬਰਸਾਤੀ ਖੁੰਬਾਂ,
ਵਿਕਦੇ ਨੇ ਵਾਂਗਰ ਨਕਲੀ ਟੁੰਬਾਂ।

ਨਿੱਕਲ਼ਦੇ ਇੰਝ ਬਰਸਾਤੀ ਡੱਡੂ,
ਪਰ ਵੋਟਰ ਵੱਟ ਕੱਢ ਕੇ ਛੱਡੂ।
ਫਿਰਕੇ ਮਜ਼੍ਹਬਾਂ ਦੇ ਵੈਰ ਪੁਆਏ,
ਝੋਲ਼ੀ ਅੱਡ ਕੇ ਖੈਰ ਮੰਗਣ ਆਏ।


ਪਹਿਲੇ ਜ਼ਰਾ ਖੋਟਾ ਖ਼ਰਾ ਪਛਾਣੋ,
ਵੋਟਾਂ ਵੇਚ ਕੇ ਕਿਤੇ ਦੁੱਖ ਨਾ ਮਾਣੋ।
ਖ਼ਬਰਦਾਰ! ਬਣ ਰਹਿਓ ਸੁਚੇਤ,
ਦੇਖਿਓ! ਵਾੜ ਨਾ ਖਾ ਜਾਏ ਖੇਤ।
***-ਸੇਵਾ ਸਿੰਘ 'ਨੂਰਪੁਰੀ'***

---

## ਮਾਵਾਂ

ਮਾਵਾਂ ਠੰਡੀਆਂ ਛਾਵਾਂ ਹੁੰਦੀਆਂ,
ਮਾਵਾਂ ਰੱਬ ਸਮਾਨ।
ਮਾਂ ਆਪਣੀ ਦਾ ਮੋੜ ਨ੍ਹੀਂ ਸਕਦਾ
ਕੋਈ ਵੀ ਅਹਿਸਾਨ।
ਮਾਂ ਬੱਚਿਆਂ ਦੇ ਸੁੱਖਾਂ ਖਾਤਰ
ਜਾਨ ਤਲ਼ੀ 'ਤੇ ਧਰਦੀ,
ਮਾਂ ਪਹਿਲੀ ਅਧਿਆਪਕ ਹੁੰਦੀ,
ਦਿੰਦੀ ਖ਼ੂਬ ਗਿਆਨ।
ਉਸ ਵੇਲੇ ਹੀ ਮਾਂ ਦੇ ਦਿਲ ਨੂੰ
ਭਿਣਕ ਜਿਹੀ ਪੈ ਜਾਂਦੀ,
ਦੂਰ-ਦੁਰਾਡੇ ਵੀ ਜੇ ਹੋਵੇ
ਧੀ-ਪੁੱਤ ਦਾ ਨੁਕਸਾਨ।
ਧੀ-ਪੁੱਤਰ ਜੇ ਕੰਮਕਾਰ ਤੋਂ
ਲੇਟ ਕਿਤੇ ਹੋ ਜਾਵਣ,
ਬੂਹੇ ਵੱਲ ਨਿਰੰਤਰ ਮਾਂ ਦਾ
ਲੱਗਾ ਰਹੇ ਧਿਆਨ।
ਮਾਂ ਦੀ ਮਮਤਾ ਵਰਗੀ ਮਮਤਾ
ਹੋਰ ਕਿਤੋਂ ਨਾ ਮਿਲਦੀ,
ਭੁੱਲ ਭੁਲੇਖੇ ਵੀ ਨਾ ਮਾਂ ਦਾ
ਕਰ ਬਹਿਣਾ ਅਪਮਾਨ।
ਸੁੱਖੀਂ-ਸਾਂਦੀ ਜੀਵਣ ਬੱਚੇ
ਵਾਲ਼ ਨਾ ਵਿੰਗਾ ਹੋਵੇ,
ਸੁੱਖਾਂ ਸੁੱਖਦੀਆਂ ਲੋੜਵੰਦਾਂ ਨੂੰ
ਕਰਦੀਆਂ ਮਾਵਾਂ ਦਾਨ।
***-ਜਸਪਾਲ ਸਿੰਘ ਨਾਗਰਾ***
***ਫੋਨ: +13604481989***

# ਵਿਲੱਖਣ ਅਤੇ ਦੂਰ ਦ੍ਰਿਸ਼ਟੀ ਦੀ ਮੂਰਤ ਸਨ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ



ਅਮਰਜੀਤ ਸਿੰਘ ਮੁਲਤਾਨੀ
E-mail: multaniny@gmail.com

ਅੱਜ ਦੇ ਦੌਰ ਨੂੰ ਜੇਕਰ ਬਾਬਿਆਂ ਦਾ ਦੌਰ ਕਹਿ ਲਿਆ ਜਾਵੇ ਤਾਂ ਮੈਨੂੰ ਲੱਗਦਾ ਏ ਕਿ ਅਤਿਕਥਨੀ ਨਹੀਂ ਹੋਏਗੀ। ਪੰਜਾਬ ਵਿਚ ਕਿਸੇ ਵੀ ਪਾਸੇ ਨਜ਼ਰ ਮਾਰੋ ਕਿਸੇ ਨਾ ਕਿਸੇ ਬਾਬੇ ਦਾ ਵੱਡਾ ਡੇਰਾ ਤੁਹਾਨੂੰ ਜ਼ਰੂਰ ਨਜ਼ਰ ਆਵੇਗਾ। ਇੱਕ ਗੱਲ ਹੋਰ ਵੀ ਸ਼ਰਤੀਆ ਤੁਹਾਨੂੰ ਵੇਖਣ ਨੂੰ ਮਿਲੇਗੀ, ਉਹ ਇਹ ਏ ਕਿ ਉਸ ਬਾਬੇ ਦੇ ਡੇਰੇ ਸਾਹਮਣੇ ਇੱਕ ਵੱਡਾ ਸਾਰਾ ਬੋਰਡ ਜ਼ਰੂਰ ਲੱਗਾ ਹੋਏਗਾ ਅਤੇ ਬਾਬੇ ਦੇ ਨਾਮ ਦੇ ਅੱਗੇ ਬ੍ਰਹਮ ਗਿਆਨੀ ਦਾ ਲਕਬ ਜ਼ਰੂਰ ਲੱਗਿਆ ਮਿਲੇਗਾ। ਮੈਨੂੰ ਬਾਬਿਆਂ ਦੀ ਇਹ ਬ੍ਰਹਮ ਗਿਆਨੀ ਵਾਲੀ ਪਛਾਣ ਬਾਰੇ ਪੜ੍ਹ ਕੇ ਬਹੁਤ ਅਸਹਿਜ ਮਹਿਸੂਸ ਹੁੰਦਾ ਏ ਕਿ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੂੰ ਤਾਂ ਬ੍ਰਹਮ ਦਾ ਗਿਆਨ ਸੀ, ਜਿਸਦਾ ਜਿਉਂਦਾ-ਜਾਗਦਾ ਪ੍ਰਮਾਣ ਮੂਲ ਮੰਤਰ ਅਤੇ 'ਜਪੁਜੀ' ਹਨ, ਅਤੇ ਇਸ ਸਭ ਦੇ ਬਾਵਜੂਦ ਵੀ ਬਾਬਾ ਨਾਨਕ ਨੇ ਬ੍ਰਹਮ ਗਿਆਨੀ ਤਾਂ ਦੂਰ ਕਦੇ ਗੁਰੂ ਨਹੀਂ ਅਖਵਾਇਆ? ਇਹ ਡੇਰਿਆਂ ਵਾਲੇ ਬਾਬੇ ਕਿਵੇਂ ਬ੍ਰਹਮ ਗਿਆਨੀ ਹੋਣ ਦਾ ਦਾਅਵਾ ਕਰਦੇ ਹਨ? ਕੀ ਇਹ ਸਭ ਵਾਕਈ ਗੁਰੂ ਨਾਨਕ ਤੋਂ ਵੀ ਵੱਧ ਗਿਆਨੀ ਹਨ?

ਮੈਂ ਇੱਥੇ ਇੱਕ ਅਜਿਹੇ ਸੰਤ ਦੀ ਗੱਲ ਕਰਨ ਜਾ ਰਿਹਾ ਹਾਂ, ਜਿਨ੍ਹਾਂ ਦੀ ਸਾਦਗੀ ਅਤੇ ਸੰਤਗੀ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਏ। ਮੈਨੂੰ ਕਈ ਵਾਰ ਗੁਰੂ ਨਾਨਕ ਸਾਹਿਬ ਵੱਲੋਂ ਲੋਕਾਈ ਲਈ ਸਾਦਗੀ ਅਤੇ ਨਿਰਮਾਣਤਾ ਨਾਲ ਕੀਤੇ ਕਾਰਜਾਂ ਦੀ ਝਲਕ ਸੰਤ ਪ੍ਰੇਮ ਸਿੰਘ ਵਿਚੋਂ ਝਲਕਦੀ ਏ। ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਬਾਰੇ ਮੈਂ ਬਚਪਨ ਤੋਂ ਹੀ ਸੁਣਿਆ ਹੋਇਆ ਸੀ। ਮੇਰਾ ਬਚਪਨ ਕਲਕੱਤਾ ਮਹਾਂ ਨਗਰ ਵਿਚ ਹੀ ਬੀਤਿਆ।

ਜਦੋਂ ਕਦੇ ਸਬੱਬ ਨਾਲ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਪੰਜਾਬ ਹੁੰਦੇ ਤਾਂ ਬਾਬੇ ਦਾ ਮੇਲਾ ਜ਼ਰੂਰ ਵੇਖਣ ਜਾਂਦੇ ਹੁੰਦੇ ਸੀ। ਸਾਲ 2007 ਵਿਚ ਜਦੋਂ ਮੈਂ ਕਲਕੱਤੇ ਨੂੰ ਅਲਵਿਦਾ ਆਖ ਆਪਣੇ ਪਿੰਡ ਆ ਗਿਆ ਤਾਂ ਫਿਰ ਮੈਨੂੰ ਸੰਤ ਪ੍ਰੇਮ ਸਿੰਘ ਬਾਰੇ ਵੱਧ ਤੋਂ ਵੱਧ ਜਾਨਣ ਦੀ ਲਾਲਸਾ ਹੋਈ।

2008 ਵਿਚ ਮੈਂ ਬੇਗੋਵਾਲ ਰਹਿਣ ਲੱਗ ਪਿਆ। ਇੱਥੇ ਮੈਂ ਹਰ ਵੇਲੇ ਸੰਤ ਜੀ ਬਾਰੇ ਜਾਨਣ ਲਈ ਉਤਸੁਕ ਰਹਿੰਦਾ। ਜਦੋਂ ਵੀ ਕੋਈ ਬਜ਼ੁਰਗ ਮਿਲਦਾ, ਮੇਰਾ ਸਵਾਲ ਇਹੋ ਹੁੰਦਾ ਕਿ ਕੀ ਤੁਸੀਂ ਸੰਤ ਪ੍ਰੇਮ ਸਿੰਘ ਨੂੰ ਮਿਲੇ ਹੋ ਜਾਂ ਉਨ੍ਹਾਂ ਦੇ ਜੀਵਨ ਬਾਰੇ ਕੋਈ ਘਟਨਾ ਯਾਦ ਏ। ਮੇਰੀ ਇਸ ਚਾਹਤ ਬਾਰੇ ਮੇਰੇ ਪਿੰਡ ਨੱਥੂਪੁਰ ਦੇ ਮਿਸਤਰੀ ਗੁਰਮੀਤ ਸਿੰਘ ਨੂੰ ਵੀ ਪਤਾ ਸੀ। ਉਸ ਵਕਤ ਟਾਂਡਾ-ਸੁਭਾਨਪੁਰ ਰੋਡ 'ਤੇ ਪੈਂਦੇ ਅੱਡਾ ਜਲਾਲਪੁਰ ਵਿਖੇ ਉਸਦਾ ਮਾਰਬਲ, ਟਾਈਲਾਂ ਅਤੇ ਸੈਨੇਟਰੀ ਦੇ ਸਾਮਾਨ ਦਾ ਵੱਡਾ ਕਾਰੋਬਾਰ ਸੀ। ਮੈਂ ਅਕਸਰ ਉਸ ਦੇ ਸ਼ੋਅ ਰੂਮ 'ਤੇ ਜਾਇਆ ਕਰਦਾ ਸੀ। ਇੱਕ ਦਿਨ ਮੈਂ ਉਸ ਦੇ ਸ਼ੋਅ ਰੂਮ ਨਾਲ ਲੱਗਦੇ ਵਿਹੜੇ ਵਿਚ ਬੈਠਾ ਹੋਇਆ ਸੀ ਕਿ ਉਹ ਇੱਕ ਬਜ਼ੁਰਗ ਨੂੰ ਮੇਰੇ ਕੋਲ ਲਿਆਇਆ ਤੇ ਕਹਿਣ ਲੱਗਾ, 'ਭਾਅ ਜੀ ਇਹ ਹਨ ਸਰਦਾਰ ਫੌਜਾ ਸਿੰਘ, ਇਨ੍ਹਾਂ ਦੀ ਜ਼ਿੰਦਗੀ ਵਿਚ ਸੰਤ ਪ੍ਰੇਮ ਸਿੰਘ ਜੀ ਨੇ ਇੱਕ ਵਰਤਾਰਾ ਕੀਤਾ ਸੀ। ਤੁਸੀਂ ਇਨ੍ਹਾਂ ਕੋਲੋਂ ਖੁਦ ਹੀ ਸੁਣੋ।' ਉਹ ਸੱਜਣ ਕਾਫੀ ਉਮਰ ਦੇ ਸਨ, ਅਤੇ ਆਪਣੇ ਪੋਤੇ ਨਾਲ ਸਟੋਰ ਤੋਂ ਕੁਝ ਸਾਮਾਨ ਖਰੀਦਣ ਆਏ ਸਨ।


ਗੁਰਮੀਤ ਸਿੰਘ ਨੇ ਇੱਕ ਕੁਰਸੀ ਮੇਰੇ ਨੇੜੇ ਕਰ ਦਿੱਤੀ ਅਤੇ ਫੌਜਾ ਸਿੰਘ ਬੈਠ ਗਏ। ਮੈਂ ਉਨ੍ਹਾਂ ਨੂੰ ਸੰਤ ਜੀ ਬਾਰੇ ਪੁੱਛਿਆ ਤਾਂ ਉਨ੍ਹਾਂ ਦੱਸਿਆ, "ਇਹ ਵੰਡ ਤੋਂ ਪਹਿਲਾਂ ਦੀ ਗੱਲ ਏ। ਮੈਂ ਉਸ ਵੇਲੇ ਜਵਾਨੀ ਵਿਚ ਪੈਰ ਧਰਿਆ ਸੀ ਅਤੇ ਜਿਵੇਂ ਆਮ ਪਰਿਵਾਰਾਂ ਵਿਚ ਹੁੰਦਾ ਏ ਕਿ ਮੁੰਡਾ ਜਵਾਨ ਹੋ ਗਿਆ ਏ ਤੇ ਹੁਣ ਇਸਨੂੰ ਕੋਈ ਨੌਕਰੀ ਕਰਨੀ ਚਾਹੀਦੀ ਏ। ਉਨ੍ਹਾਂ ਦਿਨਾਂ ਵਿਚ ਨੌਕਰੀ ਦਾ ਸਭ ਤੋਂ ਵੱਡਾ ਜ਼ਰੀਆ ਫੌਜ ਵਿਚ ਭਰਤੀ ਹੋਣਾ ਹੁੰਦਾ ਸੀ। ਸੋ ਮੈਂ ਵੀ ਨੇੜੇ ਪੈਂਦੀ ਫੌਜੀ ਛਾਉਣੀ ਵਿਚ ਭਰਤੀ ਹੋਣ ਗਿਆ ਪਰ ਬਦਕਿਸਮਤੀ ਨਾਲ ਮੈਂ (ਸ਼ਾਇਦ ਕੋਈ ਘਾਟ ਰਹੀ ਹੋਏਗੀ) ਭਰਤੀ ਨਾ ਹੋ ਸਕਿਆ। ਦਿਲ ਉਦਾਸ ਹੋਣਾ ਲਾਜ਼ਮੀ ਸੀ। ਮੈਨੂੰ ਚਿੰਤਾ ਸੀ ਕਿ ਇਹ ਮੌਕਾ ਤਾਂ ਹੱਥੋਂ ਗਿਆ, ਅੱਗੇ ਕੀ ਕਰਨਾ ਏ? ਇਸੇ ਉਧੇੜ ਬੁਣ ਵਿਚ ਹੀ ਮੈਂ ਰੋਜ਼ਾਨਾ ਵਾਂਗ ਸ਼ਾਮ ਨੂੰ ਡੇਰੇ ਮੱਥਾ ਟੇਕਣ ਗਿਆ। ਮੈਂ ਮੱਥਾ ਟੇਕ ਕੇ ਜਦੋਂ ਬਾਹਰ ਨਿਕਲਿਆ ਤਾਂ ਡੇਰੇ ਦੇ ਵਿਹੜੇ ਵਿਚ ਸੰਤ ਪ੍ਰੇਮ ਸਿੰਘ ਜੀ ਮਿਲੇ, ਅਤੇ ਮੇਰਾ ਉਤਰਿਆ ਹੋਇਆ ਚਿਹਰਾ ਵੇਖ ਕੇ ਕਹਿਣ ਲੱਗੇ, ਫੌਜਾ ਸਿਆਂ ਕੀ ਹੋਇਆ ਏ? ਮੈਂ ਕਿਹਾ ਕਿ ਬਾਬਾ ਜੀ ਫੌਜ ਵਿਚ ਭਰਤੀ ਹੋਣ ਗਿਆ ਸੀ, ਪਰ ਭਰਤੀ ਨਹੀਂ ਹੋ ਸਕਿਆ। ਸੰਤਾਂ ਨੇ ਹੱਲਾਸ਼ੇਰੀ ਦਿੰਦਿਆਂ ਕਿਹਾ ਕਿ ਫੌਜਾ ਸਿਆਂ ਐਂਵੇ ਈ ਦਿਲ ਨਾ ਛੱਡ, ਤੈਨੂੰ ਤੇ ਦੋ ਵਾਰ ਘਰੋਂ ਭਰਤੀ ਕਰ ਕੇ ਲਿਜਾਣਗੇ? ਸੰਤ ਜੀ ਥਾਪੜਾ ਦੇ ਕੇ ਅੱਗੇ ਚਲੇ ਗਏ ਅਤੇ ਉਹ ਸੰਤਾਂ ਦੇ ਬਚਨ ਕਿ 'ਤੈਨੂੰ ਦੋ ਵਾਰ ਘਰੋਂ ਭਰਤੀ ਕਰ ਕੇ ਲਿਜਾਣਗੇ' ਨੂੰ ਸੁਣ ਕੇ ਬੜਾ ਹੈਰਾਨ ਹੋਇਆ ਕਿ ਅੱਜ ਤਾਂ ਮੈਂ ਭਰਤੀ ਵੇਖ ਕੇ ਆਇਆ ਹਾਂ ਅਤੇ ਭਰਤੀ ਤੋਂ ਨਾਂਹ ਹੋਈ ਏ। ਮੈਨੂੰ ਕੁਝ ਸਮਝ ਨਹੀਂ ਆ ਰਿਹਾ ਸੀ, ਇਸੇ ਕਰਕੇ ਮੈਂ ਸੰਤਾਂ ਦੇ ਬਚਨ ਨੂੰ ਆਪਣੀ ਖੁਸ਼ਨਸੀਬੀ ਸਮਝ ਕੇ ਘਰ ਚਲਾ ਗਿਆ। ਮੈਂ ਘਰ ਜਾ ਕੇ ਆਪਨੇ ਮਾਪਿਆਂ ਨੂੰ ਵੀ ਸੰਤ ਜੀ ਵੱਲੋਂ ਦਿੱਤੇ ਥਾਪੜੇ ਬਾਰੇ ਦੱਸਿਆ ਤਾਂ ਉਹ ਵੀ ਹੈਰਾਨ ਹੋਏ, ਪਰ ਨਾਲ ਹੀ ਉਨ੍ਹਾਂ ਕਿਹਾ ਕਿ ਸੰਤਾਂ ਦੇ ਬਚਨਾਂ 'ਤੇ ਭਰੋਸਾ ਕਰ।'

ਫੌਜਾ ਸਿੰਘ ਅਨੁਸਾਰ ਤਕਰੀਬਨ ਦੋ ਮਹੀਨਿਆਂ ਬਾਅਦ ਅਚਾਨਕ ਇੱਕ ਦਿਨ ਇੱਕ ਸਿੱਖ ਫੌਜੀ ਵਰਦੀ ਵਿਚ ਉਨ੍ਹਾਂ ਦੇ ਘਰ ਦਾ ਕੁੰਡਾ ਖੜਕਾਉਂਦਾ ਏ। ਉਸ ਦੇ ਪਿਤਾ ਜੀ ਦਰਵਾਜ਼ਾ ਖੋਲ੍ਹਦੇ ਹਨ, ਤਾਂ ਸਿੱਖ ਫੌਜੀ ਉਨ੍ਹਾਂ ਨੂੰ ਪਿੰਡ ਤੋਂ ਦੂਰ ਇੱਕ ਪਿੰਡ ਦਾ ਨਾਮ ਲੈ ਕੇ ਕਹਿੰਦਾ ਏ 'ਰਾਤ ਪੈ ਗਈ ਹੈ ਅਤੇ ਪੈਂਡਾ ਅਜੇ ਲੰਮਾ ਏ, ਜੇ ਤੁਸੀਂ ਇਜਾਜ਼ਤ ਦਿਓ ਤਾਂ ਮੈਂ ਰਾਤ ਤੁਹਾਡੇ ਘਰ ਕੱਟ ਸਕਦਾ ਹਾਂ?' ਮੇਰੇ ਪਿਤਾ ਜੀ ਨੇ ਕਿਹਾ, 'ਕਿਉਂ ਨਹੀਂ'। ਪਿਤਾ ਜੀ ਨੇ ਫੌਜੀ ਨੂੰ ਮੰਜਾ ਡਾਹ ਦਿੱਤਾ ਅਤੇ ਮਾਤਾ ਜੀ ਨੂੰ ਬਿਸਤਰਾ ਲਿਆਉਣ ਲਈ ਕਿਹਾ। ਫੌਜੀ ਰਾਤ ਦਾ ਖ਼ਾਣਾ ਖਾ ਕੇ ਲੇਟ ਗਿਆ। ਦਿਨ ਚੜ੍ਹਿਆ ਤਾਂ ਸਵੇਰ ਦਾ ਨਾਸ਼ਤਾ ਕਰ ਕੇ ਫ਼ੌਜੀ ਅਗਲੇ ਸਫਰ ਲਈ ਨਿਕਲਣ ਹੀ ਲੱਗਾ ਸੀ ਕਿ ਉਨ੍ਹਾਂ ਮੈਨੂੰ ਆਪਣੇ ਕੋਲ ਬੁਲਾਇਆ ਅਤੇ ਪੁੱਛਿਆ ਕਿ ਮੈਂ ਕੀ ਕਰਦਾ ਹਾਂ? ਮੈਂ ਕੁਛ ਕਹਿੰਦਾ ਇਸਤੋਂ ਪਹਿਲਾਂ ਹੀ ਪਿਤਾ ਜੀ ਨੇ ਦੱਸ ਦਿੱਤਾ ਕਿ ਇਹ ਅਜੇ ਵਿਹਲਾ ਹੀ ਏ।

ਫੌਜੀ ਨੇ ਕਿਹਾ, 'ਫੌਜ ਵਿਚ ਕਿਉਂ ਭਰਤੀ ਨਹੀਂ ਹੁੰਦਾ?' ਮੈਂ ਕਿਹਾ ਕਿ ਮੈਂ ਦੋ ਕੁ ਮਹੀਨੇ ਪਹਿਲਾਂ ਫੌਜੀ ਛਾਉਣੀ ਵਿਚ ਭਰਤੀ ਹੋਣ ਗਿਆ ਸੀ, ਪਰ ਭਰਤੀ ਨਹੀਂ ਹੋ ਸਕਿਆ। ਫੌਜੀ ਨੇ ਕੁਝ ਦਿਨਾਂ ਬਾਅਦ ਭਰਤੀ ਵਾਲੀ ਫੌਜੀ ਛਾਉਣੀ ਵਿਚ ਆਉਣ ਲਈ ਕਿਹਾ ਕਿ ਮੈਂ ਤੈਨੂੰ ਉੱਥੇ ਮਿਲਾਂਗਾ। ਫੌਜਾ ਸਿੰਘ ਨੇ ਦੱਸਿਆ, 'ਮੈਂ ਦੱਸੇ ਦਿਨ ਭਰਤੀ ਵਾਲੀ ਛਾਉਣੀ ਵਿਚ ਪਹੁੰਚ ਗਿਆ। ਉੱਥੇ ਉਹ ਫੌਜੀ ਸਾਹਿਬ ਵੀ ਸਨ ਅਤੇ ਉਸ ਦਿਨ ਮੈਂ ਫੌਜ ਵਿਚ ਭਰਤੀ ਹੋ ਗਿਆ। ਮੈਂ ਪਹਿਲਾਂ ਅਣਵੰਡੇ ਹਿੰਦੁਸਤਾਨ ਵਿਚ ਨੌਕਰੀ ਕੀਤੀ ਅਤੇ ਵੰਡ ਤੋਂ ਬਾਅਦ ਸਾਰੀ ਸਰਵਿਸ ਹਿੰਦੁਸਤਾਨ ਵਿਚ ਵੱਖ-ਵੱਖ ਫੌਜੀ ਛਾਉਣੀਆਂ ਵਿਚ ਕੀਤੀ ਅਤੇ ਰਿਟਾਇਰ ਹੋਇਆ।

ਫੌਜਾ ਸਿੰਘ ਨੇ ਦੱਸਿਆ, 'ਮੇਰਾ ਘਰ ਜਲਾਲਪੁਰ ਵਿਚੋਂ ਲੰਘਦੀ ਟਾਂਡਾ-ਸੁਭਾਨਪੁਰ ਸੜਕ 'ਤੇ ਪੈਂਦਾ ਏ। ਜੇਠ ਦਾ ਮਹੀਨਾ ਸੀ। ਬੜੀ ਤਿੱਖੀ ਗਰਮੀ ਪੈ ਰਹੀ ਸੀ। ਇੱਕ ਦਿਨ ਅਚਾਨਕ ਦੁਪਹਿਰ ਵੇਲੇ ਇੱਕ ਜੀਪ ਘਰ ਦੇ ਦਰਵਾਜ਼ੇ ਸਾਹਮਣੇ ਖੜਦੀ ਏ। ਸੀ ਆਰ ਪੀ ਐਫ ਦਾ ਵੱਡਾ ਅਫਸਰ ਗਰਮੀ ਨਾਲ ਬੇਹਾਲ ਦਰਵਾਜ਼ਾ ਖੜਕਾਉਂਦਾ ਏ। ਮੈਂ ਦਰਵਾਜ਼ਾ ਖੋਲ੍ਹਦਾ ਹਾਂ ਅਤੇ ਉਹ ਅਫਸਰ ਵਿਹੜੇ ਵਿਚ ਦਰਖ਼ਤ ਹੇਠਾਂ ਪਈ ਮੰਜੀ 'ਤੇ ਬੈਠਦਿਆਂ ਕਹਿੰਦਾ ਏ ਕਿ ਲੱਸੀ ਪਿਆਓ ਬੜੀ ਪਿਆਸ ਲੱਗੀ ਏ'। 'ਮੈਂ ਆਪਣੀ ਪਤਨੀ ਨੂੰ ਕਿਹਾ ਕਿ ਸੀ ਆਰ ਪੀ ਐਫ ਦਾ ਕੋਈ ਵੱਡਾ ਅਫਸਰ ਆਇਆ ਅਤੇ ਗੜਵੀ ਭਰ ਕੇ ਲੱਸੀ ਵਿਚ ਸ਼ੱਕਰ ਘੋਲ ਕੇ ਲਿਆ। ਲੱਸੀ ਪੀਣ ਤੋਂ ਬਾਅਦ ਮੈਂ ਉਨ੍ਹਾਂ ਨੂੰ ਕਿਹਾ ਕਿ ਹੁਣ ਦੁਪਹਿਰ ਦੇ ਖਾਣੇ ਦਾ ਵਕਤ ਏ, ਪਰਸ਼ਾਦਾ ਜ਼ਰੂਰ ਛਕੋ। ਉਨ੍ਹਾਂ ਕਿਹਾ ਕਿ ਗੱਲ ਤਾਂ ਤੁਹਾਡੀ ਬਿਲਕੁਲ ਸਹੀ ਏ, ਚਲੋ ਖਾਣਾ ਵੀ ਖਾ ਈ ਲੈਂਦੇ ਆਂ। ਮੈਂ ਗੱਡੀ ਦੇ ਡਰਾਈਵਰ ਨੂੰ ਖਾਣਾ ਖੁਆ ਕੇ ਸਾਹਿਬ ਪਾਸ ਹੀ ਬੈਠ ਗਿਆ। ਉਨ੍ਹਾਂ ਮੈਨੂੰ ਕਿਹਾ ਕਿ ਤੂੰ ਦੱਸਿਆ ਏ ਕਿ ਫੌਜ ਤੋਂ ਰਿਟਾਇਰ ਹੋ ਗਿਆ ਏਂ, ਦੁਬਾਰਾ ਨੌਕਰੀ ਕਿਉਂ ਨਹੀਂ ਕਰ ਲੈਂਦਾ? ਮੈਂ ਕਿਹਾ ਸਰ ਅਜੇ ਤੱਕ ਮੈਂ ਸੋਚਿਆ ਨਹੀਂ, ਦੂਜਾ ਮੈਂ ਸੁਣਿਆ ਜ਼ਰੂਰ ਏ, ਦੂਜੀ ਨੌਕਰੀ ਬਾਰੇ ਪਰ ਮੈਨੂੰ ਇਸ ਬਾਰੇ ਕੋਈ ਗਿਆਨ ਨਹੀਂ। ਜੇ ਤੂੰ ਸਹਿਮਤ ਏਂ ਤਾਂ ਮੈਂ ਤੈਨੂੰ ਸੀ ਆਰ ਪੀ ਐਫ ਵਿਚ ਭਰਤੀ ਕਰਵਾ ਸਕਦਾ ਹਾਂ। ਮੇਰੇ ਮਨ ਵਿਚ ਆਇਆ 'ਅੰਨਾ ਕੀ ਭਾਲੇ ਦੋ ਅੱਖੀਆਂ'। ਮੈਂ ਪਿਛਲੇ ਇੱਕ ਸਾਲ ਤੋਂ ਰਿਟਾਇਰ ਹੋ ਕੇ ਘਰੇ ਰੋਜ਼ਗਾਰ ਪੱਖੋਂ ਤਾਂ ਵਿਹਲਾ ਈ ਸੀ? ਉਸੇ ਵਕਤ ਮੇਰੇ ਦਿਮਾਗ਼ ਵਿਚ ਸੰਤ ਪ੍ਰੇਮ ਸਿੰਘ ਜੀ ਵੱਲੋਂ ਬੋਲਿਆ ਵਚਨ ਸੌ ਫੀਸਦੀ ਸੱਚ ਹੁੰਦਾ ਨਜ਼ਰ ਆਇਆ ਕਿ 'ਤੈਨੂੰ ਦੋ ਵਾਰ ਘਰੋਂ ਭਰਤੀ ਕਰਕੇ ਲੈ ਜਾਣਗੇ'। ਮੈਂ ਕਿਹਾ ਇਹ ਰੱਬ ਵੱਲੋਂ ਭੇਜਿਆ ਰੋਜ਼ਗਾਰ ਏ ਅਤੇ ਮੈਂ ਹਾਂ ਕਰ ਦਿੱਤੀ। ਸਾਹਿਬ ਨੇ ਮੈਨੂੰ ਆਪਣਾ ਕਾਰਡ ਅਤੇ ਦਿੱਲੀ ਵਿਚ ਆਪਣੀ ਬਟਾਲੀਅਨ ਦਾ ਪਤਾ ਦਿੱਤਾ ਅਤੇ ਸਮਝਾ ਵੀ ਦਿੱਤਾ ਕਿ ਕਿਵੇਂ ਪਹੁੰਚਣਾ ਏ।

ਮੈਂ ਕੁਝ ਦਿਨ ਬਾਅਦ ਦਿੱਲੀ ਸੀ ਆਰ ਪੀ ਐਫ ਦੀ ਬਟਾਲੀਅਨ ਵਿਚ ਪਹੁੰਚ ਗਿਆ। ਉੱਥੇ ਜਾ ਕੇ ਜਦੋਂ ਭਰਤੀ ਬਾਰੇ ਗੱਲ ਕੀਤੀ ਤਾਂ ਮੈਨੂੰ ਸੰਤਰੀ ਨੇ ਇੱਕ ਟੈਂਟ ਵਿਚ ਭੇਜ ਦਿੱਤਾ। ਜਦੋਂ ਅੰਦਰ ਦਾਖਲ ਹੋਇਆ ਤਾਂ ਦੇਖਿਆ ਕਿ ਫੌਜ ਵਿਚ ਮੇਰੀ ਰੈਜਮੇਂਟ ਵਾਲਾ ਮੇਰਾ ਸੂਬੇਦਾਰ ਮੇਜਰ ਬੈਠਾ ਹੋਇਆ ਏ। ਮੇਰੇ ਨਾਲ ਉਸਦੀ ਖਹਿਬਾਜ਼ੀ ਸੀ। ਉਹ ਮੈਨੂੰ ਵੇਖਦੇ ਈ ਹੈਰਾਨ ਹੋ ਕੇ ਪੁੱਛਣ ਲੱਗਾ ਕਿ ਤੂੰ ਇੱਥੇ ਕਿਵੇਂ ਆ ਗਿਆ ਏਂ? ਮੈਂ ਉਸਨੂੰ ਸਾਹਿਬ ਵਾਲੀ ਗੱਲ ਦੱਸੀ, ਪਰ ਉਸਨੂੰ ਯਕੀਨ ਨਹੀਂ ਆਇਆ। ਉਸਨੇ ਮੈਨੂੰ ਸਾਫ ਕਹਿ ਦਿੱਤਾ ਕਿ ਤੂੰ ਭਰਤੀ ਨਹੀਂ ਹੋ ਸਕਦਾ। ਇੱਥੇ ਬਟਾਲੀਅਨ ਵਿਚ ਭਰਤੀ ਦਾ ਕੰਮ ਮੈਂ ਈ ਵੇਖਦਾ ਹਾਂ। ਮੈਂ ਫਿਰ ਸਾਹਿਬ ਬਾਰੇ ਜ਼ਿਕਰ ਕੀਤਾ ਪਰ ਸ਼ਾਇਦ ਉਸਨੂੰ ਇਸ ਗੱਲ 'ਤੇ ਯਕੀਨ ਨਹੀਂ ਆਇਆ। ਉਸਨੇ ਮੈਨੂੰ ਕਿਹਾ ਕਿ ਤੂੰ ਇਸੇ ਵਕਤ ਚਲਾ ਜਾ। ਸ਼ਾਮ ਪੈ ਗਈ ਸੀ, ਮੈਂ ਕਿਹਾ ਕਿ ਹੁਣ ਰਾਤ ਪੈਣ ਵਾਲੀ ਏ, ਮੈਂ ਪਹਿਲੀ ਵਾਰ ਦਿੱਲੀ ਆਇਆ ਹਾਂ। ਮੈਨੂੰ ਰੇਲ ਗੱਡੀਆਂ ਬਾਰੇ ਵਧੇਰੇ ਜਾਣਕਾਰੀ ਨਹੀਂ। ਮੈਨੂੰ ਰਾਤ ਇੱਥੇ ਕੱਟ ਲੈਣ ਦੇ, ਮੈਂ ਸਵੇਰੇ ਵਾਪਸ ਪਿੰਡ ਚਲਾ ਜਾਵਾਂਗਾ। ਉਸਨੇ ਤਾਕੀਦ ਕੀਤੀ ਕਿ ਮੈਂ ਸਵੇਰੇ ਸਵਖਤੇ ਹੀ ਚਲਾ ਜਾਵਾਂ। ਮੈਂ ਸਵੇਰੇ ਜਲਦੀ ਉੱਠ ਪਿਆ ਅਤੇ ਜਾਣ ਦੀ ਤਿਆਰੀ ਕਰ ਕੇ ਮੈੱਸ ਵਿਚ ਚਾਹ ਪੀਣ ਗਿਆ ਤਾਂ ਲਾਂਗਰੀ ਨੇ ਕਿਹਾ ਕਿ ਥੋੜ੍ਹੀ ਦੇਰ ਹੋਰ ਰੁਕੋ, ਨਾਸ਼ਤਾ ਕਰ ਕੇ ਜਾਇਓ ਅਤੇ ਐਨੀ ਦੂਰ ਆਏ ਹੀ ਹੋ ਤਾਂ ਸਾਹਿਬ ਨੂੰ ਮਿਲ ਕੇ ਜਾਇਓ? ਮੈਂ ਨਾਸ਼ਤੇ ਲਈ ਰੁਕ ਗਿਆ। ਅਜੇ ਨਾਸ਼ਤਾ ਕਰ ਹੀ ਰਿਹਾ ਸਾਂ ਕਿ ਉਹ ਸੂਬੇਦਾਰ ਵੀ ਆ ਗਿਆ ਅਤੇ ਮੈਨੂੰ ਵੇਖਦੇ ਹੀ ਕਹਿਣ ਲੱਗਾ, ਉਏ ਤੂੰ ਅਜੇ ਗਿਆ ਨਹੀਂ? ਉਸਨੇ ਮੈਨੂੰ ਵਖਤ ਪਾ ਦਿੱਤਾ ਅਤੇ ਮੈਨੂੰ ਸਿੱਧੇ ਰਸਤੇ ਰਾਹੀਂ ਜਾਣ ਦੀ ਬਜਾਏ ਕੈਂਪ ਦੇ ਪਿਛਲੇ ਪਾਸਿਓਂ ਰਸਤੇ ਰਾਹੀਂ ਸੜਕ 'ਤੇ ਪਾ ਦਿੱਤਾ। ਮੈਂ ਆਪਣੇ ਮੋਢੇ 'ਤੇ ਬੈਗ ਲਟਕਾ ਕੇ ਹੈਰਾਨ ਪਰੇਸ਼ਾਨ ਜਾ ਰਿਹਾ ਸੀ, ਕਿ ਅਚਾਨਕ ਮੇਰੇ ਨੇੜੇ ਇੱਕ ਜੀਪ ਰੁਕੀ, ਅਤੇ ਉਸੇ ਹੀ ਸੀ ਆਰ ਪੀ ਐਫ ਵਾਲੇ ਸਾਹਿਬ ਦੀ ਅਵਾਜ਼ ਮੇਰੇ ਕੰਨੀਂ ਪਈ, ਕਿ ਬਟਾਲੀਅਨ ਤਾਂ ਉਸ ਪਾਸੇ ਏ ਤੂੰ ਇੱਧਰ ਕੀ ਕਰਨ ਜਾ ਰਿਹਾ ਏ? ਮੈਂ ਸਤਿਕਾਰ ਨਾਲ ਹੱਥ ਜੋੜੇ ਅਤੇ ਸੰਖੇਪ ਵਿਚ ਸੂਬੇਦਾਰ ਵਾਲੀ ਗੱਲ ਦੱਸੀ।



ਸੰਤ ਪ੍ਰੇਮ ਸਿੰਘ ਜੀ ਮੁਰਾਰੇ ਵਾਲੇ।

ਉਨ੍ਹਾਂ ਮੈਨੂੰ ਜੀਪ ਵਿਚ ਪਿੱਛੇ ਬੈਠਣ ਨੂੰ ਕਿਹਾ। ਜੀਪ ਕੁਝ ਮਿੰਟਾਂ ਵਿਚ ਬਟਾਲੀਅਨ ਦੇ ਦਫਤਰ ਪਹੁੰਚ ਗਈ। ਸਾਹਿਬ ਦੀ ਜੀਪ ਵੇਖ ਕੇ ਸੂਬੇਦਾਰ ਸਮੇਤ ਕਲਰਕ ਤੰਬੂਆਂ ਤੋਂ ਬਾਹਰ ਆ ਗਏ। ਮੈਨੂੰ ਵੇਖਦੇ ਹੀ ਸੂਬੇਦਾਰ ਦਾ ਰੰਗ ਉੱਡ ਗਿਆ। ਮੈਂ ਵੀ ਸਾਹਿਬ ਦੇ ਪਿੱਛੇ-ਪਿੱਛੇ ਦਫਤਰ ਚਲਾ ਗਿਆ। ਸਾਹਿਬ ਨੇ ਆਪਣੀ ਕੁਰਸੀ 'ਤੇ ਬੈਠਦਿਆਂ ਹੀ ਸੂਬੇਦਾਰ ਨੂੰ ਕਿਹਾ, ਇਹ ਫੌਜਾ ਸਿੰਘ ਏ, ਇਸਨੂੰ ਭਰਤੀ ਕਰਨਾ ਏ। ਫਟਾਫਟ ਸਾਰੀਆਂ ਕਾਰਵਾਈਆਂ ਪੂਰੀਆਂ ਕਰ ਕੇ ਇਸਨੂੰ ਟਰੇਨਿੰਗ ਕੈਂਪ ਦੇ ਸਾਰੇ ਡਾਕੂਮੈਂਟ ਦੇ ਦਿਓ। ਸੂਬੇਦਾਰ ਦਾ ਚਿਹਰਾ ਵੇਖਣ ਵਾਲਾ ਸੀ। ਇੰਜ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਸਹਿਜ-ਸੁਭਾਅ ਮੂੰਹੋਂ ਨਿਕਲਿਆ ਬਚਨ ਸੱਚ ਸਾਬਿਤ ਹੋਇਆ।

ਸੰਤ ਪ੍ਰੇਮ ਸਿੰਘ ਬਾਰੇ ਹੋਰ ਵਧੇਰੇ ਜਾਨਣ ਦੀ ਇੱਛਾ ਤਹਿਤ ਮੈਨੂੰ ਬੜੇ ਸਾਦੇ ਇਨਸਾਨ ਪ੍ਰੀਤਮ ਸਿੰਘ ਨਾਲ ਮਿਲਣ ਦਾ ਮੌਕਾ ਮਿਲਿਆ। ਉਨ੍ਹਾਂ ਦੇ ਬੇਟੇ ਦਾ ਨਾਂ ਮੋਹਿੰਦਰ ਸਿੰਘ ਸੀ। ਉਨ੍ਹਾਂ ਦੇ ਦੱਸਣ ਅਨੁਸਾਰ ਉਨ੍ਹਾਂ ਦਾ ਸੰਤ ਪ੍ਰੇਮ ਸਿੰਘ ਨਾਲ ਆਮ ਹੀ ਮੇਲ ਹੋਇਆ ਕਰਦਾ ਸੀ। ਪ੍ਰੀਤਮ ਸਿੰਘ ਅਨੁਸਾਰ ਵੰਡ ਤੋਂ ਬਾਅਦ ਜਦੋਂ ਉਨ੍ਹਾਂ ਬੇਗੋਵਾਲ ਨੂੰ ਆਪਣਾ ਠਿਕਾਣਾ ਬਣਾਇਆ ਤਾਂ ਸਭ ਤੋਂ ਪਹਿਲਾਂ ਲੰਗਰ ਦੀ ਸ਼ੁਰੂਆਤ ਕੀਤੀ। ਇੱਕ ਦਿਨ ਸਵੇਰੇ ਉਹ ਆਪਣੇ ਖੇਤ ਵਿਚ ਹਲ ਵਾਹ ਰਹੇ ਸਨ ਕਿ ਅਚਾਨਕ ਸੰਤ ਜੀ ਡੇਰੇ ਨੂੰ ਜਾਂਦੇ ਹੋਏ ਮੇਰੇ ਪਾਸ ਰੁਕੇ ਅਤੇ ਕਹਿਣ ਲੱਗੇ, 'ਪ੍ਰੀਤਮ ਸਿਆਂ ਪੈਲੀ ਤਾਂ ਬਹੁਤ ਵਧੀਆ ਬਣਾਈ ਏ, ਕੀ ਬੀਜਣਾ ਏ'? ਮੈਂ ਕਿਹਾ, 'ਬਾਬਾ ਜੀ ਅਜੇ ਕੁਝ ਸੋਚਿਆ ਨਹੀਂ। ਤੁਸੀ ਦੱਸੋ, ਕੀ ਬੀਜੀਏ'। ਬਾਬਾ ਜੀ ਕਹਿਣ ਲੱਗੇ, 'ਪ੍ਰੀਤਮ ਸਿਆਂ ਗੰਡਿਆਂ (ਪਿਆਜ਼) ਦਾ ਕਣ ਲਾ'। ਮੈਂ ਕਿਹਾ, 'ਬਾਬਾ ਜੀ ਜੋ ਤੁਹਾਡਾ ਹੁਕਮ'। ਮੈਂ ਬਾਬਾ ਜੀ ਨੂੰ ਦਿੱਤੇ ਬਚਨ ਅਨੁਸਾਰ ਗੰਡਿਆਂ ਦਾ ਕਣ ਹੀ ਪੂਰੇ ਖੇਤ ਵਿਚ ਲਾਇਆ। ਗੰਡਿਆਂ ਦੀ ਫਸਲ ਬਹੁਤ ਵਧੀਆ ਹੋਈ। ਪ੍ਰੀਤਮ ਸਿੰਘ ਅਨੁਸਾਰ ਸੰਤ ਜੀ ਨੂੰ ਭੋਜਨ ਦੇ ਨਾਲ ਪਿਆਜ਼ ਬਹੁਤ ਪਸੰਦ ਸੀ ਅਤੇ ਲੰਗਰ ਵਿਚ ਜ਼ਰੂਰ ਵਰਤਾਇਆ ਜਾਂਦਾ ਸੀ।

ਪ੍ਰੀਤਮ ਸਿੰਘ ਨੇ ਸੰਤ ਪ੍ਰੇਮ ਸਿੰਘ ਬਾਰੇ ਇੱਕ ਹੋਰ ਘਟਨਾ ਦਾ ਜ਼ਿਕਰ ਕੀਤਾ ਕਿ ਇਕ ਦਿਨ ਦੁਪਹਿਰ ਵੇਲੇ ਅਚਾਨਕ ਆਪਣੇ ਸੇਵਕ ਨੂੰ ਘੋੜਾ ਤਿਆਰ ਕਰਨ ਲਈ ਕਿਹਾ। ਘੋੜੇ 'ਤੇ ਸਵਾਰ ਹੋ ਉਹ ਮੁਕੇਰੀਆਂ ਗਏ ਤੇ ਇੱਕ ਘਰ ਦੇ ਦਰਵਾਜ਼ੇ 'ਤੇ ਦਸਤਕ ਦਿੱਤੀ। ਦਰਵਾਜ਼ਾ ਖੁੱਲ੍ਹਾ ਅਤੇ ਇੱਕ ਔਰਤ ਸਿਰ 'ਤੇ ਪੱਲਾ ਲੈ ਕੇ ਹੱਥ ਜੋੜੀ ਖੜੀ ਕਹਿ ਰਹੀ ਏ, ਧੰਨ ਭਾਗ ਬਾਬਾ ਜੀ ਤੁਹਾਡੇ ਦਰਸ਼ਨ ਹੋਏ। ਉਸ ਬੀਬੀ ਨੇ ਸਤਿਕਾਰ ਨਾਲ ਵਿਹੜੇ ਵਿਚ ਮੰਜਾ ਵਿਛਾ ਦਿੱਤਾ, ਅਤੇ ਬਾਬਾ ਜੀ ਲਈ ਦੁੱਧ ਗਰਮ ਕਰ ਲਿਆਈ। ਦੁੱਧ ਪੀਂਦਿਆਂ ਬਾਬਾ ਜੀ ਨੇ ਕਿਹਾ, ਬੀਬੀ ਕਿਵੇਂ ਯਾਦ ਕੀਤਾ? ਬੀਬੀ ਨੇ ਕਿਹਾ ਕਿ ਬਾਬਾ ਜੀ ਸਾਡੀ ਜ਼ਮੀਨ ਦੇ ਦੋ ਕਲੇਮ ਪਏ ਹਨ, ਪਰ ਅਲਾਟਮੈਂਟ ਨਹੀਂ ਹੋ ਰਹੀ? ਇਸੇ ਲਈ ਅੱਜ ਸਵੇਰ ਤੋਂ ਹੀ ਮੈਂ ਅਰਦਾਸ ਕਰ ਰਹੀ ਸੀ। ਬਾਬਾ ਜੀ ਨੇ ਕਿਹਾ ਕਿ ਇਹ ਕਲੇਮ ਤਾਂ ਬਿਲਕੁਲ ਸਹੀ ਅਤੇ ਜਾਇਜ਼ ਹਨ। ਉਨ੍ਹਾਂ ਮਜ਼ਾਕ ਵਿਚ ਕਿਹਾ ਕਿ, ਦੋਵੇਂ ਕਲੇਮ ਤਾਂ ਬੇਗੋਵਾਲ ਵਿਚ ਹਨ, ਪਰ ਮੈਨੂੰ ਕੀ ਦੇਵੇਂਗੀ? ਬੀਬੀ ਨੇ ਕਿਹਾ ਕਿ ਬਾਬਾ ਜੀ ਪਹਿਲਾ ਕਲੇਮ ਤੁਹਾਡਾ, ਦੂਜਾ ਮੇਰਾ। ਬਾਬਾ ਜੀ ਨੇ ਕਿਹਾ, ਨਹੀਂ ਬੀਬੀ ਦੋਵੇਂ ਕਲੇਮ ਤੁਹਾਡੇ ਹੀ ਹਨ, ਮੈਂ ਤਾਂ ਐਵੇਂ ਈ ਮਜ਼ਾਕ ਵਿਚ ਕਿਹਾ ਏ। ਬਾਬਾ ਜੀ ਸ਼ਾਮ ਢਲਦਿਆਂ ਤੱਕ ਵਾਪਸ ਬੇਗੋਵਾਲ ਪਹੁੰਚ ਗਏ। ਬਾਬਾ ਜੀ ਨੇ ਪੈਰਵਾਈ ਕੀਤੀ ਤਾਂ ਦੋਵਾਂ ਕਲੇਮਾਂ ਦੀ ਅਲਾਟਮੈਂਟ ਹੋ ਗਈ। ਬੀਬੀ ਨੂੰ ਖ਼ਬਰ ਕੀਤੀ ਗਈ। ਉਹ ਡੇਰੇ ਆਈ, ਅਤੇ ਬਾਬਾ ਜੀ ਨੂੰ ਦਿੱਤੇ ਬਚਨ ਅਨੁਸਾਰ, ਪਹਿਲੇ ਕਲੇਮ ਵਾਲੇ ਅੱਠ ਕਿੱਲੇ ਜ਼ਮੀਨ ਡੇਰੇ ਨੂੰ ਦਾਨ ਕਰ ਦਿੱਤੀ। ਇਹ ਜ਼ਮੀਨ ਅੱਜ ਵੀ ਡੇਰੇ ਦੀ ਮਲਕੀਅਤ ਏ। ਉਸ ਬੀਬੀ ਦੀ ਜ਼ਮੀਨ ਨਡਾਲੀ ਨੂੰ ਜਾਂਦਿਆ ਵੇਈਂ ਦੇ ਕੰਢੇ 'ਤੇ ਹੈ।

ਪ੍ਰੀਤਮ ਸਿੰਘ ਨੇ ਪਾਕਿਸਤਾਨ ਵਿਚ ਵਾਪਰੀ ਇੱਕ ਘਟਨਾ ਦਾ ਜ਼ਿਕਰ ਕੀਤਾ ਕਿ ਸੰਤ ਪ੍ਰੇਮ ਸਿੰਘ ਇਕ ਸਕੂਲ ਬਣਵਾ ਰਹੇ ਸਨ। ਸਕੂਲ ਦੀ ਚਾਰਦੀਵਾਰੀ ਦੇ ਪਿਛਲੇ ਪਾਸੇ ਇਕ ਗੁੱਠ ਚੌਰਸ ਨਹੀਂ ਸੀ ਹੋ ਰਹੀ। ਇੱਕ ਖੱਤਰੀ ਰਾਮ ਲਾਲ ਜੋ ਕਿ ਦ੍ਰਿਸ਼ਟੀਹੀਣ ਸੀ, ਦਾ ਖੂਹ ਆ ਰਿਹਾ ਸੀ। ਰਾਮ ਲਾਲ ਨੂੰ ਪਹੁੰਚ ਕੀਤੀ ਗਈ ਕਿ ਉਹ ਖੂਹ ਵਾਲਾ ਜ਼ਮੀਨ ਦਾ ਟੁਕੜਾ ਸਕੂਲ ਨੂੰ ਦੇ ਦੇਵੇ, ਪਰ ਉਹ ਨਹੀਂ ਸੀ ਮੰਨ ਰਿਹਾ। ਉਸ ਤਕ ਪਹੁੰਚ ਕਰਨ ਵਾਲਿਆਂ ਨੇ ਦੱਸਿਆ ਕਿ ਸੰਤ ਪ੍ਰੇਮ ਸਿੰਘ ਨੇ ਸਾਨੂੰ ਤੁਹਾਡੇ ਪਾਸ ਭੇਜਿਆ ਏ, ਤੁਸੀਂ ਜ਼ਮੀਨ ਦੇ ਬਦਲੇ ਜ਼ਮੀਨ ਲੈ ਲਓ ਜਾਂ ਮੂੰਹ ਮੰਗੀ ਕੀਮਤ ਲੈ ਲਓ, ਪਰ ਉਹ ਨਾ ਮੰਨਿਆ। ਅਖੀਰ ਬਾਬਾ ਪ੍ਰੇਮ ਸਿੰਘ ਨੇ ਖੁਦ ਰਾਮ ਲਾਲ ਨੂੰ ਮਿਲਣ ਦੀ ਸੋਚੀ। ਬਾਬਾ ਜੀ ਰਾਮ ਲਾਲ ਦੇ ਖੂਹ 'ਤੇ ਸਮੇਂ ਸਿਰ ਪਹੁੰਚ ਗਏ, ਤੇ ਰਾਮ ਲਾਲ ਵੀ ਪੁੱਜ ਗਿਆ। ਬਾਬਾ ਜੀ ਨੇ ਰਾਮ ਲਾਲ ਨੂੰ ਕਿਹਾ ਕਿ ਭਾਈ ਵੇਖ ਤੇਰੇ ਖੂਹ ਕਰਕੇ ਸਕੂਲ ਦੀ ਕੰਧ ਵਿਚ ਢਕਵੰਜ ਪੈ ਰਿਹਾ ਏ। ਜੇ ਤੂੰ ਮੰਨ ਜਾਵੇਂ ਤਾਂ ਸਕੂਲ ਦੀ ਚਾਰ-ਦੀਵਾਰੀ ਸੁੰਦਰ ਚੌਰਸ ਹੋ ਜਾਵੇਗੀ। ਰਾਮ ਲਾਲ ਨੇ ਬਾਬਾ ਜੀ ਨੂੰ ਕਿਹਾ ਕਿ ਮੈਂ ਤਾਂ ਅੰਨਾ ਹਾਂ, ਮੈਨੂੰ ਕੀ ਪਤਾ ਕਿੱਥੇ ਕੰਧ ਵਿਚ ਢਕਵੰਜ ਪੈਂਦਾ ਏ? ਜਾਂ ਤਾਂ ਮੈਨੂੰ ਵਿਖਾ ਦਿਓ? ਬਾਬਾ ਜੀ ਨੇ ਕਿਹਾ ਕਿ ਕੀ ਆਪਣੀ ਅੱਖੀਂ ਵੇਖ ਕੇ ਮੰਨ ਜਾਵੇਂਗਾ? ਰਾਮ ਲਾਲ ਕਹਿੰਦਾ ਹਾਂ ਜੀ। ਬਾਬਾ ਜੀ ਨੇ ਰਾਮ ਲਾਲ ਦਾ ਮੂੰਹ ਖੂਹ ਵਾਲੇ ਪਾਸੇ ਕਰਕੇ ਮੂੰਹ 'ਤੇ ਹੱਥ ਫੇਰਿਆ, ਅਤੇ ਕਿਹਾ ਕਿ ਵੇਖ ਲੈ ਭਾਈ। ਰਾਮ ਲਾਲ ਨੇ ਆਪਣੀ ਅੱਖੀਂ ਵੇਖ ਲਿਆ ਸਾਰਾ ਨਜ਼ਾਰਾ ਤੇ ਨਾਲ ਹੀ ਅੱਖਾਂ ਦੀ ਰੋਸ਼ਨੀ ਚਲੀ ਗਈ। ਰਾਮ ਲਾਲ ਨੇ ਬਾਬਾ ਜੀ ਨੂੰ ਹੱਥ ਜੋੜ ਕੇ ਕਿਹਾ ਕਿ ਬਾਬਾ ਜੀ ਕਿਰਪਾ ਬਣਾਈ ਰੱਖੋ। ਬਾਬਾ ਜੀ ਨੇ ਕਿਹਾ ਕਿ ਰਾਮ ਲਾਲ ਤੂੰ ਸਿਰਫ ਖੂਹ ਵਾਲੀ ਥਾਂ ਵੇਖਣ ਦੀ ਇੱਛਾ ਪ੍ਰਗਟਾਈ ਸੀ। ਬੱਸ ਇੱਥੋਂ ਅੱਗੇ ਫਿਰ ਵਾਅਦਾ ਖ਼ਿਲਾਫੀ ਹੋਏਗੀ। ਰਾਮ ਲਾਲ ਨੇ ਬਾਬਾ ਜੀ ਦੀ ਗੱਲ ਮੰਨ ਲਈ ਅਤੇ ਖੂਹ ਨੂੰ ਉੱਥੋਂ ਉਜੜਨਾ ਪਿਆ।

ਸੰਤ ਪ੍ਰੇਮ ਸਿੰਘ ਨੇ ਲੁਬਾਣਾ ਸਮਾਜ ਦੀ ਸਿੱਖ ਧਰਮ ਵਿਚ ਸ਼ਮੂਲੀਅਤ ਲਈ ਅਜਿਹਾ ਕੰਮ ਕੀਤਾ ਏ, ਜੋ ਅੱਜ ਤੱਕ ਕੋਈ ਸੰਤ ਜਾਂ ਸਮਾਜ ਸੁਧਾਰਕ ਨਹੀਂ ਕਰ ਸਕਿਆ। ਲੁਬਾਣਾ ਭਾਈਚਾਰਾ ਪਹਿਲਾਂ ਹਿੰਦੂ ਧਰਮ ਨੂੰ ਮੰਨਦਾ ਸੀ। ਅੱਜ ਵੀ ਲੁਬਾਣਾ ਸਮਾਜ ਨਾਲ ਸੰਬੰਧਿਤ ਅਨੇਕ ਫਿਰਕੇ ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਮੱਧ ਪ੍ਰਦੇਸ਼, ਤੇਲੰਗਾਨਾ ਅਤੇ ਹਿਮਾਚਲ ਪ੍ਰਦੇਸ਼ ਵਿਚ ਮਿਲ ਜਾਣਗੇ, ਜਿਹੜੇ ਹਿੰਦੂ ਧਰਮ ਨਾਲ ਜੁੜੇ ਹੋਏ ਹਨ। ਮੇਰੇ ਪੜਨਾਨਾ ਜੀ ਦਾ ਨਾਮ ਵਿਸਾਖੀ ਰਾਮ ਸੀ। ਸਾਡੀ ਮਾਤਾ ਦੱਸਦੀ ਸੀ ਕਿ, ਉਹ ਕੱਟੜ ਹਿੰਦੂ ਸਨ ਅਤੇ ਜਨੇਊ ਪਾਉਂਦੇ ਸਨ। ਲੁਬਾਣਾ ਸਮਾਜ ਦੀ ਆਪਣੀ ਬੋਲੀ ਸੀ, ਜਿਸਨੂੰ 'ਲੁਬਾਣਕੀ' ਕਿਹਾ ਜਾਂਦਾ ਸੀ। ਇਨ੍ਹਾਂ ਦਾ ਪਹਿਰਾਵਾ ਵੀ ਵੱਖ ਸੀ। ਇਨ੍ਹਾਂ ਦਾ ਖਾਨਦਾਨੀ ਪੇਸ਼ਾ ਵਪਾਰ ਕਰਨਾ ਸੀ। ਜਿੱਥੇ ਇਨ੍ਹਾਂ ਦੀ ਵਸੋਂ ਵੱਡੀ ਗਿਣਤੀ ਵਿਚ ਹੁੰਦੀ ਸੀ, ਉਸ ਸਥਾਨ ਨੂੰ ਇਹ 'ਟਾਂਡਾ' ਕਹਿੰਦੇ ਸਨ। ਸੰਤ ਪ੍ਰੇਮ ਸਿੰਘ ਨੇ ਲੁਬਾਣਾ ਸਮਾਜ ਨੂੰ ਸਿੱਖੀ ਦੇ ਬਾਣੇ ਵਿਚ ਲਿਆਉਣ ਲਈ ਵੱਡੀ ਸਮਾਜ ਸੁਧਾਰ ਲਹਿਰ ਚਲਾਈ। ਸਮਾਜ ਦੇ ਸਰਬਪੱਖੀ ਵਿਕਾਸ ਲਈ ਬਹੁਤ ਸਾਰੇ ਸਕੂਲਾਂ ਦੀ ਸਥਾਪਨਾ ਕੀਤੀ। ਉਹ ਦੇਸ਼ ਵੰਡ ਤੋਂ ਪਹਿਲਾਂ ਤਿੰਨ ਵਾਰ ਅਣਵੰਡੇ ਪੰਜਾਬ ਵਿਧਾਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਰਹੇ। ਚੀਫ ਖਾਲਸਾ ਦੀਵਾਨ ਦੇ ਸੰਸਥਾਪਕਾਂ ਨੇ ਸੰਤ ਪ੍ਰੇਮ ਸਿੰਘ ਦੇ ਵਿੱਦਿਆ ਦੇ ਪਸਾਰੇ ਲਈ ਕੀਤੇ ਕੰਮਾਂ ਨੂੰ ਮਾਨਤਾ ਵਜੋਂ ਆਯੋਜਿਤ 12ਵੀਂ ਸਿੱਖ ਐਜੂਕੇਸ਼ਨ ਕਾਨਫਰੰਸ ਦੀ ਸਵਾਗਤੀ ਕਮੇਟੀਆਂ ਦਾ ਚੇਅਰਮੈਨ ਥਾਪਿਆ। ਸੰਤ ਪ੍ਰੇਮ ਸਿੰਘ ਦੇ ਸਿੱਖੀ ਅਤੇ ਵਿੱਦਿਆ ਦੇ ਪਸਾਰ ਅਤੇ ਸਮਾਜ ਸੁਧਾਰ ਦੇ ਕੰਮ ਸਿੱਖ ਇਤਿਹਾਸ ਦਾ ਹਿੱਸਾ ਬਣ ਗਏ ਹਨ।

ਵੰਡ ਤੋਂ ਬਾਅਦ ਸੰਤ ਪ੍ਰੇਮ ਸਿੰਘ ਨੇ ਕਪੂਰਥਲਾ ਜ਼ਿਲ੍ਹੇ ਵਿਚ ਪੈਂਦੇ ਪਿੰਡ ਬੇਗੋਵਾਲ ਵਿਖੇ ਮੁਕਾਮ ਬਣਾਇਆ। ਜਦੋਂ ਉਨ੍ਹਾਂ ਵੇਖਿਆ ਕਿ ਲੁਬਾਣਾ ਸਿੱਖਾਂ ਦੀ ਵਸੋਂ ਕਈ ਜ਼ਿਲ੍ਹਿਆਂ ਵਿਚ ਵੰਡੀ ਗਈ ਏ ਤਾਂ ਉਨ੍ਹਾਂ ਨੇ ਆਪਣੇ ਰਸੂਖ ਨਾਲ ਉਸ ਵੇਲੇ ਪੰਜਾਬ ਦੇ ਮੁੜ ਵਸੇਬਾ ਕਮਿਸ਼ਨਰ ਤਰਲੋਕ ਸਿੰਘ ਅਤੇ ਵਿੱਤ ਕਮਿਸ਼ਨਰ ਸ੍ਰੀ ਥਾਪਰ ਦੀ ਸਹਾਇਤਾ ਨਾਲ ਲੁਬਾਣਾ ਸਿੱਖਾਂ ਦੀਆਂ ਹੋਰ ਜ਼ਿਲ੍ਹਿਆਂ ਵਿਚ ਹੋਈਆਂ ਅਲਾਟਮੈਂਟਾਂ ਰੱਦ ਕਰਵਾ ਕੇ ਕਪੂਰਥਲਾ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿਚ ਇਸ ਢੰਗ ਨਾਲ ਅਲਾਟਮੈਂਟਾਂ ਕਰਵਾਈਆਂ ਕਿ ਰਾਜਨੀਤੀ ਵਿਚ ਉਨ੍ਹਾਂ ਦੀ ਅਹਿਮੀਅਤ ਕਾਇਮ ਰਵੇ। ਇਹ ਵੀ ਉਨ੍ਹਾਂ ਦੀ ਦੂਰ ਦ੍ਰਿਸ਼ਟੀ ਸੀ ਕਿ ਵੰਡ ਤੋਂ ਪਹਿਲਾਂ ਹੀ ਉਨ੍ਹਾਂ ਨੇ ਲੁਬਾਣਾ ਸਿੱਖਾਂ ਨੂੰ ਪਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਕਰਵਾ ਲਿਆ ਸੀ। ਵੰਡ ਤੋਂ ਬਾਅਦ ਲੁਬਾਣਾ ਸਿੱਖਾਂ ਦੀ ਅਬਾਦੀ ਵਾਲੀ ਪੱਟੀ ਵਿਚ ਜ਼ਮੀਨਾਂ ਦਾ ਜ਼ਿਆਦਾ ਹਿੱਸਾ ਬੰਜਰ ਸੀ। ਵੰਡ ਤੋਂ ਪਹਿਲਾਂ ਲੁਬਾਣਾ ਸਿੱਖਾਂ ਦੀ ਆਰਥਕ ਸਥਿਤੀ ਚੰਗੀ ਸੀ, ਪਰ ਇੱਥੇ ਉਨੀ ਹੀ ਮਾੜੀ ਹੋ ਗਈ ਸੀ। ਬਹੁਤ ਸਾਰੇ ਲੁਬਾਣਾ ਸਿੱਖਾਂ ਨੇ ਸੰਤ ਪ੍ਰੇਮ ਸਿੰਘ ਪਾਸ ਸ਼ਿਕਾਇਤ ਕੀਤੀ ਕਿ ਇੱਥੇ ਕਿਵੇਂ ਗੁਜ਼ਾਰਾ ਹੋਏਗਾ? ਸੰਤ ਪ੍ਰੇਮ ਸਿੰਘ ਨੇ ਲੁਬਾਣਾ ਸਿੱਖਾਂ ਨੂੰ ਅਸੀਸ ਦਿੰਦਿਆਂ ਕਿਹਾ ਕਿ ਮਿਹਨਤ ਕਰੋ, ਸਮਾਂ ਛੇਤੀ ਆਏਗਾ ਕਿ ਪੰਜਾਬ ਵਿਚ ਈ ਨਹੀਂ, ਬਲਕਿ ਵਿਦੇਸ਼ਾਂ ਵਿਚ ਵੀ ਆਪਣੀ ਸਫਲਤਾ ਦੇ ਝੰਡੇ ਲਹਿਰਾਓਗੇ। ਮੈਂ ਖੁਦ ਇਨ੍ਹਾਂ ਬਦਲਾਵਾਂ ਦਾ ਚਸ਼ਮ ਦੀਦ ਗਵਾਹ ਹਾਂ। ਸੰਤ ਪ੍ਰੇਮ ਸਿੰਘ ਨੇ ਆਖ਼ਰੀ ਸਵਾਸਾਂ ਤੱਕ ਲੁਬਾਣਾ ਸਮਾਜ ਦੀ ਨਿਰਵਿਵਾਦ ਅਗਵਾਈ ਕੀਤੀ।

ਹਰ ਸਾਲ ਜੂਨ ਮਹੀਨੇ ਸੰਤ ਪ੍ਰੇਮ ਸਿੰਘ ਦੀ ਬਰਸੀ ਉਨ੍ਹਾਂ ਦੇ ਪਰਲੋਕ ਗਮਨ ਵਾਲੇ ਅਸਥਾਨ ਬੇਗੋਵਾਲ ਸਮੇਤ ਦੇਸ਼ਾਂ ਅਤੇ ਵਿਦੇਸ਼ਾਂ ਵਿਚ ਧੂਮ-ਧਾਮ ਨਾਲ ਮਨਾਈ ਜਾਂਦੀ ਏ।

# ਮਮਤਾ, ਮੋਹ ਅਤੇ ਮੁਹੱਬਤ

ਸ਼ਬਦ ਜੋਤ



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080

**ਡਾ. ਗੁਰਬਖ਼ਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਮਮਤਾ, ਮੋਹ ਤੇ ਮੁਹੱਬਤ ਦੀ ਗੱਲ ਕੀਤੀ ਹੈ ਕਿ ਭਾਵੇਂ ਇਹ ਸਮਅਰਥੀ ਹਨ ਪਰ ਤਿੰਨੋਂ ਵੱਖ ਵੱਖ ਮਾਨਸਿਕ ਅਵਸਥਾਵਾਂ ਅਤੇ ਅਹਿਸਾਸਾਂ ਵਿਚੋਂ ਪਨਪਦੇ ਹਨ। ਲੇਖਕ ਅਨੁਸਾਰ ਮਮਤਾ, ਮੋਹ ਅਤੇ ਮੁਹੱਬਤ ਨੂੰ ਕਦੇ ਵੀ ਰਲਗੱਡ ਨਹੀਂ ਕਰਨਾ ਚਾਹੀਦਾ ਅਤੇ ਨਾ ਹੀ ਇਨ੍ਹਾਂ ਦੀਆਂ ਸੀਮਾਵਾਂ ਨੂੰ ਉਲੰਘਣਾ ਚਾਹੀਦਾ ਹੈ।**

ਮਮਤਾ, ਮੋਹ ਅਤੇ ਮੁਹੱਬਤ ਸਮ-ਅਰਥੀ। ਪਰ ਇਹ ਤਿੰਨੋਂ ਹੀ ਵੱਖ-ਵੱਖ ਮਾਨਸਿਕ ਅਵਸਥਾਵਾਂ ਅਤੇ ਅਹਿਸਾਸਾਂ ਵਿਚੋਂ ਪਨਪਦੇ। ਇਨ੍ਹਾਂ ਦੀ ਮੂਲ-ਭਾਵਨਾ ਤਾਂ ਇਕਸਾਰ ਪਰ ਅਰਥਾਂ ਵਿਚੋਂ ਪੈਦਾ ਹੁੰਦੀਆਂ ਡੂੰਘੀਆਂ ਰਮਜ਼ਾਂ। ਮਨੁੱਖੀ ਮਨ ਦੀ ਝੀਤ ਵਿਚੋਂ ਪ੍ਰਗਟ ਹੁੰਦੀ ਸੋਚ ਅਤੇ ਇਸ ਰਾਹੀਂ ਆਲੇ-ਦੁਆਲੇ ਨੂੰ ਸਮਝਣਾ ਅਤੇ ਅਪਨਾਉਣਾ ਸ਼ਾਮਲ।

ਮਮਤਾ, ਮੋਹ ਅਤੇ ਮੁਹੱਬਤ ਰੂਹ ਦੀ ਭਾਵਨਾ ਦੇ ਤਿੰਨ ਵੱਖੋ-ਵੱਖਰੇ ਪੜਾਅ। ਇਨ੍ਹਾਂ ਵਿਚੀਂ ਸਫ਼ਰ ਕਰਦਿਆਂ, ਬੰਦਾ ਮੁਹੱਬਤ ਤੋਂ ਇਸ਼ਕ ਹਕੀਕੀ ਦਾ ਸਫ਼ਰ ਤੈਅ ਕਰਦਾ।

ਮਮਤਾ, ਮੋਹ ਅਤੇ ਮੁਹੱਬਤ ਨੂੰ ਕਦੇ ਵੀ ਰਲਗੱਡ ਨਾ ਕਰੋ ਅਤੇ ਨਾ ਹੀ ਇਨ੍ਹਾਂ ਦੀਆਂ ਸੀਮਾਵਾਂ ਨੂੰ ਉਲੰਘੋ। ਹਰੇਕ ਭਾਵ ਦਾ ਆਪਣਾ ਦਾਇਰਾ ਅਤੇ ਆਪਣਾ ਅੰਬਰ। ਤੁਸੀਂ ਕਿਸ ਅੰਬਰ ਨੂੰ ਆਪਣੇ ਮਸਤਕ ਵਿਚ ਕਿਆਸਦੇ, ਇਹ ਹੀ ਅਸਲ ਵਿਚ ਮਮਤਾ, ਮੋਹ ਅਤੇ ਮੁਹੱਬਤ ਨੂੰ ਪਰਿਭਾਸ਼ਤ ਕਰਨ ਵਿਚ ਸਹਾਈ।

ਮਮਤਾ ਆਪਣੀ ਕੁੱਖ ਵਿਚ ਪਲਦੇ ਬੱਚੇ ਨਾਲ ਮਾਂ ਦੀਆਂ ਕੀਤੀਆਂ ਗੱਲਾਂ। ਚਾਅ ਵਿਚ ਧਰਤੀ 'ਤੇ ਪੱਬ ਨਾ ਲੱਗਣੇ। ਉਸ ਦੀ ਆਮਦ ਲਈ ਬੁਣੇ ਸੁਪਨੇ ਅਤੇ ਇਨ੍ਹਾਂ ਸੁਪਨਿਆਂ ਰਾਹੀਂ ਜ਼ਿੰਦਗੀ ਦੇ ਭਵਿੱਖ ਵਿਚ ਅਨੂਠੇ ਰੰਗ ਭਰਨ ਦਾ ਚਾਅ। ਕਦੇ ਕਿਸੇ ਗਰਭਵਤੀ ਔਰਤ ਨੂੰ ਆਪਣੇ ਧਿਆਨ ਵਿਚ ਮਮਤਾਈ ਲੋਰ ਵਿਚ ਬੱਚੇ ਨਾਲ ਕਰ ਰਹੀ ਨਿੱਕੀਆਂ ਗੱਲਾਂ ਵਿਚੋਂ ਚਿਹਰੇ 'ਤੇ ਖੁਸ਼ੀ ਅਤੇ ਖੇੜੇ ਦਾ ਜਲੌਅ ਦੇਖਣਾ, ਤੁਹਾਨੂੰ ਪਤਾ ਲੱਗੇਗਾ ਕਿ ਮਾਂ ਬਣ ਕੇ ਮਮਤਾ ਨੂੰ ਮਾਨਣਾ ਕਿਸੇ ਔਰਤ ਦਾ ਕਿੰਨਾ ਵੱਡਾ ਸੁਭਾਗ ਹੁੰਦਾ।

ਜਦ ਕੋਈ ਮਾਂ ਆਪਣੇ ਬੱਚੇ ਦੀ ਪਹਿਲੀ ਕਿਲਕਾਰੀ ਸੁਣਦੀ, ਬਾਪ ਆਪਣੇ ਪਲੇਠੇ ਬੱਚੇ ਨੂੰ ਗੋਦ ਵਿਚ ਲੈ ਕੇ ਨੈਣ ਨਕਸ਼ਾਂ ਨੂੰ ਨਿਹਾਰਦਿਆਂ, ਬੱਚੇ ਵਿਚੋਂ ਆਪਣਾ ਬਿੰਬ ਦੇਖਦਾ ਤਾਂ ਉਸ ਮਮਤਾ ਨੂੰ ਸੀਮਤ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਕਿਸੇ ਗਾਂ-ਮੱਝ ਨੂੰ ਆਪਣੇ ਵਛੇਰੂ ਨੂੰ ਚੱਟਦਿਆਂ ਦੇਖ ਕੇ ਇਹ ਅਹਿਸਾਸ ਪੈਦਾ ਹੁੰਦਾ ਕਿ ਮਾਵਾਂ ਦੀ ਮਮਤਾ ਇਕਸਾਰ। ਜਦ ਕੋਈ ਬੋਟ ਉਡਣ ਦੀ ਕੋਸ਼ਿਸ਼ ਵਿਚ ਧਰਤੀ 'ਤੇ ਡਿੱਗ ਪਵੇ ਤਾਂ ਕਦੇ ਵਿਲਕਦੇ ਪੰਛੀ ਨੂੰ ਸੁਣਨਾ, ਤੁਹਾਡੀ ਰੂਹ ਮਮਤਾਈ ਦਰਦ ਨਾਲ ਝੰਬੀ ਕੁਰਲਾ ਉਠੇਗੀ। ਤੁਸੀਂ ਉਸ ਬੋਟ ਨੂੰ ਕਿਸੇ ਉਚੀ ਥਾਂ 'ਤੇ ਸੁਰੱਖਿਅਤ ਧਰਨ ਲਈ ਕੋਈ ਉਦਮ ਜ਼ਰੂਰ ਕਰੋਗੇ ਜੇਕਰ ਤੁਹਾਡੇ ਅੰਦਰ ਮਮਤਾ ਵੱਸਦੀ ਹੋਵੇਗੀ।

ਕਦੇ ਸਫ਼ਰ ਕਰਦਿਆਂ ਨਾਲ ਦੀ ਸੀਟ 'ਤੇ ਅਵਾਜ਼ਾਰ ਅਤੇ ਬੇਚੈਨ ਹੋਏ ਬੱਚੇ ਨੂੰ ਸੰਭਾਲਦੀ ਮਾਂ ਨੂੰ ਦੇਖ ਕੇ ਹੀ ਸਮਝ ਆਉਂਦੀ ਕਿ ਮਾਂਵਾਂ ਦੀ ਮਮਤਾਈ ਕਿੰਨੀ ਵਡੇਰੀ। ਉਹ ਆਪਣੀਆਂ ਪਰੇਸ਼ਾਨੀਆਂ ਤੇ ਬੇਅਰਾਮੀ ਨੂੰ ਭੁੱਲ ਕੇ ਸਿਰਫ਼ ਆਪਣੇ ਬੱਚੇ ਨੂੰ ਵਰਾਉਣ, ਅਤੇ ਹਸਾਉਣ ਵਿਚ ਖੁਦ ਨੂੰ ਉਲਝਾਈ ਰੱਖਦੀ। ਬੱਚਾ ਸਿਰਫ਼ ਮਾਂ ਸਾਹਵੇਂ ਹੀ ਰਿਆੜ ਕਰ ਸਕਦਾ ਕਿਉਂਕਿ ਉਸਨੂੰ ਪਤਾ ਹੁੰਦਾ ਕਿ ਮਾਂ ਹੀ ਹੁੰਦੀ ਜਿਸਨੇ ਬੱਚੇ ਦੀ ਹਰ ਜ਼ਿੱਦ ਨੂੰ ਪੂਰਾ ਕਰਨਾ ਹੁੰਦਾ। ਮਾਂ ਹੀ ਮਮਤਾ ਦੀ ਮੂਰਤ ਅਤੇ ਬੱਚੇ ਲਈ ਮਾਂ ਹੀ ਖੁਦਾ, ਗੁਰੂ ਅਤੇ ਰਾਮ। ਮਾਂ ਉਸ ਲਈ ਸਭ ਤੋਂ ਵੱਡੀ ਦਾਤੀ। ਉਸਦੀਆਂ ਸੋਚਾਂ ਦਾ ਅਸਮਾਨ ਅਤੇ ਉਸਦੇ ਸੰਸਾਰ ਦਾ ਦਾਇਰਾ।

ਪਸ਼ੂ-ਪੰਛੀ ਸਮੇਤ ਹਰ ਮਾਂ ਆਪਣੇ ਬੱਚੇ ਨੂੰ ਬਚਾਉਂਦੀ ਸਿਰ ਧੜ ਦੀ ਬਾਜ਼ੀ ਲਾ ਸਕਦੀ ਪਰ ਬੱਚੇ ਨੂੰ ਤੱਤੀ 'ਵਾ ਨਹੀਂ ਲੱਗਣ ਦਿੰਦੀ। ਕਿਸੇ ਦਰਿੰਦੇ ਦੀ ਕੀ ਮਜ਼ਾਲ ਕਿ ਉਹ ਮਾਂ ਸਾਹਵੇਂ ਉਸਦੇ ਬੱਚੇ ਵੱਲ ਮਾੜੀ ਅੱਖ ਨਾਲ ਦੇਖ ਸਕੇ।

ਇਹ ਮਮਤਾ ਹੀ ਹੁੰਦੀ ਜੋ ਹੌਲੀ-ਹੌਲੀ ਮੋਹ ਵਿਚ ਤਬਦੀਲ ਹੁੰਦੀ। ਅਤੇ ਮੋਹ ਕਾਰਨ ਹੀ ਮਾਂ ਆਪਣੇ ਬੱਚੇ ਦੀ ਤਾਮੀਰਦਾਰੀ ਵਿਚੋਂ ਸੁਖਨ ਭਾਲਦੀ। ਉਸਨੂੰ ਤਾਲੀਮ-ਯਾਫ਼ਤਾ ਕਰਨ ਲਈ ਅਨਪੜ੍ਹ ਮਾਂ ਹਰ ਤਰਦੱਦ ਕਰਦੀ। ਉਹ ਆਪਣੇ ਬੱਚੇ ਦੇ ਮਨ ਵਿਚ ਉਹ ਸੁਪਨੇ ਧਰਦੀ ਜਿਹੜੇ ਸੁਪਨੇ ਉਸਨੇ ਲਏ ਤਾਂ ਸਨ ਪਰ ਅਧੂਰੇ ਹੀ ਰਹਿ ਗਏ। ਆਰਥਿਕ ਪੱਖੋਂ ਥੁੜ੍ਹੇ ਹੋਏ ਮਾਪੇ ਵੀ ਬੱਚਿਆਂ ਦੀਆਂ ਲੋੜਾਂ ਦੀ ਪੂਰਤੀ ਲਈ, ਆਪਣੇ ਹਿੱਸੇ ਦੀਆਂ ਖੁਸ਼ੀਆਂ ਅਤੇ ਚਾਵਾਂ ਨੂੰ ਨਿਸ਼ਾਵਰ ਕਰ ਦਿੰਦੇ। ਆਪਣੀਆਂ ਨਿੱਜੀ ਲੋੜਾਂ ਨੂੰ ਸੀਮਤ ਕਰ ਕੇ ਬੱਚਿਆਂ ਦੀਆਂ ਅਸੀਮਤ ਜ਼ਰੂਰਤਾਂ ਪੂਰੀਆਂ ਕਰਨ ਦਾ ਕੀਤਾ ਅਹਿਦ ਹੀ ਮਾਪਿਆਂ ਦੇ ਮੋਹ ਦਾ ਸਭ ਤੋਂ ਖੂਬਸੂਰਤ ਪ੍ਰਮਾਣ।

ਮੋਹ ਨੂੰ ਸ਼ਾਖਸ਼ਾਤ ਦੇਖਣਾ ਹੋਵੇ ਤਾਂ ਕਿਸੇ ਪ੍ਰਾਇਮਰੀ ਕਲਾਸ ਵਿਚ ਵੱਖ-ਵੱਖ ਕੌਮੀਅਤਾਂ ਦੇ ਬੱਚਿਆਂ ਦੇ ਆਪਸੀ ਸਬੰਧਾਂ ਵਿਚਲੀ ਪਾਕੀਜ਼ਗੀ ਅਤੇ ਨਿਰਛਲਤਾ ਨੂੰ ਵਾਚਣਾ। ਇਹ ਬੱਚੇ ਕਿੰਨੀ ਅਪਣੱਤ ਨਾਲ ਇਕ ਦੂਜੇ ਨੂੰ ਮੋਹ ਕਰਦੇ, ਕਦੇ ਟਾਫ਼ੀਆਂ ਵੰਡਦੇ, ਕਦੇ ਖਿਡੌਣਿਆਂ ਦੀ ਵੰਡ-ਵੰਡਾਈ। ਕਦੇ ਗੁੱਸੇ ਹੋ ਜਾਣਾ ਅਤੇ ਪਲ ਕੁ ਬਾਅਦ ਹੀ ਫਿਰ ਉਹੀ ਮੋਹ ਦਾ ਪ੍ਰਗਟਾਵਾ।



ਇਹ ਮੋਹ ਹੀ ਹੁੰਦਾ ਜੋ ਅਸੀਂ ਆਪਣੀਆਂ ਕਿਤਾਬਾਂ ਅਤੇ ਸ਼ੌਂਕਾਂ ਨਾਲ ਪਾਲਦੇ। ਜਦ ਨਿੱਕੇ ਬੱਚੇ ਆਪਣੇ ਮਾਪਿਆਂ ਜਾਂ ਬਜ਼ੁਰਗਾਂ ਦੀ ਗੋਦ ਵਿਚ ਤੋਤਲੀਆਂ ਗੱਲਾਂ ਨਾਲ ਜੀਅ ਪ੍ਰਚਾਉਂਦੇ ਅਤੇ ਨਿੱਕੀਆਂ ਗੱਲਾਂ ਵਿਚੋਂ ਵੱਡੇ ਅਰਥਾਂ ਬਾਰੇ ਸੁਭਾਵਕ ਹੀ ਕੁਝ ਕਹਿ ਜਾਂਦੇ ਤਾਂ ਮੋਹ ਦਾ ਆਪ-ਮੁਹਾਰਾ ਪ੍ਰਗਟਾਅ ਵਡੇਰਿਆਂ ਨੂੰ ਸੋਚਣ ਲਈ ਮਜਬੂਰ ਕਰਦਾ ਕਿ ਮੋਹ ਇੰਝ ਵੀ ਪਾਲਿਆ ਜਾ ਸਕਦਾ। ਬੱਚੇ ਦਾ ਆਪਣੇ ਨਾਨੀ/ਨਾਨਾ ਜਾਂ ਦਾਦਾ/ਦਾਦੀ ਨਾਲ ਲਿਪਟ ਜਾਣਾ ਅਤੇ ਉਨ੍ਹਾਂ ਦੀ ਆਗੋਸ਼ ਦਾ ਨਿੱਘ ਮਾਣਦਿਆਂ, ਪਲੋਸਦਿਆਂ-ਪਲੋਸਦਿਆਂ ਸੌਂ ਜਾਣਾ, ਮੋਹ ਦਾ ਸਭ ਤੋਂ ਉਤਮ ਰੂਪ। ਕਦੇ ਗੋਦ ਵਿਚ ਸੁੱਤੇ ਹੋਏ ਬੱਚੇ ਦੇ ਮੁੱਖੜੇ 'ਤੇ ਉਗੀ ਹੋਈ ਮੁਸਕਾਨ ਵਿਚੋਂ ਮੋਹ ਦੇ ਅਮੁੱਲ ਅਰਥਾਂ ਨੂੰ ਪੜ੍ਹਨਾ, ਤੁਹਾਨੂੰ ਬੱਚਿਆਂ ਨਾਲ ਦਿਲੀ ਮੋਹ ਦਾ ਇਵਜ਼ਾਨਾ ਖੁਦ-ਬ-ਖੁਦ ਮਿਲੇਗਾ।

ਮੋਹ ਸੁਆਰਥ, ਮੁਫ਼ਾਦ ਅਤੇ ਨਿੱਜੀ ਲਾਭ ਤੋਂ ਰਹਿਤ। ਮੋਹ ਸਿਰਫ਼ ਪਾਕੀਜ਼ ਅਤੇ ਪਵਿੱਤਰ ਅਹਿਸਾਸ। ਮੰਦ-ਭਾਵਨਾ ਤੋਂ ਕੋਰਾ। ਮੋਹ ਬਦਲੇ ਮੋਹ ਦੀ ਆਸ ਰੱਖਣ ਵਾਲੇ ਮੋਹ ਦੇ ਵਣਜਾਰੇ। ਇਸ ਵਣਜ ਵਿਚ ਉਹ ਕਿਸੇ ਨਫ਼ੇ/ਨੁਕਸਾਨ ਦਾ ਕਿਆਸ ਨਹੀਂ ਕਰਦੇ।

ਮੋਹ ਹੀ ਹੁੰਦਾ
ਪਾਣੀ ਦਾ ਪਿਆਸ ਨਾਲ
ਪ੍ਰਾਪਤੀ ਦਾ ਆਸ ਨਾਲ
ਖੇੜੇ ਦਾ ਹੁਲਾਸ ਨਾਲ
ਉਦਾਸੀ ਦਾ ਧਰਵਾਸ ਨਾਲ
ਰੋਟੀ ਦਾ ਪਰਵਾਸ ਨਾਲ
ਆਟੇ ਦਾ ਖਰਾਸ ਨਾਲ
ਤੇ ਜੀਣ ਦਾ ਸਵਾਸ ਨਾਲ।

ਮੋਹ ਹੀ ਹੁੰਦਾ ਖੁਦ ਦਾ ਖੁਦ ਨਾਲ। ਆਪਣੇ ਆਪ ਨੂੰ ਮਿਲਣ ਦੀ ਚਾਹਨਾ। ਆਪਣੀ ਬੇਖੁਦੀ ਨੂੰ ਖੁਦਾ ਦੇ ਦਰ ਵੰਨੀਂ ਮੋੜਨਾ। ਆਪੇ ਨੂੰ ਸਾਧ ਕੇ ਚੰਗਾ ਮਨੁੱਖ ਬਣਨ ਦੀ ਪ੍ਰੇਰਨਾ, ਬੰਦੇ ਤੋਂ ਇਨਸਾਨ ਬਣਨ ਦੀ ਯਾਤਰਾ। ਨੈਣਾਂ ਵਿਚ ਸੁਪਨੇ ਧਰਨਾ ਅਤੇ ਇਨ੍ਹਾਂ ਸੁਪਨਿਆਂ ਦੇ ਸੱਚ ਨੂੰ ਆਪਣੇ ਦੀਦਿਆਂ ਥੀਂ ਨਿਹਾਰਨਾ।

ਮੋਹ ਬਹੁਤ ਹੀ ਵਸੀਹ ਅਤੇ ਅਜ਼ੀਮ। ਰੂਹਾਂ ਵਾਲੇ ਹੀ ਮੋਹ 'ਚ ਪਸੀਜਦੇ ਅਤੇ ਤਰਲ ਤਰਲ ਹੋ ਜਾਂਦੇ। ਜਦ ਕੋਈ ਵਿਅਕਤੀ ਕਿਸੇ ਬੱਚੇ ਜਾਂ ਮਨੁੱਖ ਦੀ ਤਰਾਸਦੀ ਵਿਚੋਂ ਆਪਣੇ ਆਪ ਨੂੰ ਵਿਚਰ, ਆਪਣੇ ਪਿੰਡੇ 'ਤੇ ਮਹਿਸੂਸ ਕਰ, ਮੁੱਖ 'ਤੇ ਘਰਾਲਾਂ ਉਗਾ ਲਵੇ ਤਾਂ ਸਮਝੋ ਕਿ ਮੋਹ ਨੂੰ ਬੰਧਨਾਂ ਵਿਚ ਨਹੀਂ ਬੰਨ੍ਹਿਆ ਜਾ ਸਕਦਾ। ਇਹ ਸਰਬ-ਵਿਆਪੀ ਅਤੇ ਹਰੇਕ ਨੂੰ ਪ੍ਰਭਾਵਿਤ ਕਰਦਾ ਬਸ਼ਰਤੇ ਕਿ ਬੰਦਾ ਅੰਦਰੋਂ ਜਿਉਂਦਾ ਹੋਵੇ।

ਜੀਵਨ ਦਾ ਅਗਲਾ ਪੜਾਅ ਹੈ ਮੁਹੱਬਤ। ਮੁਹੱਬਤ ਦੇ ਕਈ ਰੂਪ। ਤੁਹਾਡੀਆਂ ਭਾਵਨਾਵਾਂ ਅੰਗੜਾਈ ਭਰਦੀਆਂ। ਇਨ੍ਹਾਂ ਭਾਵਨਾਵਾਂ ਦੇ ਖਿਆਲ ਵਿਚੋਂ ਮੁਹੱਬਤ ਨੂੰ ਭਾਲਦੇ। ਭੈਣਾਂ-ਭਰਾਵਾਂ ਵਿਚਲੀ ਮੁਹੱਬਤ, ਪਰਿਵਾਰਕ ਸੰਬੰਧਾਂ ਦੀ ਪਕਿਆਈ ਅਤੇ ਪਾਕ-ਰੰਗ ਨੂੰ ਉਘਾੜਨ ਵਿਚ ਸਹਾਈ। ਬੱਚਿਆਂ ਦੀ ਮਾਪਿਆਂ ਨਾਲ ਮੁਹੱਬਤ, ਅਦਬ ਅਤੇ ਆਦਰ ਦਾ ਸਿਰਨਾਵਾਂ ਜਦ ਕਿ ਮਾਪਿਆਂ ਦੀ ਬੱਚਿਆਂ ਨਾਲ ਮੁਹੱਬਤ ਵਿਚੋਂ ਹੀ ਉਨ੍ਹਾਂ ਨੂੰ ਸੇਧ, ਸੁਪਨਾ, ਸਦ-ਵਿਚਾਰ, ਸਹਿਜ ਅਤੇ ਸੁਖਨ ਦਾ ਪਹਿਲਾ ਪਾਠ ਪੜ੍ਹਾਇਆ ਜਾਂਦਾ। ਇਸ ਪਾਠ ਨੂੰ ਕੋਈ ਕਿੰਨੀ ਨੀਝ ਅਤੇ ਰੀਝ ਨਾਲ ਪੜ੍ਹਦਾ ਤੇ ਸਮਝਦਾ, ਇਸਨੇ ਹੀ ਉਸਦੇ ਵਿਅਕਤੀਤਵ ਨੂੰ ਨਿਖਾਰਨਾ ਅਤੇ ਉਸਾਰਨਾ ਹੁੰਦਾ ਅਤੇ ਪਰਿਵਾਰ ਨੂੰ ਚੰਗੇਰੀ ਦਿਸ਼ਾ ਵੱਲ ਤੋਰਨਾ ਹੁੰਦਾ।

ਜਵਾਨ ਦਿਲਾਂ ਵਿਚ ਮੁਹੱਬਤ ਜਦ ਆਪਣੇ ਪੈਰ ਪਸਾਰਦੀ ਤਾਂ ਜੀਵਨ ਮਹਿਕਣ ਲੱਗਦਾ, ਸਾਹਾਂ ਵਿਚ ਖੁਸ਼ਬੂ ਫੈਲਦੀ। ਆਪਣਾ ਆਪ ਚੰਗਾ ਲੱਗਦਾ। ਆਪਣੇ ਆਪ ਨੂੰ ਹੋਰ ਸੁੰਦਰ ਲੱਗਣ ਲਈ ਸੰਵਰਨ ਦੀ ਸੋਝੀ ਅਤੇ ਪਿਆਰੇ ਦੇ ਨੈਣਾਂ ਵਿਚ ਹਰ ਦਮ ਤੱਕਦੇ ਰਹਿਣ ਦੀ ਤਲਬ ਮਹਿਸੂਸ ਹੁੰਦੀ। ਅਜੇਹੀ ਮੁਹੱਬਤ ਦੇ ਸੁੱਚਿਆਰੇਪਣ ਕਾਰਨ ਮੁਹੱਬਤ ਬੇਦਾਗ ਜਦ ਕਿ ਮਨ ਵਿਚ ਪੈਦਾ ਹੋਏ ਵਿਕਾਰ, ਲਾਲਸਾ ਜਾਂ ਨਿੱਜੀ ਮੁਫ਼ਾਦ ਕਾਰਨ ਮੁਹੱਬਤ ਨੂੰ ਜ਼ਲੀਲ ਹੋਣਾ ਪੈਂਦਾ।

ਗਵਾਂਢੀਆਂ ਨਾਲ ਮੁਹੱਬਤ ਦਾ ਰੂਪ ਹੀ ਕਿਸੇ ਸਮਾਜ ਨੂੰ ਟੁੱਟ-ਭੱਜ ਤੋਂ ਬਚਾਉਂਦਾ। ਪੰਜਾਬੀ ਵਿਚ ਕਹਾਵਤ ਹੈ ਕਿ ਔਖੇ ਵੇਲੇ ਗਵਾਂਢੀ ਨੇ ਹੀ ਸਭ ਤੋਂ ਪਹਿਲਾਂ ਪਹੁੰਚਣਾ ਹੁੰਦਾ, ਰਿਸ਼ਤੇਦਾਰ ਤਾਂ ਬਾਅਦ ਵਿਚ ਆਉਂਦੇ। ਸੋ ਗਵਾਂਢ ਨਾਲ ਕਦੇ ਨਾ ਵਿਗਾੜੋ ਸਗੋਂ ਉਨ੍ਹਾਂ ਨਾਲ ਮੁਹੱਬਤੀ ਤੰਦਾਂ ਤੁਹਾਡੀਆਂ ਦੁਸ਼ਵਾਰੀਆਂ ਨੂੰ ਘਟਾਉਣ ਅਤੇ ਜੀਵਨ ਨੂੰ ਸੁਹੰਢਣਾ ਬਣਾਉਣ ਵਿਚ ਅਹਿਮ।

ਬੰਦਾ ਜਦ ਕੁਦਰਤ ਨਾਲ ਮੁਹੱਬਤ ਕਰਦਾ ਤਾਂ ਉਹ ਕੁਦਰਤ ਦੀ ਪਾਕੀਜ਼ਗੀ ਵਿਚੋਂ ਆਪਣੇ ਸਾਹਾਂ ਦੀ ਖ਼ੈਰਾਤ ਮੰਗਦਾ। ਕੁਦਰਤ ਨਾਲ ਮੁਹੱਬਤ ਕਰਨ ਵਾਲੇ ਸੰਜੀਦਾ ਲੋਕ, ਸਦਾ ਹੀ ਧਰਤੀ ਦੀ ਕੁੱਖ ਨੂੰ ਜ਼ਹਿਰੀਲਾ ਹੁੰਦਿਆਂ ਦੇਖ ਫਿਕਰਮੰਦ। ਅੰਮ੍ਰਿਤ ਵਰਗੇ ਪਾਣੀਆਂ ਨੂੰ ਪਲੀਤ ਹੁੰਦਾ ਅਤੇ ਬੇਲੋੜੀ ਵਰਤੋਂ ਨੂੰ ਦੇਖ ਕੇ ਦੁੱਖ 'ਚ ਪਸੀਜ ਜਾਂਦੇ। ਹਵਾ ਦੇ ਪ੍ਰਦੂਸ਼ਣ ਜਦ ਫੇਫੜਿਆਂ ਵਿਚ ਮਘੋਰੇ ਕਰਦਾ ਤਾਂ ਇਨ੍ਹਾਂ ਨੂੰ ਬਹੁਤ ਚਿੰਤਾ ਹੁੰਦੀ। ਪਰ ਅਜੇਹੇ ਸੁਚੇਤ ਲੋਕਾਂ ਦੀ ਨਸਲਕੁਸ਼ੀ ਹੋ ਰਹੀ ਅਤੇ ਸਿਰਫ਼ ਅਜੇਹੇ ਲੋਕ ਹਾਵੀ ਹੋ ਰਹੇ ਜੋ ਕੁਦਰਤ ਨਾਲ ਖਿਲਵਾੜ ਕਰ, ਆਪਣੇ ਨਿੱਜੀ ਲਾਭਾਂ ਨਾਲ ਸਲਤਨਤਾਂ ਉਸਾਰਨ ਵਿਚ ਮਸਰੂਫ਼। ਕਦੇ ਕੁਦਰਤ ਨਾਲ ਮੁਹੱਬਤ ਕਰਨਾ, ਦੇਖਣਾ ਕੁਦਰਤ ਕਿਵੇਂ ਤੁਹਾਨੂੰ ਆਪਣੀ ਗਲਵੱਕੜੀ ਵਿਚ ਲੈ ਕੇ ਤੁਹਾਡੇ ਸਾਹਾਂ ਦੀ ਖ਼ੈਰ ਮੰਗਦੀ, ਲੰਮੇਰੀ ਅਤੇ ਸਿਹਤਮੰਦ ਜ਼ਿੰਦਗੀ ਲਈ ਦੁਆ ਬਣਦੀ।

ਬੰਦੇ ਦੀ ਫੁੱਲ-ਬੂਟਿਆਂ ਨਾਲ ਮੁਹੱਬਤ ਹੀ ਹੁੰਦੀ ਕਿ ਉਹ ਬੂਟਿਆਂ ਨੂੰ ਬੱਚਿਆਂ ਵਾਂਗ ਪਾਲਦੇ, ਇਨ੍ਹਾਂ ਨਾਲ ਗੱਲਾਂ ਕਰਦੇ, ਪੱਤਿਆਂ ਅਤੇ ਫੁੱਲਾਂ ਨੂੰ ਪਲੋਸਦੇ। ਇਨ੍ਹਾਂ ਦੀ ਦੇਖਭਾਲ ਵਿਚੋਂ ਖੁਦ ਲਈ ਸੁਖ਼ਨ ਭਾਲਦੇ। ਬੂਟੇ 'ਤੇ ਲੱਗੇ ਫੁੱਲ, ਘਰ ਨੂੰ ਰੰਗ ਅਤੇ ਮਹਿਕ ਨਾਲ ਭਰ ਕੇ, ਕਮਰਿਆਂ ਅਤੇ ਦੀਵਾਰਾਂ ਨੂੰ ਘਰ ਬਣਾ ਦਿੰਦੇ। ਘਰ, ਜਿਸ ਵਿਚ ਜੀਵਨ ਧੜਕਦਾ, ਚਾਵਾਂ ਦੀਆਂ ਕਿਲਕਾਰੀਆਂ, ਹਾਸਿਆਂ ਦੀਆਂ ਫੁਹਾਰਾਂ, ਭਾਵਨਾਵਾਂ ਮੌਲਦੀਆਂ, ਅਹਿਸਾਸਾਂ ਨੂੰ ਪੁੰਗਰਨ ਅਤੇ ਵਿਗਸਣ ਦਾ ਪੂਰਾ ਮੌਕਾ ਮਿਲਦਾ। ਰਿਸ਼ਤਿਆਂ ਦਾ ਨਿੱਘ ਘਰ ਦੇ ਅੰਤਰੀਵ ਨੂੰ ਨਿੱਘਾ ਰੱਖਦਾ।

ਆਪਣੇ ਪੀਰ ਸਾਈਂ ਸ਼ਾਹ ਇਨਾਇਤ ਨਾਲ ਇਹ ਕੇਹੀ ਮੁਹੱਬਤ ਸੀ ਕਿ ਬੁੱਲੇ ਸ਼ਾਹ ਨੇ ਪੈਰੀਂ ਘੁੰਗਰੂ ਪਾ ਕੇ ਨੱਚ ਕੇ ਯਾਰ ਮਨਾਉਣ ਦਾ ਵੱਲ ਸਿਖਿਆ। ਖੁਦਾ ਦੀ ਇਬਾਦਤ ਵਿਚੋਂ ਯਾਰ ਦੇ ਦੀਦਾਰ ਕਰਨ ਦਾ ਵੱਲ ਪੀਰਾਂ-ਫਕੀਰਾਂ ਨੂੰ ਕੇਹਾ ਕਿ ਉਹ ਖੁਦ ਨੂੰ ਭੁਲਾ, ਖੁਦਾ ਦੀ ਚੌਫੇਰੇ ਪਸਰੀ ਕਾਇਨਾਤ ਵਿਚੋਂ ਖੁਦਾ ਦੇ ਦੀਦਾਰੇ ਪਾ, ਆਪਣੇ ਆਪ ਨੂੰ ਅਲਹਾਮੀ ਅਵਸਥਾ ਦੇ ਨਾਦ ਵਿਚ ਗਾਉਂਦੇ ਤੇ ਖੁਦ ਨੂੰ ਭੁਲਾਉਂਦੇ।

ਮੁਹੱਬਤ ਆਪੇ ਨੂੰ ਭੁੱਲ ਕੇ, ਪਿਆਰੇ ਦੀ ਯਾਦ ਵਿਚ ਵਿਸਮਾਦ ਹੋ ਜਾਣ ਦਾ ਕਰਮ, ਯਾਰ ਦੀਆਂ ਯਾਦਾਂ ਵਿਚ ਗਵਾਚਣ ਦਾ ਆਨੰਦ। ਨਿਆਮਤਾਂ ਦੇ ਸ਼ੁਕਰਾਨੇ ਲਈ ਅਕੀਦਤ ਕਰਨਾ। ਰਹਿਮਤਾਂ ਨਾਲ ਖੁਦ ਨੂੰ ਮਾਲੋ-ਮਾਲ ਦੇਖ ਕੇ, ਮੁਹੱਬਤ ਤੋਂ ਬਲਿਹਾਰੇ ਜਾਣਾ। ਦਰਅਸਲ ਇਹ ਮੁਹੱਬਤ ਤੋਂ ਅਗਲਾ ਪੜਾਅ ਜਦ ਕੋਈ ਇਸ਼ਕ ਹਕੀਕੀ ਵਾਲੀ ਮਾਨਸਿਕ ਅਵਸਥਾ ਨੂੰ ਮਾਣਦਾ। ਆਪਣੇ ਰੱਬ ਦੀ ਰਜ਼ਾ ਵਿਚ ਖੁਦ ਨੂੰ ਭਾਗਸ਼ਾਲੀ ਸਮਝਦਾ।

ਮੁਹੱਬਤ ਕਦੇ ਵੀ ਸ਼ਬਦਾਂ ਦੀ ਮੁਥਾਜ ਨਹੀਂ। ਮੂਕ ਮੁਹੱਬਤ ਵਿਚੋਂ ਆਪਣੇ ਹਿੱਸੇ ਦੀਆਂ ਆਇਤਾਂ ਪੜ੍ਹਨ ਵਾਲੇ ਮੁਹੱਬਤ ਦਾ ਨਵਾਂ ਅੰਜਾਮ ਸਿਰਜਦੇ। ਮੁਹੱਬਤ ਅੱਖਾਂ ਵਿਚੋਂ ਝਰਦੀ ਤਾਂ ਨੈਣਾਂ ਦੀ ਲਿਸ਼ਕੋਰ ਚੌਗਿਰਦੇ ਨੂੰ ਚੁੰਧਿਆ ਜਾਂਦੀ। ਮੁਹੱਬਤ ਤੁਹਾਡੇ ਕਰਮ ਵਿਚ ਪੈਦਾ ਹੁੰਦੀ ਤਾਂ ਬੰਦਾ, ਭਗਤ ਪੂਰਨ ਸਿੰਘ ਜੀ ਬਣ ਜਾਂਦਾ। ਦੇਸ਼ ਪ੍ਰਤੀ ਪੈਦਾ ਮੁਹੱਬਤ ਕਾਰਨ ਇਕ ਨੌਜਵਾਨ, ਸ਼ਹੀਦ ਭਗਤ ਸਿੰਘ ਬਣ ਕੇ ਫਾਂਸੀ ਦਾ ਰੱਸਾ ਚੁੰਮਦਾ। ਆਪਣੀ ਪਤਨੀ ਨਾਲ ਹੁੰਦੀ ਤਾਂ ਬਿਹਾਰ ਵਾਲਾ ਮਾਂਝੀ ਬਣ ਜਾਂਦਾ। ਇਹ ਮੁਹੱਬਤ ਹੀ ਸੀ ਕਿ ਫਰਿਹਾਦ ਨੇ ਸ਼ੀਰੀਂ ਲਈ ਨਹਿਰ ਹੀ ਪੁੱਟ ਦਿਤੀ। ਸਰਵਣ ਪੁੱਤ ਬਣ ਕੇ ਮਾਪਿਆਂ ਦੀ ਵਹਿੰਗੀ ਢੋਣਾ, ਮੁਹੱਬਤ ਦਾ ਸੁੱਚਾ ਰੂਪ। ਆਜ਼ਾਦੀ ਦੀ ਲੋਚਾ ਹੀ ਕਿਸੇ ਨੂੰ ਨੈਲਸਨ ਮੰਡੇਲਾ ਬਣਾ ਦਿੰਦੀ। ਧਨ ਦੇ ਅੰਬਾਰਾਂ ਨਾਲ ਮੁਹੱਬਤ ਕਰਨ ਵਾਲੇ ਲੋਕ ਸਿਰਫ਼ ਬਿੱਲ ਗੇਟਸ, ਅਡਾਨੀ, ਅੰਬਾਨੀ ਜਾਂ ਏਲਨ ਮਾਸਕ ਬਣਦੇ।

ਮੁਹੱਬਤ ਪਿਆਰੇ ਦੇ ਵਿਛੋੜੇ ਵਿਚ ਤੜਫਦੀ ਅਤੇ ਕਰਾਹੁੰਦੀ। ਪ੍ਰੇਮੀ ਨੂੰ ਮਿਲਣ ਲਈ ਤੜਫਦੀ ਜਦ ਬਾਹਰ ਤੋਂ ਅੰਦਰ ਨੂੰ ਤੁਰਦੀ ਤਾਂ ਅਹਿਸਾਸ ਹੁੰਦਾ ਕਿ ਮੁਹੱਬਤ ਕਿੰਨੀ ਅਜ਼ੀਮ ਹੁੰਦੀ। ਇਸਦੇ ਖੁੱਸਣ 'ਤੇ ਬੰਦਾ ਕਿੰਨਾ ਇਕੱਲਾ ਅਤੇ ਬੇਸਹਾਰਾ ਹੋ ਜਾਂਦਾ। ਉਹੀ ਬੰਦਾ ਆਪਣੇ ਅੰਤਰੀਵ ਵਿਚ ਉਤਰ, ਆਪਣੇ ਆਪ ਨੂੰ ਵੀ ਭੁੱਲ ਜਾਂਦਾ ਅਤੇ ਪੂਰਨ ਰੂਪ ਵਿਚ ਪਿਆਰੇ ਦਾ ਹੋ ਜਾਂਦਾ। ਇਹੀ ਮੁਹੱਬਤ ਦੀ ਸਭ ਤੋਂ ਵੱਡੀ ਪ੍ਰਾਪਤੀ ਕਿ ਉਹ ਖੁਦ ਨੂੰ ਭੁਲਾ, ਆਪਣੀਆਂ ਲੋੜਾਂ ਅਤੇ ਥੋੜਾਂ ਨੂੰ ਵਿਸਾਰ, ਪਿਆਰੇ ਦੀ ਅਰਪਿਤਾ ਵਿਚੋਂ ਸਰਬ-ਸੁਖਨ ਮਾਣਦਾ।

ਮੁਹੱਬਤ, ਮਿਲਣ ਅਤੇ ਵਿਛੜਨ ਦਾ ਦੁਹਰਾਅ। ਇਸ ਦੁਹਰਾਅ ਵਿਚ ਬੰਦਾ ਤਿੜਕਦਾ ਅਤੇ ਜੁੜਦਾ। ਇਸ ਟੁੱਟਣ/ਜੁੜਨ ਦੀ ਕਿਰਿਆ ਦੌਰਾਨ ਉਹ ਆਪਣੇ ਆਪ ਨੂੰ ਕਿੰਨਾ ਕੁ ਸੋਧਦਾ, ਆਪਣੇ ਅਕਸ ਨੂੰ ਕਿੰਨਾ ਕੁ ਸਾਫ਼ ਕਰਦਾ ਅਤੇ ਸੋਨੇ ਦੀ ਡਲੀ ਵਰਗਾ ਬਣ ਕੇ ਮੁਹੱਬਤ ਨੂੰ ਕਿਹੜੇ ਦਿਸਹੱਦਿਆਂ ਦਾ ਸਿਰਨਾਵਾਂ ਦਿੰਦਾ, ਇਹ ਵਿਅਕਤੀ ਦੇ ਅੰਦਰ ਵੱਸਦੀ ਮੁਹੱਬਤ ਦੀ ਤੀਖਣਤਾ ਅਤੇ ਖੁਦ ਨੂੰ ਅੰਦਰੋਂ ਤਪਾਉਣ 'ਤੇ ਨਿਰਭਰ ਕਰਦਾ।

ਮੁਹੱਬਤ ਦੀ ਰੁਮਕਣੀ ਨਾਲ ਸਾਹਾਂ ਵਿਚ ਸੰਗੀਤ ਪੈਦਾ ਹੁੰਦਾ, ਹੋਠਾਂ 'ਤੇ ਬੋਲ ਗੁਣਗੁਣਾਉਂਦੇ ਅਤੇ ਅੱਖਾਂ ਵਿਚ ਸੰਦਲੀ ਸੁਪਨੇ ਤਾਰੀਆਂ ਲਾਉਂਦੇ। ਪੈਰਾਂ ਵਿਚ ਸਫ਼ਰ ਅਤੇ ਕਦਮਾਂ ਵਿਚ ਉਦਮ ਤੇ ਉਤਸ਼ਾਹ ਪੈਦਾ ਹੁੰਦਾ।

ਮੁਹੱਬਤ ਦਾ ਆਲਮ ਕਈ ਵਾਰ ਇੰਜ ਵੀ ਹੁੰਦਾ ਕਿ ਦੁਨੀਆਂ ਲਈ ਤੁਸੀਂ ਇਕ ਵਿਅਕਤੀ ਹੁੰਦੇ ਪਰ ਕਿਸੇ ਲਈ ਤੁਸੀਂ ਸਾਰੀਆਂ ਦੁਨੀਆਂ ਹੀ ਹੋ ਜਾਂਦੇ।

ਜਦ ਬੰਦਾ ਬੇਚੈਨ ਹੁੰਦਾ ਤਾਂ ਉਸਨੂੰ ਮੁਹੱਬਤ ਰਾਹਤ ਲੱਗਦੀ ਹੈ। ਜਦ ਉਹ ਰਾਤ ਨੂੰ ਸੁਪਨਿਆਂ ਵਿਚ ਗਵਾਚਦਾ ਤਾਂ ਮੁਹੱਬਤ ਇਕ ਜੋਤ ਵਾਂਗ ਜਗਦੀ ਅਤੇ ਜਦ ਉਹ ਭਟਕ ਜਾਂਦਾ ਤਾਂ ਮੁਹੱਬਤ ਉਸਦੀ ਉਂਗਲ ਫੜ ਕੇ ਰਾਹਾਂ ਦੀ ਦੱਸ ਪਾਉਂਦੀ।

ਯਾਦ ਰਹੇ ਕਿ ਜਦ ਕਿਸੇ ਖਾਸ ਪ੍ਰਾਪਤੀ ਮੌਕੇ ਕੋਈ ਸ਼ਖ਼ਸ ਤੁਹਾਨੂੰ ਯਾਦ ਆਵੇ ਤਾਂ ਤੁਸੀਂ ਉਸਨੂੰ ਦਿਲੋਂ ਮੁਹੱਬਤ ਕਰਦੇ ਹੋ। ਪਰ ਜਦ ਪੀੜਾ ਵਿਚ ਤੁਹਾਨੂੰ ਕੋਈ ਯਾਦ ਆਵੇ ਤਾਂ ਸਮਝ ਲੈਣਾ ਕਿ ਉਹ ਵਿਅਕਤੀ ਤੁਹਾਨੂੰ ਰੂਹ ਤੋਂ ਮੁਹੱਬਤ ਕਰਦਾ। ਤਾਂ ਹੀ ਕਿਸੇ ਦੁੱਖ-ਦਰਦ ਵਿਚ ਅਸੀਂ ਸਭ ਤੋਂ ਪਹਿਲਾਂ ਆਪਣੀ ਮਾਂ ਨੂੰ ਹੀ ਹਾਕ ਮਾਰਦੇ।

ਖੁਦਾ ਦੀ ਮੁਹੱਬਤ ਨਾਲ ਹੀ ਬੰਦੇ ਨੂੰ ਇਖ਼ਲਾਕ, ਇੱਜ਼ਤ, ਸ਼ੁਹਰਤ, ਰੂਹ ਦੀ ਰਾਜ਼ਦਾਰੀ ਅਤੇ ਆਤਮਿਕ ਸ਼ਾਂਤੀ ਮਿਲਦੀ।

ਮਮਤਾ, ਮੋਹ ਅਤੇ ਮੁਹੱਬਤ ਦੇ ਸੰਗਮ ਵਿਚੋਂ ਆਪਣੀ ਸ਼ਖ਼ਸੀਅਤ ਨੂੰ ਨਵੇਂ ਦਿਸਹੱਦਿਆਂ ਦਾ ਹਾਣੀ ਬਣਾਉਣ ਅਤੇ ਨਵੀਆਂ ਧਾਰਨਾਵਾਂ ਦੇ ਸੋਚਾਂ ਦੀ ਫੁਲਕਾਰੀ ਨੂੰ ਮਸਤਕ 'ਤੇ ਸਜਾਉਣ ਵਾਲੇ ਦਰਅਸਲ ਮਨੁੱਖਤਾ ਦੇ ਅਲੰਬਰਦਾਰ। ਇਨ੍ਹਾਂ ਕਰਕੇ ਹੀ ਦੁਨੀਆਂ ਦੇ ਰੰਗ ਸੁਹਾਵਣੇ ਲੱਗਦੇ। ਇਨ੍ਹਾਂ ਦੀ ਸੰਗਤ ਵਿਚ ਮਾਹੌਲ ਮਹਿਕਦਾ ਅਤੇ ਇਨ੍ਹਾਂ ਦੀਆਂ ਅਲਹਾਮੀ ਰਮਜ਼ਾਂ ਸਰੋਤਿਆਂ ਨੂੰ ਕੀਲ ਲੈਂਦੀਆਂ। ਕਦੇ ਅਜੇਹੀਆਂ ਮਾਨਸਿਕ ਅਵਸਥਾਵਾਂ ਨਾਲ ਜੀਣ ਅਤੇ ਥੀਣ ਦੀ ਕੋਸ਼ਿਸ਼ ਕਰਨਾ, ਤੁਹਾਨੂੰ ਆਪਣੇ ਹਿੱਸੇ ਦੇ ਅੰਬਰ ਦਾ ਸਿਰਨਾਵਾਂ ਵੀ ਮਿਲੇਗਾ, ਅੰਬਰ ਵੀ ਮਿਲੇਗਾ ਅਤੇ ਤੁਸੀਂ ਉਸ ਅੰਬਰ ਹੇਠ ਆਪਣੇ ਚੰਨ ਦਾ ਸਾਥ ਵੀ ਮਾਣੋਗੇ। ਸੂਰਜ ਦਾ ਨਿੱਘ ਵੀ ਮਿਲੇਗਾ। ਤਾਰਿਆਂ ਭਰਿਆ ਅੰਬਰ ਮੱਸਿਆ ਦੀ ਰਾਤ ਨੂੰ ਟਿਮਟਿਮਾਉਂਦੇ ਜੁਗਨੂੰਆਂ ਨਾਲ ਵਰਸੋਵੇਂਗੇ।

# ਰਾਜ ਕਪੂਰ, 'ਮੇਰਾ ਨਾਮ ਜੋਕਰ' ਅਤੇ ਰਿਸ਼ੀ ਕਪੂਰ





*ਖੱਬਿਓਂ: ਆਪਣੀ ਪਹਿਲੀ ਫਿਲਮ 'ਮੇਰਾ ਨਾਲ ਜੋਕਰ' ਵਿਚ ਬਾਲ ਕਲਾਕਾਰ ਵਜੋਂ ਰਿਸ਼ੀ ਕਪੂਰ, ਫਿਲਮ 'ਮੇਰਾ ਨਾਲ ਜੋਕਰ' ਵਿਚ ਸਿਮੀ ਗਰੇਵਾਲ ਨਾਲ ਅਤੇ ਬਤੌਰ ਨਾਇਕ ਪਹਿਲੀ ਫਿਲਮ 'ਬੌਬੀ' ਵਿਚ।*

**ਆਮਨਾ ਕੌਰ**

ਮਸ਼ਹੂਰ ਫਿਲਮਸਾਜ਼ ਰਾਜ ਕਪੂਰ ਦੀ ਫਿਲਮ 'ਮੇਰਾ ਨਾਮ ਜੋਕਰ' ਦੀ ਸ਼ੂਟਿੰਗ 1964 ਵਿਚ ਆਰੰਭ ਹੋਈ ਸੀ। ਇਸ ਫਿਲਮ ਵਿਚ ਉਨ੍ਹਾਂ ਦੇ ਪੁੱਤਰ ਰਿਸ਼ੀ ਕਪੂਰ ਨੇ ਉਨ੍ਹਾਂ ਦੇ ਬਚਪਨ ਦਾ ਕਿਰਦਾਰ ਨਿਭਾਇਆ ਸੀ। ਇਹ ਫਿਲਮ ਪੂਰੀ ਹੋਣ ਨੂੰ ਤਕਰੀਬਨ ਛੇ ਸਾਲ ਲੱਗ ਗਏ; ਫਿਲਮ ਕਿਤੇ 1970 ਵਿਚ ਜਾ ਕੇ ਰਿਲੀਜ਼ ਹੋਈ। ਇਸ ਫਿਲਮ ਨਾਲ ਹੀ ਰਿਸ਼ੀ ਕਪੂਰ ਦਾ ਬਤੌਰ ਬਾਲ ਕਾਲਕਾਰ ਕਰੀਅਰ ਸ਼ੁਰੂ ਹੋਇਆ ਸੀ ਪਰ ਇਸ ਫਿਲਮ ਕਾਰਨ ਰਿਸ਼ੀ ਦਾ ਨਾਂ ਸਕੂਲ ਵਿਚੋਂ ਕੱਟ ਦਿੱਤਾ ਗਿਆ ਸੀ। ਹੋਇਆ ਇਉਂ ਕਿ ਫਿਲਮ ਦੀ ਸ਼ੂਟਿੰਗ ਦੇ ਰੁਝੇਵਿਆਂ ਕਾਰਨ ਰਿਸ਼ੀ ਕਪੂਰ ਸਕੂਲ ਨਹੀਂ ਸੀ ਜਾਂਦਾ ਅਤੇ ਇਹ ਗੱਲ ਉਸ ਦੇ ਅਧਿਆਪਕਾਂ ਨੂੰ ਬਿਲਕੁਲ ਪਸੰਦ ਨਹੀਂ ਸੀ। ਕੁਝ ਸਮਾਂ ਤਾਂ ਅਧਿਆਪਕਾਂ ਨੇ ਸਬਰ ਕੀਤਾ ਪਰ ਇਕ ਦਿਨ ਸਬਰ ਦਾ ਇਹ ਪਿਆਲਾ ਭਰ ਗਿਆ ਅਤੇ ਉਸ ਦਾ ਨਾਂ ਸਕੂਲ ਵਿਚੋਂ ਕੱਟ ਦਿੱਤਾ ਗਿਆ। ਜਦੋਂ ਰਾਜ ਕਪੂਰ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਹ ਬੜਾ ਤੜਫੇ ਅਤੇ ਉਨ੍ਹਾਂ ਬਹੁਤ ਮੁਸ਼ਕਿਲ ਨਾਲ ਰਿਸ਼ੀ ਕਪੂਰ ਨੂੰ ਸਕੂਲ ਵਿਚ ਦੁਬਾਰਾ ਦਾਖਲ ਕਰਵਾਇਆ।

ਇਸ ਫਿਲਮ ਵਿਚ ਰਿਸ਼ੀ ਕਪੂਰ ਆਪਣੀ ਇਕ ਅਧਿਆਪਕਾ ਨੂੰ ਇਕਪਾਸੜ ਇਸ਼ਕ ਕਰਦਾ ਹੈ। ਇਹ ਅਸਲ ਵਿਚ ਰਾਜ ਕਪੂਰ ਦੇ ਆਪਣੇ ਜੀਵਨ ਵਿਚ ਵਾਪਰੀ ਘਟਨਾ ਹੈ। ਉਹ ਜਦੋਂ ਸਕੂਲ ਵਿਚ ਪੜ੍ਹਦੇ ਸਨ ਤਾਂ ਉਨ੍ਹਾਂ ਨੂੰ ਆਪਣੀ ਇਕ ਅਧਿਆਪਕਾ ਨਾਲ ਇਸ਼ਕ ਹੋ ਗਿਆ ਸੀ ਅਤੇ ਰਾਜ ਕਪੂਰ ਨੇ ਇਹ ਕਹਾਣੀ ਹੂਬਹੂ ਆਪਣੀ ਫਿਲਮ 'ਮੇਰਾ ਨਾਲ ਜੋਕਰ' ਵਿਚ ਲੈ ਆਂਦੀ। ਫਿਲਮ ਵਿਚ ਫਿੱਟ ਕੀਤੀ ਇਸ ਕਹਾਣੀ ਦੀ ਬੜੀ ਤਾਰੀਫ ਹੋਈ ਸੀ। ਇਹ ਕਿਰਦਾਰ ਨਿਭਾਉਣ ਲਈ ਰਿਸ਼ੀ ਕਪੂਰ ਨੂੰ ਬਾਲ ਕਲਾਕਾਰ ਦਾ ਕੌਮੀ ਇਨਾਮ ਵੀ ਮਿਲਿਆ ਸੀ।

ਫਿਲਮ 'ਮੇਰਾ ਨਾਲ ਜੋਕਰ' ਬਣਾਉਂਦਿਆਂ ਰਾਜ ਕਪੂਰ ਬਹੁਤ ਬੁਰੀ ਤਰ੍ਹਾਂ ਖੁੱਭ ਗਏ ਸਨ। ਉਨ੍ਹਾਂ ਸਿਰ ਕਰਜ਼ਾ ਵੀ ਬਹੁਤ ਚੜ੍ਹ ਗਿਆ ਪਰ ਇਹ ਫਿਲਮ ਬਹੁਤ ਬੁਰੀ ਤਰ੍ਹਾਂ ਫਲਾਪ ਹੋ ਗਈ। ਉਂਝ, ਬਾਅਦ ਵਿਚ ਇਸ ਫਿਲਮ ਨੇ ਕਲਾਸਿਕ ਫਿਲਮ ਦਾ ਰੁਤਬਾ ਹਾਸਲ ਕੀਤਾ ਅਤੇ ਇਹ ਫਿਲਮ ਅੱਜ ਵੀ ਹਿੰਦੀ ਜਗਤ ਦੀਆਂ ਸ਼ਾਹਕਾਰ ਫਿਲਮਾਂ ਵਿਚ ਗਿਣੀ ਜਾਂਦੀ ਹੈ।

ਫਿਲਮ 'ਮੇਰਾ ਨਾਮ ਜੋਕਰ' ਦੀ ਕਹਾਣੀ ਅਤੇ ਪਟਕਥਾ ਕੇ.ਏ. ਅੱਬਾਸ ਨੇ ਲਿਖੀ ਸੀ ਅਤੇ ਇਹ ਫਿਲਮ ਰਾਜ ਕਪੂਰ ਦੇ ਨਿਰਦੇਸ਼ਨ ਹੇਠ ਤਿਆਰ ਹੋਈ ਸੀ। ਫਿਲਮ ਵਿਚ ਰਾਜ ਕਪੂਰ ਤੋਂ ਇਲਾਵਾ ਸਿਮੀ ਗਰੇਵਾਲ, ਪਦਮਿਨੀ, ਮਨੋਜ ਕੁਮਾਰ, ਧਰਮਿੰਦਰ, ਦਾਰਾ ਸਿੰਘ, ਰਾਜਿੰਦਰ ਕੁਮਾਰ ਆਦਿ ਕਲਾਕਾਰ ਵੀ ਸਨ। ਇਸ ਫਿਲਮ ਦਾ ਸੰਗੀਤ ਸੰਕਰ ਜੈਕਿਸ਼ਨ ਦੀ ਜੋੜੀ ਨੇ ਤਿਆਰ ਕੀਤਾ ਸੀ।



*ਰਿਸ਼ੀ ਕਪੂਰ ਆਪਣੀ ਆਖਰੀ ਫਿਲਮ 'ਸ਼ਰਮ ਜੀ ਨਮਕੀਨ' ਵਿਚ।*

ਇਸ ਫਿਲਮ ਦੀ ਲੰਬਾਈ 4 ਘੰਟੇ ਤੋਂ ਵੀ ਉਪਰ ਸੀ। ਇਹ ਹਿੰਦੀ ਫਿਲਮ ਜਗਤ ਦੀ ਸਭ ਤੋਂ ਲੰਬੀ ਫਿਲਮ ਗਿਣੀ ਜਾਂਦੀ ਹੈ। ਫਿਲਮ ਦੇ ਪਲਾਟ ਵਿਚ ਬਹੁਤ ਸਾਰੇ ਪ੍ਰਯੋਗ ਕੀਤੇ ਗਏ ਸਨ; ਫਿਲਮ ਦੇ ਦੋ ਤਾਂ ਇੰਟਰਵਲ ਸਨ। ਸਿੱਟੇ ਵਜੋਂ ਫਿਲਮ ਸੁਪਰ ਫਲਾਪ ਹੋ ਗਈ ਪਰ ਅੱਜ ਇਹ ਰਾਜ ਕਪੂਰ ਦੀਆਂ ਸਭ ਤੋਂ ਸਰਵੋਤਮ ਫਿਲਮਾਂ ਵਿਚੋਂ ਇਕ ਮੰਨੀ ਜਾਂਦੀ ਹੈ ਅਤੇ ਦਰਸ਼ਕ ਅੱਜ ਵੀ ਇਸ ਫਿਲਮ ਨੂੰ ਓਨੇ ਹੀ ਚਾਅ ਨਾਲ ਦੇਖਦੇ ਹਨ। ਇਸ ਫਿਲਮ ਦਾ ਛੋਟਾ ਰੂਪ 1980 ਵਿਚ ਰਿਲੀਜ਼ ਕੀਤਾ ਗਿਆ ਅਤੇ ਇਹ ਰੂਪ ਬਾਕਸ ਆਫਿਸ 'ਤੇ ਬਹੁਤ ਕਮਾਯਾਬ ਰਿਹਾ। ਪਹਿਲਾਂ ਫਲਾਪ ਹੋਣ ਦੇ ਬਾਵਜੂਦ ਰਾਜ ਕਪੂਰ ਇਸ ਫਿਲਮ ਤੋਂ ਬਹੁਤ ਸੰਤੁਸ਼ਟ ਸਨ ਅਤੇ ਇਸ ਫਿਲਮ ਨੂੰ ਆਪਣੀ ਸਭ ਤੋਂ ਵੱਡੀ ਕਮਾਈ ਮੰਨਦੇ ਸਨ।

ਰਾਜ ਕਪੂਰ ਦੀਆਂ ਫਿਲਮਾਂ ਸੋਵੀਅਤ ਯੂਨੀਅਨ ਵਿਚ ਬਹੁਤ ਚੱਲਦੀਆਂ ਹੁੰਦੀਆਂ ਸਨ। ਉਥੇ ਇਹ ਫਿਲਮ ਵੀ ਚੱਲੀ। ਉਦੋਂ ਉਥੇ ਫਿਲਮ ਦੇ ਵਿਤਰਨ ਅਧਿਕਾਰ 15 ਲੱਖ ਰੁਪਏ ਵਿਚ ਵਿਕੇ ਸਨ ਜੋ ਉਸ ਵਕਤ ਸਭ ਤੋਂ ਉਚੀ ਕੀਮਤ ਸੀ। ਸੋਵੀਅਤ ਰੂਸ ਵਿਚ ਇਹ ਫਿਲਮ 1972 ਵਿਚ ਰਿਲੀਜ਼ ਹੋਈ ਸੀ ਅਤੇ ਫਿਲਮ ਰਿਲੀਜ਼ ਹੁੰਦਿਆਂ ਸਾਰ ਸੁਪਰ ਹਿੱਟ ਹੋ ਗਈ। ਉਥੇ ਇਹ ਫਿਲਮ ਤਿੰਨ ਹਿੱਸਿਆਂ ਵਿਚ ਰਿਲੀਜ਼ ਕੀਤੀ ਗਈ ਸੀ।

ਇਹ ਮਿਸਾਲੀ ਫਿਲਮ ਬਣਾਉਣ ਵਾਲੇ ਰਾਜ ਕਪੂਰ ਜਿਨ੍ਹਾਂ ਦਾ ਅਸਲ ਨਾਂ ਸ਼੍ਰਿਸ਼ਟੀ ਨਾਥ ਕਪੂਰ ਸੀ, ਦਾ ਜਨਮ 14 ਦਸੰਬਰ 1924 ਨੂੰ ਹੋਇਆ ਸੀ ਅਤੇ ਉਹ 63 ਸਾਲ ਦੀ ਉਮਰ ਵਿਚ 2 ਜੂਨ 1988 ਨੂੰ ਫੌਤ ਹੋ ਗਏ। ਉਨ੍ਹਾਂ ਨੂੰ ਭਾਰਤੀ ਸਿਨੇਮਾ ਦਾ ਚਾਰਲੀ ਚੈਪਲਿਨ ਕਿਹਾ ਜਾਂਦਾ ਸੀ। ਉਨ੍ਹਾਂ ਤਿੰਨ ਕੌਮੀ ਅਤੇ 11 ਫਿਲਮਫੇਅਰ ਇਨਾਮ ਜਿੱਤੇ। ਰਾਜ ਕਪੂਰ ਦੀ ਗਿਣਤੀ ਭਾਰਤ ਦੇ ਚੋਣਵੇਂ ਫਿਲਮਸਾਜ਼ਾਂ ਵਿਚ ਹੁੰਦੀ ਹੈ।

# ਰਾਜਕੁਮਾਰ ਰਾਓ ਬਣਿਆ ਮਾਹੀ



*ਫਿਲਮ 'ਮਿਸਟਰ ਐਂਡ ਮਿਸੇਜ਼ ਮਾਹੀ' ਵਿਚ ਰਾਜਕੁਮਾਰ ਰਾਓ ਅਤੇ ਜਾਨਹਵੀ ਕਪੂਰ।*

**ਗੁਰਨਾਜ਼ ਕੌਰ**

ਉਘੇ ਫਿਲਮ ਅਦਾਕਾਰ ਰਾਜ ਕੁਮਾਰ ਰਾਓ ਦੀ ਨਵੀਂ ਫਿਲਮ 'ਮਿਸਟਰ ਐਂਡ ਮਿਸੇਜ਼ ਮਾਹੀ' 31 ਮਈ ਨੂੰ ਰਿਲੀਜ਼ ਹੋ ਰਹੀ ਹੈ। ਇਸ ਫਿਲਮ ਵਿਚ ਰਾਜ ਕੁਮਾਰ ਰਾਓ ਦੀ ਮੁੱਖ ਸਾਥੀ ਕਲਾਕਾਰ ਜਾਨਹਵੀ ਕਪੂਰ ਹੈ। ਫਿਲਮ ਦੀ ਕਹਾਣੀ ਬੜੀ ਦਿਲਚਸਪ ਹੈ। ਫਿਲਮ ਦਾ ਨਾਇਕ ਕ੍ਰਿਕਟ ਵਿਚ ਫੇਲ੍ਹ ਸਾਬਤ ਹੁੰਦਾ ਹੈ। ਉਹ ਬੜਾ ਤੜਫਦਾ ਹੈ। ਇਸੇ ਦੌਰਾਨ ਉਸ ਦਾ ਵਿਆਹ ਹੋ ਜਾਂਦਾ ਹੈ। ਉਹ ਦੇਖਦਾ ਹੈ ਕਿ ਉਸ ਦੀ ਪਤਨੀ ਨੂੰ ਕ੍ਰਿਕਟ ਦਾ ਕਿੰਨਾ ਜਨੂੰਨ ਹੈ। ਉਹ ਆਪਣੀ ਪਤਨੀ ਨੂੰ ਖਿਡਾਰੀ ਬਣਾਉਣ ਦੀ ਸੋਚਦਾ ਹੈ। ਇਹ ਫਿਲਮ ਅਗਾਂਹ ਇਸੇ ਜੱਦੋਜਹਿਦ ਦੀ ਕਹਾਣੀ ਹੈ ਜੋ ਨਿਰਦੇਸ਼ਕ ਸ਼ਰਨ ਸ਼ਰਮਾ ਨੇ ਬਹੁਤ ਖੂਬਸੂਰਤੀ ਨਾਲ ਬੁਣੀ ਹੈ। ਫਿਲਮ ਦੀ ਕਹਾਣੀ ਸ਼ਰਨ ਸ਼ਰਮਾ ਅਤੇ ਨਿਖਿਲ ਮਹਿਰੋਤਰਾ ਨੇ ਰਲ ਕੇ ਲਿਖੀ ਹੈ। ਰਾਜ ਕੁਮਾਰ ਰਾਓ ਦਾ ਕਹਿਣਾ ਹੈ ਕਿ ਉਸ ਦੀਆਂ ਪਹਿਲੀਆਂ ਫਿਲਮਾਂ ਵਾਂਗ ਇਸ ਫਿਲਮ ਵਿਚ ਵੀ ਖੂਬ ਨਵੇਂ ਤਜਰਬੇ ਕੀਤੇ ਗਏ ਹਨ।

# ਸੋਨਾਕਸ਼ੀ ਸਿਨਹਾ ਦਾ ਵਿਆਹ!

**ਕੁਦਰਤ ਕੌਰ**

ਸੋਨਾਕਸ਼ੀ ਸਿਨਹਾ ਦੀ ਵੈੱਬ ਸੀਰੀਜ਼ 'ਹੀਰਾ ਮੰਡੀ' ਰਿਲੀਜ਼ ਹੋਈ ਤਾਂ ਨਾਲ ਹੀ ਉਸ ਦੇ ਵਿਆਹ ਦੀ ਗੱਲ ਵੀ ਚੱਲ ਪਈ ਅਤੇ ਇਸ ਬਾਰੇ ਖੂਬ ਹਾਸਾ-ਠੱਠਾ ਹੋਇਆ। ਸੋਨਾਕਸ਼ੀ ਸਿਨਹਾ 36 ਵਰ੍ਹਿਆਂ ਦੀ ਹੋ ਗਈ ਹੈ ਅਤੇ ਅਜੇ ਤੱਕ ਉਸ ਨੇ ਵਿਆਹ ਨਹੀਂ ਕਰਵਾਇਆ ਹੈ। ਹੋਇਆ ਇਹ ਕਿ 'ਕਪਿਲ ਸ਼ਰਮਾ ਸ਼ੋਅ' ਵਿਚ 'ਹੀਰਾ ਮੰਡੀ' ਬਾਰੇ ਐਪੀਸੋਡ ਕੀਤਾ ਗਿਆ। 'ਹੀਰਾ ਮੰਡੀ' ਵਿਚ ਸੋਨਾਕਸ਼ੀ ਸਿਨਹਾ ਤੋਂ ਇਲਾਵਾ ਮਨੀਸ਼ਾ ਕੋਇਰਾਲਾ, ਅਦਿਤੀ ਹੈਦਰੀ, ਸ਼ਰਮਿਨ ਸੇਗਲ, ਸੰਜੀਦਾ ਸ਼ੇਖ, ਐੱਮ. ਹੈਦਰੀ ਆਦਿ ਨੇ ਕੰਮ ਕੀਤਾ ਹੈ।

'ਕਪਿਲ ਸ਼ਰਮਾ ਸ਼ੋਅ' ਦੌਰਾਨ ਸੋਨਾਕਸ਼ੀ ਸਿਨਹਾ ਨੇ ਆਪਣੀ ਸਾਥੀ ਕਲਾਕਾਰ ਸ਼ਰਮਿਨ ਅਤੇ ਸ਼ੂਟਿੰਗ ਦੌਰਾਨ ਹੀ ਉਸ ਦੇ ਵਿਆਹ ਬਾਰੇ ਗੱਲ ਛੇੜੀ ਤਾਂ ਕਪਿਲ ਦੇ ਇਹ ਕਹਿਣ 'ਤੇ ਕਿ ਸਾਰੀਆਂ ਹੀਰੋਇਨਾਂ ਦੇ ਵਿਆਹ ਹੋ ਰਹੇ ਹਨ; ਇਸ 'ਤੇ ਸੋਨਾਕਸ਼ੀ ਸਿਨਹਾ ਨੇ ਕਿਹਾ, "ਕਪਿਲ ਜ਼ਖਮਾਂ 'ਤੇ ਲੂਣ ਛਿੜਕ ਰਿਹਾ ਹੈ, ਇਹਨੂੰ ਪਤਾ ਹੈ ਕਿ ਮੈਂ ਵਿਆਹ ਕਰਵਾਉਣਾ ਚਾਹੁੰਦੀ ਹਾਂ ਪਰ ਅਜੇ ਕਰਵਾ ਨਹੀਂ ਰਹੀ।" ਇਸ 'ਤੇ ਹਾਸਾ ਮੱਚ ਗਿਆ।

ਇਸ ਦੌਰਾਨ ਪਿਛਲੇ ਸਾਲਾਂ ਦੌਰਾਨ ਹੋਏ ਹੀਰੋਇਨਾਂ ਦੇ ਵਿਆਹਾਂ ਦੀ ਗੱਲ ਚੱਲ ਪਈ। ਇਸ ਸਬੰਧ ਵਿਚ ਆਲੀਆ ਭੱਟ, ਰਿਚਾ ਚੱਢਾ ਦਾ ਨਾਂ ਵੀ ਆਇਆ। ਇਸੇ ਦੌਰਾਨ ਸੋਨਾਕਸ਼ੀ ਸਿਨਹਾ ਨੇ ਦੱਸਿਆ ਕਿ ਉਸ ਦੇ ਮਾਪੇ ਵੀ ਵਿਆਹ ਲਈ ਜ਼ੋਰ ਪਾ ਰਹੇ ਹਨ ਅਤੇ ਉਸ ਲਈ ਮੁੰਡਾ ਵੀ ਲੱਭ ਰਹੇ ਹਨ ਪਰ ਅਜੇ ਗੱਲ ਕਿਸੇ ਤਣ-ਪੱਤਣ ਨਹੀਂ ਲੱਗੀ ਹੈ।





Please Join Us!

# Memorial Day Parade

MAY 27, 2024 8:00 AM

618 N. PLUM ST.
SPRINGFIELD, OH 45504

Parking: 474 N Yellow Springs St, Springfield, OH 45504

Contact Avtar Singh Springfield : 937-206-4674

